# ਸਿਰਜਣਾ

ਜੁਲਾਈ-ਸਤੰਬਰ 2015 (ਅੰਕ 177)

**July- September 2015**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ <u>ਰਘੁਬੀਰ ਸਿੰਘ</u> ਸੰਪਾਦਕ ਸਿਰਜਣਾ <u>ਸੁਖਵੰਤ ਹੁੰਦਲ</u> (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I <u>Raghbir Singh</u> editor Sirjana hearby grant permission to <u>Sukhwant Hundal</u> (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜੁਲਾਈ-ਸਤੰਬਰ 2015 177 40 ਰੁਪਏ

# ਸਿਰਜਣਾ

177

ਜੁਲਾਈ-ਸਤੰਬਰ 2015



ਸੰਪਾਦਕ : ਰਘਬੀਰ ਸਿੰਘ

Editor : Raghbir Singh

1728, ਸੈਕਟਰ 43-ਬੀ,

ਚੰਡੀਗੜ੍ਹ-160 022

ਫੋਨ : +91-172-2601693

***SIRJANA***

***1728, Sector 43-B,***

***Chandigarh-160 022***

***INDIA***

***Phone : +91-172-2601693***

***E-mail :***

***raghbirssirjana@yahoo.com***



Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ / ਸੰਪਾਦਕੀ /ਸਹੀ ਅਤੇ ਗ਼ਲਤ ਸਭਿਆਚਾਰਕ ਮੋਹ/1

ਜਗਜੀਤ ਗਿੱਲ /ਦੋ ਕਵਿਤਾਵਾਂ/ 3

ਧਰਮ ਕੰਮੇਆਣਾ / ਚਾਰ ਨਵੀਆਂ ਕਾਵਿ ਰਚਨਾਵਾਂ/5

ਮੰਗੇ ਸਪਰਾਏ/ ਦੋ ਕਵਿਤਾਵਾਂ / 7

ਜਿੰਦਰ/ ਕਹਾਣੀ/ ਜੂਠੀ/ 9

ਲਾਲ ਸਿੰਘ/ ਕਹਾਣੀ/ ਆਪੋ ਆਪਣੇ ਮੁਹਾਜ਼/ 20

ਜ਼ੋਰਾ ਸਿੰਘ ਸੰਧੂ/ ਕਹਾਣੀ/ ਟੁੱਕ/ 36

ਮੁਸ਼ਤਾਕ/ਕਹਾਣੀ/ ਖਚਰੀ/45

ਸੁਰਜੀਤ ਹਾਂਸ/ਨਿਬੰਧ/ਪੱਛਮੀ ਸਭਯਤਾ ਦੀ ਪੜਚੋਲ/49

ਰਘਬੀਰ ਸਿੰਘ/ ਖੋਜ ਨਿਬੰਧ/ ਕਾਮਾਗਾਟਾ ਮਾਰੂ/ 56

ਬਲਬੀਰ ਪਰਵਾਨਾ/ ਨਿਬੰਧ/ ਲੇਖਕ ਦਾ ਪਾਤਰਾਂ ਨਾਲ ਰਿਸ਼ਤਾ/74

ਮਨਜੀਤ ਕੌਰ : ਕਿਸਾਨੀ-ਸੰਸਕ੍ਰਿਤੀ ਤੇ ਅਵਤਾਰ ਸਿੰਘ ਬਿਲਿੰਗ ਦੀ ਨਾਵਲੀ ਚੇਤਨਾ / 79

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ ਛਬੀਲ/88

ਜਸਬੀਰ/ ਰਿਵਿਊ/ ਇਹ ਜਨਮੁ ਤੁਮਹਾਰੇ ਲੇਖੇ/90

ਚੰਦਰ ਮੋਹਨ / ਰਿਵਿਊ/ ਰੁਪਏ-ਪੈਸੇ/93

ਜੇ. ਬੀ. ਸੇਖੋਂ/ ਰਿਵਿਊ/ ਖੋਜ/97

ਅਵਤਾਰ ਸਿੰਘ ਬਿਲਿੰਗ/ ਰਿਵਿਊ/ ਸੰਵਾਦ ਦੇ ਪਲ/99

ਮਨਦੀਪ ਸਿੰਘ/ ਰਿਵਿਊ/ ਸਾਊਥਾਲ ਦਾ ਸੂਰਜ/102



ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਟਾਈਟਲ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ: 800 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਪੰਜ ਸਾਲ : 50 ਪੌਂਡ, 100 ਡਾਲਰ




## ਸਹੀ ਤੇ ਗ਼ਲਤ ਸਭਿਆਚਾਰਕ ਲਗਾਉ

ਕਿਸੇ ਖਿੱਤੇ ਦੀਆਂ ਠੋਸ ਭੂਗੋਲਕ ਹਕੀਕਤਾਂ ਅਨੁਸਾਰ ਉੱਥੋਂ ਦੇ ਜਨ ਸਮੂਹ ਦੇ ਰਹਿਣ ਸਹਿਣ ਦੇ ਢੰਗ ਤਰੀਕਿਆਂ ਵਿਚੋਂ ਸਭਿਆਚਾਰ ਆਪਣਾ ਰੂਪ ਗ੍ਰਹਿਣ ਕਰਦਾ ਹੈ। ਇਤਿਹਾਸਕ ਪਰਿਵਰਤਨ ਤੇ ਰਾਜਨੀਤਕ ਹਾਲਾਤ ਕਿਸੇ ਵੀ ਸਭਿਆਚਾਰ ਦੀ ਵਿਲੱਖਣਤਾ ਨੂੰ ਨਿਖਾਰਨ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਆਪਣੇ ਆਪ ਵਿਚ ਕੋਈ ਸਭਿਆਚਾਰ ਵਧੀਆ ਘਟੀਆ, ਚੰਗਾ ਜਾਂ ਮਾੜਾ ਨਹੀਂ ਮਿਥਿਆ ਜਾ ਸਕਦਾ, ਭਾਵੇਂ ਕਿ ਇਹ ਵੀ ਦਰੁਸਤ ਹੈ ਕਿ ਕਿਸੇ ਵੀ ਸਭਿਆਚਾਰ ਦੇ ਸਾਰੇ ਪ੍ਰਗਟਾਵੇ ਜ਼ਰੂਰੀ ਨਹੀਂ ਸਲਾਹੁਣਯੋਗ ਹੀ ਹੋਣ। ਪਰੰਪਰਾ ਵਿਚ ਢਲ ਜਾਣ 'ਤੇ ਵਿਸ਼ੇਸ਼ ਭਾਂਤ ਦੇ ਸਭਿਆਚਾਰਕ ਚਿੰਨ੍ਹਾਂ ਨਾਲ ਲਗਾਉ ਜਾਂ ਮੋਹ ਹੋ ਜਾਂਦਾ ਹੈ। ਪਰ ਸਮੇਂ ਦੇ ਬੀਤਣ ਨਾਲ ਅਤੇ ਠੋਸ ਹਾਲਤਾਂ ਵਿਚ ਤਬਦੀਲੀ ਹੋਣ ਨਾਲ ਅਜਿਹਾ ਲਗਾਉ ਬੇਲੋੜਾ ਤੇ ਕੁਥਾਵਾਂ ਵੀ ਹੋ ਸਕਦਾ ਹੈ।

ਹਰ ਸਭਿਆਚਾਰ ਵਾਂਗ ਪੰਜਾਬੀ ਸਭਿਆਚਾਰ ਦੀਆਂ ਵੀ ਆਪਣੀਆਂ ਵਿਸ਼ੇਸ਼ਤਾਵਾਂ ਹਨ, ਜਿਹਨਾਂ ਵਿਚ ਵਿਸ਼ੇਸ਼ ਕਾਲ-ਖੰਡ ਦੀਆਂ ਭਾਰੂ ਹਕੀਕਤਾਂ ਅਨੁਸਾਰ ਤਬਦੀਲੀਆਂ ਵੀ ਅਵੱਸ਼ ਆਉਂਦੀਆਂ ਰਹੀਆਂ ਹਨ। ਕੁਝ ਪਹਿਲੂ ਅਲੋਪ ਹੁੰਦੇ ਰਹੇ ਹਨ ਅਤੇ ਕੁਝ ਨਵੇਂ ਨਾਲ ਜੁੜਦੇ ਰਹੇ ਹਨ। ਤਬਦੀਲੀ ਦਾ ਇਹ ਪੱਖ ਪਹਿਲੇ ਸਮਿਆਂ ਦੀ ਵੀ ਹਕੀਕਤ ਸੀ ਅਤੇ ਅੱਜ ਵੀ ਹੈ। ਅੱਜ ਦੇ ਸਮੇਂ ਤਾਂ ਜਦੋਂ ਸੂਚਨਾ ਤਕਨਾਲੋਜੀ ਵਿਚ ਅਜ਼ੀਮ ਤਰੱਕੀ ਅਤੇ ਦੂਰ ਦੁਰਾਡੀਆਂ ਥਾਵਾਂ ਉੱਤੇ ਸਹਿਜੇ ਹੀ ਆ ਜਾ ਸਕਣ ਦੀ ਸਹੂਲਤ ਕਾਰਨ ਆਪਸੀ ਦੂਰੀ ਘਟ ਗਈ ਹੈ, ਤਾਂ ਵਿਭਿੰਨ ਸਭਿਆਚਾਰਾਂ ਵਿਚਲੀਆਂ ਆਪਸੀ ਦੂਰੀਆਂ ਦਾ ਟੁੱਟਣਾ ਵੀ ਸੁਭਾਵਕ ਹੈ। ਪੰਜਾਬੀ ਸਭਿਆਚਾਰ ਨੂੰ ਹੁਣ ਬੀਤੇ ਦੀਆਂ ਸ਼ੀਸ਼ਾਂ ਵਿਚੋਂ ਹੀ ਨਹੀਂ ਵੇਖਿਆ ਜਾ ਸਕਦਾ, ਇਸ ਨੂੰ ਵਰਤਮਾਨ ਦੇ ਪਰਿਪੇਖ ਵਿਚ ਰੱਖ ਕੇ ਵੇਖਿਆ ਜਾਣਾ ਉਚਿਤ ਹੈ। ਦੇਸ਼-ਵੰਡ ਹੋਣ ਨਾਲ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਅਤੇ ਉਸ ਤੋਂ ਪਿੱਛੋਂ ਵੱਡੀ ਗਿਣਤੀ ਵਿਚ ਪੰਜਾਬੀਆਂ ਦਾ ਦੇਸੀ-ਬਦੇਸੀ ਪਰਵਾਸ ਇਕ ਤੀਜੇ ਪੰਜਾਬ ਨੂੰ ਜਨਮ ਦੇ ਰਿਹਾ ਹੈ। ਸੁਭਾਵਕ ਹੀ ਪੰਜਾਬੀ ਸਭਿਆਚਾਰ ਦੇ ਸੰਬੰਧ ਵਿਚ ਇਹ ਵੱਡੀਆਂ ਇਤਿਹਾਸਕ ਹਕੀਕਤਾਂ ਆਪਣਾ ਪ੍ਰਭਾਵ ਛੱਡ ਰਹੀਆਂ ਹਨ।

ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਸਭਿਆਚਾਰ ਦੀ ਏਕਤਾ ਉੱਤੇ ਬਲ ਦੇਣਾ ਤੇ ਇਸਨੂੰ ਬਣਾਈ ਰੱਖਣਾ ਇਕ ਸ਼ੁਭ ਸੋਚ ਹੈ, ਪਰ ਦੋ ਦੇਸ਼ਾਂ ਅਤੇ ਰਾਜਨੀਤਕ ਇਕਾਈਆਂ ਦੀ ਹਕੀਕਤ ਤੋਂ ਮੁਨਕਰ ਹੋਣਾ ਵੀ ਕੋਈ ਸਿਆਣਪ ਨਹੀਂ। ਇੰਝ ਹੀ ਪਰਦੇਸਾਂ ਵਿਚਲੇ ਪੰਜਾਬੀਆਂ ਨੇ ਮਹਿਮਾਨ ਦੇਸ਼ ਦੇ ਸਭਿਆਚਾਰ ਦੇ ਬਾਹਰਲੇ ਪ੍ਰਭਾਵ ਕਬੂਲਣੇ ਹੀ ਕਬੂਲਣੇ ਹਨ ਅਤੇ ਉਹਨਾਂ ਦਾ ਪ੍ਰਭਾਵ ਸਮੁੱਚੇ ਪੰਜਾਬੀ ਸਭਿਆਚਾਰ ਉੱਤੇ ਵੀ ਅਵੱਸ਼ ਪੈਣਾ ਹੈ। ਇਸ ਤੋਂ ਇਨਕਾਰੀ ਹੋਣ ਜਾਂ ਇਸਨੂੰ ਤ੍ਰਿਸਕਾਰ-ਭਾਵ ਨਾਲ ਵੇਖਣ ਦੀ ਵੀ ਲੋੜ ਨਹੀਂ।

ਧਰਮ ਸਭਿਆਚਾਰ ਦਾ ਇਕ ਅੰਗ ਹੈ ਪਰ ਇਹ ਸਭਿਆਚਾਰ ਦਾ ਬਦਲ ਬਿਲਕੁਲ ਨਹੀਂ। ਧਾਰਮਿਕ ਉਦਾਰਤਾ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਲੱਛਣ ਰਹੀ ਹੈ, ਜਿਸ ਅਨੁਸਾਰ ਹਿੰਦੂ, ਸਿੱਖ, ਮੁਸਲਿਮ, ਈਸਾਈ ਅਤੇ ਇਹਨਾਂ ਸਭਨਾਂ ਤੋਂ ਨਿਰਲੇਪ

ਵਿਅਕਤੀ ਆਪਸੀ ਭਰੱਪਣ ਨਾਲ ਰਹਿ ਸਕਦੇ ਹਨ। ਇਸ ਉਦਾਰਤਾ ਨੂੰ ਬਣਾਈ ਰੱਖਣ ਵਿਚ ਹੀ ਪੰਜਾਬੀ ਸਭਿਆਚਾਰ ਦੀ ਵਡਿਆਈ ਹੈ। ਪੰਜਾਬੀ ਸਭਿਆਚਾਰ ਨੂੰ ਕਿਸੇ ਇਕ ਧਰਮ ਤਕ ਸੀਮਤ ਕਰਕੇ ਵੇਖਣਾ ਨਾਮੁਨਾਸਬ ਹੀ ਨਹੀਂ, ਮੂਲੋਂ ਗ਼ਲਤ ਹੋਵੇਗਾ। ਦੋ ਪੰਜਾਬਾਂ ਤੋਂ ਅਗਾਂਹ ਤੀਜੇ ਪਰਦੇਸੀ ਪੰਜਾਬ ਦੀ ਆਪਸੀ ਸਾਂਝ ਤੇ ਹਕੀਕਤ ਦੇ ਸਨਮੁਖ ਤਾਂ ਮਜ਼ਹਬੀ ਉਦਾਰਤਾ ਉੱਤੇ ਬਲ ਦੇਣਾ ਹੋਰ ਵੀ ਜ਼ਰੂਰੀ ਹੈ। 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ' ਦਾ ਗਾਇਨ ਆਪਣੀ ਥਾਂ ਸ਼ੁਭ ਹੈ ਪਰ ਸਾਈਂ ਬੁਲ੍ਹੇਸ਼ਾਹ ਨਿਸਚੇ ਹੀ ਪੰਜਾਬੀਅਤ ਦਾ ਚਿੰਨ੍ਹ ਹੈ। 'ਸੱਭੇ ਸਾਂਝੀਵਾਲ ਸਦਾਇਨ' ਅਤੇ 'ਆਸ਼ਕ ਰਹਿਣ ਅਲੱਗ' ਦੇ ਰਲਵੇਂ ਮਿਲਵੇਂ ਗਾਇਨ ਵਿਚੋਂ ਹੀ ਅਸਲੀ ਪੰਜਾਬੀਅਤ ਦੀ ਝਲਕ ਮਿਲਦੀ ਹੈ। ਜਦੋਂ ਜਦੋਂ ਮਜ਼ਹਬੀ ਉਦਾਰਤਾ ਦੀ ਇਸ ਪ੍ਰਵਿਰਤੀ ਵਿਚ ਵਿਗਾੜ ਆਇਆ ਹੈ, ਉਦੋਂ ਉਦੋਂ ਪੰਜਾਬ ਤੇ ਇਸ ਦੇ ਸਮੂਲਚੇ ਸਭਿਆਚਾਰ ਦਾ ਘਾਣ ਹੋਇਆ ਹੈ। ਸੰਤਾਲੀ ਦਾ ਉਜਾੜਾ ਤੇ ਅੱਸੀਵਿਆਂ ਦਾ ਸੰਤਾਪ ਕਿਸ ਤੋਂ ਭੁੱਲੇ ਹੋਏ ਹਨ!

ਜਾਤ-ਪਾਤ ਪੰਜਾਬ ਹੀ ਨਹੀਂ, ਸਮੁੱਚੇ ਭਾਰਤੀ ਸਭਿਆਚਾਰ ਦਾ ਇਕ ਅਜਿਹਾ ਵਿਲੱਖਣ ਵਰਤਾਰਾ ਹੈ ਜਿਸ 'ਤੇ ਕਦਾਚਿੱਤ ਮਾਣ ਨਹੀਂ ਕੀਤਾ ਜਾ ਸਕਦਾ। ਵਰਣ-ਵੰਡ ਦੀ ਧਾਰਨਾ ਅਵੱਸ਼ ਕਿਸੇ ਸਮੇਂ ਦੇ ਵਿਸ਼ੇਸ਼ ਹਾਲਾਤ ਦੀ ਉਪਜ ਰਹੀ ਹੋਵੇਗੀ, ਪਰ ਲੋਕ-ਹਿਤਾਂ ਦੇ ਪੱਖ ਤੋਂ ਇਸ ਦਾ ਕੋਈ ਸਾਰਥਕ ਪਹਿਲੂ ਕਦੇ ਵੀ ਨਹੀਂ ਸੀ। ਅੱਜ ਦੇ ਪ੍ਰਸੰਗ ਵਿਚ ਤਾਂ ਇਹ ਸਮਾਜ ਦੇ ਪਿੰਡੇ ਉੱਤੇ ਵੱਡਾ ਕੋਹੜ ਹੈ, ਬਦਕਿਸਮਤੀ ਨਾਲ ਪੰਜਾਬੀ ਸਭਿਆਚਾਰ ਵੀ ਜਿਸ ਤੋਂ ਮੁਕਤ ਨਹੀਂ। ਛੂਤ-ਛਾਤ ਦੇ ਰੂਪ ਵਿਚ ਇਸਦਾ ਬਦਤਰੀਨ ਪ੍ਰਗਟਾਅ ਭਾਵੇਂ ਅੱਜ ਦੇ ਪੰਜਾਬ ਵਿਚੋਂ ਕਾਫ਼ੀ ਹੱਦ ਤਕ ਗ਼ਾਇਬ ਹੈ, ਪਰ ਵਿਤਕਰੇ ਤੇ ਸਮਾਜੀ ਸੰਤਾਪ ਦੇ ਰੂਪ ਵਿਚ ਇਸਦੀਆਂ ਜੜ੍ਹਾਂ ਹਾਲੇ ਵੀ ਕਾਇਮ ਹਨ। ਜਾਤ ਪਾਤ ਦੇ ਨਵੇਂ, ਪਰ ਬਹੁਤ ਮਾੜੇ ਰੂਪ ਵਜੋਂ, ਜੱਟਵਾਦੀ ਹਉਂ ਪੰਜਾਬੀ ਸਭਿਆਚਾਰ ਦੀ ਇਕ ਨਿਵੇਕਲੀ ਅਲਾਮਤ ਹੈ। ਜੱਟਵਾਦੀ ਹਉਂ ਦੇ ਚਿੰਨ੍ਹ 'ਚੁੱਕ ਲਉ ਗੰਡਾਸੇ ਰਫਲਾਂ, ਕਬਜ਼ਾ ਲੈਣਾ ਏ' ਜਾਂ 'ਜਦੋਂ ਪੈਂਦੀ ਆ ਤਰੀਕ ਕਿਸੇ ਜੱਟ ਦੀ, ਕਚਹਿਰੀਆਂ 'ਚ ਮੇਲੇ ਲਗਦੇ' ਵਰਗੇ ਗਾਇਨ ਕੋਈ ਮਾਣ ਕਰਨ ਵਾਲੀ ਗੱਲ ਨਹੀਂ। ਸਭਿਆਚਾਰਕ ਪਛਾਣ ਦੇ ਨਾਂ ਉੱਤੇ ਉੱਠੀ ਇਹ ਬਿਮਾਰੀ ਹੋਰ ਬਹੁਤ ਕੁਝ ਨੂੰ ਜਨਮ ਦੇ ਰਹੀ ਹੈ ਜਿਸ ਵਿਚੋਂ ਚੰਗਾ ਕੁਝ ਨਹੀਂ ਨਿਕਲਣ ਲੱਗਾ।

ਪੰਜਾਬੀ ਸਭਿਆਚਾਰ ਦੀਆਂ ਕੁਝ ਹੋਰ ਅਲਾਮਤਾਂ ਸਮੁੱਚੇ ਤੌਰ 'ਤੇ ਬੀਤੇ ਸਮੇਂ ਦੇ ਸੱਚ ਅਥਵਾ ਭੂਪਵਾਦੀ ਮੁੱਲ-ਵਿਧਾਨ ਨਾਲ ਜੁੜੀਆਂ ਹੋਈਆਂ ਹਨ। ਭੋਂ-ਮਾਲਕੀ ਦੀ ਹਉਂ, ਖੇਤੀ ਦੇ ਕਿੱਤੇ ਦੀ ਵਡਿਆਈ, ਪੇਂਡੂ ਰਹਿਤਲ ਅਤੇ ਔਰਤ ਦਾ ਦੂਜੈਲਾ ਜਾਂ ਨੀਵਾਂ ਸਥਾਨ ਇਸਦੇ ਪ੍ਰਮੁੱਖ ਪ੍ਰਗਟਾਅ ਹਨ। ਇਹਨਾਂ ਸਭਨਾਂ ਦੇ ਸੰਬੰਧ ਵਿਚ ਹੁਣ ਵੀ ਭੂਪਵਾਦੀ ਦ੍ਰਿਸ਼ਟੀ ਅਪਨਾਈ ਜਾਣਾ ਦਰੁਸਤ ਨਹੀਂ। ਆਪਣੇ ਵਿਸ਼ੇਸ਼ ਕਿੱਤੇ, ਪਹਿਰਾਵੇ ਜਾਂ ਖਾਣ ਪੀਣ ਤੇ ਮਾਣ ਕਰਨਾ ਦਰੁਸਤ ਹੈ ਪਰ 'ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ, ਚੱਲ ਪਏ ਵਲਾਇਤੀ ਬਾਣੇ' ਵਰਗੇ ਗਾਇਨ ਜਾਂ ਹਲਟਾਂ, ਫਲ੍ਹਿਆਂ ਦੀ ਅਣਹੋਂਦ ਉੱਤੇ ਰੁਦਨ ਤੋਂ ਛੁਟਕਾਰਾ ਪਾਉਣ ਵਿਚ ਹੀ ਭਲਾ ਹੈ।

ਅਤੇ ਸਭ ਤੋਂ ਵੱਡੀ ਗੱਲ ਆਪਣੀ ਭਾਸ਼ਾ ਉੱਤੇ ਮਾਣ ਨਾ ਕਰਨ ਕਰਨ ਵਾਲੀ। ਭਾਸ਼ਾ ਕਿਸੇ ਵੀ ਸਭਿਆਚਾਰ ਦਾ ਸਭ ਤੋਂ ਪ੍ਰਮੁੱਖ ਅੰਗ ਹੁੰਦੀ ਹੈ। ਪਰ ਇਸ ਸੰਬੰਧ ਵਿਚ 'ਬੋਲੀ ਅਵਰ ਤੁਮਾਰੀ' ਦੀ ਬਿਮਾਰੀ ਤਾਂ ਪੰਜਾਬੀਆਂ ਦੀ ਖਾਸ ਸਭਿਆਚਾਰਕ ਅਲਾਮਤ ਹੈ, ਜਿਸਤੋਂ ਪਤਾ ਨਹੀਂ ਕਦੇ ਖਹਿੜਾ ਛੁੱਟ ਸਕੇਗਾ ਵੀ ਜਾਂ ਨਹੀਂ।❑❑

**-ਰਘਬੀਰ ਸਿੰਘ**



## ਦੋ ਕਵਿਤਾਵਾਂ : ਜਗਜੀਤ ਗਿੱਲ

### ਸਾਗਰ ਮੰਥਨ ਪੁਨ: ਹੇ ਦੇਵਗਣ

ਮੰਨਤਾ 'ਚ ਹੋ ਨਾ ਜਾਏ ਕਮੀ, ਘਟ ਜਾਏ ਨਾ ਪੂਜਾ ਕਿਤੇ
ਪੈਦਾ ਨਾ ਹੋ ਜਾਏ ਧਰਤ 'ਤੇ, ਦੇਵ ਸਮਾਨ ਦੂਜਾ ਕਿਤੇ
ਰਹਿ ਗਈ ਹੋਣੀ ਕਮੀ ਤਪੱਸਿਆ 'ਚ
ਜਾਂ ਮਨ 'ਚ ਆਇਆ ਹੋਣਾ ਸੁਆਰਥ
ਰਚੀ ਹੋਣੀ ਦੇਵਤਿਆਂ, ਤਾਹੀਂਉਂ ਕੋਈ ਕਪਟੀ ਸਾਜ਼ਿਸ਼
ਨਹੀਂ ਤਾਂ, ਸਾਗਰ ਮੰਥਨ ਤੋਂ ਬਾਅਦ
ਪੰਦਰਵਾਂ ਰਤਨ ਜ਼ਰੂਰ ਮਾਂ ਹੋਣਾ ਸੀ...

ਫ਼ਿਰ ਕਦੇ ਮਾਂ ਨੇ ਇੰਝ, ਨਹੀਂ ਸੀ ਹੋਣਾ, ਵਾਧੂ ਜਿਹੀ
ਚੋਲਾ ਲੀਰਾਂ ਦਾ ਪਾਈ, ਰਾਖ਼ ਅੱਟੇ ਸਾਧੂ ਜਿਹੀ
ਨਹੀਂ ਸੀ ਲਮਕਣਾ ਬੂਹੇ ਨਾਲ, ਘਰ ਦਾ ਮਾਤਰ ਤਾਲਾ ਬਣਕੇ
ਘਰ ਦੀ ਨੁੱਕਰੇ ਪਈ ਨੇ, ਰਹਿ ਨਹੀਂ ਸੀ ਜਾਣਾ
ਆਪਣੀ ਕਥਾ ਦੀ ਖਲਨਾਇਕਾ ਬਣਕੇ
ਪੁੱਤਰਵਤੀ ਭਵ: ਦੀ ਅਸੀਸ 'ਚ ਮਿਲੇ ਸ਼ਰਾਪ ਹੱਥੋਂ
ਹੋਣਾ ਨਹੀਂ ਸੀ ਵਿਸਰਜਤ ਹਰ ਪਲ
ਮਹਿਜ਼ ਖਿਡਾਵੀ ਬਣਕੇ ਨਹੀਂ ਸੀ ਰਹਿ ਜਾਣਾ, ਵੰਸ਼ ਦੇ ਵਾਰਸਾਂ ਦੀ
ਬੁਢਾਪਾ ਪੈਨਸ਼ਨ ਬਣ ਚੁੱਕੀ ਮਾਂ ਨੇ...

ਪਾਣੀ ਦੀ ਘੁੱਟ ਨੂੰ ਤਰਸਦੀ ਨੇ, ਹਲਕ ਨਹੀਂ ਸੀ ਸੁਕਾਉਣਾ
ਕਰਾਉਣਾ ਸੀ ਰੋਜ਼ ਇਸ਼ਨਾਨ, ਸਵਾ ਮਣ ਦੁੱਧ ਦੇ ਨਾਲ...
ਦੇਣੇ ਸਨ ਦਰਸ਼ਨ ਕਦੇ ਕਦੇ
ਹੋਣਾ ਸੀ ਆਰਤੀ ਵਿਚ ਨਾਮ ਉਸਦਾ
ਮੱਥੇ 'ਤੇ ਝੁਰੜੀਆਂ ਦੀ ਥਾਂ ਤੇਜ
ਰਿਸ਼ਤਿਆਂ ਤੋਂ ਦੂਰ ਹੋਣਾ ਸੀ ਧਾਮ ਉਸਦਾ
ਉਸ ਦੀ ਵੀ ਹੋਣੀ ਸੀ ਭਵਨਾਂ 'ਚ ਮੂਰਤੀ
ਪੱਥਰ ਹੋਣ ਦੇ ਬਾਵਜੂਦ ਵੀ,ਦੇਣੀਆਂ ਸਨ ਗਰਾਹੀਆਂ ਉਸਨੂੰ
ਤੇ ਢੱਕਣਾ ਸੀ ਤਨ, ਕੀਮਤੀ ਆਭੂਸ਼ਣਾਂ ਤੇ ਵਸਤਰਾਂ ਨਾਲ
ਕੋਇਆਂ 'ਚ ਰੁਕੇ ਹੰਝੂਆਂ ਨੇ ਬਣ ਜਾਣਾ ਸੀ
ਮੋਕਸ਼ ਪ੍ਰਾਪਤੀ ਦਾ ਵਸੀਲਾ
ਹੱਥੀਂ ਉਸ ਆਪ ਸੀ ਵਾਹੁਣੀਆਂ, ਲਕੀਰਾਂ ਆਪਣੀ ਕਿਸਮਤ ਦੀਆਂ
ਕਿਸੇ ਸ਼ਬਦਕੋਸ਼ 'ਚ, ਘਰ ਦਾ ਨਾਮ ਬਿਰਧ ਘਰ ਨਹੀਂ ਸੀ ਹੋਣਾ...

ਕਰ ਲਈਆਂ ਨੇ ਟੱਲੀਆਂ ਤਿਆਰ, ਹੋ ਗਿਆ ਹੈ ਸ਼ੰਖ ਨਾਦ
ਦੇਵਤਿਆਂ ਨੂੰ ਕਰਨਾ ਹੈ ਨਿਵੇਦਨ, ਕਰੋ ਸਾਗਰ ਦਾ ਪੁਨ: ਮੰਥਨ
ਹੈ ਪੁਖ਼ਤਾ ਵਿਸ਼ਵਾਸ, ਐਤਕੀਂ ਸੁਰਾਂ ਤੇ ਅਸੁਰਾਂ ਵਿਚਾਲ਼ੇ
ਯੁੱਧ ਦੀ ਵਜਹ, ਅੰਮ੍ਰਿਤ ਨਹੀਂ, ਜ਼ਰੂਰ ਮਾਂ ਹੋਵੇਗੀ...

**ਇਕ ਉਮਰ ਜਿੱਡੀ ਚੁੱਪ**

ਪਾਣੀਆਂ ਦੇ ਹਮਰਾਹ ਚੱਲਦੇ, ਅਟਕ ਗਏ ਉਹ
ਕਾਈ 'ਚ ਅਟਕੇ ਪੱਤਿਆਂ ਵਾਂਙ
ਪੱਥਰਾਂ ਨੂੰ ਸੁਣਾਉਂਦੇ ਰਹੇ, ਲਹਿਰਾਂ ਦੀ ਬੇਵਫ਼ਾਈ ਦੀ ਦਾਸਤਾਨ
ਤੇ ਹੁੰਗਾਰਾ ਉਡੀਕਦੇ ਉਡੀਕਦੇ, ਉੱਥੇ ਹੀ ਸੌਂ ਗਏ...

ਕਵਿਤਾਵਾਂ ਨੂੰ ਭੁੱਲ, ਸਿਰ ਸੁੱਟ ਕੇ ਉਮਰਾ ਸਾਰੀ
ਕਰਦੇ ਰਹੇ ਸੇਵਾ ਬੀਮਾਰ ਬੀਵੀਆਂ ਦੀ
ਰੱਬੀ ਰਿਸ਼ਤਿਆਂ ਦੀ ਖਾਤਰਦਾਰੀ
ਸਰਦਲ ਤੋਂ ਦਫ਼ਤਰ, ਦਫ਼ਤਰ ਤੋਂ ਹਸਪਤਾਲ
ਹਸਪਤਾਲ ਤੋਂ ਪੂਜਾ ਘਰ
ਚੱਲਦੇ ਰਹੇ ਕਦਮ ਆਪਣੇ ਆਪ
ਚੁੱਪਚਾਪ, ਨਾ ਕੋਈ ਬਾਤ, ਨ ਦਿਨ ਚੜ੍ਹਿਆ ਨ ਹੋਈ ਰਾਤ

ਪਰਤਦੇ ਪਰਤਦੇ ਕਦੋਂ ਆ ਗਿਆ
ਹੱਥਾਂ'ਚ ਕਿਤਾਬਾਂ ਦੀ ਥਾਂ 'ਤੇ, ਦਵਾਈਆਂ ਵਾਲ਼ਾ ਝੋਲ਼ਾ
ਨਹੀਂ ਜਾਣਦੇ ਉਹ, ਪਰ
ਉਮਰ ਦੇ ਸਿਕਲੀਗਰ ਅੱਗੇ ਵਧਦੇ ਗਏ
ਮੁੜ ਨਾ ਪਰਤੇ ਤਿੱਤਰਖੰਭੀ ਦਿਨ
ਪੱਥਰਾਂ ਦੀ ਦੋਸਤੀ 'ਚ ਮਿਲੇ ਕੇਵਲ, ਕਵਿਤਾਵਾਂ ਦੇ ਪਿੰਡੇ 'ਤੇ ਨੀਲ
ਦੀਦਿਆਂ 'ਚੋਂ ਨਿਕਲਦਾ ਖਾਰਾ ਪਾਣੀ
ਕਰਦਾ ਰਿਹਾ ਟਕੋਰ ਜਿਨ੍ਹਾਂ ਦੀ
ਦਿਨ ਰਾਤ, ਚੁੱਪ ਚਾਪ, ਬਿਨ ਬਾਤ

ਤਿਤਲੀਆਂ ਵਰਗੀ ਉਮਰ ਨੇ ਨਾ ਭਰੀ ਫ਼ਿਰ ਪਰਵਾਜ਼
ਫ਼ਿਰ ਨਾ ਵਰ੍ਹੀ ਬੱਦਲੀ ਕੋਈ,
ਨ ਆਈ ਪਉਣਾਂ ਦੀ ਅਵਾਜ਼
ਕਿਸੇ ਪੁੱਛਿਆ
ਕਿੰਨੀ ਕੁ ਲੰਮੀ ਹੋ ਸਕਦੀ ਹੈ ਕਿਸੇ ਕਵੀ ਦੀ ਚੁੱਪ
ਕਿਹਾ-ਸ਼ਾਇਦ ਬੀਮਾਰ ਬੀਵੀ ਦੀ ਉਮਰ ਜਿੱਡੀ
ਸ਼ਾਇਦ ਕਵੀ ਦੀ ਆਪਣੀ ਉਮਰ ਜਿੱਡੀ
ਸ਼ਾਇਦ ਕਿਸੇ ਅਣਕਹੀ ਕਵਿਤਾ ਦੀ ਉਮਰ ਜਿੱਡੀ



ਪਤਾ ਨਹੀਂ, ਪਰ ਬੜਾ ਡਰਾਉਣਾ ਹੁੰਦਾ ਹੈ
ਕਵੀ ਦਾ ਇੰਨਾ ਚੁੱਪ ਹੋ ਜਾਣਾ
ਕਿ ਕਵੀ, ਚੇਤਿਆਂ'ਚੋਂ ਹੀ ਭੁਰ ਜਾਏ
ਕਿ ਕਵੀ, ਚੁੱਪਚਾਪ ਹੀ ਤੁਰ ਜਾਏ...❑❑

[ਬੀ-5/158, ਗੰਗਾ ਸਿੰਘ ਨਗਰ, ਤਰਨਤਾਰਨ-143 401
ਫੋਨ : 95920-91048, 98769-39090]

## ਚਾਰ ਨਵੀਆਂ ਕਾਵਿ ਰਚਨਾਵਾਂ : ਧਰਮ ਕੰਮੇਆਣਾ

**ਇਕ**

ਮਨ ਵਿਚ ਨਾ ਨਾਦ ਛੇੜਦੀ ਜੇ ਧੁਨ ਰਬਾਬ ਦੀ।
ਸੁੱਤਾ ਪੰਜਾਬ ਸਮਝਦਾ ਨਾ 'ਗੱਲ' ਰਕਾਬ ਦੀ।

ਆਲਸ ਤੇ ਬੇਹਿੰਮਤੀਆਂ ਦਿੰਦੇ ਨਕਾਮੀਆਂ,
ਤੁਰਿਆਂ ਬਿਨਾਂ ਮੰਜ਼ਲ ਮਿਲੇ, ਨਾ ਗੱਲ ਹਿਸਾਬ ਦੀ।

ਲੱਗ ਜਾਂਦੀ ਸਾਰੀ ਉਮਰ ਹੈ ਘਰ ਨੂੰ ਬਣਾਉਂਦਿਆਂ,
ਪਲ ਵਿਚ ਹੈ ਕਰਦੀ ਰਾਖ ਇਕ ਚਿੰਗਾਰੀ ਫਸਾਦ ਦੀ।

ਪਿੱਛੋਂ ਰੰਗ ਤੇ ਮਹਿਕ ਦੀ ਵੀ ਲੈਣੀ ਰੱਖ ਉਮੀਦ,
ਵਿਹੜੇ 'ਚ ਪਹਿਲਾਂ ਕਲਮ ਤਾਂ ਬੀਜੋ ਗ਼ੁਲਾਬ ਦੀ।

ਸਮੁੰਦਰਾਂ ਦੇ ਜੀਵ ਸੋਚਦੇ ਲੰਬੇ ਸਫ਼ਰ ਬਾਰੇ,
ਨਿੱਕੇ ਤੋਂ ਨਿੱਕਾ ਸੋਚਦੀ ਮਛਲੀ ਤਲਾਬ ਦੀ।

ਸਨਮਾਨ, ਸ਼ੁਹਗਤ ਪਿੱਛੇ, ਕਈ ਕੁਝ ਹੁੰਦਾ ਹੈ ਹੋਰ,
ਕਰਦਾ ਹੈ ਕਿਹੜਾ ਚਰਚਾ 'ਕੱਲੀ ਕਿਤਾਬ ਦੀ।

**ਦੋ**

ਘਰ ਹੋਵੇ ਤਾਂ ਹੋਵੇ ਇਸ ਤਰ੍ਹਾਂ,
ਜਿਵੇਂ ਪਾਣੀ 'ਤੇ ਸੁੱਚਾ ਕੰਵਲ ਤਰੇ।
ਇਸ ਤਰ੍ਹਾਂ ਦਾ ਘਰ ਕੁਈ ਨਾ ਹੋਵੇ,
ਜੀਹਦੀ ਦੇਹਲ਼ੀ ਲੰਘਦਾ ਦਿਲ ਡਰੇ।
ਬਾਹਰੋਂ ਦਿਸਦਾ ਬੜਾ ਹੀ ਹੈ ਰੰਗਲਾ,
ਅੰਦਰੋਂ ਹੈ ਪਰ ਕੁਈ ਭੂਤ-ਬੰਗਲਾ।
ਉਹਨੂੰ ਘਰ ਕਿ ਕਤਲਗਾਹ ਆਖਾਂ,
ਜਿੱਥੇ ਰੋਜ਼ ਕੁਈ ਸੁਪਨਾ ਮਰੇ।

ਵਿਹੜੇ ਮੌਸਮ ਦੇ ਵਾਂਗ ਮਜਾਜ਼ ਹੋਏ,
ਹੱਥੀਂ ਪਾਲੇ ਵੀ ਬੇਲਿਹਾਜ਼ ਹੋਏ।
ਨਵੀਂ ਪੀੜ੍ਹੀ ਦੇ ਚੋਚਲੇ ਤੱਕ ਕੇ,
ਘਰ ਚੁੱਪ-ਚੁਪੀਤੇ ਹਉਕਾ ਭਰੇ।
ਆਸਾਂ-ਉਮੀਦਾਂ ਮਰੀਆਂ ਮੁੱਕੀਆਂ,
ਮੋਹ ਮੁਹੱਬਤ ਦੀਆਂ ਨਦੀਆਂ ਸੁੱਕੀਆਂ।
ਰੇਤੇ ਵਿਚ ਸੰਬੰਧਾਂ ਦੀ ਕਿਸ਼ਤੀ ਫਸੀ,
ਲਾਅਨ ਘਰ ਦੇ ਬਾਹਰ ਉਂਝ ਹਰੇ ਹਰੇ।

**ਤਿੰਨ**

ਇਕ ਪਿੰਡ ਤੋਂ ਆਏ ਬੰਦੇ ਨੂੰ, ਸ਼ਹਿਰ ਨੇ ਕੀ ਬਣਾ ਦਿੱਤਾ।
ਹੱਸਣਾ ਭੁਲਾ ਦਿੱਤਾ ਉਹਨੂੰ ਰੋਣਾ ਸਿਖਾ ਦਿੱਤਾ।

ਬੜਾ ਕੁਝ ਲੱਭਣ ਆਇਆ ਸੀ, ਜੋ ਇਸ ਸ਼ਹਿਰ ਦੇ ਵਿਚੋਂ,
ਇਸ ਸ਼ਹਿਰ ਨੇ ਉਸ ਸ਼ਖਸ ਨੂੰ ਪੂਰਾ ਗਵਾ ਦਿੱਤਾ।

ਚਾਂਦੀ ਦੇ ਸਫ਼ੇ 'ਤੇ ਸੋਨੇ ਦੇ ਹਰਫ਼ਾਂ 'ਚ ਹੁਕਮ ਲਿਖ ਕੇ,
ਜਿਹਨਾਂ ਦੇ ਉਲਟ ਸੀ ਹੱਕ ਵਿਚ ਹੋਣ ਦਾ ਭਰਮ ਪਾ ਦਿੱਤਾ।

ਕਹਿੰਦੇ ਸੀ ਲੋਕਰਾਜ ਇਕ, ਲੋਕਾਂ ਦਾ ਲੋਕਾਂ ਲਈ,
ਆਉ ਲੱਭੀਏ! ਕਿਹਨਾਂ ਨੇ ਕਿੱਥੇ ਲੁਕਾ ਦਿੱਤਾ?

ਸਮਿਆਂ ਨੇ 'ਕੰਮੇਆਣਾ' ਕੀਤੀ ਇਹ ਕੀ ਸ਼ਰਾਰਤ?
ਕੁਝ ਹੋਰ ਬਣਨ ਆਏ ਸੀ, ਕੁਝ ਹੋਰ ਬਣਾ ਦਿੱਤਾ।

**ਚਾਰ**

ਬਿਨਾਂ ਛਾਵਾਂ ਤੋਂ ਕਿਹੜਾ ਹੈ ਜੋ ਧੁੱਪਾਂ ਤੋਂ ਬਚਾਉਂਦਾ ਹੈ।
ਬਿਨਾਂ ਮਾਵਾਂ ਤੋਂ ਕਿਹੜਾ ਹੈ ਜੋ ਚੂਰੀ ਕੁੱਟ ਖਵਾਉਂਦਾ ਹੈ

ਬਾਹਰੋਂ ਸਾਬਤਾ ਤੇ ਅੰਦਰੋਂ ਝਰੀਟਿਆ ਹੁੰਦਾ,
ਸੂਲਾਂ-ਕੰਡਿਆਂ ਤੋਂ ਜਿੰਨਾ ਕੁਈ ਖੁਦ ਨੂੰ ਬਚਾਉਂਦਾ ਹੈ।

ਤੂੰ ਸ਼ੀਸ਼ੇ ਉੱਤੇ ਐਵੇਂ ਹੀ ਨਾਰਾਜ਼ ਹੋ ਰਿਹੈਂ,
ਸ਼ੀਸ਼ੇ ਨੂੰ ਜੋ ਦਿਸਦਾ ਹੈ ਉਹੀ ਦਿਖਾਉਂਦਾ ਹੈ।

ਵੱਡੇ ਹੋ ਕੇ ਉਹ ਵੀ ਕਰ ਦਿੰਦੇ ਨੇ ਲਹੂ-ਲੁਹਾਣ,
ਪੰਛੀ ਜਿਹਨਾਂ ਬੋਟਾਂ ਦੇ ਮੂੰਹ ਵਿਚ ਚੋਗਾ ਪਾਉਂਦਾ ਹੈ।

ਕੁਝ ਸਾਂਝ ਜ਼ਰੂਰ ਹੁੰਦੀ ਹੈ ਨਾਂ ਤੇ ਕਿਰਦਾਰ ਵਿਚ,
ਪਿੰਡੀ ਦੀ ਅਣਖ ਲਈ ਲੜਦਾ, ਜੋ ਦੁੱਲਾ ਨਾਂ ਰਖਾਉਂਦਾ ਹੈ।◻◻

[ਐੱਫ 707, ਆਜ਼ਾਦ ਨਗਰ, ਪਟਿਆਲਾ-147001
ਫੋਨ : 98760 62329]



## .ਗ਼ਜ਼ਲ : ਕੁਲਵਿੰਦਰ ਬੱਛੋਆਣਾ

ਸੁਲਗਦੇ ਰਸਤਿਆਂ ਵਿਚ ਸ਼ਾਮ ਤੀਕਰ ਖ਼ੁਆਰ ਹੋਣਾ ਸੀ।
ਸੁਵਖਤੇ ਫਿਰ ਮੈਂ ਇਕ ਐਸੇ ਸਫਰ ਲਈ ਤਿਆਰ ਹੋਣਾ ਸੀ।
ਸਤਾਏ ਔੜ ਦੇ, ਧੁੱਪਾਂ ਦੇ ਆਪਾਂ ਬਣ ਗਏ ਕੈਕਟਸ
ਜੇ ਨਖ਼ਲਿਸਤਾਨ ਵਿਚ ਹੁੰਦੇ ਅਸੀਂ ਕਚਨਾਰ ਹੋਣਾ ਸੀ।
ਜੇ ਗਮਲੇ ਦੀ ਜਗ੍ਹਾ ਇਸ ਨੂੰ ਤੂੰ ਕਿਆਰੀ ਵਿਚ ਲਾ ਲੈਂਦਾ
ਤੇਰੇ ਅਮਰੂਦ ਨੇ ਹੁਣ ਤੀਕ ਤਾਂ ਫਲਦਾਰ ਹੋਣਾ ਸੀ।

ਬੜਾ ਚੰਗਾ ਤੂੰ ਕੀਤਾ ਸੁੱਟਤਾ ਧਰਤੀ 'ਤੇ ਜੋ ਮੈਨੂੰ
ਸਵਰਗ ਅੰਦਰ ਮੈਂ ਤੇਰੇ ਅੰਨ੍ਹਾ ਪੈਰੋਕਾਰ ਹੋਣਾ ਸੀ।

ਉਹਨਾਂ ਨੇ ਸਾਜ਼ ਵੀ ਮੇਰਾ ਲਿਜਾ ਡੱਕਿਆ ਹੈ ਜੇਲ੍ਹ ਅੰਦਰ
ਕਹਿਣ "ਸਾਨੂੰ ਪਤੈ, ਇਸ ਨੇ ਕਦੇ ਹਥਿਆਰ ਹੋਣਾ ਸੀ"।

ਨਾ ਉਸ ਦਾ ਰੋਹ ਬਣਾ ਸਕਿਆ, ਨਾ ਸਫਿਆਂ 'ਤੇ ਵਿਛਾ ਸਕਿਆ
ਭਟਕਦੇ ਦਰਦ ਨੇ ਹੰਝੂ ਤਾਂ, ਆਖਰਕਾਰ ਹੋਣਾ ਸੀ।◻◻

[ਪਿੰਡ ਤੇ ਡਾਕ. ਬੱਛੋਆਣਾ, ਜ਼ਿਲ੍ਹਾ ਮਾਨਸਾ]

## ਦੋ ਕਵਿਤਾਵਾਂ : ਮੰਗੇ ਸਪਰਾਏ

**ਅਸੀਂ**

ਅਸੀਂ ਸਿੱਖ ਹਾਂ
ਗੁਰੂ ਦੇ ਪੂਰੇ-ਸੂਰੇ ਸਿੱਖ
ਸਵੇਰੇ ਗੁਰਦਵਾਰੇ ਹੋ ਕੇ ਆਏ ਹਾਂ
ਤੇ ਹੁਣ ਪੰਡਿਤ ਨੂੰ
ਬੱਚਿਆਂ ਦਾ ਟੇਵਾ ਦਿਖਾਉਣਾ ਹੈ
ਦੁਪਹਿਰ ਤਕ ਗੁਵਾਂਢੀਆਂ ਨਾਲ
ਘੜੀ ਕੁ ਚਰਚ ਵੀ ਜਾਣਾ ਹੈ
ਦੋ ਸਾਲ ਹੋ ਗਏ ਸੁਖਣਾ ਨਹੀਂ ਲੱਥੀ
ਅੱਜ ਚਿੰਤਪੁਰਨੀ ਵੀ ਜਾਵਾਂਗੇ
ਉੱਥੋਂ ਪੀਰ-ਨਿਗਾਹੇ ਮੱਥਾ ਟੇਕ ਕੇ
ਰਾਤ ਬਾਬੇ ਬਾਲਕ ਨਾਥ ਦੇ ਰੁਕਾਂਗੇ
ਸਵੇਰੇ ਉੱਠ ਕੇ ਨੈਣਾਂ ਦੇਵੀ ਹੁੰਦਿਆਂ
ਆਨੰਦਪੁਰ ਜਾ ਕੇ
ਗੁਰੂ ਦੀ ਹਜ਼ੂਰੀ 'ਚ ਮੱਥਾ ਟੇਕਾਂਗੇ

ਬੱਚੇ ਭਾਖੜਾ ਡੈਮ ਦੇਖਣ ਦੀ
ਜ਼ਿੱਦ ਕਰਦੇ ਨੇ
ਸ਼ਾਮ ਤਕ ਘਰ ਪਹੁੰਚ ਜਾਵਾਂਗੇ

ਸਰਦਾਰਨੀ ਬਾਬੇ ਦਾ ਰੋਟ ਪਕਾਏਗੀ
ਧੀ ਕੜਾਹੀ ਤਿਆਰ ਕਰੇਗੀ
ਚੌਲ ਤਾਂ ਘਰੇ ਬਥੇਰੇ ਨੇ
ਬੇਟਾ ਸੁਪਰ ਮਾਰਕੀਟ ਤੋਂ
ਨਿਆਜ਼ ਲਈ ਪੀਲਾ ਰੰਗ ਤੇ ਝਟਕਾ ਲਿਆ ਕੇ
ਡਿਸਕਵਰੀ ਚੈਨਲ ਵੇਖੇਗਾ
ਤੇ ਸਿੰਘ ਸਾਹਿਬ ਦੇਗ ਤਿਆਰ ਕਰਨਗੇ
ਅਗਲੀ ਸਵੇਰ
ਫੇਰ ਆਪਣੇ-ਆਪਣੇ ਕੰਮਾਂ 'ਤੇ ਹੋਵਾਂਗੇ
ਨਿੱਜੀ ਜ਼ਿੰਦਗੀ 'ਚ ਅਸੀਂ
ਬੜੇ ਧਰਮ-ਨਿਰਪੱਖ ਹਾਂ।
ਇਹ ਤਾਂ ਪੰਥਕ ਮਸਲੇ ਨੇ
ਜਾਂ ਜਥੇਦਾਰਾਂ ਦੇ ਚੱਕੇ ਚਕਾਏ
ਅਸੀਂ ਕੱਟੜ ਹੋ ਜਾਂਦੇ ਹਾਂ
ਉਂਝ ਤਾਂ ਅਸੀਂ ਗੁਰੂ ਦੇ ਪੂਰੇ-ਸੂਰੇ ਸਿੱਖ ਹਾਂ
ਤੇ ਗੱਜਕੇ ਬੋਲਦੇ ਹਾਂ
ਸਭੈ ਸਾਂਝੀਵਾਲ ਸਦਾਇਨ
ਕੋਈ ਨਾ ਦਿਸੈ ਬਾਹਰਾ ਜੀਉ॥

**ਬੱਚੇ**

ਸਕੂਲ 'ਚ ਬੱਚੇ
ਜਨ ਗਨ ਮਨ ਗਾ ਰਹੇ ਨੇ।

ਉਹ ਦੋਵੇਂ ਮੀਆਂ-ਬੀਵੀ
ਇੱਟਾਂ ਸੁੱਟਦੇ ਰੇਤਾ ਚੁੱਕਦੇ
ਸੀਮੈਂਟ ਫੜਾ ਰਹੇ ਨੇ।

ਬੱਚਿਆਂ ਨੂੰ ਮਗਨ ਮੁਦਰਾ 'ਚ ਦੇਖ
ਮੁਸਕਰਾ ਰਹੇ ਨੇ।
ਰਾਸ਼ਟਰ ਗਾਨ ਦੇ ਆਦਰ 'ਚ
ਉਨ੍ਹਾਂ ਨੂੰ ਇਕ ਮਿੰਟ ਖੜ੍ਹੇ ਹੋਣ ਲਈ ਕਿਹਾ ਤਾਂ
ਉਹ ਚੁਪ ਹੋ ਗਏ
ਫੇਰ ਜ਼ੋਰ ਦੀ ਹੱਸੇ
ਦਿਲ ਦੀਆਂ ਗਹਿਰਾਈਆਂ 'ਚੋਂ
ਤੇ ਰੋਟੀ ਵਾਲਾ ਡੱਬਾ ਚੱਕ ਨਲ਼ਕੇ ਕੋਲ ਚਲੇ ਗਏ।□□

**[ਪਿੰਡ ਭੋਡੇ ਸਪਰਾਏ, ਡਾ. ਜਮਸ਼ੇਰ ਖਾਸ, ਜ਼ਿਲ੍ਹਾ ਜਲੰਧਰ - 144 020]**



## ਜੂਠੀ : ਕਹਾਣੀ : ਜਿੰਦਰ

ਮੈਨੂੰ ਅਜੇ ਤਕ ਨਹੀਂ ਪਤਾ ਕਿ ਇਸ ਫ਼ਿਲਮ ਦੀ ਕਹਾਣੀ 'ਚ ਸੱਚ ਕਿੰਨਾ ਕੁ ਹੈ ਤੇ ਕਲਪਨਾ ਕਿੰਨੀ ਕੁ ਹੈ।

ਮੈਂ ਜਿਵੇਂ ਸੋਚਦਾਂ ਜਾਂ ਕਿਆਸਦਾਂ, ਉਵੇਂ ਹੀ ਨੋਟਸ ਲਈ ਜਾ ਰਿਹਾ ਹਾਂ। ਕਾਗਜ਼ਾਂ 'ਤੇ। ਕੰਪਿਊਟਰ 'ਚ ਵੀ ਸੇਵ ਕਰੀ ਜਾ ਰਿਹਾ ਹਾਂ। ਮੈਨੂੰ ਹਰਨੇਕ ਅੰਕਲ ਕੋਲੋਂ ਪੁਰਾਣੀਆਂ ਫ਼ਿਲਮਾਂ ਦੀਆਂ ਸੀਡੀਆਂ ਮਿਲੀਆਂ ਸਨ। ਢੇਰ ਸਾਰੀਆਂ। ਇਨ੍ਹਾਂ 'ਚੋਂ ਤਿੰਨਾਂ 'ਚ ਜਾਵੇਦ ਦੀ ਆਵਾਜ਼ ਭਰੀ ਹੋਈ ਸੀ। ਥੋੜ੍ਹੇ-ਥੋੜ੍ਹੇ ਸਮੇਂ ਦੀ। ਮੈਂ ਇਨ੍ਹਾਂ ਦੀ ਵੱਖਰੀ ਫਾਈਲ ਬਣਾਈ ਸੀ। ਆਵਾਜ਼ ਸਾਫ਼ ਸੀ। ਲੱਗਦਾ ਸੀ ਕਿ ਜਿੱਦਾਂ ਇਸ ਨੂੰ ਪਹਿਲੀ ਵਾਰ ਮੈਂ ਹੀ ਸੁਣਿਆ ਸੀ। ਜਦੋਂ ਮੈਂ ਇਹਨੂੰ ਪਹਿਲੀ ਵਾਰ ਸੁਣਿਆ ਤਾਂ ਮੇਰੀਆਂ ਅੱਖਾਂ ਭਰ ਆਈਆਂ ਸਨ। ਕੁਝ ਦਿਨਾਂ ਬਾਅਦ ਮੇਰੀ ਸੋਚ 'ਚ ਅਜੀਬ ਕਿਸਮ ਦੀ ਤਬਦੀਲੀ ਆਈ। ਮੈਂ ਉਲਟ-ਪੁਲਟ ਸੋਚਣ ਲੱਗਾ। ਇਸ ਸੰਬੰਧੀ ਕੁਝ ਹੋਰ ਜਾਣਨ ਦੀ ਚਾਹਣਾ ਪੈਦਾ ਹੋਈ। ਮੈਂ ਸਥਿਤੀਆਂ ਨੂੰ ਸਮਝਣਾ ਸ਼ੁਰੂ ਕੀਤਾ। ਥੋੜ੍ਹੀ ਕੁ ਕੋਸ਼ਿਸ਼ ਕਰਨ 'ਤੇ ਕੁਝ ਫੋਟੋਆਂ ਲੱਭ ਪਈਆਂ। ਅੱਡ-ਅੱਡ ਥਾਵਾਂ ਦੀਆਂ। ਅੱਡ-ਅੱਡ ਸਥਿਤੀਆਂ ਦੀਆਂ। ਕੁਝ ਉਧਰਲੀਆਂ। ਕੁਝ ਇਧਰਲੀਆਂ। ਮੈਂ ਇਨ੍ਹਾਂ ਨੂੰ ਸਕੈਨ ਕਰਵਾ ਲਿਆ। ਕੰਪਿਊਟਰ ਦੇ ਮੋਨੀਟਰ 'ਤੇ ਆਪਣੀ ਲੋੜ ਅਨੁਸਾਰ ਛੋਟਾ-ਵੱਡਾ ਕਰਕੇ ਦੇਖਿਆ। ਮੈਂ ਆਤਮ ਧਿਆਨ ਹੋ ਕੇ ਉਨ੍ਹਾਂ ਦੇ ਚਿਹਰਿਆਂ ਨੂੰ ਅੱਖਾਂ ਅੱਗੇ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਪਰ ਚਿਹਰਾ ਕਦੇ ਸਾਫ਼ ਨਾ ਹੁੰਦਾ। ਧੁੰਦਲਾ ਜਿਹਾ ਦਿੱਸਦਾ। ਸਵੇਰ ਨੂੰ ਸੈਰ ਲਈ ਜਾਂਦਿਆਂ ਹੋਇਆਂ ਮੈਂ ਇਸੇ ਧੁੰਦਲੇਪਣ 'ਚੋਂ ਉਨ੍ਹਾਂ ਦੇ ਚਿਹਰਿਆਂ ਦੇ ਇਮਪਰੈਸ਼ਨ ਇਕੱਠੇ ਕਰਨ ਦੀ ਕੋਸ਼ਿਸ਼ ਕਰਦਾ। ਮੈਂ ਜਸਬੀਰ ਕਲਸੀ ਕੋਲ ਗਿਆ। ਜਾਵੇਦ ਬਾਰੇ ਕੁਝ ਨਾ ਦੱਸਿਆ। ਉਸ ਨੇ ਮੇਰੀ ਬੜੀ ਮੱਦਦ ਕੀਤੀ। ਮੈਂ ਕਲਸੀ ਨੂੰ ਰੋਜ਼ ਹੀ ਮਿਲਦਾ। ਟੋਟਿਆਂ 'ਚ ਕਹਾਣੀ ਬਾਰੇ ਦੱਸਦਾ। ਸਮਝਾਉਂਦਾ। ਉਹ ਆਪਣੀ ਕਲਪਨਾ-ਸ਼ਕਤੀ ਵਰਤਦਾ। ਉਸੇ ਨੇ ਹੀ ਇਹ ਸੁਝਾਉ ਦਿੱਤਾ ਸੀ ਕਿ ਕਹਾਣੀ ਨਾਰਦ ਤੇ ਕ੍ਰਿਸ਼ਨ ਦੀ ਗੱਲਬਾਤ ਤੋਂ ਸ਼ੁਰੂ ਕੀਤੀ ਜਾਵੇ। ਨਾਰਦ ਬ੍ਰਹਮਾ ਦੇ ਪੁੱਤ ਸਨ। ਬ੍ਰਹਮਾ ਨੇ ਉਨ੍ਹਾਂ ਨੂੰ ਘੁੰਮਦੇ ਰਹਿਣ ਦਾ ਸਰਾਪ ਦਿੱਤਾ ਸੀ। ਨਾਰਦ ਕੋਲ ਅਥਾਹ ਕਹਾਣੀਆਂ ਦਾ ਭੰਡਾਰ ਸੀ। ਕ੍ਰਿਸ਼ਨ ਨੂੰ ਕਹਾਣੀਆਂ ਸੁਣਨ ਦਾ ਚਸਕਾ ਪਿਆ ਹੋਇਆ ਸੀ। ਇਕ ਦਿਨ ਜਦੋਂ ਨਾਰਦ ਕ੍ਰਿਸ਼ਨ ਨੂੰ ਮਿਲਣ ਆਏ ਤਾਂ ਕ੍ਰਿਸ਼ਨ ਨੇ ਕਿਹਾ, "ਮਹਾਰਾਜ, ਮੈਨੂੰ ਉਸ ਜਨਮ ਦੀ ਕਥਾ ਸੁਣਾਉ ਜਦੋਂ ਤੁਸੀਂ ਇਕ ਕੀੜੇ ਦੇ ਰੂਪ 'ਚ ਜਨਮ ਲਿਆ ਸੀ। ਰਾਜੇ ਦਾ ਰਥ ਤੁਹਾਨੂੰ ਕੁਚਲਣ ਲਈ ਇਕਦਮ ਨੇੜੇ ਆ ਪੁੱਜਿਆ ਸੀ। ਉਦੋਂ ਤੁਸੀਂ ਕਿੱਦਾਂ ਆਪਣੀ ਜਾਨ ਬਚਾਉਣ ਦਾ ਯਤਨ ਕੀਤਾ ਸੀ?" ਨਾਰਦ ਨੇ ਦੱਸਿਆ, "ਸਾਨੂੰ ਹਮੇਸ਼ਾ ਹੀ ਆਪਣੀ ਦੇਹ ਨਾਲ ਮੋਹ ਹੁੰਦਾ ਆ। ਅਸੀਂ ਕਿਸੇ ਵੀ ਜਨਮ 'ਚ ਕਿਉਂ ਨਾ ਹੋਈਏ"। ਨਾਰਦ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਕ੍ਰਿਸ਼ਨ ਨੂੰ ਉਹ ਕਥਾਵਾਂ ਸੁਣਨ ਦਾ ਸ਼ੌਕ ਸੀ ਜਿਨ੍ਹਾਂ 'ਚ ਉਹ ਔਰਤ ਦੇ ਰੂਪ 'ਚ ਜੀਵੇ ਸਨ। ਨਾਰਦ ਨੇ ਇਸੇ ਰੂਪ ਦੀ ਇਕ ਕਥਾ ਸੁਣਾਈ ਤਾਂ ਕ੍ਰਿਸ਼ਨ ਹੱਸ ਕੇ ਬੋਲੇ, "ਭਾਵੇਂ ਤੁਸੀਂ ਇਕ ਔਰਤ ਬਣ ਗਏ ਸੀ। ਤੁਸੀਂ ਅਨੇਕਾਂ ਬੱਚਿਆਂ ਨੂੰ ਜਨਮ ਦਿੱਤਾ। ਕਾਫੀ ਉੱਚੇ ਲੱਗੇ ਅੰਬ ਨੂੰ ਤੋੜਨ ਲਈ ਤੁਸੀਂ ਆਪਣੇ ਬੱਚਿਆਂ ਦੀਆਂ ਲਾਸ਼ਾਂ 'ਤੇ ਵੀ ਚੜ੍ਹ ਗਏ। ਪਰ ਤੁਸੀਂ ਫੇਰ ਵੀ ਔਰਤ ਦੇ ਮਨ ਬਾਰੇ ਕੁਝ ਨ੍ਹੀਂ

ਜਾਣਦੇ"। ਨਾਰਦ ਬੋਲੇ, "ਸ਼ਾਇਦ ਤੁਹਾਡੀ ਗੱਲ ਠੀਕ ਹੋਵੇ"।

ਹੁਣ ਵੀ ਮੈਂ ਇਸੇ ਫ਼ਿਲਮ ਬਾਰੇ ਸੋਚ ਰਿਹਾ ਸੀ। ਅੰਕਲ ਸਿੱਧੇ ਹੀ ਮੇਰੇ ਕਮਰੇ ਵੱਲ ਆਏ। ਮੈਂ ਉਨ੍ਹਾਂ ਨੂੰ ਆਉਂਦਿਆਂ ਦੇਖ ਲਿਆ ਸੀ। ਰਾਈਟਰ 'ਚ ਦੂਜੀ ਸੀਡੀ ਪਾ ਕੇ ਮੈਂ ਆਵਾਜ਼ ਉੱਚੀ ਕਰ ਦਿੱਤੀ। ਸਟਾਰ ਨਿਊਜ਼ ਦਾ ਰਿਪੋਟਰ ਦੱਸ ਰਿਹਾ ਸੀ :

"ਇਹ ਕਹਾਣੀ ਰਮਨਦੀਪ ਕੌਰ ਦੀ ਆ। ਰਮਨਦੀਪ ਕੌਰ ਸਿੱਖ ਪਰਿਵਾਰ ਨਾਲ ਸੰਬੰਧਤ ਆ। ਉਹ ਆਪਣੇ ਮੰਗੇਤਰ ਨਾਲ ਨੈਨੀਤਾਲ ਘੁੰਮਣ ਗਈ ਸੀ। ਉੱਥੋਂ ਹੀ ਉਹ ਆਪਣੇ ਪ੍ਰੇਮੀ ਅਨੀਸ ਨਾਲ ਦੌੜ ਗਈ। ਉਨ੍ਹਾਂ ਵਿਆਹ ਕਰਵਾ ਲਿਆ। ਕਾਫ਼ੀ ਦੌੜ ਭੱਜ ਕਰਨ ਉਪਰੰਤ ਵੀ ਰਮਨਦੀਪ ਕੌਰ ਨਹੀਂ ਲੱਭੀ। ਘਰਦਿਆਂ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ। ਅਨੀਸ ਤੇ ਰਮਨਦੀਪ ਕੌਰ ਨੇ ਨੋਇਡਾ ਵਿਚ ਇੰਡੀਆ ਟੀਵੀ ਚੈਨਲ ਦੇ ਸਾਹਮਣੇ ਆਤਮ-ਸਮਰਪਣ ਕਰ ਦਿੱਤਾ। ਅਨੀਸ ਨੂੰ ਅਦਾਲਤੀ ਕਾਰਵਾਈ ਲਈ ਜੇਲ੍ਹ ਭੇਜ ਦਿੱਤਾ। ਉੱਤਰਾਂਚਲ ਦੀ ਤਰਾਈ 'ਚ ਪੈਂਦੇ ਜ਼ਿਲ੍ਹੇ ਊਧਮ ਸਿੰਘ ਨਗਰ ਦੀ ਤਹਿਸੀਲ ਕਿੱਛਾ ਵਿਚ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਅੱਗ ਸੁਲਘ ਰਹੀ ਆ। ਸਾਡੇ ਸਮਾਜ ਅੱਗੇ ਇਕ ਵੱਡਾ ਸਵਾਲ ਇਹ ਆਣ ਖੜ੍ਹਿਆ ਆ ਕਿ ਕੀ ਇਸ ਤਰ੍ਹਾਂ ਦੌੜ ਕੇ ਦੂਜੇ ਧਰਮ ਦੇ ਵਿਅਕਤੀ ਨਾਲ ਸ਼ਾਦੀ ਕਰਨਾ ਜਾਇਜ਼ ਆ? ਮਾਂ-ਪਿਉ ਦੇ ਅਰਮਾਨਾਂ ਦੀ ਬਲੀ ਦੇਣਾ ਕੀ ਨੈਤਿਕਤਾ ਦੀ ਕਸੌਟੀ 'ਤੇ ਖਰਾ ਉਤਰਦਾ ਆ?"

"ਇਸ਼ਕ ਕਰਨ ਵਾਲੇ ਮਜ਼ਹਬ ਨੂੰ ਨ੍ਹੀਂ ਮੰਨਦੇ ਹੁੰਦੇ," ਅੰਕਲ ਨੇ ਜੋਸ਼ 'ਚ ਆ ਕੇ ਕਿਹਾ।

ਮੈਂ ਉਨ੍ਹਾਂ ਦੇ ਮੂੰਹੋਂ ਇਹੀ ਗੱਲ ਸੁਣਨਾ ਚਾਹੁੰਦਾ ਸੀ।

ਮੈਂ ਜਾਵੇਦ ਵਾਲੀ ਸੀਡੀ ਚਲਾ ਦਿੱਤੀ।

"ਕੁੜੇ, ਹੁਣ ਤੈਨੂੰ ਦੁੱਖ ਕਿਸ ਗੱਲ ਦਾ ਆ? ਤੈਨੂੰ ਰੱਬ ਨੇ ਹਰ ਚੀਜ਼ ਦਿੱਤੀ ਆ। ਚੰਗਾ ਪਤੀ। ਮਕਾਨ। ਕਾਰ। ਗਿਆਨੀ ਧਿਆਨੀ ਸੱਸ-ਸਹੁਰਾ। ਤੈਨੂੰ ਹੋਰ ਕੀ ਚਾਹੀਦਾ?"

"ਮੇਰੀ ਸਮੱਸਿਆ ਨੂੰ ਤੂੰ ਨ੍ਹੀਂ ਸਮਝ ਸਕਦੀ।"

"ਕਿਉਂ?"

"ਲੈ ਸੁਣ-ਮੈਂ ਹੁਣ ਡਰ ਮਹਿਸੂਸ ਕਰ ਰਹੀ ਆਂ।"

"ਡਰ?"

"ਡਰ ਇਸ ਗੱਲ ਦਾ ਕਿ ਕੀ ਮੈਂ ਸੱਚਮੁੱਚ ਜੁਠੀ ਹਾਂ।"

ਮੈਂ ਮਾਯੂਸ ਨਾਲ ਆਵਾਜ਼ ਧੀਮੀ ਕਰ ਦਿੱਤੀ।

ਅੰਕਲ ਨੇ ਤਿਰਛੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ। ਮੂੰਹੋਂ ਕੁਝ ਨਾ ਬੋਲੇ। ਉਨ੍ਹਾਂ ਨੀਵੀਂ ਪਾ ਲਈ। ਲੱਗਦਾ ਸੀ ਜਿਵੇਂ ਉਹ ਬਹੁਤ ਹੀ ਜ਼ਿਆਦਾ ਥੱਕੇ ਹੋਣ। ਉਹ ਹਫ਼ਤੇ 'ਚ ਇਕ-ਅੱਧ ਵਾਰ ਸਾਡੇ ਘਰ ਆਉਂਦੇ ਜਾਂ ਮੈਂ ਆਪ ਕਿਸੇ ਨੂੰ ਭੇਜ ਕੇ ਬੁਲਾ ਲੈਂਦਾ। ਪਰ ਉਹ ਮੇਰੇ ਕਮਰੇ 'ਚ ਬਹੁਤ ਹੀ ਘੱਟ ਆਉਂਦੇ। ਜੇ ਮੈਂ ਬੁਲਾਵਾਂ ਤਾਂ ਵੀ ਕਹਿ ਦਿੰਦੇ ਕਿ ਡਰਾਇੰਗ ਰੂਮ 'ਚ ਬੈਠਦੇ ਹਾਂ। ਕਦੇ-ਕਦੇ ਅਸੀਂ ਪੈਗ ਸਾਂਝੇ ਕਰਦੇ। ਪਰ ਸਿਗਰਟਾਂ ਨਹੀਂ। ਮੈਂ ਉਨ੍ਹਾਂ ਦੇ ਸਾਹਮਣੇ ਸਿਗਰਟ ਨਹੀਂ ਪੀਂਦਾ। ਉਹ ਸਿਗਰਟ ਬੁਝਣ ਨਹੀਂ ਦਿੰਦੇ। ਉਹ ਵਾਰ-ਵਾਰ ਪਾਣੀ, ਚਾਹ ਤੇ ਸਿਗਰਟ ਪੀਂਦੇ ਹਨ।



"ਔਰਤ ਕੀ ਸ਼ੈਅ ਹੋਂਦੀ ਏ? ਇਕ ਔਰਤ ਦਾ ਕੀ ਮੁੱਲ ਹੋਂਦਾ ਏ? ਕੀ ਉਹ ਸਿਰਫ਼ ਰੇਤ ਦਾ ਕਣ ਏ ਜਿਹੜਾ ਕਿ ਹਵਾ ਵਿਚ ਉੱਡ ਕੇ ਖਿਲਰ ਜਾਂਦਾ ਏ?"

ਪਤਾ ਨਹੀਂ ਕਿਹੜੇ ਵੇਲੇ ਮੈਥੋਂ ਆਵਾਜ਼ ਫੇਰ ਉੱਚੀ ਕਰ ਹੋ ਗਈ। ਦਰਅਸਲ ਮੈਂ ਖ਼ੁਦ ਆਪਣੇ ਆਪ 'ਚ ਨਹੀਂ ਸੀ। ਪਤਾ ਨਹੀਂ ਕੀ ਦਾ ਕੀ ਸੋਚ ਰਿਹਾ ਸੀ। ਕਿਹੜੇ-ਕਿਹੜੇ ਵਿਚਾਰਾਂ ਨੇ ਮੈਨੂੰ ਘੇਰ ਰੱਖਿਆ ਸੀ।

"ਇਹ ਲੋਕ ਕੌਣ ਨੇ? ਹਰੇਕ ਜਣਾ ਵਿਚਾਰਾਂ, ਯਾਦਾਂ, ਇੱਛਾਵਾਂ ਤੇ ਖ਼ਾਬਾਂ 'ਚ ਗੁਆਚਿਆ ਹੋਇਆ ਏ"।

"ਜਰਨੈਲ ਪਹਿਲਾਂ ਸੁਰ ਵਿਚ ਨਾ ਹੋ ਲਈਏ?" ਅੰਕਲ ਨੇ ਮੇਰੇ ਨਾਲ ਸੁਲਾਹ ਮਾਰੀ।

ਮੈਂ ਬੋਤਲ ਚੁੱਕ ਲਿਆਇਆ। ਦੋ ਪੈੱਗ ਬਣਾਏ। ਮੈਂ ਖਾਰਾ ਪਾਉਣ ਲੱਗਾ ਤਾਂ ਉਨ੍ਹਾਂ ਨਾ ਪਾਉਣ ਦਾ ਇਸ਼ਾਰਾ ਕੀਤਾ। ਅਜਿਹਾ ਪਹਿਲੀ ਵਾਰ ਹੋ ਰਿਹਾ ਸੀ ਕਿ ਉਹ ਖਾਰੇ ਬਿਨਾਂ ਹੀ ਪੀਣ ਲੱਗੇ ਸਨ। ਮੈਨੂੰ ਪਲ ਦੀ ਪਲ ਲੱਗਿਆ ਕਿ ਉਨ੍ਹਾਂ ਨਾਲ ਕੁਝ ਗ਼ਲਤ ਹੋਇਆ ਸੀ। ਉਹ ਦੁਖੀ ਲੱਗੇ। ਮੈਂ ਇਹ ਸਭ ਕੁਝ ਬੰਦ ਕਰ ਦੇਣ ਲਈ ਤੇਜ਼ੀ ਨਾਲ ਸੋਚਿਆ। ਮੈਂ ਉਨ੍ਹਾਂ ਨਾਲ ਫਰੀ ਮੂਡ 'ਚ ਗੱਲਾਂ ਕਰਨੀਆਂ ਚਾਹੁੰਦਾ ਸੀ। ਉਨ੍ਹਾਂ ਦੇ ਚਿਹਰੇ 'ਤੇ ਖਿਚਾਓ ਸੀ। ਮੈਂ ਕੰਪਿਊਟਰ ਬੰਦ ਕਰ ਦਿੱਤਾ।

"ਮੈਂ ਗਿੰਦਰ ਦੀ ਮਾਂ ਦੇ ਸੰਸਕਾਰ 'ਤੇ ਗਿਆ ਸੀ। ਜਦੋਂ ਚਿਤਾ ਨੂੰ ਅੱਗ ਦਿੱਤੀ ਤਾਂ ਮੈਨੂੰ ਆਪਣੀ ਮਾਂ ਯਾਦ ਆਈ। ਮੈਨੂੰ ਚੌਰੰਜਾ ਸਾਲਾਂ ਬਾਅਦ ਵੀ ਯਾਦ ਆ ਕਿ ਉੱਥੇ ਕੁ ਮਾਂ ਦਾ ਸਿਵਾ ਬਲ਼ਿਆ ਸੀ। ਮੈਂ ਉਸ ਥਾਂ ਕੋਲ ਜਾ ਕੇ ਪੈਰਾਂ ਭਾਰ ਬੈਠ ਗਿਆ। ਫੇਰ ਮੈਂ ਭੁੱਬੀਂ ਰੋ ਪਿਆ। ਐਨਾ ਤਾਂ ਮੈਂ ਉਸ ਦੀ ਮੌਤ 'ਤੇ ਵੀ ਨ੍ਹੀਂ ਰੋਇਆ ਹੋਣਾ। ਮੇਰੀ ਮਾਂ ਦਿਲ ਦੀ ਸਾਫ਼ ਸੀ। ਉਹਨੂੰ ਝੂਠੇ, ਮੋਮੋਠਗਣੇ ਲੋਕ ਚੰਗੇ ਨ੍ਹੀਂ ਲੱਗਦੇ ਸਨ। ਉਹ ਹੋਰ ਜਿਊਣਾ ਚਾਹੁੰਦੀ ਸੀ। ਮਰਨ ਤੋਂ ਡਰਦੀ ਸੀ। ਆਖਿਰ ਜਾਵੇਦ ਵਾਂਗ ਮੌਤ ਅੱਗੇ ਹਾਰ ਗਈ। ਸੱਸ ਨੂੰਹ ਨੂੰ ਇਕੋ ਜਿਹੀ ਮੌਤ ਨੇ ਘੇਰਿਆ"।

ਮੈਨੂੰ ਨਹੀਂ ਪਤਾ ਲੱਗਾ ਕਿ ਅੰਕਲ ਕੀ ਕਹਿਣਾ ਚਾਹੁੰਦੇ ਸਨ ਜਾਂ ਉਨ੍ਹਾਂ ਦੇ ਮਨ 'ਚ ਕਿਹੜੀ ਗੱਲ ਸੀ, ਜਿਹੜੀ ਕਿ ਮੈਨੂੰ ਦੱਸਣਾ ਵੀ ਚਾਹੁੰਦੇ ਸਨ ਤੇ ਦੱਸਣਾ ਨਹੀਂ ਵੀ ਚਾਹੁੰਦੇ ਸਨ।

ਉਨ੍ਹਾਂ ਫੇਰ ਕਿਹਾ, "ਮਾਂ ਵਰਗਾ ਪਵਿੱਤਰ ਰਿਸ਼ਤਾ ਕੋਈ ਹੋਰ ਨ੍ਹੀਂ ਹੋ ਸਕਦਾ"।

ਮੈਂ ਹਾਂ 'ਚ ਸਿਰ ਹਿਲਾਇਆ।

"ਮੈਂ ਸਰਪੰਚ ਨੂੰ ਕਹਿ ਆਇਆਂ ਕਿ ਸਿਵੇ ਪੱਕੇ ਬਣਾ ਦਿਉ। ਖਰਚਾ ਮੈਂ ਦਵਾਂਗਾ"। ਉਨ੍ਹਾਂ ਉਤਸ਼ਾਹ ਜਿਹੇ ਨਾਲ ਦੱਸਿਆ। ਕੀ ਉਹ ਮੇਰਾ ਧਿਆਨ ਆਪਣੀ ਮਾਂ ਵੱਲ ਲੈ ਜਾਣਾ ਚਾਹੁੰਦੇ ਸਨ? ਮੈਂ ਉਨ੍ਹਾਂ ਦੀ ਮਾਂ ਨੂੰ ਨਹੀਂ ਦੇਖਿਆ। ਜਾਵੇਦ ਨੂੰ ਨਹੀਂ ਦੇਖਿਆ। ਕਿਤੇ ਜਾਵੇਦ ਦੀ ਆਵਾਜ਼ ਮਾਂ ਵਰਗੀ ਤਾਂ ਨਹੀਂ ਸੀ? ਕੀ ਜਾਵੇਦ ਦੀਆਂ ਸਥਿਤੀਆਂ ਮਾਂ ਵਰਗੀਆਂ ਤਾਂ ਨਹੀਂ ਰਹੀਆਂ? ਮੇਰੇ ਅੱਗੇ ਪ੍ਰਸ਼ਨਾਂ ਦਾ ਸਮੁੰਦਰ ਖੌਲਣ ਲੱਗਾ। ਪਲ ਦੀ ਪਲ ਮੈਨੂੰ ਅੰਕਲ 'ਤੇ ਖਿਝ ਆਈ। ਛੇਤੀ ਹੀ ਮੈਂ ਆਪਣੇ ਆਪ ਨੂੰ ਨੌਰਮਲ ਕਰ ਲਿਆ। ਮੈਂ ਇਸ ਫ਼ਿਲਮ ਲਈ ਉਨ੍ਹਾਂ ਕੋਲੋਂ ਕਈ ਤਰ੍ਹਾਂ ਦੀ ਅਹਿਮ ਜਾਣਕਾਰੀ ਲੈਣੀ ਹੈ। ਉਨ੍ਹਾਂ ਦੀ ਪ੍ਰਤੀਕਿਰਿਆ ਵੀ ਜਾਣਨੀ

ਹੈ। ਇਸੇ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰ ਰਿਹਾ ਸੀ ਕਿ ਕਿਸੇ ਵੀ ਤਰ੍ਹਾਂ ਦੀ ਕਾਹਲ਼ੀ ਨਾ ਕੀਤੀ ਜਾਵੇ। ਸਿੱਧਾ ਕੁਝ ਵੀ ਨਾ ਪੁੱਛਿਆ ਜਾਵੇ।

ਮੈਂ ਫੇਰ ਕੰਪਿਊਟਰ ਔਨ ਕਰ ਦਿੱਤਾ। ਆਵਾਜ਼ ਦੇ ਨਾਲ-ਨਾਲ ਦ੍ਰਿਸ਼ ਆਉਣ ਲੱਗੇ।

"ਜਿੰਨੇ ਖੁੱਲ੍ਹੇਪਣ ਨਾਲ ਮੈਂ ਤੇਰੇ ਨਾਲ ਗੱਲਾਂ ਕੀਤੀਆਂ-ਇਹ ਕਿਸੇ ਦੂਜੇ ਨਾਲ ਨ੍ਹੀਂ ਕਰ ਸਕਦੀ"।

"ਮੈਂ ਖੁਦ ਕੋਲੋਂ ਪੁੱਛਦੀ ਹਾਂ ਕਿ ਮੈਂ ਕੀ ਗ਼ਲਤ ਕੀਤਾ? ਹੁਣ ਸ਼ਾਇਦ ਮੇਰੀ ਆਖਿਰੀ ਘੜੀ ਨੇੜੇ ਆ ਗਈ ਆ। ਮੇਰੀ ਸੋਚ ਇਕੋ ਬਿੰਦੂ 'ਤੇ ਕੇਂਦਰਤ ਹੋਈ ਖੜ੍ਹੀ ਆ"।

"ਫੈਸਲੇ ਵਾਲੀ ਰਾਤ ਨੂੰ ਮੈਨੂੰ ਨੀਂਦ ਨ੍ਹੀਂ ਆਈ ਸੀ। ਕਈ ਸਾਰੀਆਂ ਸੋਚਾਂ ਨੇ ਇਕੱਠਿਆਂ ਹੋ ਕੇ ਮੇਰੇ ਦਿਮਾਗ਼ ਵਿਚ ਜਿਵੇਂ ਤੂਫ਼ਾਨ ਲਿਆ ਦਿੱਤਾ ਸੀ। ਮੈਂ ਸੌਣ ਦੀ ਕੋਸ਼ਿਸ਼ ਕਰਦੀ ਤਾਂ ਕਈ ਜਣੀਆਂ ਮੈਨੂੰ ਸੁਚੇਤ ਕਰਨ ਲੱਗਦੀਆਂ"।

ਦ੍ਰਿਸ਼ ਉਭਰਦਾ ਹੈ। ਉਪਰ ਪਹਾੜੀ ਹੈ। ਹੇਠਾਂ ਘਾਟੀ ਹੈ। ਦੂਰ ਤਕ ਪਾਣੀ ਹੈ। ਪਹਾੜੀ ਦੇ ਦੋਵੇਂ ਪਾਸੀਂ ਦੋ ਡੱਡੂ ਬੈਠੇ ਹਨ। ਉਹ ਇਸ ਤਰ੍ਹਾਂ ਬੈਠੇ ਹਨ ਜਿਵੇਂ ਹੇਠਾਂ ਤੋਂ ਆਉਂਦੀਆਂ ਆਵਾਜ਼ਾਂ ਨੂੰ ਸੁਣ ਰਹੇ ਹੋਣ। ਉਨ੍ਹਾਂ ਦੇ ਠੀਕ ਹੇਠਾਂ ਦੋ ਜਾਨਵਰ ਬੈਠੇ ਹਨ। ਵਿਚਾਰ ਮਗਨ ਹੋਏ। ਚਿੰਤਤ ਵੀ। ਹੇਠਲੇ ਪਾਸੇ ਵਿਚਕਾਰ ਜਿਹੇ ਦੋਵੇਂ ਪਾਸੀਂ ਦੋ ਔਰਤਾਂ ਬੈਠੀਆਂ ਹਨ। ਇਕ ਇਧਰ। ਦੂਜੀ ਉਧਰ। ਦੋਵੇਂ ਔਰਤਾਂ ਇਕੋ ਜਿੰਨੀ ਉਮਰ ਦੀਆਂ ਲੱਗਦੀਆਂ ਹਨ। ਦੋਵੇਂ ਇਕ ਦੂਜੀ ਵੱਲ ਦੇਖ ਰਹੀਆਂ ਹਨ। ਲੱਗਦਾ ਹੈ ਕਿ ਇਕ ਉਨ੍ਹਾਂ 'ਚੋਂ ਵੱਡੀ ਉਮਰ ਦੀ ਹੈ। ਬਹੁਤ ਹੀ ਥੋੜ੍ਹੀ ਉਮਰ ਦੇ ਫਰਕ ਨਾਲ। ਔਰਤ ਨੇ ਇਕ ਹੱਥ ਪੱਟ 'ਤੇ ਰੱਖਿਆ ਹੈ। ਉਸ ਦੇ ਬੁੱਲ੍ਹ ਖੁੱਲ੍ਹੇ ਹਨ। ਸ਼ਾਇਦ ਉਹ ਸਾਹਮਣੇ ਬੈਠੀ ਔਰਤ ਨੂੰ ਕੁਝ ਦੱਸ ਰਹੀ ਹੈ।

"ਦੋਹਾਂ ਔਰਤਾਂ ਦੀ ਉਮਰ ਵਿਚ ਪੰਦਰਾਂ ਸਾਲ ਦਾ ਫਰਕ ਸੀ। ਉਨ੍ਹਾਂ ਦੀ ਸੋਚ ਵਿਚ ਵੀ ਕਾਣ ਸੀ। ਵੱਡੀ ਉਮਰ ਦੀ ਔਰਤ ਦੇ ਵਾਲ਼ ਕੁਝ ਕੁ ਸਫੈਦ ਸੀ"। ਅੰਕਲ ਨੇ ਸਿਗਰਟ ਦਾ ਲੰਬਾ ਘੁੱਟ ਖਿੱਚ ਕੇ ਦੱਸਿਆ। ਮੈਂ ਉਨ੍ਹਾਂ ਦੀ ਗੱਲ ਨਾਲ ਸਹਿਮਤ ਹੋ ਗਿਆ।

"ਮੇਰੀ ਕਹਾਣੀ ਇੱਥੋਂ ਸ਼ੁਰੂ ਹੁੰਦੀ ਆ। ਏਅਰਪੋਰਟ ਤੋਂ ਘਰੇ ਆਈ ਤਾਂ ਭਰਜਾਈ ਵੀ ਕੰਮ ਤੋਂ ਵਾਪਸ ਆ ਗਈ ਸੀ। ਉਹ ਵਾਰ-ਵਾਰ ਮੈਨੂੰ ਜੱਫ਼ੀਆਂ ਪਾਈ ਜਾਵੇ। ਮੱਥਾ ਚੁੰਮੀ ਜਾਵੇ। ਇਹੀ ਕਹੀ ਜਾਵੇ-'ਕੁੜੇ ਤੂੰ ਐਨੀ ਸੋਹਣੀ ਆਂ। ਰਮੇਸ਼ ਤੇਰੀਆਂ ਸਿਫ਼ਤਾਂ ਕਰਦਾ ਹੁੰਦਾ ਸੀ। ਮੈਂ ਤਾਂ ਕਦੇ ਸੋਚਿਆ ਵੀ ਨ੍ਹੀਂ ਸੀ ਕਿ ਰੱਬ ਨੇ ਤੈਨੂੰ ਅਜਿਹਾ ਸੁਹਪਣ ਦਿੱਤਾ ਹੋਊ।' ਅਸੀਂ ਇਕੱਠੀਆਂ ਨੇ ਖਾਣਾ ਤਿਆਰ ਕੀਤਾ। ਉਸ ਮੈਨੂੰ ਨਸੀਹਤ ਕੀਤੀ-'ਬਚ ਕੇ ਰਹੀਂ। ਕਈ ਵਾਰ ਸੁੰਦਰਤਾ ਵੀ ਵੈਰੀ ਬਣ ਜਾਂਦੀ ਆ।' ਮੈਂ ਹੱਸ ਕੇ ਉਸ ਦੀ ਗੱਲ ਟਾਲ਼ ਦਿੱਤੀ। ਮੈਨੂੰ ਦੋ ਸਾਲਾਂ ਲਈ ਵਰਕਿੰਗ ਟੂਰ ਵੀਜ਼ਾ ਮਿਲਿਆ ਸੀ। ਮੈਂ ਇਹੀ ਸੋਚ ਕੇ ਇੱਥੇ ਆਈ ਸੀ ਕਿ ਮੁੜ ਕੇ ਵਾਪਸ ਨ੍ਹੀਂ ਜਾਣਾ। ਭਾਪਾ ਜੀ ਬੀਬੀ ਨੇ ਇਹੀ ਪਲੈਨਿੰਗ ਕੀਤੀ ਸੀ। ਇੱਥੇ ਮੈਨੂੰ ਕਿਸੇ ਗੱਲ ਦੀ ਤਕਲੀਫ਼ ਨ੍ਹੀਂ ਸੀ। ਮੇਰਾ ਮਸੇਰ ਭਰਾ ਤੇ ਭਰਜਾਈ ਸਨ। ਉਨ੍ਹਾਂ ਦੇ ਦੋ ਬੱਚੇ ਸਨ। ਹੋਰ ਕਈ ਰਿਸ਼ਤੇਦਾਰੀਆਂ ਸਨ। ਦੂਜੇ ਦਿਨ ਭਰਾ-ਭਰਜਾਈ ਕੰਮ 'ਤੇ ਚਲੇ ਗਏ। ਬੱਚੇ ਸਕੂਲੇ। ਘਰ 'ਚ ਮੈਂ ਇਕੱਲੀ। ਬਾਰਾਂ ਘੰਟਿਆਂ ਦਾ ਲੰਬਾ ਸਫ਼ਰ। ਮੈਨੂੰ ਜਹਾਜ਼ 'ਚ ਨੀਂਦ ਨ੍ਹੀਂ ਆਈ ਸੀ। ਤਾਸ਼ਕੰਦ ਤੋਂ ਲੰਦਨ ਤਕ ਸੱਤ ਘੰਟਿਆਂ ਤੋਂ ਜ਼ਿਆਦਾ ਦਾ ਸਮਾਂ ਲੱਗਿਆ ਸੀ। ਮੈਂ ਬੁਰੀ ਤਰ੍ਹਾਂ ਥੱਕੀ ਹੋਈ ਸੀ। ਰਾਤ ਨੂੰ



ਓਪਰੀ ਥਾਂ 'ਤੇ ਮੈਨੂੰ ਨੀਂਦ ਨਾ ਆਈ। ਫੇਰ ਮੈਂ ਉਨ੍ਹਾਂ ਦੇ ਜਾਣ ਤੋਂ ਬਾਅਦ ਰੱਜ ਕੇ ਸੁੱਤੀ। ਫੋਨ ਦੀ ਘੰਟੀ ਵੱਜੀ ਤਾਂ ਮੈਂ ਉੱਠੀ। ਕਿਸੇ ਨੇ ਰਮੇਸ਼ ਬਾਰੇ ਪੁੱਛਿਆ ਸੀ। ਮੈਂ ਕਹਿ ਦਿੱਤਾ-ਨੌਟ ਐਟ ਹੋਮ। ਫੋਨ ਆਫਟਰ ਫਾਈਵ। ਤਿੰਨ ਕੁ ਵਜੇ ਭਰਜਾਈ ਤੇ ਬੱਚੇ ਆਏ। ਸੱਤ ਵਜੇ ਰਮੇਸ਼। ਮੈਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਸਾਰੇ ਘਰ ਦੀ ਸਫਾਈ ਕਰ ਦਿੱਤੀ।"

"ਜਰਨੈਲ-ਉਹ ਉੱਚੀ ਅੱਡੀ ਦੇ ਸੈਂਡਲ ਨ੍ਹੀਂ ਪਾਉਂਦੀ ਸੀ।" ਅੰਕਲ ਨੇ ਕੰਪਿਊਟਰ ਵੱਲੋਂ ਧਿਆਨ ਹਟਾ ਕੇ ਮੇਰੇ ਵੱਲ ਦੇਖਿਆ।

"ਬੈੱਡ ਰੂਮ ਨੂੰ ਲੈ ਕੇ ਘੁਸਰ ਮੁਸਰ ਹੋਣ ਲੱਗੀ। ਤਿੰਨ ਬੈੱਡ-ਰੂਮ ਵਾਲਾ ਘਰ ਸੀ। ਦੋ ਕਮਰੇ ਬੱਚਿਆਂ ਦੇ। ਇਕ ਰਮੇਸ਼ ਹੋਰਾਂ ਦਾ। ਮੈਂ ਆਈ ਤਾਂ ਮੀਆਂ-ਬੀਵੀ ਫਰੰਟ ਰੂਮ ਵਿਚ ਸੌਣ ਲੱਗੇ। ਸੈੱਟੀ ਨੂੰ ਬੈੱਡ ਬਣਾ ਲਿਆ ਜਾਂਦਾ। ਮੈਂ ਭਰਜਾਈ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਉਪਰ ਆਪਣੇ ਬੈੱਡ ਰੂਮ 'ਚ ਸੌਂਇਆਂ ਕਰਨ। ਮੈਂ ਹੇਠਾਂ ਫਰੰਟ ਰੂਮ ਵਿਚ। ਅਗਲੇ ਹਫ਼ਤੇ ਮੈਂ ਕੰਮ 'ਤੇ ਜਾਣ ਲੱਗ ਪਈ। ਇਕ ਦਿਨ ਕੁਲਵੰਤ ਉਰਫ ਕੈਂਡੀ ਆਪਣੀ ਮੰਮੀ ਨੂੰ ਪੁੱਛਣ ਲੱਗਾ ਕਿ ਆਂਟੀ ਨੇ ਅਜੇ ਹੋਰ ਕਿੰਨਾ ਕੁ ਚਿਰ ਰਹਿਣਾ ਹੈ। ਭਰਜਾਈ ਨੇ ਦੱਸਿਆ ਕਿ ਜਾਵੇਦ ਨੇ ਇੱਥੇ ਹੀ ਰਹਿਣਾ ਹੈ। ਕੈਂਡੀ ਬੁਰਾ ਜਿਹਾ ਮੂੰਹ ਬਣਾ ਕੇ ਆਪਣੇ ਕਮਰੇ 'ਚ ਦੌੜ ਗਿਆ।"

"ਮੈਨੂੰ ਜਲਦੀ ਹੀ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਮੈਂ ਇਸ ਘਰ 'ਤੇ ਬੋਝ ਹਾਂ। ਇਹ ਗੱਲ ਵੱਖਰੀ ਸੀ ਕਿ ਮੈਂ ਜੋ ਵੀ ਕਮਾਉਂਦੀ-ਉਹ ਭਰਜਾਈ ਦੇ ਹੱਥਾਂ 'ਤੇ ਰੱਖਦੀ। ਉਸੇ ਕੋਲ਼ੋਂ ਆਪਣਾ ਖਰਚਾ ਮੰਗਦੀ। ਇੱਥੇ ਹਰੇਕ ਜਣਾ ਪ੍ਰਾਈਵੇਟ ਲਾਈਫ ਚਾਹੁੰਦਾ। ਤੀਜੇ ਨੂੰ ਕੋਈ ਨ੍ਹੀਂ ਝੱਲਦਾ। ਦਿਨ ਤਾਂ ਫੈਕਟਰੀ ਵਿਚ ਬੜਾ ਵਧੀਆ ਲੰਘਦਾ। ਇਸੇ ਫੈਕਟਰੀ ਵਿਚ ਹਰਨੇਕ ਕੰਮ ਕਰਦਾ ਸੀ। ਉਹ ਰਮੇਸ਼ ਨਾਲ ਏਅਰਪੋਰਟ 'ਤੇ ਗਿਆ ਸੀ। ਜਦੋਂ ਮੈਂ ਕਾਰ ਵਿਚ ਬੈਠਣ ਲੱਗੀ ਤਾਂ ਉਸ ਕਿਹਾ ਸੀ-'ਤੁਸੀਂ ਅੱਗੇ ਬੈਠੋ। ਬਾਹਰਲੇ ਨਜ਼ਾਰੇ ਦੇਖੋ। ਲੰਦਨ ਦੀ ਦੁਨੀਆ ਬੜੀ ਖ਼ੂਬਸੂਰਤ ਆ।' ਮੈਨੂੰ ਉਹ ਰੋਮਾਂਟਿਕ ਕਿਸਮ ਦਾ ਮੁੰਡਾ ਲੱਗਾ ਸੀ। ਹਰ ਗੱਲ 'ਤੇ ਚੁਟਕਲਾ ਸੁਣਾਉਂਦਾ। ਹੱਸਾ-ਹੱਸਾ ਕੇ ਵੱਖੀਆਂ ਦੁਖਣ ਲਾ ਦਿੰਦਾ।"

"ਉਹ ਐਦਾਂ ਨ੍ਹੀਂ ਹੱਸਦੀ ਸੀ", ਅੰਕਲ ਨੇ ਮੈਨੂੰ ਸਮਝਾਇਆ। ਮੈਂ ਸਾਈਡ 'ਤੇ ਨੋਟ ਦੇ ਦਿੱਤਾ।

"ਮੈਂ ਭਾਪਾ ਜੀ ਨੂੰ ਫੋਨ 'ਤੇ ਦੱਸਿਆ ਕਿ ਹੁਣ ਮੇਰੇ ਲਈ ਇਸ ਘਰ ਵਿਚ ਰਹਿਣਾ ਠੀਕ ਨ੍ਹੀਂ। ਉਹ ਅੱਗੋਂ ਆਪਣੀਆਂ ਹੀ ਜਭਲੀਆਂ ਮਾਰਨ ਲੱਗੇ ਕਿ ਜੇ ਰਮੇਸ਼ ਦੇ ਘਰ ਨ੍ਹੀਂ ਰਹਿਣਾ ਤਾਂ ਹੋਰ ਕਿੱਥੇ ਰਹੇਂਗੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇੱਥੇ ਕੋਈ ਕਿਸੇ ਦਾ ਸਕਾ ਨ੍ਹੀਂ। ਉਨ੍ਹਾਂ ਗੱਲ ਇੱਥੇ ਮੁਕਾਈ ਕਿ ਜਿਵੇਂ ਰਮੇਸ਼ ਕਹਿੰਦਾ-ਮੈਂ ਉਵੇਂ ਹੀ ਕਰਾਂ। ਮੈਨੂੰ ਪਤਾ ਸੀ ਕਿ ਰਮੇਸ਼ ਦੀ ਕਈ ਗੱਲਾਂ 'ਚ ਘਰ 'ਚ ਚਲਦੀ ਨ੍ਹੀਂ ਸੀ। ਉਸ 'ਤੇ ਕਈ ਤਰ੍ਹਾਂ ਦੇ ਬੋਝ ਸਨ। ਇਕ ਦਿਨ ਮੈਂ ਉਸ ਨੂੰ ਕਹਿ ਦਿੱਤਾ-'ਭਾਅ ਜੀ, ਹੁਣ ਮੈਂ ਇੱਥੇ ਨ੍ਹੀਂ ਰਹਿਣਾ। ਮੈਂ ਇੰਡੀਆ ਤੋਂ ਆਈ ਕੁੜੀ ਨਾਲ ਕਮਰਾ ਸ਼ੇਅਰ ਕਰਨਾ।' ਰਮੇਸ਼ ਵੀ ਮੇਰੇ ਮੂੰਹੋਂ ਇਹੀ ਕੁਛ ਸੁਣਨਾ ਚਾਹੁੰਦਾ ਸੀ। ਉਸ ਕਿਹਾ, 'ਬੜੀ ਜਲਦੀ ਤੂੰ ਇੱਥੋਂ ਦੀ ਸੋਸਾਇਟੀ ਨੂੰ ਸਮਝ ਗਈ। ਜਿਸ ਚੀਜ਼ ਦੀ ਲੋੜ ਪਵੇ-ਮੈਨੂੰ ਦੱਸ ਦਈਂ। ਮੈਂ ਆਪ ਛੱਡ ਆਵਾਂਗਾ'।"

"ਮੇਰੇ ਕੋਲ਼ ਆਪਣਾ ਕਮਰਾ ਸੀ। ਦੋ ਜਣੀਆਂ ਕੋਲ਼ ਇਕ ਕਮਰਾ। ਰਜਨੀ ਵੀ ਸੈਂਡਵਿਚ ਫੈਕਟਰੀ ਵਿਚ ਕੰਮ ਕਰਦੀ ਸੀ। ਮੇਰੇ ਵਾਂਗ ਆਈ ਸੀ। ਵੀਹ ਪਾਊਂਡ ਵੀਕ ਦਾ

ਕਿਰਾਇਆ ਸੀ। ਮੈਂ ਖੁਸ਼ ਸੀ। ਮੈਂ ਕਿਸੇ ਦੇ ਅਹਿਸਾਨ ਥੱਲੇ ਸਾਹ ਨ੍ਹੀਂ ਲੈ ਰਹੀ ਸੀ। ਮੈਂ ਜੋ ਚਾਹਾਂ-ਕਰਾਂਗੀ।"

"ਉਹ ਐਨਾ ਉੱਚੀ ਨ੍ਹੀਂ ਬੋਲਦੀ ਸੀ," ਅੰਕਲ ਨੇ ਦੱਸਿਆ। "ਮੈਂ ਇੰਗਲੈਂਡ ਜਾ ਕੇ ਉਸ ਦੀਆਂ ਫੋਟੋਆਂ ਭੇਜੂੰਗਾ।"

"ਹਰਨੇਕ ਨੇ ਮੇਰੇ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਉਹ ਆਨੀਂ-ਬਹਾਨੀਂ ਮੈਨੂੰ ਬੁਲਾਉਂਦਾ। ਮੇਰੀ ਕੰਮ ਵਿਚ ਮੱਦਦ ਕਰਦਾ। ਮੈਨੂੰ ਸਮਝੌਤੀਆਂ ਦਿੰਦਾ। ਮੈਨੂੰ ਆਪ ਨੂੰ ਵੀ ਉਹ ਚੰਗਾ-ਚੰਗਾ ਲੱਗਦਾ। ਉਸ ਨਾਲ ਜ਼ਿੰਦਗੀ ਗੁਜ਼ਾਰੀ ਜਾ ਸਕਦੀ ਆ। ਮੈਂ ਉੱਠਦੀ ਬੈਠਦੀ ਇਹੀ ਸੋਚਦੀ। ਰਜਨੀ ਨੂੰ ਮੈਂ ਦੱਸਿਆ ਤਾਂ ਉਸ ਕਿਹਾ-'ਕਾਹਲ ਨਾ ਕਰੀਂ। ਸੋਚ ਵਿਚਾਰ ਲੈ। ਕਿਸੇ ਨਾਲ ਸਲਾਹ ਕਰ ਲੈ।' ਮੈਂ ਕਿਸ ਨਾਲ ਸਲਾਹ ਕਰਦੀ। ਭਰਜਾਈ ਨਾਲ। ਜਿਸ ਦਿਨ ਦਾ ਮੈਂ ਘਰ ਛੱਡਿਆ, ਉਸ ਇਕ ਵਾਰ ਵੀ ਮੈਨੂੰ ਫੋਨ ਨ੍ਹੀਂ ਕੀਤਾ। ਰਮੇਸ਼ ਦਾ ਹਫ਼ਤੇ 'ਚ ਇਕ ਵਾਰ ਫੋਨ ਅਵੱਸ਼ ਆ ਜਾਂਦਾ। ਉਹ ਮੇਰੀ ਰਾਜ਼ੀ-ਖੁਸ਼ੀ ਪੁੱਛਦਾ"।

25 ਸਤੰਬਰ, 1979। ਖਾਲਸਾ ਕਾਲਿਜ, ਅੰਮ੍ਰਿਤਸਰ।

ਕਾਲਿਜ ਦੇ ਗੇਟ ਤੋਂ ਵਾਪਸ ਆਉਂਦੀਆਂ ਦੋ ਕੁੜੀਆਂ। ਉਨ੍ਹਾਂ ਦੀਆਂ ਪਿੱਠਾਂ ਦਿੱਸਦੀਆਂ ਹਨ।

ਪਹਿਲੀ-ਤੈਨੂੰ ਕਿਹੋ ਜਿਹਾ ਮੁੰਡਾ ਚੰਗਾ ਲੱਗਦਾ?

ਦੂਜੀ-ਬਿੱਲੀਆਂ ਅੱਖਾਂ ਵਾਲਾ।

ਪਹਿਲੀ-ਰੰਗ ਰੂਪ?

ਦੂਜੀ-ਕਣਕਵੰਨਾ।

ਪਹਿਲੀ-ਦਾੜ੍ਹੀ ਮੁੱਛਾਂ ਵਾਲਾ?

ਦੂਜੀ-ਨ੍ਹੀਂ। ਸਾਡੇ ਪਰਿਵਾਰਾਂ ਵਿਚ ਸਾਰੇ ਹੀ ਸਿੱਖ ਆ। ਸਿਰਫ਼ ਵਲਾਇਤ ਵਾਲੇ ਭਾਅ ਜੀ ਕਲੀਨਸ਼ੇਵਡ ਆ। ਮੈਨੂੰ ਉਨ੍ਹਾਂ ਵਰਗਾ ਜੀਵਨ ਸਾਥੀ ਚਾਹੀਦਾ।

ਪਹਿਲੀ-ਜੇ ਉਹ ਖਲਨਾਇਕ ਨਿਕਲਿਆ?

ਦੂਜੀ-ਜੇ ਮੈਂ ਹੀ ਖਲਨਾਇਕ ਨਿਕਲੀ।

"ਜਰਨੈਲ, ਤੂੰ ਸੁਖਪਾਲ ਕੋਲੋਂ ਤਲਾਕ ਲੈ ਲੈ?" ਅੰਕਲ ਨੇ ਮੇਰੇ ਵੱਲ ਘੁੰਮਦਿਆਂ ਹੋਇਆਂ ਕਿਹਾ।

"ਜੀ।"

"ਕਿਤੇ ਉਸੇ ਨਾਲ ਦੋਬਾਰਾ ਅਡਜਸਟ ਹੋਣ ਦਾ ਤਾਂ ਇਰਾਦਾ ਨ੍ਹੀਂ?"

"ਅਜੇ ਇਸ ਬਾਰੇ ਨ੍ਹੀਂ ਸੋਚਿਆ।"

"ਤੈਨੂੰ ਸੁਖਪਾਲ ਕੋਲੋਂ ਤਲਾਕ ਲੈ ਲੈਣਾ ਚਾਹੀਦਾ। ਸਾਡੇ ਖਾਨਦਾਨ ਨੂੰ ਕਿਸੇ ਸੰਤ ਦਾ ਸਰਾਪ ਮਿਲਿਆ ਹੋਇਆ ਕਿ ਹਰੇਕ ਘਰ 'ਚੋਂ ਜਾਂ ਤਾਂ ਕਿਸੇ ਇਕ ਜਣੇ ਦੀ ਪਹਿਲੀ ਜਨਾਨੀ ਮਰ ਜਾਂਦੀ ਆ, ਜਾਂ ਦੌੜ ਜਾਂਦੀ ਆ ਜਾਂ ਤਲਾਕ ਹੋ ਜਾਂਦਾ। ਇਹ ਪਿਛਲੀਆਂ ਪੰਜ ਪੀੜ੍ਹੀਆਂ ਤੋਂ ਹੁੰਦਾ ਆ ਰਿਹਾ। ਆਪਣੇ ਪੜਦਾਦੇ ਦੇ ਬਾਬੇ ਸਕੇ ਭਰਾ ਸਨ।"



ਅੱਗੋਂ ਮੈਂ ਚੁੱਪ ਰਿਹਾ। ਮੈਨੂੰ ਲੱਗਿਆ ਕਿ ਉਹ ਮੈਨੂੰ ਉਲਝਾਉਣਾ ਚਾਹੁੰਦੇ ਸਨ। ਮੈਂ ਸੁਚੇਤ ਹੋ ਗਿਆ। ਆਵਾਜ਼ ਹੋਰ ਉੱਚੀ ਕਰ ਦਿੱਤੀ।

"ਇਕ ਸਵੇਰ ਨੂੰ ਉੱਠਣ ਸਾਰ ਮੈਂ ਫੈਸਲਾ ਕਰ ਲਿਆ ਕਿ ਹਰਨੇਕ ਮੇਰੇ ਸੁਪਨਿਆਂ ਦਾ ਸੌਦਾਗਰ ਹੋਵੇਗਾ। ਮੈਂ ਇਸ ਸੰਬੰਧੀ ਆਪਣੀ ਭਰਜਾਈ ਤੇ ਭਰਾ ਨੂੰ ਦੱਸ ਦਵਾਂਗੀ। ਇੰਡੀਆ ਵੀ ਫੋਨ ਕਰ ਦਿਆਂਗੀ। ਮੇਰਾ ਡੇਢ ਸਾਲ ਦਾ ਵੀਜ਼ਾ ਰਹਿ ਗਿਆ ਸੀ। ਮੈਂ ਇਸੇ ਸਾਲ 'ਚ ਆਪਣੀ ਜ਼ਿੰਦਗੀ ਸੈੱਟ ਕਰਨੀ ਸੀ। ਮੈਂ ਫੈਕਟਰੀ ਪੈਦਲ ਹੀ ਜਾਂਦੀ। ਪੈਦਲ ਹੀ ਆਉਂਦੀ। ਮਸਾਂ ਅੱਧਾ ਕੁ ਘੰਟਾ ਤੁਰਨਾ ਪੈਂਦਾ। ਫੈਕਟਰੀ ਵੱਲ ਜਾਂਦਿਆਂ ਹੋਇਆਂ ਹਰਨੇਕ ਮੇਰੇ ਅੰਗ-ਸੰਗ ਰਹਿੰਦਾ। ਮੈਂ ਉਸ ਨੂੰ ਆਪਣੇ ਨੇੜੇ-ਤੇੜੇ ਮਹਿਸੂਸ ਕਰਦੀ। ਮੈਂ ਸੋਚ ਲਿਆ ਸੀ ਕਿ ਜੇ ਅੱਜ ਉਸ ਬਾਹਰ ਜਾਣ ਦੀ ਪਰੋਪੋਜ਼ਲ ਰੱਖੀ ਤਾਂ ਮੈਂ ਨਾਂਹ ਨ੍ਹੀਂ ਕਰਾਂਗੀ। ਰਸਤੇ 'ਚ ਮੈਂ ਕੌਸਟਕਟਰ ਸਟੋਰ ਵਿਚ ਹੇਅਰ ਪੈੱਨ ਲੈਣ ਲਈ ਰੁਕੀ। ਇਸ ਸਟੋਰ ਵਿਚ ਮੈਂ ਪਹਿਲੀ ਵਾਰ ਗਈ ਸੀ। ਟੈੱਲ 'ਤੇ ਇਕ ਅਤੀ ਸੁੰਦਰ ਨੌਜੁਆਨ ਖੜ੍ਹਾ ਸੀ। ਮੈਂ ਹੇਅਰ ਪੈੱਨ ਦੇ ਦੋ ਪਾਊਂਡ ਦਿੱਤੇ ਤਾਂ ਉਸ ਪੁੱਛਿਆ-'ਤੁਸੀਂ ਨਵੇਂ ਆਏ ਲੱਗਦੇ ਹੋ?' 'ਐਦਾਂ ਹੀ ਸਮਝ ਲਓ।' 'ਸਾਡੀ ਸ਼ੌਪ 'ਤੇ ਪਹਿਲੀ ਵਾਰ ਆਏ ਹੋ?' 'ਜੀ।' 'ਹੁਣ ਤੁਸੀਂ ਰੋਜ਼ ਹੀ ਆਇਆ ਕਰੋਗੇ।' ਮੈਨੂੰ ਇਸ ਗੱਲ ਦੀ ਸਮਝ ਨ੍ਹੀਂ ਲੱਗੀ ਕਿ ਇਹ ਉਸ ਕਿਵੇਂ ਕਹਿ ਦਿੱਤਾ ਸੀ।"

"ਉਸ ਸ਼ਾਮ ਨੂੰ ਮੈਂ ਪਹਿਲੀ ਵਾਰ ਹਰਨੇਕ ਨਾਲ ਬਾਹਰ ਗਈ। ਉਹ ਮੈਨੂੰ ਇਕ ਪੱਬ ਵਿਚ ਲੈ ਗਿਆ। ਉਸ ਦੱਸਿਆ-'ਪੱਬ ਇੱਥੋਂ ਦੇ ਕਲਚਰ ਦਾ ਅਹਿਮ ਹਿੱਸਾ। ਆਪਾਂ ਇੱਥੋਂ ਹੀ ਜ਼ਿੰਦਗੀ ਦੀ ਸ਼ੁਰੂਆਤ ਕਰਦੇ ਹਾਂ। ਬਾਅਦ ਵਿਚ ਸਵਿਮਿੰਗ ਪੂਲ ਜਾਇਆ ਕਰਾਂਗੇ। ਤੈਨੂੰ ਇੱਥੋਂ ਦੇ ਕਲਚਰ ਦਾ ਹਿੱਸਾ ਬਣਨ ਲਈ ਬਹੁਤ ਕੁਛ ਸਿਖਣਾ ਪਵੇਗਾ।' ਉਸ ਦੇ ਬਹੁਤ ਹੀ ਜ਼ਿਆਦਾ ਜ਼ੋਰ ਦੇਣ 'ਤੇ ਮੈਂ ਅੱਧਾ ਪਵਾਇੰਟ ਬੀਅਰ ਲਈ। ਮੈਂ ਚੋਰ ਨਜ਼ਰਾਂ ਨਾਲ ਉਸ ਵੱਲ ਦੇਖ ਲੈਂਦੀ। ਉਹ ਵੀ। ਫੇਰ ਉਸ ਕਿਹਾ-'ਮੈਨੂੰ ਉਹਲਿਆਂ ਵਿਚ ਜਿਊਣਾ ਚੰਗਾ ਨ੍ਹੀਂ ਲੱਗਦਾ। ਮੈਂ ਹਰ ਗੱਲ ਬਾਰੇ ਸਪੱਸ਼ਟ ਹਾਂ। ਤੁਹਾਨੂੰ ਵੀ ਹੋਣਾ ਪਵੇਗਾ।' ਉਸ ਮੈਨੂੰ ਮੇਰੀਆਂ ਪਸੰਦਗੀਆਂ, ਨਾ-ਪਸੰਦਗੀਆਂ, ਰਿਸ਼ਤਿਆਂ ਤੇ ਸੰਬੰਧਾਂ ਬਾਰੇ ਪੁੱਛਿਆ। ਉਸ ਕਿਹਾ, 'ਸਾਡੇ 'ਚ ਕਿਸੇ ਗੱਲ ਦੀ ਮਿਸ ਅੰਡਰਸਟੈਂਡਿੰਗ ਨ੍ਹੀਂ ਆਉਣੀ ਚਾਹੀਦੀ।' ਉਹ ਸ਼ਾਮ ਆਪਣੇ ਹੀ ਕਿਸਮ ਦੀ ਸ਼ਾਮ ਹੋ ਨਿਬੜੀ। ਉਸ ਮੈਨੂੰ ਈਲਿੰਗ ਬਰੌਡਵੇਅ ਤੋਂ ਬਾਹਰ ਨਿਕਲਦਿਆਂ ਆਪਣੇ ਨਾਲ ਘੁੱਟ ਲਿਆ। ਮੇਰੇ ਬੁੱਲ੍ਹ ਆਪਣੇ ਬੁੱਲ੍ਹਾਂ ਵਿਚ ਘੁੱਟ ਲਏ। ਮੈਂ ਨਸ਼ਿਆ ਗਈ। ਸ਼ਰਮ ਨਾਲ ਪਾਣੀ ਪਾਣੀ ਵੀ ਹੋਈ। ਮੈਂ ਉਸ ਨੂੰ ਕਿਹਾ ਕਿ ਮੈਨੂੰ ਇਹ ਚੀਜ਼ਾਂ ਸ਼ਰ੍ਹੇਆਮ ਚੰਗੀਆਂ ਨ੍ਹੀਂ ਲੱਗਦੀਆਂ। ਉਸ ਦੱਸਿਆ ਕਿ ਇਹ ਯੂ. ਕੇ. ਆ। ਇੱਥੇ ਕੋਈ ਕਿਸੇ ਬਾਰੇ ਬੌਦਰ ਨ੍ਹੀਂ ਕਰਦਾ।"

"ਮੈਂ ਤਕਰੀਬਨ ਰੋਜ਼ ਹੀ ਕੌਸਟਕਟਰ ਸਟੋਰ ਵਿਚ ਜ਼ਰੂਰ ਜਾਂਦੀ। ਜੇ ਕਿਸੇ ਚੀਜ਼ ਦੀ ਲੋੜ ਵੀ ਨਾ ਹੋਵੇ ਤਾਂ ਵੀ ਖਰੀਦ ਲੈਂਦੀ। ਕਰਾਮਤ ਦੀਆਂ ਬਿੱਲੀਆਂ ਅੱਖਾਂ ਮੈਨੂੰ ਬੇਚੈਨ ਕਰੀ ਰੱਖਦੀਆਂ। ਹਰਨੇਕ ਦੀਆਂ ਵੀ ਬਿੱਲੀਆਂ ਅੱਖਾਂ ਸਨ। ਇਕ ਪਾਸੇ ਹਰਨੇਕ ਹੁੰਦਾ। ਦੂਜੇ ਪਾਸੇ ਕਰਾਮਤ। ਦੋਵੇਂ ਮੇਰੇ ਨਾਇਕ ਬਣਨ ਲੱਗੇ। ਇੰਨੀ ਕਮਜ਼ੋਰ ਮੈਂ ਪਹਿਲਾਂ ਕਦੇ ਨ੍ਹੀਂ ਸੀ ਜਿੰਨੀ ਉਨ੍ਹੀਂ ਦਿਨੀਂ ਹੋਈ। ਜਿਸ ਦਿਨ ਸਟੋਰ ਵਿਚ ਨਾ ਜਾਂਦੀ ਤਾਂ ਕਰਾਮਤ ਦਾ ਫੋਨ ਆ ਜਾਂਦਾ। ਉਂਝ ਵੀ ਸ਼ਾਮ ਨੂੰ ਉਹ ਮੈਨੂੰ ਫੋਨ ਅਵੱਸ਼ ਕਰਦਾ। ਉਹ ਨਿੱਕੀਆਂ ਨਿੱਕੀਆਂ ਗੱਲਾਂ ਦੱਸਦਾ। ਇਕ ਦਿਨ ਉਸ ਦੱਸਿਆ, 'ਇਹ ਸਟੋਰ ਅੱਬਾ ਤੇ ਉਨ੍ਹਾਂ ਦੇ ਦੋਸਤ ਦਾ ਸਾਂਝਾ ਆ। ਅਸੀਂ ਘਰ ਦੇ ਕਿਚਨ ਦੀਆਂ ਚੀਜ਼ਾਂ ਇੱਥੋਂ ਹੀ ਲੈ ਜਾਂਦੇ ਆਂ। ਜੇ ਅੱਧੇ ਪਾਊਂਡ ਦੀ ਚੀਜ਼ ਵੀ ਘਰੇ ਲੈ ਜਾਈਏ ਤਾਂ ਉਸ ਦੇ ਪੈਸੇ ਵੀ ਟੈੱਲ ਵਿਚ ਕਾਊਂਟ ਹੁੰਦੇ ਆ। ਇੰਡੀਆ ਜਾਂ ਪਾਕਿਸਤਾਨ ਵਾਲਾ ਕੰਮ ਨ੍ਹੀਂ

ਕਿ ਜੋ ਚਾਹੀਦਾ ਚੁੱਪ ਕਰਕੇ ਬੈਗ ਵਿਚ ਪਾਉ ਤੇ ਤੁਰਦੇ ਬਣੋ। ਇੱਥੇ ਕੋਈ ਕਿਸੇ ਦਾ ਸਕਾ ਨ੍ਹੀਂ। ਅਜੇ ਤੁਸੀਂ ਨਵੇਂ-ਨਵੇਂ ਆਏ ਹੋ-ਅਗਲੇ ਸਾਲਾਂ ਵਿਚ ਤੁਸੀਂ ਬਹੁਤ ਕੁਝ ਜਾਣ ਜਾਉਗੇ। ਮੈਂ ਤੁਹਾਨੂੰ ਸਮੇਂ ਦੇ ਨਾਲ-ਨਾਲ ਚੱਲਣਾ ਸਿਖਾਵਾਂਗਾ।' ਅਕਸਰ ਕਹਿੰਦਾ-'ਸਟੋਰ ਵਿਚ ਤਾਂ ਮੇਰੇ ਕੋਲ ਖੁੱਲ੍ਹਾ ਸਮਾਂ ਨ੍ਹੀਂ ਹੁੰਦਾ। ਪ੍ਰੋਗਰਾਮ ਬਣਾਓ-ਕਿਤੇ ਬਾਹਰ ਬੈਠ ਕੇ ਗੱਲਾਂ ਕਰੀਏ।' ਮੈਨੂੰ ਉਸ ਬਾਰੇ ਜਾਨਣ ਦੀ ਉਤਸੁਕਤਾ ਰਹਿੰਦੀ। ਮੈਨੂੰ ਐਨਾ ਕੁ ਪਤਾ ਲੱਗਿਆ ਕਿ ਉਸ ਦੇ ਦੋ ਵਿਆਹ ਹੋਏ ਆ। ਇਕ ਪਤਨੀ ਇਧਰ ਆ ਤੇ ਦੂਜੀ ਸ਼ੇਖੂਪੁਰੇ ਪਾਕਿਸਤਾਨ ਵਿਚ। ਮੈਨੂੰ ਇਸ ਗੱਲ ਨਾਲ ਕੋਈ ਸਰੋਕਾਰ ਨ੍ਹੀਂ ਸੀ ਕਿ ਉਹ ਵਿਆਹਿਆ ਹੋਇਆ। ਉਸ ਦੇ ਬੱਚੇ ਆ। ਇਹ ਸਭ ਕੁਛ ਉਸ ਮੇਰੇ ਪੁੱਛਣ ਤੋਂ ਬਿਨਾਂ ਹੀ ਦੱਸ ਦਿੱਤਾ ਸੀ। ਉਹ ਨੇਕ ਦਿਲ ਇਨਸਾਨ ਸੀ। ਉਸ ਨੂੰ ਤਾਂ ਕਿਸੇ ਅਜਿਹੇ ਸਾਥੀ ਦੀ ਲੋੜ ਸੀ ਜਿਹੜਾ ਕਿ ਉਸ ਦੇ ਦੁੱਖ ਦਰਦ ਨੂੰ ਸੁਣੇ। ਉਸ ਨਾਲ ਗੱਲਾਂ ਕਰੇ। ਇਧਰ ਮੇਰੀ ਵੀ ਸਥਿਤੀ ਅਜਿਹੀ ਹੀ ਸੀ। ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਨ ਜਿਹੜੀਆਂ ਮੈਂ ਕਿਸੇ ਨਾਲ ਸਾਂਝੀਆਂ ਨ੍ਹੀਂ ਕਰ ਸਕਦੀ ਸੀ। ਰਜਨੀ ਨਾਲ ਵੀ ਨ੍ਹੀਂ। ਰਜਨੀ ਨਾਲ ਤਾਂ ਮੇਰੀ ਵਕਤ-ਕਟੀ ਹੋ ਰਹੀ ਸੀ। ਮੈਂ ਆਪਣੇ ਮਾਪਿਆਂ ਤੇ ਭਰਾ ਨੂੰ ਕੀ-ਕੀ ਦੱਸਦੀ। ਕੁਝ ਗੱਲਾਂ ਮੈਂ ਕਰਾਮਤ ਨਾਲ ਸ਼ੇਅਰ ਕੀਤੀਆਂ। ਉਸ ਮੇਰੀਆਂ ਗੱਲਾਂ ਬੜੇ ਹੀ ਧਿਆਨ ਨਾਲ ਸੁਣੀਆਂ। ਇੱਥੋਂ ਦੇ ਸਭਿਆਚਾਰ ਦੀਆਂ ਬਰੀਕੀਆਂ ਬਾਰੇ ਸਮਝਾਇਆ। ਉਸ ਕਿਹਾ ਕਿ ਅਸੀ ਏਸ਼ੀਅਨ ਲੋਕ ਇੱਥੇ ਆ ਤਾਂ ਗਏ ਆਂ ਪਰ ਆਪਣੇ ਸੁਭਾਅ ਤੇ ਆਦਤਾਂ ਨੂੰ ਨ੍ਹੀਂ ਛੱਡ ਰਹੇ। ਉਸ ਤਾਂ ਇੱਥੋਂ ਤਕ ਕਿਹਾ ਸੀ ਕਿ ਜੇ ਜੀਵਨ-ਸਾਥੀ ਨਾਲ ਨ੍ਹੀਂ ਨਿਭਦੀ ਤਾਂ ਪੱਕਿਆਂ ਹੋਣ ਤਕ ਕੌੜਾ ਘੁੱਟ ਭਰ ਕੇ ਜੀਅ ਲਉ। ਕੋਈ ਬੱਚਾ ਪੈਦਾ ਨਾ ਹੋਣ ਦਿਓ। ਫੇਰ ਆਪਣੀ ਪਸੰਦ ਦਾ ਸਾਥੀ ਲੱਭ ਲਉ। ਉਸ ਨੇ ਮੇਰੇ ਨਾਲ ਕਦੇ ਮਜ਼ਹਬ ਜਾਂ ਪਾਕਿਸਤਾਨ-ਇੰਡੀਆ ਸੰਬੰਧਾਂ ਬਾਰੇ ਕੋਈ ਗੱਲ ਨ੍ਹੀਂ ਕੀਤੀ। ਉਹ ਤਾਂ ਇੱਥੇ ਆ ਰਹੀਆਂ ਤਬਦੀਲੀਆਂ ਬਾਰੇ ਆਪਣੇ ਵਿਚਾਰ ਦੱਸਦਾ ਸੀ। ਇਕ ਦਿਨ ਉਸ ਜ਼ਿਆਦਾ ਹੀ ਬਾਹਰ ਜਾਣ ਲਈ ਜ਼ੋਰ ਪਾਇਆ। ਉਹ ਕਿਤੇ ਇਕਾਂਤ ਵਿਚ ਬੈਠ ਕੇ ਮੈਨੂੰ ਕੁਛ ਸਮਝਾਉਣਾ ਚਾਹੁੰਦਾ ਸੀ। ਮੈਂ ਉਸ ਨੂੰ ਆਪਣੇ ਕਮਰੇ ਵਿਚ ਆਉਣ ਲਈ ਕਹਿ ਦਿੱਤਾ। ਪਰ ਉਹ ਕਮਰੇ ਵਿਚ ਆਉਣ ਲਈ ਨਾ ਮੰਨਿਆ। ਉਸ ਦਾ ਵਿਚਾਰ ਸੀ ਕਿ ਇੱਥੇ ਆ ਕੇ ਵੀ ਅਸੀਂ ਸੰਕੀਰਣਤਾ ਵਿਚੋਂ ਨ੍ਹੀਂ ਨਿਕਲੇ। ਅੱਗੋਂ ਮੇਰੀ ਜ਼ਿੰਦਗੀ ਦਾ ਸਵਾਲ ਸੀ। ਅਸੀਂ ਨਹਿਰ ਦੇ ਕੰਢੇ ਵਾਲੇ ਪੱਬ ਵਿਚ ਗਏ। ਉਹ ਦੋ ਗਲਾਸ ਬੀਅਰ ਦੇ ਲੈ ਕੇ ਮੇਰੇ ਸਾਹਮਣੇ ਬੈਠ ਗਿਆ। ਉਸ ਦਿਨ ਉਸ ਆਪਣਾ ਅੰਦਰ ਬਾਹਰ ਖੋਲ੍ਹ ਕੇ ਮੇਰੇ ਸਾਹਮਣੇ ਰੱਖ ਦਿੱਤਾ। ਮੇਰੇ ਕੋਲੋਂ ਅਚਾਨਕ ਹੀ ਉਸ ਦਾ ਹੱਥ ਘੁੱਟ ਕੇ ਕਹਿ ਹੋ ਗਿਆ ਸੀ- 'ਤੁਸੀਂ ਕਿੰਨਾ ਨਰਕ ਭੋਗਿਆ। ਹੁਣ ਆਪਾਂ ਲਗਾਤਾਰ ਮਿਲਾਂਗੇ।"

"ਉਹ ਪੱਬ ਅਜਿਹਾ ਨ੍ਹੀਂ ਸੀ", ਅੰਕਲ ਨੇ ਗਲਾਸ 'ਚ ਬਚੀ ਸ਼ਰਾਬ ਦਾ ਲੰਬਾ ਘੁੱਟ ਭਰ ਕੇ ਦੱਸਿਆ।

ਕਰਾਮਤ : ਹੈਲੋ...ਹੈਲੋ....ਮੈਂ ਕਰਾਮਤ ਬੋਲ ਰਿਹਾ ਜੀ....।

ਜਾਵੇਦ : ਹਾਂ-ਜੀ...ਹਾਂ-ਜੀ...ਜਨਾਬ-ਏ ਆਲੀ ਕੀ ਗੱਲ ਨੇ?

ਕਰਾਮਤ : ਅੱਜ ਸ਼ਾਮ ਦਾ ਕੀ ਪ੍ਰੋਗਰਾਮ ਏ?

ਜਾਵੇਦ : ਸਰੀਰ ਬਹੁਤ ਥਕਾਵਟ ਮੰਨ ਰਿਹਾ। ਇੰਡੀਆ 'ਚ ਕਦੇ ਐਨਾ ਕੰਮ ਨ੍ਹੀਂ ਕੀਤਾ ਸੀ। ਅੱਜ ਕਿਤੇ ਨ੍ਹੀਂ ਜਾਣਾ। ਢਿੱਡ ਭਰ ਕੇ ਸੌਣ ਦੀ ਕਰਨੀ ਆ।

ਕਰਾਮਤ : ਜੇ ਤੁਸਾਂ ਨੂੰ ਆਪਣੀ ਕਾਰ ਵਿਚ ਖੜ੍ਹ ਲਾਂ?



ਜਾਵੇਦ : ਮੈਨੂੰ ਅੱਜ ਕੱਲ੍ਹ ਬਹੁਤ ਡਰ ਲੱਗਦਾ।

ਕਰਾਮਤ : ਕਿਸ ਕੋਲੋਂ?

ਜਾਵੇਦ : ਆਪਣੇ ਆਪ ਕੋਲੋਂ।

ਕਰਾਮਤ : ਸਾਡੀਆਂ ਔਰਤਾਂ ਵੀ ਅਜੀਬ ਨੇ। ਸਾਰੀ ਉਮਰ ਡਰਦੀਆਂ ਹੀ ਲੰਘਾ ਛੱਡਦੀਆਂ। ਨਾ ਕਦੇ ਆਪਣੇ ਜਿਸਮ ਦੀਆਂ ਲੋੜਾਂ ਵੱਲ ਧਿਆਨ ਦਿੰਦੀਆਂ. ਨਾ ਮਨ ਦੀਆਂ ਗੱਲਾਂ ਸੁਣਦੀਆਂ।

ਜਾਵੇਦ : ਮੈਨੂੰ ਨ੍ਹੀਂ ਪਤਾ ਲੱਗਦਾ-ਤੁਸੀਂ ਕੀ ਕਹਿ ਰਹੇ ਹੋ।

ਕਰਾਮਤ : ਤੁਸਾਂ ਨੂੰ ਮੈਥੋਂ ਡਰ ਤੈ ਨ੍ਹੀਂ ਲੱਗਦਾ?

ਜਾਵੇਦ : ਲੱਗਦਾ ਵੀ ਹੈ ਤੇ ਨ੍ਹੀਂ ਵੀ ਲੱਗਦਾ।

ਕਰਾਮਤ : ਜਦੋਂ ਤੁਸਾਂ ਮੈਨੂੰ ਮਿਲਣਾ ਹੋਂਦਾ ਤਾਂ ਆਪਣਾ ਜੈਨਡਰ ਭੁੱਲ ਜਾਇਆ ਕਰੋ।

ਮੈਂ ਸਕੈਨ ਕੀਤੀਆਂ ਹੋਈਆਂ ਫੋਟੋ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਸਾਰੀਆਂ ਇਧਰ ਦੀਆਂ ਸਨ।

"ਹਰਨੇਕ ਨੂੰ ਪਤਾ ਲੱਗ ਗਿਆ ਕਿ ਮੈਂ ਕਰਾਮਤ ਨੂੰ ਮਿਲਦੀ ਰਹੀ ਆਂ। ਉਸ ਨੂੰ ਇਹ ਚੰਗਾ ਨਾ ਲੱਗਾ। ਉਸ ਸਿੱਧਿਆਂ ਮੈਨੂੰ ਨਾ ਕਿਹਾ। ਭਰਜਾਈ ਕੋਲੋਂ ਕਹਿਲਾਇਆ। ਭਰਜਾਈ ਨੇ ਡਾਢੀ ਔਖੀ ਹੁੰਦਿਆਂ ਮੈਨੂੰ ਫੋਨ ਕੀਤਾ-'ਨੀ ਤੈਨੂੰ ਸ਼ਰਮ ਨ੍ਹੀਂ ਆਉਂਦੀ-ਤੂੰ ਇਕ ਮੁਸਲੇ ਨਾਲ ਤੁਰੀ ਫਿਰਦੀ ਆਂ। ਮੈਂ ਕਿੰਨਾ ਜ਼ੋਰ ਪਾ ਕੇ ਭੂਆ ਦੇ ਮੁੰਡੇ ਹਰਨੇਕ ਨੂੰ ਤੇਰੇ ਰਿਸ਼ਤੇ ਬਾਰੇ ਮੰਨਾਇਆ ਤੇ ਅੱਗੋਂ ਤੂੰ ਰੰਗ ਰਲੀਆਂ ਵਿਚ ਮਸਤ ਹੈਂ। ਤੈਨੂੰ ਸ਼ਰਮ ਆਉਣੀ ਚਾਹੀਦੀ ਆ।' ਦੋ ਕੁ ਘੰਟਿਆਂ ਬਾਅਦ ਇੰਡੀਆ ਤੋਂ ਬੀਬੀ ਦਾ ਫੋਨ ਆ ਗਿਆ। ਉਹਨਾਂ ਤਾਂ ਆਪਣੀ ਆਦਤ ਮੁਤਾਬਕ ਪੂਰੇ ਪੰਤਾਲੀ ਮਿੰਟ ਦਾ ਪੀਰੀਅਡ ਲਾਇਆ। ਉਨ੍ਹਾਂ ਵਾਰ-ਵਾਰ ਇਹੀ ਕਿਹਾ-'ਤੇਰੇ ਵੀਜ਼ੇ ਦੇ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਤੇਰੀ ਪੱਕੀ ਅਡਜਸਟਮੈਂਟ ਅਵੱਸ਼ ਹੋਣੀ ਚਾਹੀਦੀ ਆ। ਤੂੰ ਵਿਆਹ ਕਰਵਾ ਕੇ ਬੱਚਾ ਪੈਦਾ ਕਰ। ਤੂੰ ਆਪਣੀ ਜ਼ਿੰਦਗੀ ਬਾਰੇ ਸੋਚ।' ਉਨ੍ਹਾਂ ਕਰਾਮਤ ਬਾਰੇ ਕੋਈ ਗੱਲ ਨਾ ਕੀਤੀ। ਮੇਰੇ ਸਾਹਮਣੇ ਮੇਰਾ ਭਵਿੱਖ ਸੀ। ਵੀਜ਼ੇ ਦੇ ਖਤਮ ਹੋਣ ਵਿਚ ਸਾਲ ਰਹਿ ਗਿਆ ਸੀ। ਮੇਰੇ ਕਰਾਮਤ ਨਾਲ ਅਜਿਹੇ ਸੰਬੰਧ ਨ੍ਹੀਂ ਸਨ, ਜਿਹੋ ਜਿਹੇ ਮੇਰੇ ਘਰ ਦੇ ਸੋਚੀ ਬੈਠੇ ਸਨ ਜਾਂ ਹਰਨੇਕ ਸੋਚੀ ਬੈਠਾ ਸੀ। ਉਸ ਨਾਲ ਸਿਰਫ਼ ਤੇ ਸਿਰਫ਼ ਦੋਸਤੀ ਸੀ। ਉਹ ਇਸ ਤੋਂ ਅੱਗੇ ਵਧਿਆ ਹੀ ਨ੍ਹੀਂ ਸੀ। ਮੈਂ ਤਾਂ ਕੀ ਵਧਣਾ ਸੀ। ਮੈਂ ਇੱਥੋਂ ਤਕ ਸੋਚ ਰੱਖਿਆ ਸੀ ਕਿ ਜੇਕਰ ਮੇਰਾ ਕੋਈ ਹਮਦਰਦ ਆ ਤਾਂ ਉਹ ਸਿਰਫ਼ ਤੇ ਸਿਰਫ਼ ਕਰਾਮਤ ਅਲੀ ਆ ਤੇ ਉਸ ਦੇ ਕਹਿਣ 'ਤੇ ਮੈਂ ਹਰਨੇਕ ਨਾਲ ਵਿਆਹ ਕਰਾਉਣ ਲਈ 'ਹਾਂ' ਕੀਤੀ ਸੀ।"

"ਹਰਨੇਕ ਨਾਲ ਮੈਂ ਵੀਕ-ਇੰਡ 'ਤੇ ਬਾਹਰ ਜਾਂਦੀ। ਉਹ ਚੁਟਕਲੇ ਸੁਣਾ-ਸੁਣਾ ਕੇ ਮੈਨੂੰ ਹਸਾਉਂਦਾ। ਇਕ ਦਿਨ ਉਸ ਦੱਸਿਆ, 'ਮੇਰੇ ਭਾਪਾ ਅਨਪੜ੍ਹ। ਅੱਗੋਂ ਬੀਬੀ ਵੀ ਅਨਪੜ੍ਹ। ਜਦੋਂ ਲੜ ਪੈਣ ਤਾਂ ਕਿਸੇ ਤੀਜੇ ਬੈਠੇ ਦੀ ਪ੍ਰਵਾਹ ਨ੍ਹੀਂ ਕਰਦੇ। ਬੱਚਿਆਂ ਵਾਂਗ ਧੀਆਂ-ਭੈਣਾਂ ਦੀਆਂ ਗਾਲ੍ਹਾਂ ਕੱਢਦੇ। ਇਕ ਦੂਜੇ ਨੂੰ ਕੁੱਟਣ ਤਕ ਜਾਂਦੇ। ਬੀਬੀ ਦੀ ਸੈਲਰੀ ਭਾਪੇ ਨਾਲੋਂ ਜ਼ਿਆਦਾ। ਭਾਪਾ ਕਹਿ ਦਿੰਦੇ-'ਮੈਂ ਨ੍ਹੀਂ ਤੈਥੋਂ ਡਰਦਾ।' ਬੀਬੀ ਬੋਲ ਪੈਂਦੀ-'ਤੈਨੂੰ ਹੋਰ ਕੋਈ ਗੱਲ ਨ੍ਹੀਂ ਆਉਂਦੀ। ਮੈਥੋਂ ਸਾਰੇ ਡਰਦੇ ਆ। ਤੂੰ ਕਿਹੜੇ ਬਾਗ਼ ਦੀ ਮੂਲੀ ਆਂ।'

ਇਕ ਵਾਰੀ ਉਹ ਐਦਾਂ ਹੀ ਫਰੰਟ ਰੂਮ ਵਿਚ ਬੈਠੇ ਮਿਹਣੇ ਕੁਮਿਹਣੇ ਹੋ ਰਹੇ ਸੀ ਕਿ ਉਪਰੋਂ ਮੈਂ ਆ ਗਿਆ। ਭਾਪੇ ਨੇ ਚੀਕ ਮਾਰ ਕੇ ਕਿਹਾ-'ਮੈਂ ਨ੍ਹੀਂ ਤੈਥੋਂ ਡਰਦਾ।' ਮੈਂ ਭਾਪੇ ਨੂੰ ਦੱਸਿਆ ਕਿ ਹਰ ਆਦਮੀ ਆਪਣੀ ਘਰਵਾਲੀ ਤੋਂ ਡਰਦਾ। ਭਾਪੇ ਨੇ ਮੇਰੇ ਵੱਲ ਘੂਰ ਕੇ ਦੇਖਿਆ। ਔਖ ਮੰਨਦਿਆਂ ਬੋਲੇ-'ਤੂੰ ਵੀ ਆਪਣੀ ਮਾਂ ਨਾਲ ਰਲ਼ ਗਿਆਂ।' ਮੈਂ ਉਨ੍ਹਾਂ ਨੂੰ ਆਹ ਗੱਲ ਸੁਣਾਈ-ਕਾਲਿਜ ਵਿਚ ਪੰਝੀ ਪ੍ਰੋਫੈਸਰ ਸਟਾਫ ਰੂਮ ਵਿਚ ਬੈਠੇ ਸੀ। ਗੱਲ ਤੁਰ ਪਈ ਕਿ ਉਹ ਕਿਹੜਾ ਸੂਰਮਾ ਆ ਜਿਹੜਾ ਆਪਣੀ ਘਰਵਾਲੀ ਤੋਂ ਨ੍ਹੀਂ ਡਰਦਾ। ਚੌਵੀ ਪ੍ਰੋਫੈਸਰਾਂ ਨੇ ਹੱਥ ਖੜ੍ਹੇ ਕਰਕੇ ਇਸ ਗੱਲ ਦੀ ਹਾਮੀ ਭਰੀ ਕਿ ਉਹ ਆਪਣੀਆਂ ਘਰਵਾਲੀਆਂ ਤੋਂ ਡਰਦੇ ਆ। ਸਿਰਫ਼ ਇਕ ਜਣੇ ਨੇ ਹੱਥ ਖੜ੍ਹਾ ਨਾ ਕੀਤਾ। ਸਾਰੇ ਹੈਰਾਨ ਕਿ ਇਹ ਹੀ ਇਕੋ ਇਕ ਸੂਰਮਾ ਆ। ਉਸ ਤੋਂ ਇਸ ਦੀ ਵਜ੍ਹਾ ਪੁੱਛੀ ਤਾਂ ਉਸ ਦਾ ਜਵਾਬ ਸੀ-'ਮੇਰੀ ਘਰਵਾਲੀ ਨੇ ਕਿਹਾ ਹੋਇਆ ਕਿ ਜਿੱਥੇ ਸਾਰੇ ਹਾਂ ਕਹਿਣ, ਉਥੇ ਤੁਸੀਂ ਹਾਂ ਨ੍ਹੀਂ ਕਰਨੀ'।"

"ਭਾਪੇ ਨੇ ਦੂਜਾ ਵਿਆਹ ਕੀਤਾ ਸੀ। ਪਹਿਲੇ ਵਿਆਹ 'ਚੋਂ ਮੈਂ ਹਾਂ।" ਅੰਕਲ ਨੇ ਦੱਸਣਾ ਸ਼ੁਰੂ ਕੀਤਾ, "ਮੇਰੀ ਮਾਂ ਉੱਨੀ ਸੌ ਸੱਠ 'ਚ ਮਰ ਗਈ ਸੀ। ਦੋ ਸਾਲਾਂ ਬਾਅਦ ਭਾਪੇ ਨੇ ਆਪਣੀ ਛੋਟੀ ਸਾਲ਼ੀ ਨਾਲ ਵਿਆਹ ਕਰਵਾ ਲਿਆ। ਉੱਨੀ ਸੌ ਅਠਾਹਠ 'ਚ ਇੰਗਲੈਂਡ ਆ ਗਿਆ। ਚਹੁੰ ਕੁ ਸਾਲਾਂ ਬਾਅਦ ਸਾਨੂੰ ਸੱਦ ਲਿਆ। ...ਚੱਲ-ਪਹਿਲਾਂ ਪੈੱਗ ਪਾ।"

ਮੈਂ ਪੈੱਗ ਪਾ ਕੇ ਗਲਾਸ ਅੰਕਲ ਵੱਲ ਕਰ ਦਿੱਤਾ। ਉਹਨਾਂ ਵੱਡਾ ਸਾਰਾ ਘੁੱਟ ਭਰਿਆ ਤੇ ਬੋਲੇ, "ਭਾਪਾ ਕਹਿੰਦਾ ਹੁੰਦਾ ਸੀ ਕਿ ਘਰਵਾਲੀ ਵਰਗਾ ਕੋਈ ਸਾਥੀ ਨ੍ਹੀਂ ਹੋ ਸਕਦਾ। ਤੇ ਘਰਵਾਲੀ ਜਿਹਾ ਸੁਆਰਥੀ ਰਿਸ਼ਤਾ ਵੀ ਇਸ ਦੁਨੀਆ 'ਤੇ ਕੋਈ ਨ੍ਹੀਂ ਹੈਗਾ।"

ਮੈਂ ਮਾਊਸ 'ਤੇ ਉਂਗਲ ਦੱਬ ਦਿੱਤੀ।

"ਇਕ ਦਿਨ ਹਰਨੇਕ ਨੇ ਪੁੱਛਿਆ ਸੀ ਕਿ ਆਹ ਕੀ ਮੁਸਲਮਾਨਾਂ ਵਾਲਾ ਨਾਂ ਰੱਖਿਆ-ਜਾਵੇਦ ਕੁਮਾਰੀ। ਮੈਂ ਉਹਨੂੰ ਦੱਸਿਆ ਕਿ ਮੇਰਾ ਨਾਂ ਮੇਰੇ ਬਾਬਾ ਜੀ ਨੇ ਰੱਖਿਆ। ਸੰਤਾਲੀ ਦੇ ਰੌਲਿਆਂ ਵੇਲੇ ਜੜ੍ਹਾਂਵਾਲੀ ਦਾਣਾ ਮੰਡੀ ਵਿਚ ਗੋਲੀ ਚੱਲੀ ਸੀ। ਸਾਡੇ ਪਰਿਵਾਰ ਨੂੰ ਜਾਵੇਦ ਨੇ ਬਚਾਇਆ। ਉਸ ਦੇ ਖੱਬੇ ਮੋਢੇ 'ਤੇ ਗੋਲੀ ਲੱਗੀ। ਪਰ ਉਸ ਇਸ ਦੀ ਪ੍ਰਵਾਹ ਨਾ ਕੀਤੀ। ਬਾਬਾ ਜੀ ਨੂੰ ਪਰਿਵਾਰ ਸਮੇਤ ਲਾਹੌਰ ਵੱਲ ਜਾਂਦੇ ਕਾਫਲੇ ਨਾਲ ਰਲ਼ਾਇਆ। ਬਾਬਾ ਜੀ ਨੇ ਉਸੇ ਦੀ ਯਾਦ ਵਿਚ ਮੇਰਾ ਨਾਂ ਰੱਖਿਆ। ਹਰਨੇਕ ਨੇ ਕਿਹਾ ਕਿ ਕੀ ਇਹ ਨਾਂ ਬਦਲਿਆ ਨ੍ਹੀਂ ਜਾ ਸਕਦਾ। ਮੈਂ ਕਿਹਾ ਸੀ ਕਿ ਨ੍ਹੀਂ। ਫੇਰ ਉਸ ਕਿਹਾ ਸੀ ਕਿ ਮੈਨੂੰ ਇਸੇ ਕਰਕੇ ਮੁਸਲਮਾਨ ਚੰਗੇ ਲੱਗਦੇ ਆ? ਮੈਂ ਨਾਂਹ ਵਿਚ ਸਿਰ ਹਿਲਾਇਆ ਸੀ। ਉਸ ਨੂੰ ਮੇਰੀਆਂ ਗੱਲਾਂ ਸੱਚੀਆਂ ਨ੍ਹੀਂ ਲੱਗੀਆਂ ਸਨ। ਉਸ ਪੁੱਛ ਲਿਆ ਸੀ ਕਿ ਕੀ ਮੇਰੇ ਕਰਾਮਤ ਅਲੀ ਨਾਲ ਸਰੀਰਕ ਸੰਬੰਧ ਆ। ਮੈਂ ਅੱਗੋਂ ਚੀਕ ਹੀ ਪਈ ਕਿ ਉਸ ਅਜਿਹਾ ਕਿਵੇਂ ਸੋਚ ਲਿਆ। ਉਸ ਫੇਰ ਕਿਹਾ ਕਿ ਕਨਫੈੱਸ ਕਰਨ ਵਿਚ ਕੋਈ ਗ਼ਲਤੀ ਨ੍ਹੀਂ ਹੁੰਦੀ। ਇੱਥੇ ਫਰੀ ਸੋਸਾਇਟੀ ਆ। ਸਾਰੇ ਕਨਫੈੱਸ ਕਰਦੇ ਆ। ਇੱਥੇ ਵਿਆਹ ਤੋਂ ਪਹਿਲਾਂ ਦੇ ਸੰਬੰਧਾਂ ਬਾਰੇ ਕੋਈ ਬੋਦਰ ਨ੍ਹੀਂ ਕਰਦਾ। ਮੈਂ ਆਪ ਨ੍ਹੀਂ ਕਰਦਾ। ਮੈਂ ਕਿਹਾ ਕਿ ਜੇ ਉਹ ਨ੍ਹੀਂ ਕਰਦਾ ਤਾਂ ਮੈਨੂੰ ਪੁੱਛ ਕਿਉਂ ਰਿਹਾ। ਉਸ ਕਿਹਾ ਕਿ ਸਾਡੇ ਵਿਚਕਾਰ ਕੋਈ ਉਹਲਾ ਨ੍ਹੀਂ ਹੋਣਾ ਚਾਹੀਦਾ। ਮੈਂ ਉਸ ਨੂੰ ਇਸ ਗੱਲ 'ਤੇ ਕਨਵਿੰਸ ਕਰਾ ਲਿਆ ਕਿ ਜਿਵੇਂ ਉਹ ਸੋਚਦਾ-ਮੇਰੇ ਕਰਾਮਤ ਅਲੀ ਨਾਲ ਉਹੋ ਜਿਹੇ ਸੰਬੰਧ ਨ੍ਹੀਂ ਆ।"

"ਜਲਦੀ ਹੀ ਭਰਾ-ਭਰਜਾਈ ਨੇ ਵਿਆਹ ਦੀ ਡੇਟ ਮਿਥ ਲਈ। ਵਿਆਹ ਲਈ ਹਰਨੇਕ ਬਹੁਤ ਉਤਸੁਕ ਸੀ। ਉਹ ਚਾਹੁੰਦਾ ਸੀ ਕਿ ਮੈਂ ਹੁਣ ਫੈਕਟਰੀ ਨਾ ਆਇਆ ਕਰਾਂ। ਪਰ



ਮੈਂ ਨ੍ਹੀਂ ਮੰਨੀ। ਮੇਰੀਆਂ ਆਪਣੀਆਂ ਆਰਥਿਕ ਲੋੜਾਂ ਸਨ। ਮੈਂ ਕਿਸੇ 'ਤੇ ਨਿਰਭਰ ਨ੍ਹੀਂ ਹੋਣਾ ਚਾਹੁੰਦੀ ਸੀ। ਹਰਨੇਕ ਮੇਰੇ 'ਤੇ ਖੁੱਲ੍ਹਾ ਖਰਚ ਕਰਨ ਨੂੰ ਤਿਆਰ ਸੀ। ਉਹ ਮੇਰਾ ਹੱਥ ਫੜ ਕੇ ਕਹਿੰਦਾ, 'ਤੁਮ੍ਹਾਰੇ ਹਾਥ ਇਤਨੇ ਸੁੰਦਰ ਹੈਂ ਕਿ ਯੇ ਕਾਮ ਕਰਨੇ ਕੇ ਲੀਏ ਨਹੀਂ ਬਨੇ।' ਇਕ ਸ਼ਾਮ ਨੂੰ ਮੈਂ ਹਰਨੇਕ ਕੋਲ਼ ਬੈਠੀ ਸੀ ਕਿ ਕਰਾਮਤ ਅਲੀ ਦਾ ਫੋਨ ਆਇਆ। ਮੈਂ ਹਰਨੇਕ ਨੂੰ ਕਿਹਾ ਕਿ ਉਹ ਆਪ ਵੀ ਕਰਾਮਤ ਨੂੰ ਹੈਲੋ ਕਹਿ ਦੇਵੇ। ਹਰਨੇਕ ਦਾ ਚਿਹਰਾ ਗੁੱਸੇ ਨਾਲ ਭਰ ਗਿਆ। ਉਸ ਨੇ ਉੱਚੀ ਦੇਣੀ ਕਿਹਾ ਕਿ ਉਹਨੂੰ ਕਹਿ ਦੇ ਕਿ ਮੈਂ ਮੁਸਲੇ ਨੂੰ ਮਿਲਣਾ ਨ੍ਹੀਂ ਚਾਹੁੰਦੀ। ਮੈਂ ਕਿਹਾ ਕਿ ਇਹ ਕਿੱਦਾਂ ਹੋ ਸਕਦਾ। ਉਸ ਜ਼ੋਰ ਦੇ ਕੇ ਕਿਹਾ ਕਿ ਮੈਂ ਹਰਨੇਕ ਦੀ ਹੋਣ ਵਾਲੀ ਪਤਨੀ ਹਾਂ-ਇਸ ਲਈ ਇਹ ਕਹਿ ਦੇਵਾਂ ਕਿ ਮੈਂ ਉਸ ਨੂੰ ਮਿਲਣਾ ਨ੍ਹੀਂ ਚਾਹੁੰਦੀ। ਫੇਰ ਜਿਵੇਂ ਹਰਨੇਕ ਨੇ ਕਿਹਾ-ਮੈਂ ਉਵੇਂ ਹੀ ਕਹਿ ਦਿੱਤਾ। ਮੈਂ ਤਾਂ ਫੈਕਟਰੀ ਜਾਣ ਵਾਲਾ ਰਸਤਾ ਹੀ ਬਦਲ ਲਿਆ। ਮੈਂ ਕਰਾਮਤ ਦੇ ਫੋਨ ਸੁਣਨੇ ਬੰਦ ਕਰ ਦਿੱਤੇ। ਉਹ ਮੈਨੂੰ ਮੈਸੇਜ ਭੇਜਣ ਲੱਗਾ।"

"ਹਰਨੇਕ ਮੇਰੀ ਖੂਬਸੂਰਤੀ ਦੀ ਪ੍ਰਸ਼ੰਸਾ ਕਰਦਾ ਨਾ ਥੱਕਦਾ। ਪਰ ਉਸ ਦੇ ਮਨ 'ਚ ਇਕ ਗੱਲ ਅਵੱਸ਼ ਵਸੀ ਸੀ ਕਿ ਮੇਰੇ ਕਰਾਮਤ ਅਲੀ ਨਾਲ ਸਰੀਰਕ ਸੰਬੰਧ ਰਹੇ ਆ। ਇਸ ਸੰਬੰਧੀ ਭਰਜਾਈ ਨੇ ਮੈਥੋਂ ਵਾਰ-ਵਾਰ ਪੁੱਛਿਆ। ਮੈਂ ਭਰਜਾਈ ਨੂੰ ਕਿਹਾ ਕਿ ਉਹਨੂੰ ਪਤਾ ਆ ਕਿ ਮੈਂ ਇਹੋ ਜਿਹੀ ਕੁੜੀ ਨ੍ਹੀਂ ਆਂ। ਉਸ ਇੱਥੋਂ ਤਕ ਕਿਵੇਂ ਸੋਚ ਲਿਆ। ਜੇ ਉਨ੍ਹਾਂ ਨੂੰ ਸੱਚ ਨ੍ਹੀਂ ਆਉਂਦਾ ਤਾਂ ਉਹ ਮੇਰਾ ਮੈਡੀਕਲ ਚੈੱਕ-ਅਪ ਕਰਵਾ ਕੇ ਦੇਖ ਲੈਣ। ਉਹ ਇਸ ਗੱਲ 'ਤੇ ਹੀ ਜ਼ੋਰ ਪਾਈ ਗਈ ਕਿ ਮੈਂ ਸੱਚ ਸੱਚ ਦੱਸ ਦਵਾਂ। ਉਨ੍ਹਾਂ ਦੇ ਮਨਾਂ 'ਚ ਇਹ ਗੱਲ ਘਰ ਗਈ ਸੀ ਕਿ ਮੈਂ ਜੂਠੀ ਹਾਂ।"

"ਮੈਨੂੰ ਲੱਗਣ ਲੱਗਾ ਕਿ ਮੈਂ ਉਨ੍ਹਾਂ ਦਾ ਵਿਸ਼ਵਾਸ ਨ੍ਹੀਂ ਜਿੱਤ ਸਕਦੀ। ਮਨ ਕਰਦਾ ਕਿ ਇਹ ਰਿਸ਼ਤਾ ਤੋੜ ਦਵਾਂ। ਵੀਜ਼ਾ ਖਤਮ ਹੋਣ ਤੋਂ ਇਕ ਹਫ਼ਤਾ ਪਹਿਲਾਂ ਇੰਡੀਆ ਚਲੀ ਜਾਵਾਂ। ਪਰ ਰਮੇਸ਼ ਤਾਂ ਹੋਰ ਹੀ ਸੋਚੀ ਬੈਠਾ ਸੀ। ਵਿਆਹ 'ਤੇ ਭਾਪੇ ਤੇ ਬੀਬੀ ਨੇ ਆਉਣਾ ਸੀ। ਉਨ੍ਹਾਂ ਨੂੰ ਵੀਜ਼ਾ ਮਿਲ ਗਿਆ ਸੀ। ਜਦੋਂ ਇਹੀ ਗੱਲ ਰਮੇਸ਼ ਨੇ ਵੀ ਪੁੱਛ ਲਈ ਤਾਂ ਮੇਰੇ ਤਨ-ਮਨ ਨੂੰ ਅੱਗ ਲੱਗ ਗਈ। ਬਸ ਮਨ ਹੀ ਮਨ ਨਾਲ ਫੈਸਲਾ ਕਰ ਲਿਆ ਕਿ ਜੇ ਹੁਣ ਮੈਨੂੰ ਕੋਈ ਜੂਠੀ ਕਰੇਗਾ ਤਾਂ ਉਹ ਕਰਾਮਤ ਅਲੀ ਹੀ ਹੋਵੇਗਾ।"

ਦ੍ਰਿਸ਼ ਉਭਰਦਾ ਹੈ। ਕਰਾਮਤ ਅਲੀ ਜਾਵੇਦ ਦੇ ਬੁੱਲ੍ਹਾਂ ਨੂੰ ਆਪਣੇ ਬੁੱਲ੍ਹਾਂ 'ਚ ਲੈ ਕੇ ਘੁੱਟਦਾ ਹੈ। ਉਸ ਦੇ ਮੂੰਹ ਅੰਦਰ ਆਪਣੀ ਜੀਭ ਫੇਰਦਾ ਹੋਇਆ ਕਹਿੰਦਾ ਹੈ-"ਲੈ ਜਾਵੇਦ, ਹੁਣ ਤੂੰ ਆਪਣੇ ਆਪ ਨੂੰ ਜੂਠੀ ਸਮਝ ਲੈ। ਪਰ ਤੂੰ ਜੂਠੀ ਨ੍ਹੀਂ।"

"ਓ ਮਾਈ ਗੌਡ," ਅੰਕਲ ਨੇ ਉੱਠ ਕੇ ਖੜ੍ਹੇ ਹੁੰਦਿਆਂ ਕਿਹਾ, "ਮੈਂ ਉਹਨੂੰ ਸਮਝ ਨ੍ਹੀਂ ਸਕਿਆ। ਇਹ ਬ੍ਰਹਿਮੰਡ ਪੰਦਰਾਂ ਅਰਬ ਸਾਲ ਪੁਰਾਣਾ ਆ। ਅਜੇ ਤਾਈਂ ਕਿਸੇ ਨੂੰ ਨ੍ਹੀਂ ਪਤਾ ਲੱਗ ਸਕਿਆ ਕਿ ਇਹ ਕਿਵੇਂ ਬਣਿਆ। ਐਦਾਂ ਹੀ ਔਰਤ ਦਾ ਮਨ ਆ। ਬੰਦਾ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਪਰ ਅਜੇ ਤਾਈਂ ਉਹਨੂੰ ਸਮਝ ਨ੍ਹੀਂ ਸਕਿਆ-ਮੈਂ ਵੀ ਉਨ੍ਹਾਂ 'ਚੋਂ ਇਕ ਆਂ।"

"ਤੁਸੀਂ ਕੁਸ਼ ਹੋਰ ਕਹਿਣਾ ਚਾਹੋਗੇ ਜਾਂ ਇਸੇ ਨੂੰ ਆਧਾਰ ਬਣਾ ਕੇ ਮੈਂ ਫ਼ਿਲਮ ਦੀ ਕਹਾਣੀ ਲਿਖਣੀ ਸ਼ੁਰੂ ਕਰ ਦਿਆਂ?"

"ਬਸ-ਐਨਾ ਲਿਖ ਦਈਂ ਕਿ ਮੈਂ....", ਉਹ ਭੁੱਬੀਂ ਰੋ ਪਏ। ਮੇਰੇ ਲਈ ਉਨ੍ਹਾਂ ਨੂੰ ਚੁੱਪ ਕਰਾਉਣਾ ਬਹੁਤ ਔਖਾ ਸੀ। ਉਨਾ ਹੀ ਔਖਾ, ਜਿਨਾ ਔਖਾ ਮੈਂ ਪਹਿਲੀ ਵਾਰ ਜਾਵੇਦ ਦੀ ਆਵਾਜ਼ ਸੁਣ ਕੇ ਹੋਇਆ ਸੀ।❑❑

**[984 ਮਾਡਲ ਹਾਊਸ, ਜਲੰਧਰ, ਫੋਨ: 98148-03254]**

# ਆਪੋ ਆਪਣੇ ਮੁਹਾਜ਼: ਕਹਾਣੀ : ਲਾਲ ਸਿੰਘ

ਉਹ ਸਕੂਲ ਅੰਦਰ ਨਾ ਹੁਸ਼ਿਆਰ ਵਿਦਿਆਰਥੀਆਂ 'ਚ ਗਿਣ ਹੁੰਦਾ ਸੀ, ਨਾ ਪਿੰਡ 'ਚ ਚੰਗੇ ਮੁੰਡਿਆਂ ਅੰਦਰ। ਨਾ ਉਹ ਕੌਡ-ਕਬੱਡੀ, ਪਿੱਠੂ-ਪਾਥੀ ਖੇਲ੍ਹਣ ਦਾ ਸ਼ੁਕੀਨ, ਨਾ ਲੜਨ ਭਿੜਨ ਦਾ। ਡਰੂ ਜਿਹਾ ਸੁਭਾਅ, ਢਿੱਲਮ-ਢਿਲ਼ਕੀ ਜਿਹੀ ਚਾਲ-ਢਾਲ਼। ਸਕੂਲੀ ਪੜ੍ਹਾਈ ਪੂਰੀ ਕਰਕੇ ਵੀ ਉਸਦੀ ਅਕਲ-ਸੂਝ ਉਵੇਂ ਦੀ ਰਹੀ, ਦੱਬੂ ਜਿਹੀ। ਉਸਦੇ ਦੋ ਜਮਾਤੀ ਟਾਈਪ ਸਿੱਖ ਕੇ ਕਲਰਕ ਭਰਤੀ ਹੋ ਗਏ, ਇਕ ਜਣਾ ਸ਼ਹਿਰ ਕਿਸੇ ਵਕੀਲ ਦਾ ਮੁਣਸ਼ੀ ਬਣ ਗਿਆ। ਉਹ ਉਵੇਂ ਦਾ ਉਵੇਂ, ਵਿਹਲੜ ਦਾ ਵਿਹਲੜ। ਐਥੋਂ ਉੱਠ ਐਥੇ ਬੈਠ। ਉਸਦੇ ਘਰ ਦੇ ਕੁਝ ਕਰਨ-ਸਿੱਖਣ ਲਈ ਝਿੜਕਦੇ। ਪਿੰਡ ਵਾਲੇ ਉਸਨੂੰ ਤਨਜ਼ਾਂ-ਟਕੋਰਾਂ ਲਾਉਂਦੇ। ਉਹ ਖਿਝਦਾ, ਕਲਪਦਾ। ਕੀ ਕਰੇ? ਕਿੱਧਰ ਨੂੰ ਜਾਏ, ਕਿੱਧਰ ਨਾ ਜਾਏ। ਨਾ ਉਸਨੂੰ ਆਪ ਨੂੰ ਪਤਾ ਲੱਗਦਾ ਸੀ, ਨਾ ਕੋਈ ਉਸਨੂੰ ਦੱਸਣ-ਪੁੱਛਣ ਵਾਲਾ ਸੀ ਆਸ-ਪਾਸ।

ਤੰਗ ਜਿਹਾ ਆਏ ਨੇ ਹਾਰ ਕੇ ਉਸਨੇ ਰੇਲ-ਗੱਡੀ ਫੜੀ, ਦਿੱਲੀ ਪੁੱਜ ਗਿਆ ਜਿੰਦੀ ਮਾਮੇ ਕੋਲ਼। ਉਸਦੀ ਬੀਬੀ ਨੇ ਕੁਝ ਰੁਪਏ ਕਿਧਰੋਂ ਉਧਾਰ ਫੜੇ ਸਨ। ਬਹੁਤਾ ਰੇਲ ਟਿਕਟ ਲੱਗਾ, ਥੋੜ੍ਹਾ ਕੁ ਬੱਸ ਕਰਾਇਆ, ਗਰੀਨ ਪਾਰਕ ਰਾਹੀਂ ਅਰਜਨ ਨਗਰ ਪੁੱਜ ਕੇ ਵੀ ਉਸ ਪਾਸ ਪੌਣੇ ਚਾਰ ਰੁਪਏ ਬਾਕੀ ਸਨ।

ਹਫਤਾ ਦਸ ਦਿਨ ਉਸਦਾ ਚਿੱਤ ਨਾ ਲੱਗਾ। ਨਵੀਂ ਥਾਂ, ਨਵੇਂ ਲੋਕ। ਵੱਖਰੀ ਤਰ੍ਹਾਂ ਦਾ ਆਂਢ-ਗੁਆਂਢ, ਵੱਖਰੀ ਤਰ੍ਹਾਂ ਦਾ ਰਹਿਣ-ਸਹਿਣ ਹਰ ਕਿਸੇ ਦਾ। ਇਕ ਦੂਜੇ ਨਾਲ ਘੁੱਟਿਆ-ਘੁੱਟਿਆ ਜਿਹਾ ਤਾਲ-ਮੇਲ, ਗਿਣਵੀਂ-ਤੋਲਵੀਂ ਜਿਹੀ ਬਾਤ-ਚੀਤ। ਹਰ ਕੋਈ ਮਤਲਬ ਦੀ ਗੱਲ ਕਰਦਾ, ਮਤਲਬ ਵੇਲ਼ੇ ਕੂੰਦਾ-ਬੋਲਦਾ। ਉਹ ਰਹਿੰਦਾ ਵੀ ਉਦਾਸ ਹੋ ਗਿਆ। ਮੁੜ-ਘੜੀ ਪਿੰਡ ਨੂੰ, ਪਿੰਡ ਦੀ ਸੱਥ ਨੂੰ, ਘਰ ਦੇ ਜੀਆਂ ਨੂੰ ਯਾਦ ਕਰਦਾ। ਰੋਣ-ਹਾਕਾ ਹੋਇਆ ਰਹਿੰਦਾ।

ਆਖਰ ਉਸਨੇ ਚਿੱਤ ਹੋਰ ਪਾਸੇ ਪਾਉਣ ਦੀ ਤਰਕੀਬ ਲੱਭ ਲਈ। ਅਗਲੇ ਦਿਨ ਸਵੇਰੇ ਜਿੰਦੀ ਮਾਮੇ ਘਰੋਂ ਨਿਕਲ ਉਸਨੇ ਸਤਾਰਾਂ ਨੰਬਰ ਬੱਸ ਦੀ ਪੈੜ ਨੱਪ ਲਈ-ਸਫਦਰਜੰਗ, ਇੰਡੀਆ ਗੇਟ, ਕਨਾਟ ਪਲੇਸ, ਦਿੱਲੀ ਗੇਟ, ਅਜਮੇਰੀ ਗੇਟ, ਦਰਿਆ ਗੰਜ, ਲਾਲ ਕਿਲ੍ਹੇ ਸਾਹਮਣਿਉਂ ਲੰਘ ਕੇ ਉਹ ਦੁਪਹਿਰ ਵੇਲ਼ੇ ਤਕ ਸੀਸ ਗੰਜ ਸੀ। ਗੁਰਦੁਆਰਿਉਂ ਲੰਗਰ-ਪਾਣੀ ਛਕ ਕੇ ਲੌਢੇ ਕੁ ਵੇਲ਼ੇ ਉਸਨੇ ਉਸੇ ਰਾਹ ਵਾਪਸੀ ਕਰ ਲਈ। ਇਸ ਰਾਹੇ ਉਹ ਜਿੰਦੀ ਮਾਮੇ ਕੋਲ਼ ਪੁੱਜਾ ਸੀ ਅਰਜਨ ਨਗਰ, ਗੁਰਦੁਆਰੇ ਸਾਹਮਣਿਉਂ ਬੱਸ ਫੜ ਕੇ।

ਵਿਚ-ਵਾਰ ਨਾਗ਼ਾ ਕਰ ਕੇ ਉਹ ਕਈ ਦਿਨ ਉਸੇ ਰਾਹ ਦਾ ਰਾਹੀ ਬਣਿਆ ਰਿਹਾ। ਪਰ, ਉਸ ਅੰਦਰਲੀ ਉਦਾਸੀ ਹੋਰ ਵੀ ਡੂੰਘੀ ਹੁੰਦੀ ਉਸਨੂੰ ਜਿਵੇਂ ਹੁੱਝਾਂ ਮਾਰਦੀ ਚੇਤੇ ਕਰਾਉਂਦੀ ਰਹੀ ਕਿ ਉਹ ਦਿੱਲੀ ਘੁੰਮਣ-ਫਿਰਨ ਨਹੀਂ ਆਇਆ। ਘੁੰਮ-ਫਿਰ ਕੇ ਵਕਤ-ਕਟੀ ਕਰਨ ਨਹੀਂ ਆਇਆ। ਸਗੋਂ ਡਾਵਾਂਡੋਲ ਹੋਏ ਘਰ ਨੂੰ ਠੁੰਮਣਾ ਦੇਣ ਆਇਆ ਹੈ। ਆਪਣੇ ਹਮਜਮਾਤੀਆਂ ਵਾਂਗ। ਰਤਨ, ਸੁੱਚੇ ਤੇ ਜੋਗਿੰਦਰ ਵਾਂਗ। ਵੇਲ਼ੇ ਸਿਰ ਵੇਲ਼ਾ ਸਾਂਭ ਕੇ ਉਹ ਤਿੰਨੋਂ ਕਿਸੇ ਨਾ ਕਿਸੇ ਲੀਹ ਸਿਰ ਹੋ ਤੁਰੇ ਸਨ। ਉਸ ਨਾਲ਼ੋਂ ਕਿੰਨਾ ਸਾਰਾ ਪੈਂਡਾ ਅਗਾਂਹ ਲੰਘ ਗਏ ਸਨ।

ਲੰਘੇ ਦੋ ਸਾਲਾਂ 'ਚ ਉਸਨੇ ਵੀ ਆਪਣੇ ਹਮਜਮਾਤੀਆਂ ਵਰਗਾ ਹੋਣ-ਬਣਨ ਲਈ ਇੱਕੜ-ਦੁੱਕੜ ਹੱਥ-ਪੈਰ ਮਾਰੇ ਸਨ। ਪਰ, ਉਸਦੇ ਅਨਾੜੀਪੁਣੇ ਨੇ ਉਸਨੂੰ ਕਿਸੇ ਵੀ ਸਿਰ ਨਹੀਂ ਸੀ ਲੱਗਣ ਦਿੱਤਾ।... ਇਕ ਵਾਰ ਉਸਦੀ ਬੀਬੀ ਦਾ ਵਿਹੜੇ 'ਚੋਂ ਲੱਗਦਾ ਤਾਇਆ-



ਚਾਚਾ ਉਸਨੂੰ ਪੁਟਆਰੀ ਭਰਤੀ ਕਰਾਉਣ ਲਈ ਰਾਜਧਾਨੀ ਲੈ ਤੁਰਿਆ- 'ਅਖੇ ਰਾਜ ਦਾ ਵੱਡਾ ਮੰਤਰੀ ਮੇਰਾ ਜਾਣੂ ਐ। ਉਸ ਨਾਲ ਪੂਰੇ ਇੱਕੀ ਦਿਨ ਜੇਲ੍ਹ ਕੱਟੀ ਐ ਉਸਨੇ, ਮੋਰਚਿਆਂ ਵੇਲ਼ੇ...'। ਪਰ ਰਾਜਧਾਨੀ ਪੁੱਜੇ ਉਸਦੇ ਵਿਹੜੇ 'ਚੋਂ ਲੱਗਦੇ ਨਾਨੇ ਨੂੰ ਨਾ ਕਿਸੇ ਮੰਤਰੀ ਨੇ ਪਛਾਣਿਆ, ਨਾ ਕਿਸੇ ਸੰਤਰੀ ਨੇ। ਦੋ-ਤਿੰਨ ਦਿਨ ਖੱਜਲ਼-ਖੁਆਰ ਹੋ ਕੇ ਘਰ ਪਰਤੇ ਦੀ ਉਸਦੀ ਅਕਲ-ਸੂਝ ਥੋੜ੍ਹੀ ਕੁ ਤਰਾਸ਼ੀ ਤਾਂ ਜ਼ਰੂਰ ਗਈ ਸੀ, ਪਰ ਇਸਨੂੰ ਲੀਹ ਸਿਰ ਕਰਨ ਲਈ ਉਸਨੂੰ ਦਿਸ਼ਾ ਕੋਈ ਨਹੀਂ ਸੀ ਲੱਭੀ। ਲਾਚਾਰ ਜਿਹਾ ਹੋਏ ਨੂੰ ਉਸਨੂੰ ਇਵੇਂ ਦੀ ਝੁੱਕੀ ਫਿਰ ਤਾਰਾ ਸਿੰਘ ਫੌਜੀ ਨੇ ਦੇ ਮਾਰੀ ਸੀ। ਪਿੰਡ 'ਚ ਵੱਡਾ ਗਪੌੜੀ ਗਿਣ ਹੁੰਦੇ ਤਾਰੇ ਨੇ ਇਕ ਦਿਨ, ਉਸਦੇ ਘਰ ਪੁੱਜਕੇ ਕਿਹਾ ਸੀ- "ਪਾੜ੍ਹਿਆ ਚੱਲ ਤੈਨੂੰ ਭਰਤੀ ਕੁਰਆ ਦਿਆਂ। ਹੁਣ ਹੱਥ ਪੈਂਦਾ ਆ ਮੇਰਾ। ਕਲ੍ਹ ਤਕਾ਼ਲੀਂ ਸੀਕਰੀ ਆਲ਼ੇ ਬਾਗ਼ਾਂ 'ਚ ਮੇਰੇ ਭਾਣਜੇ ਜੱਗੀ ਦੀ ਪੂਰੀ ਯੂਨਟ ਆ ਉੱਤਰੀ ਆ, ਅਫਸਰਾਂ ਸਮੇਤ। ਵੱਡਾ 'ਸ੍ਹਾਬ ਜੱਗੀ ਦੀ ਬੜੀ ਮੰਨਦਾ। ਇਸ ਵਾਰ ਤੂੰ ਪੱਕਾ ਭਰਤੀ ਹੋਇਆ ਲੈ"।

ਅਗਲੀ ਸਵੇਰ ਉਹ ਸਵੱਖਤੇ ਉੱਠ ਕੇ ਬਾਗ਼ਾਂ 'ਚ ਪੁੱਜੇ , ਤਾਂ ਉੱਥੇ ਨਾ ਕੋਈ ਫੌਜੀ, ਨਾ ਫੌਜੀ ਟਰੱਕ। ਦੂਰ ਤਕ ਬਾਗ ਅੰਦਰ ਘੁੰਮ-ਫਿਰ ਕੇ ਸੜਕ 'ਤੇ ਆ ਖੜੋਤੇ ਬਿੰਦਰ ਦਾ ਮੋਢਾ ਥਾਪੜਦਿਆਂ ਤਾਰੇ ਨੇ ਫਿਰ ਕਿਹਾ ਸੀ ਉਸ ਨੂੰ "ਚੱਲ ਕੋਈ ਨਾ, ਅਗਲੀ ਵੇਰ ਸਈ, ਮੈਂ ਧਿਆਨ ਰੱਖੂ ਜੱਗੀ ਦਾ। ਤੂੰ ... ਤੂੰ ਐਂ ਕਰ ਚੱਲ ਹੁਣ ਤੂੰ ਪਿੰਡ ਨੂੰ, ਮੇਰੀ ਤਰੀਕ ਆ ਜ਼ਿਲਾ ਕਚਹਿਰੀ, ਮੈਂ ਜ਼ਰਾ ...।"

...ਅਰਜਨ ਨਗਰ ਤੋਂ ਸੀਸਗੰਜ ਤਕ ਦੀ ਪੰਜ-ਛੇ ਵਾਰ ਕੀਤੀ ਪੈਦਲ ਯਾਤਰਾ ਨੇ ਉਸਨੂੰ ਥੋੜ੍ਹਾ ਬਹੁਤ ਨਹੀਂ ਕਾਫੀ ਸਾਰਾ ਸੰਭਲਦਾ ਕਰ ਦਿੱਤਾ ਸੀ। ਕੁਝ ਨਾ ਕੁਝ ਕਰਨ-ਸਿੱਖਣ ਦੀ ਚਾਹਤ ਨੇ ਉਸਨੂੰ ਸਿਰ ਤੋਂ ਪੈਰਾਂ ਤਕ ਜਿਵੇਂ ਘੇਰ ਲਿਆ ਹੋਵੇ। ਜਿੰਦੀ ਮਾਮੇ ਦੇ ਸਾਈਕਲ ਪਿੱਛੇ ਬੈਠ ਕੰਮ ਲੱਭਦੇ ਨੇ ਉਸਨੇ ਕਈ ਸਾਰੇ ਹੋਟਲਾਂ, ਐਮਬੈਸੀਆਂ ਦੀ ਪਿਛਵਾੜੀ ਬਣੀਆਂ ਰੀਪੇਅਰ ਸ਼ਾਪਾਂ ਅੱਗੇ ਆਪਣਾ ਆਪ ਪੇਸ਼ ਕੀਤਾ। ਪਰ, ਉਸਦੀ ਸਾਧਾਰਨ ਜਿਹੀ ਦਿੱਖ, ਪੇਂਡੂ ਜਿਹੀ ਮਾਸੂਮੀਅਤ, ਉਸਦੀ ਰੋਜ਼ੀ-ਰੋਟੀ 'ਚ ਹਰ ਥਾਂ ਅੜਿੱਕਾ ਬਣਦੀ ਰਹੀ। ਵਾਈ.ਐੱਮ.ਸੀ.ਏ. ਹੋਸਟਲ ਦੀ ਪਿਛਵਾੜੀ ਲੱਕੜ-ਵਰਕਸ਼ਾਪ ਦੇ ਇਨਚਾਰਜ ਮਿਸਤਰੀ ਨੇ ਉਸਨੂੰ ਇਹ ਕਹਿ ਕੇ ਟਾਲ਼ ਦਿੱਤਾ ਸੀ- "ਯੈਹ ਤੋ ਘਣਾ ਈ ਬਾਲੜੂ ਸਾ ਐ! ਮੂੰਹ ਪੈ ਦਾੜ੍ਹੀ- ਮੂਛ ਈ ਕਾਈ ਨਾ.."। ਉਹ ਵੀ ਉਸਨੂੰ ਹੈਲਪਰ ਰੱਖਣ ਲਈ ਰਾਜ਼ੀ ਨਹੀਂ ਸੀ ਹੋਇਆ।

ਉਹ ਰਹਿੰਦਾ ਵੀ ਉਪਰਾਮ ਹੋ ਗਿਆ। ਮੁੜ-ਘੜੀ ਆਪਣੀ ਲਾਚਾਰਗੀ 'ਤੇ ਝੂਰਦਾ। ਉਸਨੂੰ ਲੱਗਦਾ ਜਾਂ ਤਾਂ ਦਿੱਲੀ ਜਾਣ-ਬੁੱਝ ਕੇ ਉਸਨੂੰ ਝੱਲ ਕੇ ਰਾਜ਼ੀ ਨਹੀਂ, ਜਾਂ ਫਿਰ ਉਸਦੀ ਦਸਵੀਂ ਤਕ ਦੀ ਪੜ੍ਹਾਈ ਦਿੱਲੀ ਦੇ ਮੇਚ ਨਹੀਂ ਆਈ। ਫਿਰ ਝੱਟ ਹੀ ਉਸਨੂੰ ਵਿਹੜੇ ਦੇ ਉਸਦੇ ਕਿੰਨੇ ਸਾਰੇ ਤਾਏ-ਚਾਚੇ, ਭਰਾ-ਭਾਈ ਚੇਤੇ ਆਉਣ ਲੱਗਦੇ। ਉਹ ਸਾਰੇ ਅਨਪੜ੍ਹ ਸਨ, ਜਾਂ ਦੋ-ਤਿੰਨ ਜਮਾਤਾਂ ਪਾਸ। ਉਹਨਾਂ ਵਿਚੋਂ ਥੋੜ੍ਹੇ ਕੁ ਜਣੇ ਹੀ ਹੱਥ ਸਿੱਧੇ ਕਰ ਕੇ ਆਏ ਸੀ ਦਿੱਲੀ, ਬਾਕੀ ਸਭ ਸੱਖਣ ਹੱਥੀਂ। ਨਿੱਕੇ ਹੁੰਦੇ ਤੋਂ ਉਹਨਾਂ ਦੇ ਘਰ ਰਹਿੰਦਾ ਉਸਦਾ ਜਿੰਦੀ ਮਾਮਾ ਤਾਂ ਬਿਲਕੁਲ ਖਾਲੀ ਹੱਥ ਆਇਆ ਸੀ ਇੱਥੇ, ਉਸਦੇ ਤਾਏ ਵਰਿਆਮੇ ਨਾਲ, ਛੇਵੀਂ ਜਮਾਤ 'ਚੋਂ ਫੇਲ੍ਹ ਹੋ ਕੇ। ਉਹਨਾਂ ਵਿਚੋਂ ਕਿਸੇ ਨੂੰ ਵੀ ਦਿੱਲੀ ਨੇ ਨਿਰਾਸ ਨਹੀਂ ਸੀ ਕੀਤਾ। ਸਭ ਆਪਣੀ ਆਪਣੀ ਥਾਂ ਠੀਕ-ਠਾਕ ਹੀ ਸਨ। ਉਹਦਾ ਜਿੰਦੀ ਮਾਮਾ ਵੀ ਅਸ਼ੋਕਾ ਹੋਟਲ ਦੀ ਰੀਪੇਅਰ-ਸ਼ਾਪ ਵਿਚ ਨੌਕਰ ਸੀ। ਪਰ, ਉਸਦੀ ਹੈਸੀਅਤ ਐਨੀ ਨਹੀਂ ਸੀ ਕਿ ਉਹ ਕਿਸੇ ਸਿਖਾਂਦਰੂ ਜਿਹੇ ਨਵੇਂ ਬੰਦੇ ਨੂੰ ਰੱਖਣ-ਰਖਾਉਣ ਦੀ ਸਿਫਾਰਸ਼ ਕਰ ਸਕੇ।

ਆਪਣੇ ਫੋਰਮੈਨ ਦੀ ਸਲਾਹ ਮੰਨ ਕੇ ਉਸਨੇ ਬਿੰਦਰ ਨੂੰ ਬਾਬੂ ਬਣਾਉਣ ਦੀ ਮਨਸ਼ਾ ਨਾਲ ਟਾਈਪ ਸਿੱਖਣ ਲਾ ਦਿੱਤਾ। ਖਿਝ-ਖਪ ਕੇ ਬੇਜ਼ਾਰ ਹੋਏ ਬਿੰਦਰ ਨੇ ਥੋੜ੍ਹੇ ਕੁ ਦਿਨਾਂ ਅੰਦਰ ਹੀ ਕਿੰਨੇ ਸਾਰੇ ਪਾਠ ਸਿੱਖ ਲਏ। ਬਿੰਦਰ ਦੀ ਸਿੱਖਣ-ਸਮਝਣ, ਉਂਗਲ਼ੀਆਂ ਚਲਾਉਣ ਦੀ ਫੁਰਤੀ 'ਚੋਂ ਉਸਦੇ ਜਿੰਦੀ ਮਾਮੇ ਸਮੇਤ ਉਸਨੂੰ ਆਪ ਨੂੰ ਵੀ ਥੋੜ੍ਹੀ ਕੁ ਜਿੰਨੀ ਆਸ ਦੀ ਕਿਰਨ ਚਮਕਦੀ ਮਹਿਸੂਸ ਹੋਈ। ਪਰ, ਇਹ ਕਿਰਨ ਉਸਦੀ ਤਲਖ ਹੋਈ ਮਾਮੀ ਕਾਰਨ ਇਕ-ਵੱਢਿਉਂ ਝੰਬੀ ਗਈ। ਉਂਝ ਤਾਂ ਉਹ ਉਸੇ ਦਿਨ ਤੋਂ ਸੜਦੀ-ਭੁੱਜਦੀ ਰਹੀ ਸੀ, ਜਦ ਦਾ ਆਇਆ ਸੀ ਬਿੰਦਰ। ਮਾਮੀ ਲਈ ਉਹ ਖ਼ਾਹ-ਮੁਖ਼ਾਹ ਦਾ ਭਾਰ ਸੀ। ਉਸਦੇ ਮੁਕਲਾਵੇ ਦੇ ਪਹਿਲੇ ਵ੍ਹਰੇ ਨੂੰ ਲੱਗਾ ਗ੍ਰਹਿਣ। ਆਨੀ-ਬਹਾਨੀਂ ਉਹ, ਉਸਦੇ ਮਾਮੇ ਨਾਲ ਵੀ ਔਖੀ ਭਾਰੀ ਹੋਈ ਰਹਿੰਦੀ। ਉਸਦੀ ਕੌੜ-ਕੁੜਤੱਣ ਝੱਲਦਾ ਮਾਮਾ ਤਾਂ ਆਮ ਕਰਕੇ ਚੁੱਪ ਹੀ ਰਹਿੰਦਾ, ਪਰ ਉਸਦੀ ਤਲਖ-ਕਲਾਮੀ ਦਾ ਝੰਬ ਹੁੰਦਾ ਰਿਹਾ ਬਿੰਦਰ, ਅੰਦਰੋ-ਅੰਦਰ ਖੁਰਦਾ-ਭੁਰਦਾ ਰਿਹਾ। ਉਸਦਾ ਟਾਈਪ ਸਿੱਖਣ ਦਾ ਮੁੱਢਲਾ ਉਤਸ਼ਾਹ ਮਹੀਨਾ ਮੁਕਦਿਆ ਕਰਦਿਆਂ ਕਿੰਨਾ ਸਾਰਾ ਮੱਠਾ ਪੈ ਗਿਆ। ਉਸਦੇ ਜਿੰਦੀ ਮਾਮੇ ਦੀ ਦਿੱਲੀ ਉਸਨੂੰ ਪੈਰ ਪੈਰ 'ਤੇ ਉਪਰਾਮ ਕਰਦੀ ਰਹੀ ਸੀ। ਤਾਂ ਵੀ ਆਪਣੇ ਘਰ-ਪਿੰਡ ਦੀ ਦਸ਼ਾ ਉਸਨੂੰ ਸਾਹ-ਘੁੱਟਵੀਆਂ ਹਾਲਤਾਂ ਅੰਦਰ ਵੀ ਕੁਝ ਨਾ ਕੁਝ ਕਰਨ-ਸਿੱਖਣ ਲਈ ਮੱਲੋ-ਜ਼ੋਰੀ ਨੱਪੀ ਬੈਠੀ ਰਹੀ।

ਇਸ ਖਿੱਚੋਤਾਣ 'ਚ ਫਸੇ ਨੇ ਆਖਿਰ ਜਿੰਦੀ ਮਾਮੇ ਤੋਂ ਟਾਈਪ ਸਕੂਲ ਦੀ ਅਗਲੇ ਮਹੀਨੇ ਦੀ ਫੀਸ ਮੰਗ ਲਈ। ਅੱਗੋਂ ਉਸਦਾ ਮਾਮਾ ਚੁੱਪ। ਨਾ ਹਾਂ, ਨਾ ਨਾਂਹ। ਅਗਲੀ ਸਵੇਰ ਉਸਨੂੰ ਆਪਣੇ ਲਾਗੇ ਬਿਠਾ ਕੇ, ਬੜੀ ਡੋਲਦੀ-ਡੁਲ੍ਹਕਦੀ ਆਵਾਜ਼ 'ਚ ਕਿਹਾ ਸੀ ਉਸਦੇ ਮਾਮੇ ਨੇ- "ਬਿੰਦਰਾ, ਤੈਨੂੰ ਹਾਅ ਕੰਮ ਸਿੱਖਣ ਨੂੰ ਟੈਮ ਲੱਗਣਾ। ਘੱਟੋ ਘੱਟ ਛੇ ਮਹੀਨੇ। ਤੂੰ ਐਂ ਕਰ, ਪਿੰਡ ਚਲਿਆ ਜਾ। ਓਥੋਂ ਕਰ ਆ ਹੱਥ ਸਿੱਧੇ ਚੰਗੀ ਤਰ੍ਹਾਂ। ਐਥੇ ਤੈਨੂੰ ਪਤਆ ਦਿੱਲੀ ਸ਼ੈਅਰ ਦੀ ਮਹਿੰਗ ਭਾਈ। ਨਾ ਰਹਿਣ ਦੀ ਥਾਂ, ਨਾ ਖਾਣ-ਪੀਣ ਦੀ ਖੁਲ੍ਹ"।

ਡਿੱਕੋ-ਡੋਲੇ ਖਾਂਦਾ ਉਹ ਤੀਜੇ-ਚੌਥੇ ਦਿਨ ਮੁੜ ਆਪਣੇ ਪਿੰਡ ਸੀ ਆਪਣੇ ਘਰ। ਨਿੰਮੋਝਾਣ ਹੋਏ ਤੋਂ ਉਸ ਤੋਂ ਕਈ ਦਿਨ ਨਾ ਕੱਚੇ-ਪੱਕੇ ਘਰ 'ਚੋਂ ਬਾਹਰ ਨਿਕਲਿਆ ਗਿਆ , ਨਾ ਟਿਕ ਕੇ ਬੈਠਿਆ ਗਿਆ। ਉਸਦੀ ਲਾਚਾਰਗੀ ਉਸਨੂੰ ਅੰਦਰੋ-ਅੰਦਰ ਜਿਵੇਂ ਖੁਰਚਦੀ ਰਹੀ। ਪਿੰਡੋਂ ਕਾਫੀ ਸਾਰੇ ਹਟਵੇਂ ਸ਼ਹਿਰ ਜਾਣ-ਭੇਜਣ ਦੀ ਪੁੱਜਤ ਨਾ ਉਸਦੀ ਮਾਂ ਅੰਦਰ ਸੀ, ਨਾ ਉਸਦੇ ਆਪਣੇ ਸਾਹਸ ਅੰਦਰ। ਨਾ ਚਾਹੁੰਦਿਆਂ ਵੀ ਉਸਨੂੰ ਆਪਣੀ ਟਾਈਪ ਸਿੱਖਿਆ ਅਧਵਾਟੇ ਛੱਡਣੀ ਪਈ। ਆਪਣੇ ਆਪ ਨਾਲ ਉਲਝੇ ਨੂੰ ਰਹਿ ਰਹਿ ਕੇ ਤੀਰਥ ਰਾਮ ਮਾਸਟਰ ਦਾ ਉਪਦੇਸ਼ ਯਾਦ ਆਉਂਦਾ। ਨੌਵੀਂ ਜਮਾਤ ਵੱਲੋਂ ਦਿੱਤੀ ਵਿਦਾਇਗੀ ਪਾਰਟੀ ਸਮੇਂ ਉਹਨਾਂ ਸਕੂਲੋਂ ਜਾਣ ਵਾਲੀ ਜਮਾਤ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ- "ਦਸਵੀਂ ਜਮਾਤ ਪਾਸ ਕਰ ਕੇ ਤੁਆਡੀ ਗਿਣਤੀ ਮੁੰਡਿਆਂ 'ਚ ਨਹੀਂ, ਮਨੁੱਖਾਂ 'ਚ ਹੋਣ ਲੱਗੇਗੀ। ਤੁਆਨੂੰ ਆਪਣੇ ਲਾਭ-ਹਾਣ ਦੀ, ਭਲੇ ਬੁਰੇ ਦੀ ਫਿਕਰਮੰਦੀ ਆਪ ਕਰਨੀ ਹੋਵੇਗੀ। ਤੁਆਡਾ ਭਵਿੱਖ, ਤੁਆਡੇ ਆਉਂਦੇ ਵਰ੍ਹੇ ਤੁਆਡੀਆਂ ਹੁਣ ਤੋਂ ਹੀ ਉਲ਼ੀਕੀਆਂ ਯੋਜਨਾਵਾਂ 'ਤੇ ਨਿਰਭਰ ਹੋਣਗੇ। ਤਾਂ ਵੀ ਮੇਰੀ ਇਹ ਦਿਲੀ ਤਮੰਨਾ ਹੈ ਕਿ ਤੁਸੀਂ ਵੱਧ ਤੋਂ ਵੱਧ ਤਾਲੀਮ ਹਾਸਲ ਕਰੋ। ਆਪਣੇ ਅੰਦਰਲੀ ਕਾਬਲੀਅਤ ਨੂੰ ਪਛਾਣਕੇ, ਆਪਣੇ ਪੈਰੀਂ ਆਪ ਖਲੋਣ ਦੇ ਕਾਬਿਲ ਬਣੋਂ..."। ਹੋਰ ਵੀ ਬਹੁਤ ਸਾਰੇ ਨੁਕਤੇ ਸਮਝਾਏ ਸਨ ਤੀਰਥ ਰਾਮ ਮਾਸਟਰ ਜੀ ਨੇ ਉਸ ਸਮੇਂ ਸਾਰੀ ਜਮਾਤ ਨੂੰ। ਬੜੇ ਸਰਲ-ਸੌਖੇ ਸ਼ਬਦਾਂ, ਛੋਟੇ ਛੋਟੇ ਵਾਕ-ਅੰਸ਼ਾਂ ਰਾਹੀਂ। ਪਰ ਉਹਨਾਂ ਵਿਚੋਂ ਕਿਸੇ ਇਕ ਨੁਕਤੇ 'ਤੇ ਵੀ ਉਸਤੋਂ ਨਿੱਠ ਕੇ ਅਮਲ ਨਹੀਂ ਸੀ ਹੋਇਆ। ਨਾ ਉਸਤੋਂ ਆਪਣੇ ਭਲੇ-ਬੁਰੇ ਦੀ ਪੈਰਵੀ ਹੋਈ ਸੀ, ਨਾ ਉਸਤੋਂ ਆਪਣੇ ਪੈਰੀਂ ਆਪ ਖੜ੍ਹਿਆ ਗਿਆ ਸੀ ਹੁਣ ਤਾਈਂ। ਦਿੱਲੀਉਂ ਬੇਰੰਗ ਪਰਤਿਆ ਉਹ ਆਪਣੀ ਨਾਕਾਮੀ ਦਾ ਸਾਰਾ ਦੋਸ਼ ਆਪਣੇ ਹੀ ਸਿਰ ਮੜ੍ਹਦਾ ਰਿਹਾ। ਉਹਦੇ ਵਿਹੜੇ 'ਚੋਂ ਲੱਗਦੇ ਨਾਨੇ ਸਮੇਂ ਤਾਰੇ ਫੌਜੀ ਵੱਲੋਂ ਉਸ ਨਾਲ ਖੇਲ੍ਹੀ ਲੁਕਣ-ਮੀਟੀ ਉਸਨੂੰ ਹੋਰ ਵੀ ਸ਼ਰਮਸਾਰ ਕਰਨ ਲੱਗ ਪਈ ਸੀ।

000



ਆਪਣੇ ਕੱਚੇ ਘਰ ਦੀ ਪੱਕੀ ਕੋਠੜੀ 'ਚ ਦੜੇ ਬੈਠੇ ਨੂੰ ਇਕ ਦਿਨ ਉਸਨੂੰ ਲੱਗਾ ਕਿ ਉਸਨੂੰ ਕਿਸੇ ਨੇ ਆਵਾਜ਼ ਮਾਰੀ ਐ, ਬਾਹਰੋਂ। ਅਗਲੇ ਹੀ ਪਲ ਉਹ ਬਾਹਰ ਸੀ। ਬਾਹਰ ਤਾਂ ਕੋਈ ਵੀ ਨਈਂ ਸੀ, ਨਾ ਵੀਹੀ 'ਚ ਨਾ ਘਰ ਦੀ ਪਿਛਵਾੜੀ ਬਣੇ ਢਾਰੇ ਹੇਠ। ਢਾਰੇ ਹੇਠ ਨਾ ਹੁਣ ਕੋਈ ਹਲ਼ ਸੀ ਨਾ ਪੰਜਾਲ਼ੀ। ਨਾ ਕੋਈ ਰੰਬਾ ਸੀ ਨਾ ਦਾਤੀ। ਟੋਕੇ-ਗੰਡਾਸੇ ਤਪਾਉਣ-ਚੰਡਣ ਵਾਲਾ 'ਆਹਰਨ' ਅੱਧ-ਪਚੱਧਾ ਠਹਿ-ਭੱਜ ਗਿਆ ਸੀ। ਕਿਸੇ ਵੇਲ਼ੇ ਨਿੱਕੇ-ਮੋਟੇ, ਵੱਡੇ-ਛੋਟੇ ਕੰਮ ਕਰਵਾਉਣ ਆਏ ਪਿੰਡ ਦੇ ਜੱਟ-ਜੀਮੀਂਦਾਰ, ਢਾਰੇ ਹੇਠਾਂ ਬੈਠੇ ਕਿੰਨਾ-ਕਿੰਨਾ ਚਿਰ ਐਧਰ-ਓਧਰ ਦੀਆਂ ਮਾਰਦੇ ਰਹਿੰਦੇ ਸਨ। ਬਿੰਦਰ ਵੀ ਕਿਤਾਬੀ ਕੰਮ ਤੋਂ ਵਿਹਲਾ ਹੋਇਆ, ਪਿਉ ਨਾਲ ਥੋੜ੍ਹਾ-ਬਹੁਤ ਹੱਥ ਵਟਾਉਣ ਆ ਰਲ਼ਦਾ। ਪਰ, ਉਸਦੇ ਨਾਜ਼ਕ-ਮਲੂਕ ਅੰਗ-ਪੈਰ ਰੰਦਾ-ਫਰਨਾਹੀ ਤਾਂ ਕੀ ਆਰੀ-ਤੇਸੇ ਦੀ ਝਾਲ ਵੀ ਨਹੀਂ ਸੀ ਝੱਲ ਸਕੇ।

ਢਾਰੇ ਹੇਠੋਂ ਮੁੜਦੇ ਨੂੰ ਉਹਨੂੰ ਵੀਹੀ ਦੇ ਮੋੜ 'ਤੇ ਲੋਕਾ ਲੰਬੜ ਨਜ਼ਰੀਂ ਪਿਆ। ਉਸਦੇ ਸੱਜੇ ਹੱਥ 'ਚ ਹਰ ਵੇਲ਼ੇ ਰਹਿੰਦੀ ਕੱਚੀ ਕਰਮ ਸੀ। ਬੇਰੀ ਦਾ ਸਿੱਧਾ ਡੰਡਾ ਘੜ-ਛਿੱਲ ਕੇ ਬਣਾਈ ਸਤਵੰਜਾ-ਇੰਚੀ ਕਰਮ। ਉਸੇ ਦੀ ਡੰਗੋਰੀ ਟੇਕਦੇ ਵਾਹੋਦਾਹੀ ਤੁਰੇ ਆਉਂਦੇ ਲੰਬੜ ਨੇ ਉੱਚੀ ਆਵਾਜ਼ ਮਾਰ ਕੇ ਬਿੰਦਰ ਨੂੰ ਰੋਕ ਲਿਆ- "ਪਾੜ੍ਹਿਆ ਰੁਕੀਂ"।

ਉਸਦੇ ਲਾਗੇ ਪੁਜਦਿਆਂ ਸਾਰ ਲੰਬੜ ਨੇ ਅੰਦਰਲੀ ਉਲਝਣ ਝੱਟ-ਪੱਟ ਉਸਦੇ ਅੱਗੇ ਉਲ਼ੱਦ ਦਿੱਤੀ-"ਮੇਰਾ ਇਕ ਸਵਾਲ ਕੱਢੀਂ। ਕਈਆਂ ਨੂੰ ਪੁੱਛਿਆ, ਕਿਹੇ ਨੂੰ ਨਈਂ ਆਇਆ। ਸਾਰੇ ਹੀ ਸੌਹਰੀ ਦੇ ਨਲੈਕ, ਇਕ ਨੰਬਰ ਦੇ ਡੰਗਰ। ਪਤਾ ਨਈਂ ਕੀ ਕਰਨ ਜਾਂਦੇ ਆ ਸਕੂਲੇ...।" ਥੋੜ੍ਹਾ ਕੁ ਜਿੰਨਾ ਰੁਕ ਕੇ ਉਸਨੇ ਰਹਿੰਦਾ-ਬਚਦਾ ਗੁਬਾਰ ਵੀ ਉਸੇ ਸੁਰ 'ਚ ਗੁਲੱਛ ਦਿੱਤਾ- "ਪਾੜ੍ਹਿਆ ਤੇਰੀ ਸਰਕਾਰ ਨੇ ਆਹ ਸਤਵੰਜਾ-ਇੰਚੀ ਕਰਮ, ਛਿਆਟ-ਇੰਚੀ ਕਰ ਦਿੱਤੀਓ ਆ। ਤੂੰ ਐਂ ਦੱਸ, ਮੇਰੀ ਛੋਟੀ ਕੱਛ ਦੀ ਤੀਹ ਕਿੱਲੇ, ਵੱਡੀ ਕੱਛ ਦੇ ਕਿੰਨੇ ਕਿੱਲੇ ਰਹਿ ਜੂ। ਚੌਹਾਂ ਮੁੰਡਿਆਂ ਨੂੰ ਕਿੰਨੀ ਕਿੰਨੀ ਆਊ...?"

ਬਿੰਦਰ ਅੱਗੋਂ ਚੁੱਪ। ਨਾ ਉਸਨੇ ਛੋਟੀ ਕਰਮ ਦੇਖੀ ਸੀ, ਨਾ ਵੱਡੀ। ਨਾ ਉਸਨੇ ਕਦੀ ਖੇਤ ਕੱਛਿਆ, ਨਾ ਖੱਤਾ। ਨਾ ਹੀ ਕਿਸੇ ਨੇ ਪੁੱਛਿਆ ਸੀ ਉਸਨੂੰ ਐਹੋ ਜਿਹਾ ਔਖਾ-ਭਾਰਾ ਸਵਾਲ। ਉਸਦਾ ਮਾਸਟਰ ਦੱਸਦਾ ਤਾਂ ਰਿਹਾ ਸੀ, ਨਾਪ-ਤੋਲ ਦੇ, ਗਿਣਤੀ-ਮਿਣਤੀ ਦੇ, ਨਫੇ-ਨੁਕਸਾਨ ਦੇ ਕਈ ਸਾਰੇ ਫਾਰਮੂਲੇ ਸਮਝਾਉਂਦਾ ਤਾਂ ਰਿਹਾ ਸੀ ਉਸਦੀ ਜਮਾਤ ਨੂੰ। ਪਰ, ਇਹੋ ਜਿਹੀਆਂ ਹਿਸਾਬੀ ਬਰੀਕੀਆਂ ਉਸਨੂੰ ਕਦੀ ਚੰਗੀ ਤਰ੍ਹਾਂ ਸਮਝ ਨਹੀਂ ਸੀ ਆਈਆਂ। ਜੇ ਥੋੜ੍ਹਾ-ਬਹੁਤ ਸਮਝ ਆਈਆਂ ਵੀ ਤਾਂ ਹੁਣ ਤਕ ਊਈਂ ਭੁੱਲ-ਭੁਲਾ ਗਈਆਂ ਸਨ।

ਆਪਣੇ ਘਰ-ਢਾਰੇ ਸਾਹਮਣੇ ਖੜ੍ਹੇ ਬਿੰਦਰ ਨੂੰ ਉਸ ਦਿਨ ਪਿੰਡ ਦੇ ਲੰਬੜਦਾਰ ਸਾਹਮਣੇ ਢੇਰ ਸਾਰਾ ਸ਼ਰਮਸਾਰ ਹੋਣਾ ਪਿਆ। ਉਸਦੀ ਦਸਵੀਂ ਤਕ ਦੀ ਪੜ੍ਹਾਈ ਕੋਰੇ ਅਨਪੜ੍ਹ ਲੋਕੇ ਸਾਹਮਣੇ ਪੂਰੀ ਤਰ੍ਹਾਂ ਮਾਤ ਖਾ ਗਈ ਸੀ। ਉਸਦੀ ਸੁਸਤੀ-ਉਦਾਸੀ ਨੂੰ ਵੀ ਇਸ ਹਾਰ ਨੇ ਅੱਛਾ-ਖਾਸਾ ਝੰਜੋੜ ਦਿੱਤਾ ਸੀ। ਉਸ ਦਿਨ...ਉਸ ਦਿਨ ਉਹ ਢਾਰੇ ਸਾਹਮਣੇ ਵੀਹੀ 'ਚ ਖੜ੍ਹਾ ਮੁੜ ਅੰਦਰ ਵੱਲ ਨਹੀਂ ਸੀ ਮੁੜਿਆ। ਪਿਛਲੀ ਕੋਠੜੀ ਦੀ ਛੁਪਣਗਾਹ ਅੰਦਰ ਨਹੀਂ ਸੀ ਲੁਕਿਆ। ਬਾਹਰ ਵੱਲ ਨੂੰ ਨਿਕਲ ਗਿਆ ਸੀ, ਵੱਡੀ ਝਿੜੀ ਵੱਲ ਨੂੰ। ਤਾਲ ਵਾਲ਼ੇ ਪਾਸਿਉਂ ਉੱਚੀ ਟਿੱਬੀ ਤਕ ਪੁੱਜ ਕੇ, ਉਹ ਸ਼ਾਮੀਂ ਕਿਧਰੇ ਘਰ ਪਰਤਿਆ ਸੀ ਹਨੇਰੇ ਪਏ। ਅਗਲੇ ਦਿਨ ਉਸਦੇ ਪੈਰ ਮੁੜ ਵੱਡੀ ਝਿੜੀ ਵੱਲ ਨੂੰ ਨਹੀਂ ਸੀ ਤੁਰੇ। ਸਗੋਂ ਫਤਿਹਪੁਰ ਪਿੰਡ ਵੱਲ ਨੂੰ ਨਿਕਲ ਤੁਰੇ ਸਨ। ਆਪਣੇ ਸਭ ਤੋਂ ਚਹੇਤੇ ਅਧਿਆਪਕ ਤੀਰਥ ਰਾਮ ਪੰਡਤ ਦੇ ਘਰ ਜਾ ਪੁੰਜੇ ਸਨ। ਉਹਨਾਂ ਤੋਂ ਹੁਣ ਤਕ ਭੁੱਲ-ਵਿੱਸਰ ਗਿਆ ਕਿੰਨਾ ਕੁਝ ਮੁੜ ਤੋਂ ਸਿੱਖਣ-ਸਮਝਣ ਲਈ। ਲੋਕੇ ਲੰਬੜ ਦੇ ਘੁੰਡੀਦਾਰ ਸਵਾਲ ਦਾ

ਉੱਤਰ ਦੇਣ ਦੇ ਯੋਗ ਬਣਨ ਲਈ।

000

ਪੰਡਤ ਜੀ ਉਸ ਦਿਨ ਕੁਝ ਢਿੱਲੇ-ਮੱਠੇ ਸਨ। ਲੇਟੇ ਪਏ ਸਨ ਅਲਾਣੀ ਮੰਜੀ 'ਤੇ। ਤਾਂ ਵੀ ਹਿੰਮਤ ਨਾਲ ਉੱਠ ਕੇ ਉਸਨੂੰ ਤਪਾਕ ਨਾਲ ਮਿਲੇ। ਲਾਗੇ ਪਏ ਸਟੂਲ ਤੋਂ ਬੁਰਸ਼-ਰੰਗ ਹੇਠਾਂ ਰੱਖ ਕੇ ਉਸਨੂੰ ਬੈਠਣ ਲਈ ਆਖਿਆ, ਇਸ 'ਤੇ ਅਧਮੈਲਾ ਜਿਹਾ ਰੁਮਾਲ ਵਿਛਾ ਕੇ। ਸਟੂਲ 'ਤੇ ਡਿੱਗੇ ਰੰਗ-ਛਿੱਟੇ ਤਾਂ ਢਕ ਹੋ ਗਏ। ਇਹ ਤਾਂ ਉਸਦੇ ਪਜਾਮੇ ਨੂੰ ਲੱਗਣੋਂ ਬਚ ਗਏ, ਪਰ ਮਾਸਟਰ ਜੀ ਦੇ ਪੋਟਿਆਂ ਨੂੰ, ਅੱਧੋਰਾਣੀ ਜਿਹੀ ਬੁਨੈਣ ਨੂੰ, ਲੱਗੇ ਰੰਗ-ਦਾਗਾਂ ਨੇ ਜਿਵੇਂ ਉਸਦੇ ਮਨ-ਮਸਤਕ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ। ਡੌਰ-ਭੌਰ ਹੋਇਆ ਉਹ ਕਦੀ ਮਾਸਟਰ ਜੀ ਦੀ ਡੱਬ-ਖੜੱਬੀ ਹੋਈ ਬੁਨੈਣ ਵੱਲ ਦੇਖਦਾ ਰਿਹਾ, ਕਦੀ ਸਾਹਮਣੇ ਰੰਗ ਭਰ ਹੁੰਦੇ ਚਿੱਤਰ ਵੱਲ।

ਚਿੱਤਰ 'ਚੋਂ ਉਭਰਦਾ ਆਕਾਰ ਉਸਨੂੰ ਹੂ-ਬ-ਹੂ ਆਪਣੀ ਮਾਂ ਵਰਗਾ ਲੱਗਾ ਸੀ ਅੱਧੇ ਖਿੱਲਰੇ ਵਾਲ਼, ਸਿਰ 'ਤੇ ਰੰਗੋਂ ਬੇਰੰਗ ਹੋਇਆ ਦੁਪੱਟਾ। ਚਿਹਰਾ ਜਿਵੇਂ ਅੰਤਾਂ ਦੇ ਦੁੱਖਾਂ ਫਿਕਰਾਂ 'ਚ ਦੱਬ ਹੋਇਆ ਅੰਦਰ ਵੱਲ ਨੂੰ ਚਿਪਕ ਗਿਆ ਸੀ। ਇਹ ਚਿੱਤਰ ਇਕ ਸਾਫ-ਪੱਧਰੇ ਡਰਾਇੰਗ-ਬੋਰਡ 'ਤੇ ਚੁਕੋਨਿਉਂ ਨੱਪੀ ਇਕ ਡਰਾਇੰਗ-ਸ਼ੀਟ 'ਤੇ ਉੱਕਰਿਆ ਪਿਆ ਸੀ। ਸਕੂਲੇ ਬਲੈਕ-ਬੋਰਡ ਰੱਖਣ ਵਾਲੇ ਤਿੰਨ-ਟੰਗੇ ਸਟੈਂਡ ਦੀ ਬਜਾਏ ਇਹ ਬੋਰਡ ਕੰਧ ਆਸਰੇ ਇਕ ਸਾਦਾ ਜਿਹੀ ਤਰਪਾਈ 'ਤੇ ਟਿਕਿਆ ਖੜ੍ਹਾ ਸੀ, ਲੇਟਵਾਂ ਜਿਹਾ। ਤਰਪਾਈ, ਬੁਰਸ਼ਾਂ. ਰੰਗ-ਡੱਬੀਆਂ ਨਾਲ ਜਿਵੇਂ ਅੱਟੀ ਪਈ ਸੀ, ਕੋਈ ਡੱਬੀ ਖੁੱਲ੍ਹੀ, ਕੋਈ ਖਾਲੀ, ਕੋਈ ਅੱਧ-ਢਕੀ।

ਸਰ੍ਹਾਣੇ ਵੱਲ ਪਏ ਇਕ ਹੋਰ ਕੱਪੜੇ ਨਾਲ ਉਂਗਲ਼ਾਂ ਪੂੰਝਦੇ ਮਾਸਟਰ ਜੀ ਨੇ ਬੇਹੱਦ ਸਹਿਜ-ਧੀਮੀ ਆਵਾਜ਼ 'ਚ ਪੁੱਛਿਆ, "ਕਿੱਦਾਂ ਆਉਣਾ ਹੋਇਆ?" ਬਿੰਦਰ ਨੂੰ ਸ਼ਾਇਦ ਏਨੇ ਕੁ ਸ਼ਬਦ ਸੁਣਾਈ ਹੀ ਨਹੀਂ ਸੀ ਦਿੱਤੇ, ਉਸਦੀ ਸੁਰਤੀ ਬਿਰਤੀ ਅਜੇ ਤਕ ਸਾਹਮਣੇ ਪਏ ਚਿੱਤਰ ਅੰਦਰ ਖੁਭੀ ਪਈ ਸੀ, ਸਾਰੀ। ਆਪਣੀ ਸੁਰ ਥੋੜ੍ਹੀ ਕੁ ਉੱਚੀ ਕਰਦਿਆਂ ਮਾਸਟਰ ਜੀ ਨੇ ਫਿਰ ਕਿਹਾ, "ਅਗਲੀ ਪੜ੍ਹਾਈ ਕਿੱਦਾਂ ਚੱਲਦੀ? ਕੇਹੜੇ ਕਾਲਜ ਜਾਨਾਂ...?"

ਇਸ ਵਾਰ ਉਸਨੂੰ ਮਾਸਟਰ ਜੀ ਦੇ ਬੋਲ ਸੁਣੇ ਤਾਂ ਜ਼ਰੂਰ, ਪਰ ਉਹ ਦੱਸਦਾ ਕੀ! ਦਾਖਲ ਤਾਂ ਹੋਇਆ ਈ ਨਹੀਂ ਸੀ ਕਿਧਰੇ ਵੀ। ਸਕੂਲੀ ਦਿਨਾਂ 'ਚ ਵੀ ਉਸਦੀ ਸੁਰਤੀ ਕਦੀ ਖੁਭਕੇ ਨਹੀਂ ਸੀ ਜੰਮੀ ਪਾਠ-ਪੁਸਤਕਾਂ 'ਚ। ਮਾਸਟਰ ਜੀ ਦੀ ਪੁੱਛ ਨੂੰ ਅਣਸੁਣੀ ਕਰਦੇ ਨੇ ਉਸਨੇ ਆਪਣੀ ਦੁਬਿਧਾ ਇਕੋ ਸਾਹੇ ਉਲੱਦ ਦਿੱਤੀ"ਮਾਸਟਰ ਜੀਈ, ਤੁਆਨੂੰ ਡਰੈਂਗ ਵੀ ਆਉਂਦੀ! ਸਕੂਲੇ ਤੁਸੀਂ ਸਾਨੂੰ ਸੈਂਸ 'ਹਸਾਬ ਈ ਪੜ੍ਹਾਉਂਦੇ ਸੀ... ਤੁਸੀਂ ਤਾਂ ਮੂਰਤਾਂ ਵੀ ਬਣਾ ਲੈਨੇ ਆਂ... ਆਹ ਤਾਂ ਬਓਤ ਵਧੀਆ ਲੱਗੀ ਆ...ਕੇਦ੍ਹੀ ਆ ਏਹ...।"

ਕਈ ਸਾਰੇ ਸਵਾਲਾਂ 'ਚ ਘਿਰੇ ਤੀਰਥ ਰਾਮ ਮਾਸਟਰ ਜੀ ਹੁਣ ਵੱਖਰੀ ਤਰ੍ਹਾਂ ਦੀ ਉਲਝਣ ਵਿਚ ਸਨ। ਸਰੀਰਕ ਢਿੱਲ-ਮੱਠ ਉਹਨਾਂ ਨੂੰ ਬਹੁਤਾ ਕੁਝ ਬੋਲ ਸਕਣ ਵਿਚ ਅੜਿੱਕਾ ਤਾਂ ਬਣਦੀ ਲੱਗੀ, ਪਰ ਉਹਨਾਂ ਅੰਦਰਲਾ ਕਲਾਕਾਰ ਇਕ ਹੋਣਹਾਰ ਵਿਦਿਆਰਥੀ ਨੂੰ ਕਿਸੇ ਵੀ ਤਰ੍ਹਾਂ ਨਿਰਾਸ ਨਹੀਂ ਸੀ ਕਰਨਾ ਚਾਹੁੰਦਾ। ਦੋ ਘੁੱਟ ਪਾਣੀ ਪੀ ਕੇ ਉਹਨਾਂ ਆਪਣੀ ਵੱਲੋਂ ਟਿਕਵੀਂ ਅਧਿਆਪਕੀ ਸੁਰ 'ਚ ਪੁੱਛਿਆ, "ਚੰਗੀ ਲੱਗੀ ਤੈਨੂੰ ਤਸਵੀਰ?" ਮੂੰਹੋਂ ਬੋਲ ਸਕਣ ਦਾ ਸਾਹਸ ਉਸਤੋਂ ਸ਼ਾਇਦ ਖੜ੍ਹੇ-ਪੈਰ ਇਕੱਠਾ ਨਹੀਂ ਸੀ ਹੋਇਆ, ਆਪਣਾ ਸਿਰ ਉਪਰ-ਹੇਠਾਂ ਹਿਲਾਉਂਦਿਆਂ ਉਸਨੇ 'ਹਾਂ ਜੀਈ- ਜੀ ਹਾਂ ਬਹੁਤ ਈ ਚੰਗੀ ਲੱਗੀ ਐ' ਦਾ ਸ਼ਬਦ-ਵਾਕ ਜਿਵੇਂ ਨਾਟਕੀ ਕਿਰਿਆ ਰਾਹੀਂ ਬੋਲਿਆ ਸੀ। ਸਾਹਮਣੇ ਬੋਰਡ-ਸ਼ੀਟ 'ਤੇ ਚਿਪਕੀ ਤਸਵੀਰ ਉਸਦੀ ਰੂਹ-ਜਾਨ 'ਤੇ ਜਿਵੇਂ ਪੂਰੀ ਤਰ੍ਹਾਂ



ਛਾ ਗਈ ਸੀ, ਉਸਦੀ ਬੀਬੀ ਦੇ ਮੁੜੰਗੇ ਨਾਲ ਮਿਲਦੀ ਹੋਣ ਕਰਕੇ ਸ਼ਾਇਦ।

ਉਸ ਅੰਦਰਲੀ ਲਗਨ-ਭਾਵਨਾ ਨੂੰ ਤਾੜਦਿਆਂ ਤੀਰਥ ਰਾਮ ਮਾਸਟਰ ਨੇ ਥੋੜ੍ਹੀ ਕੁ ਜਿੰਨੀ ਚਿੱਤਰ-ਵਿਆਖਿਆ ਵੀ ਲੱਗਦੇ ਹੱਥ ਹੀ ਕਰ ਦਿੱਤੀ, "ਇਹ ਤੇਰੇ ਪਿੰਡ ਦੀ ਭੂਆ ਆ, ਗੁਲਾਬ ਕੌਰ ਭੂਆ, ਗ਼ਦਰੀ ਗੁਲਾਬ ਕੌਰ...!"

ਉਹ ਹੋਰ ਵੀ ਹੈਰਾਨ ਪਰੇਸ਼ਾਨ! ਹੈਰਾਨ ਪਰੇਸ਼ਾਨ ਵੀ ਤੇ ਸ਼ਰਮਸਾਰ ਵੀ। ਉਸਦਾ ਪਿੰਡ ਕੋਟਲਾ ਹਰਨਾਮ ਸਿੰਘ ਟੁੰਡੀਲਾਟ ਦਾ ਪਿੰਡ ਐ, ਏਨਾ ਕੁ ਪਤਾ ਹੈਗਾ ਸੀ ਉਸਨੂੰ, ਪਰ ਗੁਲਾਬ ਕੌਰ ਗ਼ਦਰੀ ਵੀ ਉਸਦੇ ਪਿੰਡ ਦੀ ਭੂਆ ਐ, ਇਸ ਗੱਲੋਂ ਬਿਲਕੁਲ ਅਣਜਾਣ ਸੀ ਉਹ। ਪਿੰਡ ਦੀ ਵੱਡੀ ਢਾਬ ਲਾਗੇ ਹੁੰਦੇ ਰਹੇ ਇਕੱਠਾਂ-ਜਲਸਿਆਂ 'ਚ ਇਹ ਨਾਂ ਵੀ ਉਸਨੂੰ ਸੁਣਿਆਂ-ਸੁਣਿਆਂ ਤਾਂ ਲੱਗਾ, ਪਰ ਹੁਣ ਇਹ ਵਿੱਸਰ ਚੁੱਕਾ ਸੀ ਉਸਨੂੰ।... ਬੜਾ ਚਿਰ ਪਹਿਲਾਂ ਟਿਕੀ ਦੁਪਹਿਰੇ ਜਾਂ ਰਾਤੀਂ ਰੋਟੀ-ਟੁੱਕ ਪਿੱਛੋਂ ਦੋ-ਤਿੰਨ ਗੱਡੇ ਜੋੜ ਕੇ ਬਣੀ ਉੱਚੀ ਥਾਂ 'ਤੇ ਖੜ੍ਹਾ ਕੋਈ ਜਣਾ ਬਾਂਹ ਉਲਾਰ ਕੇ ਵਾਰੀ ਵਾਰੀ ਕਈ ਸਾਰੇ ਨਾਵਾਂ ਦੀ ਮੋਹਰ ਖਿੱਚਦਾ ਤੇ ਸਾਹਮਣੇ ਬੈਠੇ ਲੋਕੀਂ ਪੂਰਾ ਤਾਣ ਲਾ ਕੇ ਪੂਰੇ ਜੋਸ਼ ਨਾਲ ਉਹਨਾਂ ਨਾਵਾਂ ਦੀ ਜੈ ਜੈ ਕਾਰ ਕਰਦੇ ਸਨ। ਉਹਨਾਂ ਨਾਅਰਿਆਂ-ਜੈਕਾਰਿਆਂ ਦੀ ਧੁੰਦਲੀ ਜਿਹੀ ਯਾਦ 'ਚੋਂ ਗੁਲਾਬ ਕੌਰ ਗ਼ਦਰੀ ਦਾ ਨਾਂ ਥੋੜ੍ਹਾ ਕੁ ਜਿੰਨਾ ਉਭਰਿਆ ਤਾਂ ਜ਼ਰੂਰ, ਪਰ ਪਿੰਡ ਨਾਲ ਪੱਕੀ-ਪੀਡੀ ਸਾਂਝ ਦਾ ਹੁਣ ਪਤਾ ਲੱਗਾ ਸੀ ਉਸਨੂੰ, ਤੀਰਥ ਰਾਮ ਮਾਸਟਰ ਤੋਂ ਸੁਣਕੇ। ਉਸ ਬਾਰੇ ਹੋਰ ਜਾਨਣ ਦੀ ਲਲਕ ਨੇ ਉਸ ਅੰਦਰੋਂ ਇਕ ਅਧੂਰਾ ਜਿਹਾ ਸਵਾਲ ਹੋਰ ਖੁਰਚਦਾ ਕਰ ਲਿਆ, "ਕਿੰਨ੍ਹਾਂ 'ਚੋਂ ਸੀ ਗੁਲਾਬ ਕੌਰ ਭੂਆ...?"

"ਬਓਤਾ ਤਾਂ ਮੈਨੂੰ ਪਤਾ ਨਈਂ, ਓਦਾਂ ਸਾਰੇ ਅਮਰ ਸੂੰਹ ਦੀ ਭੈਣ ਕਹਿੰਦੇ ਸੀ ਓਹਨੂੰ। ਪੁਟਆਰੀਆਂ 'ਚੋਂ ਬੱਬਰ ਅਕਾਲੀ ਚਾਨਣ ਸੂੰਹ ਦੇ ਤਾਏ-ਚਾਚੇ ਅਮਰ ਸੂੰਹ ਦੀ ਭੈਣ। ਉਂ, ਉਦਾ ਆਪਣਾ ਪਿੰਡ ਸੁਨਾਮ ਵੰਨੀਂ ਸੀ ਜਖ਼ਪਲਾ, ਘਰ ਦੀ ਖਸਤਾ ਹਾਲਤ ਤੋਂ ਤੰਗ ਪਈ ਗੁਲਾਬ ਕੌਰ ਨਿਕਲੀ ਤਾਂ ਡਾਲਰ ਕਮਾਉਣ ਸੀ ਕਨੇਡਾ-ਅਮਰੀਕਾ ਪੁੱਜਕੇ, ਪਤੀ ਮਾਨ ਸਿੰਘ ਨਾਲ। ਪਰ ਅੱਗੇ ਜਾਣ ਦੀ ਸ਼ਰਤ ਪੂਰੀ ਕਰਨ ਲਈ ਰਾਹ 'ਚ ਮਨੀਲੇ ਰੁਕੀ ਦੇ ਉਸਦੇ ਕੰਨੀਂ ਪਏ ਗ਼ਦਰੀ ਬਾਬਿਆਂ ਦੇ ਸੁਨੇਹੇ ਨੇ ਉਸਦੀ ਜੀਵਨ-ਧਾਰਾ ਮੁੱਢੋਂ-ਸੁੱਢੋਂ ਹੀ ਬਦਲ ਦਿੱਤੀ। ਗ਼ਦਰ ਲਹਿਰ ਦੀ ਚਿਣਗ ਉਸਦੇ ਮਨ-ਮਸਤਕ ਅੰਦਰ ਜਗਦੀ ਲਾਟ ਵਾਂਗ ਮਘਦੀ ਹੋ ਗਈ। ਡਾਲਰ ਕਮਾਉਣ ਲਈ ਅੱਗੇ ਜਾਣ ਦੀ ਬਜਾਏ, ਪਤੀ ਮਾਨ ਸਿੰਘ ਤੋਂ ਬਾਗ਼ੀ ਹੋ ਕੇ ਪਹਿਲਾਂ ਉਹ ਜਲੰਧਰ ਲਾਗਲੇ ਪਿੰਡ ਸੰਘਵਾਲ ਆ ਪੁੱਜੀ, ਗ਼ਦਰੀ ਬੰਤਾ ਸਿੰਘ ਦੇ ਘਰ, ਪੇਕੇ ਵੰਨੀਂ ਦੇ ਗੁਆਂਢੀ ਦੌਲੇ ਸਿੰਘ ਆਲੀਏ ਜੀਵਨ ਸਿੰਘ ਦੀ ਮੂੰਹ-ਬੋਲੀ ਪਤਨੀ ਬਣ ਕੇ, ਫਿਰ ਤੁਆਡੇ ਪਿੰਡ ਆ ਟਿਕੀ ਅਮਰ ਸੂੰਹ ਦੇ ਘਰ।

ਤੀਰਥ ਰਾਮ ਮਾਸਟਰ ਪਾਸੋਂ ਕੱਤਣ-ਬੁਣਨ, ਗੁਜਰੀਆਂ-ਵਣਜਾਰਨਾਂ ਵਰਗੇ ਭੇਸ ਬਦਲ ਬਦਲ ਕੇ ਦੁਆਬੇ ਸਮੇਤ ਲਾਹੌਰ, ਅੰਮ੍ਰਿਤਸਰ, ਜਿਹਲਮ ਤਕ ਦੇ ਗ਼ਦਰੀ ਦਫਤਰਾਂ ਤਕ ਨਿਭਾਈ ਉਸਦੀ ਗੁਪਤਚਰ ਡਾਕ-ਸੇਵਾ ਦਾ ਵੇਰਵਾ ਸੁਣਦਾ ਬਿੰਦਰ ਇਕ ਵੱਖਰੀ ਤਰ੍ਹਾਂ ਦੇ ਸਾਹਸ ਨਾਲ ਭਰਦਾ ਗਿਆ। ਉਸ ਅੰਦਰਲੀ ਸਿੱਥਲਤਾ-ਨਿਰਾਸ਼ਾ ਕਣ-ਕਣ ਕਰਕੇ ਭੁਰਦੀ ਵੀ ਰਹੀ। ਪਰ, ਕਿਸੇ ਕਿਰਪਾਲ ਸਿੰਘ ਦੀ ਮੁਖ਼ਬਰੀ ਕਾਰਨ ਫੇਲ੍ਹ ਹੋਏ ਗ਼ਦਰ ਪਿੱਛੋਂ ਗੁਲਾਬ ਕੌਰ ਸਮੇਤ ਕਈ ਸਾਰੇ ਗ਼ਦਰੀਆਂ ਦੇ ਫੜੇ ਜਾਣ, ਬੈਂਤਾਂ-ਪਟਿਆਂ, ਕੋਹਲੂਆਂ-ਚੱਕੀਆਂ ਵਰਗੇ ਤਸੀਹੇ ਦੇ ਕੇ ਕਾਲ਼-ਕੋਠੜੀਆਂ ਵਿਚ ਸੁੱਟੇ ਜਾਣ ਦੀ ਵਾਰਤਾ ਸੁਣਦਾ ਉਹ ਸੁੰਨ ਜਿਹਾ ਹੁੰਦਾ ਗਿਆ। ਆਪਣੀ ਬੀਬੀ ਦੀ ਹਮਸ਼ਕਲ ਗੁਲਾਬ ਕੌਰ ਦੀ ਅਗਲੀ ਹੋਣੀ ਜਾਨਣ ਲਈ ਉਸ ਅੰਦਰਲੀ ਬੇਚੈਨੀ ਉਸਦੇ ਬੋਲਾਂ ਤਕ ਪੁੱਜ ਗਈ, "ਬੀਬੀ

ਵੀ ਜੇਲ੍ਹ ਅੰਦਰ ਡੱਕੀ ਗਈ ਸੀ , ਮਾਸਟਰ ਜੀਈ…?"

"ਹਾਂ, ਡੱਕ ਤਾਂ ਹੋ ਗਈ ਸੀ, ਪਰ ਕੇਸ ਕੋਈ ਨਹੀਂ ਸੀ ਬਣਿਆ ਉਸ 'ਤੇ। ਉਸਨੂੰ ਤਿੰਨੀਂ ਕੁ ਸਾਲੀਂ ਛੱਡ ਦਿੱਤਾ ਗਿਆ। ਰਿਹਾਅ ਹੋਣ ਪਿੱਛੋਂ ਕਈ ਵਰ੍ਹੇ ਤੁਆਡੇ ਪਿੰਡ ਰਹੀ, ਅਮਰ ਸੂੰਹ ਦੇ ਘਰ। ਏਥੇ ਹੀ ਉਸਨੇ ਆਖਰੀ ਸਾਹ ਲਏ ਸਨ, ਭਗਤ ਸਿੰਘ ਹੋਰਾਂ ਦੀ ਸ਼ਹਾਦਤ ਤੋਂ ਥੋੜ੍ਹਾ ਕੁ ਚਿਰ ਪਿੱਛੋਂ। … ਉਸਦੇ ਤੁਰ ਜਾਣ ਮਗਰੋਂ ਪੁਲੀਸ ਤਾਂ ਇੱਥੋਂ ਤਕ ਵੀ ਕਹਿੰਦੀ ਸੁਣੀ ਗਈ, ਕਿ ਜੇ ਉਹ ਮਰਦ ਹੁੰਦੀ ਤਾਂ ਉਸਨੂੰ ਫਾਂਸੀ ਤੋਂ ਕੋਈ ਨਹੀਂ ਸੀ ਬਚਾ ਸਕਦਾ।"

ਏਨਾ ਕੁ ਆਖ-ਸੁਣ ਕੇ ਉਹ ਦੋਨੋਂ ਨੀਵੀਂ ਪਾਈ ਚੁੱਪ-ਚਾਪ ਬੈਠੇ ਰਹੇ। ਆਪੋ-ਆਪਣੀ ਥਾਂ ਉਹ ਜਿਵੇਂ ਆਪਣੇ-ਆਪਣੇ ਪਾਣੀਆਂ 'ਚ ਉੱਤਰ ਗਏ ਸਨ। ਬਿੰਦਰ ਦੀ ਰੂਹ-ਜਾਨ, ਸੁਰਤੀ-ਬਿਰਤੀ ਸਾਹਮਣੇ ਪਈ ਗੁਲਾਬ ਕੌਰ ਦੀ ਤਸਵੀਰ ਨੇ ਮੱਲ ਲਈ ਸੀ ਤੇ ਤੀਰਥ ਰਾਮ ਮਾਸਟਰ ਗੁਲਾਬ ਕੌਰ ਸਮੇਤ ਸੈਂਕੜੇ ਗ਼ਦਰੀਆਂ-ਬੱਬਰਾਂ, ਯੋਧਿਆਂ-ਸੂਰਬੀਰਾਂ ਦੇ ਨਾਵਾਂ-ਕੰਮਾਂ ਦਾ ਮੁੱਲ ਵੱਟਦੇ ਦੇਸੀ-ਦਸੌਰੀ ਹਕੂਮਤੀਆਂ ਨੂੰ ਜਿਵੇਂ ਇਕ-ਵੱਢਿਓਂ ਕੋਸਦਾ ਰਿਹਾ ਸੀ। ਉਸ ਦਿਨ ਆਪਣੇ ਪਿੰਡ ਵੱਲ ਨੂੰ ਆਉਂਦੇ ਬਿੰਦਰ ਦੀ ਪੈੜ-ਚਾਲ ਕਦੀ ਪੱਕੇ ਰਾਹ ਤੁਰਦਿਆਂ ਵੀ ਡੋਲਦੀ-ਡੁਲ੍ਹਕਦੀ ਰਹੀ ਤੇ ਕਦੀ ਨੀਵੇਂ-ਉੱਚੇ ਵੱਟ-ਵੰਨਿਆਂ 'ਤੇ ਪੈਰ ਰਖਦਿਆਂ ਵੀ ਅਡੋਲ ਰਹੀ।

000

ਘਰ ਪੁੱਜ ਕੇ ਉਹ ਕਈ ਦਿਨ ਹੋਰ ਵੀ ਡਾਵਾਂ-ਡੋਲ ਹੋਇਆ ਰਿਹਾ। ਗਿਆ ਤੇ ਕਿਸੇ ਹੋਰ ਕੰਮ ਸੀ ਫਤਿਹਪੁਰ, ਲੋਕੇ ਲੰਬੜ ਹੱਥੋਂ ਹੋਈ ਹੇਠੀ ਤੋਂ ਸੁਰਖ਼ਰੂ ਹੋਣ ਲਈ। ਇਕ ਤਰ੍ਹਾਂ ਨਾਲ ਆਪਣੀ ਦਸਵੀਂ ਦੀ ਪੜ੍ਹਾਈ ਦੀ ਲਾਜ ਰੱਖਣ ਲਈ, ਪਰ ਤੀਰਥ ਰਾਮ ਮਾਸਟਰ ਦੇ ਘਰ ਦੇਖੇ ਚਿੱਤਰ ਨੇ ਉਸਦੀ ਪਹਿਲੀ ਪੜ੍ਹਾਈ-ਸਿੱਖਿਆ ਵੀ ਉਸਨੂੰ ਭੁੱਲਦੀ ਕਰ ਦਿੱਤੀ। ਉਸਦਾ ਸਾਰਾ ਵਜੂਦ ਗੁਲਾਬ ਕੌਰ ਗ਼ਦਰੀ ਦੇ ਚਿੱਤਰ ਨੇ ਮੱਲ ਲਿਆ। ਉਸਦੀ ਬੀਬੀ ਦੇ ਹਮਸ਼ਕਲ ਚਿੱਤਰ ਨੇ। ਹੁਣ ਨਾ ਉਸਨੂੰ ਲੋਕਾ ਲੰਬੜ ਯਾਦ ਰਿਹਾ ਸੀ, ਨਾ ਉਸਦੀ ਵੱਡੀ-ਛੋਟੀ ਕਰਮ।

ਗ਼ਦਰੀਆਂ-ਬੱਬਰਾਂ ਬਾਰੇ ਪਹਿਲੋਂ ਕਦੀ ਉਸਨੇ ਨਾ ਬਹੁਤਾ ਸੁਣਿਆ ਸੀ ਨਾ ਪੜ੍ਹਿਆ। ਉਸਦੀ ਸਕੂਲੀ ਪੜ੍ਹਾਈ 'ਚ ਵੀ ਐਹੋ ਜਿਹੀ ਕੋਈ ਕਥਾ-ਕਹਾਣੀ ਸ਼ਾਮਲ ਨਹੀਂ ਸੀ। ਕਿਸੇ ਸਕੂਲ ਅਧਿਆਪਕ ਨੇ ਕਦੀ ਇਵੇਂ ਦੀ ਚਰਚਾ ਨਹੀਂ ਸੀ ਛੇੜੀ ਜਮਾਤ 'ਚ। ਹਾਂ, ਕਦੇ ਕਦਾਈਂ ਤੀਰਥ ਰਾਮ ਮਾਸਟਰ ਜ਼ਰੂਰ ਇਹੋ ਜਿਹੇ ਅਣ-ਸੁਣੇ, ਅਣ-ਦੇਖੇ ਨਾਂ ਲਿਆ ਕਰਦੇ ਸਨ। ਉਹਨਾਂ ਵੱਲ ਵੀ ਬਿੰਦਰ ਨੇ ਕਦੀ ਧਿਆਨ ਨਹੀਂ ਸੀ ਦਿੱਤਾ। ਆਪਣੇ ਸਕੂਲੀ ਦਿਨਾਂ ਦੇ ਪ੍ਰਛਾਵੇਂ ਕੱਛਦਿਆਂ, ਉਸਨੂੰ ਇਕ ਵਾਰ ਕਿਸੇ ਵੱਡੇ ਬਾਬੇ ਦਾ ਨਾਂ ਸੁਣੇ ਹੋਣ ਦੀ ਯਾਦ ਜ਼ਰੂਰ ਆ ਗਈ। ਉਸ ਦਿਨ ਸਕੂਲ ਦਫਤਰ ਲਾਗਲੇ ਪੀਲਪਾਵੇ ਨਾਲ ਲਟਕਦੀ ਘੰਟੀ 'ਤੇ ਫਕੀਰੀਏ ਚੌਕੀਦਾਰ ਨੇ ਦੋ ਟੁੱਲੇ ਮਾਰਨ ਦੀ ਥਾਂ ਪੂਰੀ ਛੁੱਟੀ ਦੀ ਲੰਮੀ ਟਨਟਨ ਖੜਕਦੀ ਕਰ ਦਿੱਤੀ। ਸਾਰੀ ਜਮਾਤ ਸਮੇਤ ਉਹ ਵੀ ਖੁਸ਼-ਪ੍ਰਸੰਨ, ਉਸਨੂੰ ਵੀ ਖੇਲ੍ਹ-ਮਸਤੀ ਕਰ ਕੇ ਘਰ ਨੂੰ ਮੁੜ ਜਾਣ ਦਾ ਚਾਅ ਚੜ੍ਹ ਗਿਆ। ਕਈ ਘੰਟੀਆਂ ਬੈਠੇ ਰਹਿਣ ਦੀ ਬੰਦਸ਼, ਹਰ ਪਾੜ੍ਹੇ ਵਾਂਗ ਉਸਨੂੰ ਵੀ ਕੈਦ ਲੱਗਦੀ ਸੀ। ਰੌਲ਼ਾ-ਰੱਪਾ ਪਾਉਂਦੀ ਜਮਾਤ ਸਮੇਤ ਉਹ ਵੀ ਬਸਤਾ ਮੋਢੇ ਲਮਕਾਈ ਕਮਰਿਉਂ ਬਾਹਰ ਨਿਕਲ ਆਇਆ। ਪਰ ਅਗਲੀ ਘੰਟੀ ਲਾਉਣ ਆਏ ਹਿੰਦੀ ਮਾਸਟਰ ਨੇ ਸਭ ਨੂੰ ਪਾਲ਼ ਬਣਾ ਕੇ ਪ੍ਰਾਰਥਨਾ ਥੜ੍ਹੇ ਵੱਲ ਜਾਣ ਦਾ ਹੁਕਮ ਕਰ ਦਿੱਤਾ। ਉਸ ਸਮੇਤ ਹਰ ਕਿਸੇ ਨੂੰ ਚੜ੍ਹਿਆ ਚਾਅ ਰਫੂ-ਚੱਕਰ ਹੋ ਗਿਆ ਸੀ। ਇਕ ਦੂਜੇ ਵੱਲ ਨੂੰ ਦੇਖਦੇ ਉਹ ਸਾਰੇ ਜਣੇ ਆਪਣੀ ਜਮਾਤ ਵਾਲੀ ਥਾਂ 'ਤੇ ਪਾਲ਼ਾਂ ਬਣਾ ਕੇ ਜਾ ਬੈਠੇ ਸਨ।



ਉਸ ਦਿਨ ਪ੍ਰਾਰਥਨਾ ਥੜ੍ਹੇ ਤੋਂ ਤੀਰਥ ਰਾਮ ਮਾਸਟਰ ਦੀ ਬਜਾਏ ਸਰੂਪ ਸਿੰਘ ਹੈਡਮਾਸਟਰ ਨੇ ਲੰਮਾ ਭਾਸ਼ਨ ਕਰਦਿਆਂ ਇਸ ਵੱਡੇ ਬਾਬੇ ਦੇ ਗੁਜ਼ਰ ਜਾਣ ਦੀ ਖਬਰ ਅਫਸੋਸੀ ਸੁਰ ਵਿਚ ਸੁਣਾ ਕੇ ਛੁੱਟੀ ਕਰ ਦਿੱਤੀ ਸੀ ਸਾਰੇ ਸਕੂਲ ਨੂੰ। ਉਹ ਨਾਂ ਵੀ ਬਿੰਦਰ ਦੇ ਯਾਦ-ਚਿੱਤ ਨਹੀਂ ਸੀ ਆ ਰਿਹਾ।

000

ਦਿੱਲੀਉਂ ਖਾਲੀ ਹੱਥ ਪਰਤੇ ਬਿੰਦਰ ਨੂੰ ਕਈ ਚਿਰ ਆਪਣਾ ਆਪ ਹੀਣਾ-ਹੀਣਾ ਜਾਪਦਾ ਰਿਹਾ। ਸਵੇਰੇ ਸ਼ਾਮੀਂ ਮੂੰਹ-ਹਨੇਰੇ ਬਾਹਰ-ਅੰਦਰ ਘੁੰਮ-ਫਿਰ ਕੇ ਘਰ ਦੀ ਪਿਛਲੀ ਕੋਠੜੀ 'ਚ ਲੁਕਣ ਵਾਂਗ ਬੈਠਾ, ਉਹ ਕਈ ਦਿਨ ਕਿਸੇ ਦੇ ਮੂੰਹ-ਮੱਥੇ ਨਹੀਂ ਸੀ ਲੱਗਾ। ਘਰ ਰੋਟੀ-ਟੁੱਕ ਦੇ, ਬਾਹਰ ਘਾਹ-ਪੱਠੇ ਦੇ ਨਿੱਕੇ-ਮੋਟੇ ਕੰਮਾਂ 'ਚ ਰੁੱਝੀ, ਚੁੱਪ-ਚੁੱਪ ਰਹਿੰਦੀ ਬੀਬੀ ਸਾਹਮਣੇ ਵੀ ਉਸਦੀ ਅੱਖਾਂ ਚੁੱਕਣ ਦੀ ਹਿੰਮਤ ਨਹੀਂ ਸੀ ਹੋਈ। ਪਰ, ਲੋਕੇ ਲੰਬੜ ਨਾਲ ਅਚਨਚੇਤੀ ਹੋਈ ਮੁਲਾਕਾਤ ਨੇ ਜਿਵੇਂ ਉਸਨੂੰ ਅੰਦਰੋਂ-ਬਾਹਰੋਂ ਝੰਜੋੜ ਦਿੱਤਾ ਸੀ। ਤੀਰਥ ਰਾਮ ਮਾਸਟਰ ਨਾਲ ਹੋਈ ਬਾਤਚੀਤ ਤੋਂ ਉਸਨੂੰ ਆਪਣਾ ਆਪ ਹੋਰ ਵੀ ਪੈਰੀਂ ਹੋਇਆ ਜਾਪਿਆ। ਗ਼ਦਰੀਆਂ-ਬੱਬਰਾਂ ਬਾਰੇ ਹੋਰ ਜਾਨਣ ਦੀ ਲਲ੍ਹਕ, ਉਸਨੂੰ ਮੱਲੋਜ਼ੋਰੀ ਇਕ ਦਿਨ ਛਿੰਦੀ ਸਰਪੰਚ ਦੇ ਘਰ ਤਕ ਵੀ ਲੈ ਪੁੱਜੀ। ਐਧਰ-ਓਧਰ ਦੀ ਇਕ-ਅੱਧ ਕਰ-ਸੁਣ ਕੇ ਉਸਨੇ ਸਪਾਟ ਪੁੱਛ ਲਿਆ ਸੀ ਉਸਨੂੰ, " ਅਮਰ ਸੂੰਹ ਕਿਨ੍ਹਾਂ 'ਚੋਂ ਸੀ ਛਿੰਦੇ ਭਾਅ..?"

"ਅਮਰ ਸੂੰਹ…ਅਮ..ਰ ਸੂੰ…ਹ…, ਮੇਰੀਆਂ ਵੋਟਾਂ 'ਚ ਤਾਂ ਕਿਹੇ ਦੇ ਪੇਏ ਦਾ ਨਾਂ ਅਮਰ …ਸੂੰ ਹੈ ਨਈਂ…", ਕਿੰਨਾ ਹੀ ਚਿਰ ਊਂ…ਆਂ ਕਰਦੇ ਰਹੇ ਸਰਪੰਚ ਦੀ ਜਾਣਕਾਰੀ ਆਪਣੇ ਪੱਖ ਦੀ ਵੋਟ ਸੂਚੀ 'ਚੋਂ ਮਸਾਂ ਬਾਹਰ ਟੱਪੀ, "ਓਦਾਂ ਸੁਣਿਆਂ ਵੱਡੀ ਪੀੜ੍ਹੀ 'ਚੋਂ ਕਈ ਹੁੰਦੇ ਸੀ ਅਮਰ ਸੂੰਹ… ਹੁਣ ਪਤਾਅ ਨਹੀਂ ਤੂੰ ਕੇਹੜੀ ਗੱਲ ਕਰਦਾਂ…?"

"ਗੁਲਾਬ ਕੌਰ ਗ਼ਦਰੀ ਦਾ ਵੱਡਾ ਭਰਾਅ! ਸਕਾ ਤਾਂ ਨਈਂ, ਊਂ ਸਕਿਆਂ ਤੋਂ ਵੀ ਵੱਧ ਹੁੰਦਾ ਸੀ ਸੁਣਿਆਂ"।

"ਗੁਲਾਬ ਕੌਰ! ਏਹ ਗੁਲਾਬ ਕੌਰ ਕੌਣ ਹੋਈ..?" ਹੈਰਾਨ ਜਿਹਾ ਹੋਏ ਛਿੰਦੀ ਨੇ ਪੱਲਾ ਝਾੜ ਲਿਆ, "ਮੈਨੂੰ ਤਾਂ ਕੋਈ ਅਤਾ-ਪਤਾ ਨਈਂ ਏਨ੍ਹਾਂ ਦਾ । ਤੂੰ ਐਂ ਕਰ ਸਾਡੇ ਬਾਹਰਲੇ ਡੇਰੇ ਚਲਿਆ ਜਾ ਵੱਡੇ ਦਾਰ ਜੀ ਕੋਲ਼। ਉਹਨੂੰ ਪਤਆ ਹੋਣਾ। ਹੋਰ ਤਾਂ ਪੁਰਾਣੀ ਪੀੜ੍ਹੀ 'ਚੋਂ ਰਿਹਾ ਕੋਈ ਨਈਂ ਦੀਹਦਾ…"।

ਉਹਨੀਂ ਪੈਰੀਂ ਤੁਰਿਆ ਬਿੰਦਰ ਵੱਡੇ ਦਾਰ ਜੀ ਕੋਲ਼ ਸੀ। ਮੁਣਸ਼ਾ ਸੂੰਹ ਬੰਬੀ ਲਾਗਲੇ ਪੱਕੇ ਬਰਾਂਡੇ 'ਚ ਪਏ ਤਖਤਪੋਸ਼ 'ਤੇ ਪਸਰਿਆ ਪਿਆ ਸੀ ਕੱਛਾ-ਫਤੂਹੀ ਪਾਈ। ਬਿੰਦਰ ਦੇ ਮੂੰਹੋਂ ਅਮਰ ਸਿੰਘ ਦੇ ਨਾਂ ਨਾਲ ਜੁੜਿਆ ਸ਼ਬਦ ਗ਼ਦਰੀ ਸੁਣਕੇ ਉਸਨੇ ਸਿਰੇ ਦੀ ਕੌੜ ਮਹਿਸੂਸ ਕੀਤੀ। ਬਿੰਦਰ ਦੀ ਸਾਬ੍ਹ-ਸਲਾਮ ਦਾ ਉੱਤਰ ਦਿੱਤੇ ਬਿਨਾਂ ਹੀ ਉਸ ਅੰਦਰਲੀ ਕੁੜੱਤਣ ਬਾਹਰ ਆ ਗਈ, "ਆਹੋ ਹੁੰਦਾ ਸੀ ਲਹਿੰਦੀ ਪੱਤੀ ਆਲ਼ੇ ਨੰਗ ਜੱਟਾਂ 'ਚੋਂ ਅਮਰੂ-ਅਮਰੂ ਝੱਲਾ ਜਿਆ…।" ਹੱਥਾਂ-ਬਾਹਾਂ 'ਤੇ ਭਾਰ ਪਾਈ ਉੱਠ ਬੈਠੇ ਮੁਣਸ਼ਾ ਸਿੰਘ ਨੇ ਜ਼ੈਲਦਾਰ-ਚੌਕੜੀ ਮਾਰਦਿਆਂ ਬਾਕੀ ਗੁੱਭ-ਗੁਬਾਰ ਬਾਹਰ ਗੁਲੱਛ ਦਿੱਤਾ। "…ਕਿਹੇ ਬਾਹਰਲੇ ਮੁਲਕ ਗਿਆ, ਇਕ ਝੱਲ-ਵਲੱਲੀ ਜਿਹੀ, ਜਨਾਨੀ ਵੀ ਲੈ ਆਇਆ ਸੀ ਪਿੰਡ। ਅਖੇ ਅਹੀਂ ਬਾਅਰ ਕੱਢਣੇ ਆ ਗਰੇਜ਼ ਆਪਣੇ ਮੁਲਖ 'ਚੋਂ! ਬੰਦਾ ਪੁੱਛੇ ਬਈ ਤੁਹੀਂ ਦੋ ਕੁ ਜਣੇ ਕਿੰਨੇ ਕੁ ਕੰਢੇ ਭੋਰ ਲਉਗੇ ਐਡੀ ਵੱਡੀ ਹਕੂਮਤ ਦੇ! ਬੱਸ ਐਹੋ ਜਿਹੇ ਪੁੱਠੇ ਕੰਮੀਂ ਲੱਗੇ ਨੇ ਸਾਰੀ ਉਮਰ ਐਈਂ ਰੋੜ੍ਹ 'ਤੀ। …ਘਰ ਉਦੋਂ ਵੀ ਭੰਗ ਭੁੱਜਦੀ ਸੀ ਉਦ੍ਹੇ, ਹੁਣ ਵੀ ਉਹੋ ਹਾਲ ਈ…ਈ…ਦੀਹ…।" ਇਕ

ਟੱਕ ਬੋਲਦੇ ਗਏ ਮੁਣਸ਼ਾ ਸਿੰਘ ਦਾ ਅਗਲਾ ਸਾਹ ਥੋੜ੍ਹਾ ਕੁ ਉੱਖੜ ਗਿਆ। ਗ਼ਲ 'ਚ ਆ ਫਸਿਆ ਖੰਘਾਰ ਉਸਨੇ ਭਰਵਾਂ ਖੰਘੂਰਾ ਮਾਰ ਕੇ ਸਾਫ ਕਰ ਲਿਆ। ਫਤੂਹੀ ਦੀ ਅੰਦਰਲੀ ਜੇਬ 'ਚ ਹੱਥ ਪਾ ਕੇ ਮੋਮੀ ਕਾਗ਼ਜ਼ 'ਚ ਲਪੇਟੀ ਘਸਮੈਲ਼ੇ ਰੰਗ ਦੀ ਮੋਟੀ ਡ਼ਲੀ ਮਾਸਾ ਕੁ ਭਰ ਡੁੰਗ ਲਈ ਤੇ ਬੋਲਿਆ, "ਓਅਹ ਗੜਵੀ ਫੜਾਈਂ ਪਾਣੀ ਆਲ਼ੀ ਅੰਦਰੋਂ, ਤਰਪਾਈ ਤੋਂ...।"

ਚਲ਼੍ਹੇ ਦੀ ਮੌਣ 'ਤੇ ਬੈਠੇ ਬਿੰਦਰ ਨੇ ਉਸਦੇ ਹੁਕਮ ਦੀ ਪਾਲਣਾ ਕਰ ਕੇ ਮੁੜ ਬੈਠਣ ਦੀ ਲੋੜ ਨਾ ਸਮਝੀ। ਖੜ੍ਹੇ-ਖੜੋਤੇ ਦੇ ਉਸਦੇ ਕੰਨੀਂ ਜ਼ੈਲਦਾਰ ਦੀ ਥੋੜ੍ਹੀ ਕੁ ਲਮਕਵੀਂ ਆਵਾਜ਼ ਫਿਰ ਤੋਂ ਆ ਪਈ ਸੀ, "...ਕਿਉਂ ਤੈਨੂੰ ਕੀ ਲੋੜ ਪੈ ਗਈ ਉਦ੍ਹੀ... ਤੈਂ ਵੀ ਕੋਈ. ਗੁਰ...ਮੰ...ਤ...ਰ..."। ਪਾਣੀ ਦਾ ਘੁੱਟ ਭਰਦੇ ਮੁਣਸ਼ਾ ਸਿੰਘ ਦਾ ਅੱਧਾ-ਅਧੂਰਾ ਵਾਕ ਪੂਰੇ-ਸੂਰੇ ਅਰਥਾਂ ਸਮੇਤ ਬਿੰਦਰ ਤਕ ਅੱਪੜਦਾ ਹੋ ਗਿਆ ਸੀ। ਪਰ ਬਿੰਦਰ ਅੱਗੋਂ ਚੁੱਪ ਹੀ ਰਿਹਾ। ਉਸਦੀ ਸੁਰਤੀ-ਬਿਰਤੀ ਤਾਂ ਇਕੋ ਪਿੰਡ ਦੇ, ਇਕੋ ਤਰ੍ਹਾਂ ਦੇ ਕੰਮ-ਕਾਜੀ ਲੋਕਾਂ ਦੇ ਰਹਿਣ-ਸਹਿਣ, ਸੋਚਣ-ਵਿਚਰਨ ਵਿਚਲੇ ਪਹਾੜ ਜਿੱਡੇ ਖੱਪੇ ਨੇ ਮੱਲ ਲਈ ਸੀ। ਇਕ ਪਾਸੇ ਰੱਜੇ-ਪੁੱਜੇ ਟੱਬਰ ਦਾ ਠਾਠ-ਬਾਠ, ਦੂਜੇ ਪਾਸੇ ਮੁਲਕ ਖਾਤਰ ਦਰ-ਬਦਰ ਹੋਏ ਰਹੇ ਅਮਰ ਸਿੰਘ ਦੇ ਘਰ ਵਰਗਾ ਹੀ ਉਸਦਾ ਆਪਣਾ ਘਰ।... ਪਿੰਡ ਦੇ ਜੀਮੀਂਦਾਰ ਘਰਾਂ ਦੀ ਸੇਪੀ ਕਰਦੇ ਪਹਿਲਵਾਨੀ ਜੁੱਸੇ ਵਾ਼ਲੇ ਉਸਦੇ ਬਾਪ ਦੀ ਕਮਰ-ਹੱਡੀ ਲੱਕੜ ਦਾ ਪਹੀਆ ਚਾੜ੍ਹਦੇ ਗੱਡੇ ਦੀ ਮੋਹੜੀ ਖਿਸਕਣ ਕਾਰਨ ਫੜ੍ਹ ਹੇਠ ਫਸੀ ਮੁੜ ਤੇਸਾ-ਆਰੀ ਚਲਾਉਣ ਜੋਗੀ ਵੀ ਸੀ ਨਹੀਂ ਰਹੀ। ਆਪਣੇ ਹੁਨਰੀ ਹੱਥਾਂ ਨੂੰ ਝੂਰਦਾ ਨਸੀਬ ਸਿੰਘ ਪੰਜੀਂ ਕੁ ਸਾਲੀਂ ਅਗਲੇ ਪਾਸੇ ਤੁਰਦਾ ਹੋਇਆ। ਪਿੰਡ ਦੇ ਖੇਤਾਂ-ਬੰਨਿਆਂ ਤੋਂ ਘਾਹ-ਪੱਠਾ ਖੋਤਦੀ ਉਸਦੀ ਗੁਲਾਬ ਕੌਰ ਗ਼ਦਰੀ ਦੀ ਹਮਸ਼ਕਲ ਬੀਬੀ ਮੁਣਸ਼ਾ ਸਿੰਘ ਸਮੇਤ ਕਈਆਂ ਦੇ ਆਲਤੂ-ਫਾਲਤੂ ਨਹੋਰੇ ਸੁਣਕੇ ਵੀ ਬਿੰਦਰ ਨੂੰ ਸਕੂਲ ਭੇਜਣੋਂ ਨਹੀਂ ਸੀ ਰੁਕੀ।

ਮੁਣਸ਼ਾ ਸਿੰਘ ਦੇ ਡੇਰਿਉਂ ਘਰ ਵੱਲ ਨੂੰ ਮੁੜਦੇ ਬਿੰਦਰ ਨੂੰ ਤੀਰਥ ਰਾਮ ਮਾਸਟਰ ਦੇ ਵਿਦਾਇਗੀ ਸ਼ਬਦ ਮੁੜ ਤੋਂ ਯਾਦ ਆਏ, "...ਮੇਰੀ ਇਹ ਦਿਲੀ ਤਮੰਨਾ ਐ ਕਿ ਤੁਸੀਂ ਵੱਧ ਤੋਂ ਵੱਧ ਤਾਲੀਮ...।" ਵੱਧ ਤਾਂ ਕੀ ਉਹ ਤਾਂ ਥੋੜ੍ਹੀ ਕੁ ਜਿੰਨੀ ਵੀ ਹੋਰ ਪੜ੍ਹਾਈ ਨਹੀਂ ਸੀ ਕਰ ਸਕਿਆ, ਦਸਵੀਂ ਕਰ ਕੇ! ਦਿੱਲੀ ਪੁੱਜ ਕੇ ਟਾਈਪ ਸਿੱਖਣ ਦਾ ਬਣਿਆ ਵਸੀਲਾ ਵੀ ਉਸਦੀ ਮਾਮੀ ਨੇ ਖੋਹ-ਖਿੰਝ ਲਿਆ ਸੀ ਉਸਤੋਂ। ਉਸਦੇ ਘਰ ਦੀ ਉੱਜੜੀ-ਵਿੱਖਰੀ ਦਸ਼ਾ ਨੇ ਉਸਨੂੰ ਡਾਵਾਂ ਡੋਲ ਤਾਂ ਕੀਤੀ ਰੱਖਿਆ, ਤਾਂ ਵੀ ਉਹ ਆਪਣੀ ਢਿੱਲ-ਮੱਠ ਨੂੰ, ਡਰੂ ਜਿਹੇ ਦੱਬੂ ਜਿਹੇ ਆਚਾਰ-ਵਿਹਾਰ ਨੂੰ ਹੀ ਆਪਣੀ ਨਾਕਾਮੀ ਦਾ ਵੱਡਾ ਕਾਰਨ ਸਮਝਦਾ ਰਿਹਾ। ਉਹ ਰਤਨ, ਸੁੱਚੇ ਵਰਗਾ ਬਾਬੂ ਜਾਂ ਜੋਗਿੰਦਰ ਵਰਗਾ ਮੁਣਸ਼ੀ ਤਾਂ ਕੀ ਜਿੰਦੀ ਮਾਮੇ ਵਰਗਾ ਲੱਕੜ-ਮਿਸਤਰੀ ਬਣਨ ਦੀ ਲੀਹੇ ਵੀ ਨਹੀਂ ਸੀ ਚੜ੍ਹ ਸਕਿਆ।

ਡੇਰਿਉਂ ਘਰ ਪੁੱਜਦਿਆਂ-ਕਰਦਿਆਂ ਉਸਨੂੰ ਆਪਣੇ ਅੰਦਰਲੀ ਸਿਥਲਤਾ, ਆਪਣੀ ਢਿੱਲ-ਮੱਠ ਇਕ ਤਰ੍ਹਾਂ ਦੇ ਖਿਝ-ਗੁੱਸੇ 'ਚ ਬਦਲ ਗਈ ਲੱਗੀ। ਇਹ ਖਿਝ-ਗੁੱਸਾ ਸੀ ਜਾਂ ਕੋਈ ਹੋਰ ਤਰ੍ਹਾਂ ਦੀ ਹਲਚਲ, ਪੰਜਾਂ ਕੁ ਦਿਨਾਂ ਪਿੱਛੋਂ ਉਹ ਦੋ-ਸੜਕਾ ਚੌਂਕ ਵਿਚਲੀ ਗਿਆਨੀ ਦਯਾ ਸਿੰਘ ਦੀ ਟਰੈਕਟਰ ਵਰਕਸ਼ਾਪ 'ਚ ਸਿਖਿਆਰਥੀ ਮਕੈਨਿਕ ਵਜੋਂ ਹਾਜ਼ਰ ਸੀ।...ਉਸਦੀ ਟਰੈਕਟਰ ਦੇ ਹਿੱਸੇ-ਪੁਰਜ਼ੇ ਖੋਲ੍ਹਣ-ਬੰਨ੍ਹਣ ਦੀ ਲਗਨ-ਲਿਆਕਤ ਥੋੜ੍ਹੇ ਕੁ ਵਰ੍ਹਿਆਂ ਅੰਦਰ ਪਹਿਲੋਂ ਉਸਨੂੰ ਵੱਡੇ ਸ਼ਹਿਰ ਦੀ ਵੱਡੀ ਟਰੈਕਟਰ-ਕੰਪਣੀ ਦੀ ਵਰਕਸ਼ਾਪ ਤਕ ਲੈ ਗਈ ਤੇ ਫਿਰ...ਫਿਰ ਦੂਰ-ਪਾਰ ਇਕ ਬਾਹਰਲੇ ਮੁਲਕ ਦੀ ਮਾਲ-ਭਾੜਾ ਕੰਪਣੀ ਤਕ ਉਡਦਾ ਕਰ ਗਈ।

000

ਰੇਤ-ਟਿੱਬਿਆਂ ਸਮੇਤ ਉੱਚੀਆਂ-ਵੱਡੀਆਂ ਇਮਾਰਤਾਂ ਦੇ ਮਾਰੂਥਲ 'ਚ ਪੈਰ-



ਦਰ-ਪੈਰ ਘੁੰਮਦੇ-ਵਿਚਰਦੇ ਬਿੰਦਰ ਨੂੰ ਸਾਲ-ਦਰ-ਸਾਲ ਪਿਛਲਾ ਕਿੰਨਾ ਕੁਝ ਭੁੱਲਦਾ ਗਿਆ, ਤਾਰੇ ਫੌਜੀ ਦੀ ਦੁਸਤੀ ਚਲਾਕੀ, ਉਸਦੀ ਮਾਮੀ ਦਾ ਕੀਤਾ ਦੁਰ-ਵਿਹਾਰ ਵੀ ਉਸਨੂੰ ਆਮ ਕਰ ਕੇ ਯਾਦ ਨਹੀਂ ਸੀ ਰਿਹਾ। ਤੀਰਥ ਰਾਮ ਮਾਸਟਰ ਦੇ ਘਰ ਦੇਖਿਆ ਗੁਲਾਬ ਕੌਰ ਗ਼ਦਰੀ ਦਾ ਚਿੱਤਰ ਉਸਦੀ ਬੀਬੀ ਦਾ ਹਮਸ਼ਕਲ ਹੋਣ ਕਰਕੇ ਥੋੜ੍ਹਾ ਕੁ ਜਿੰਨਾ ਜ਼ਰੂਰ ਚੇਤੇ ਰਿਹਾ ਸੀ। ਪਰ ਛੁੱਟੀ ਆਏ ਨੇ ਆਪਣੇ ਸਭ ਤੋਂ ਚਹੇਤੇ ਮਾਸਟਰ ਤੀਰਥ ਰਾਮ ਨੂੰ ਮਿਲਣ ਦੀ ਹੁਣ ਉਸਨੇ ਕਦੀ ਉਚੇਚ ਨਹੀਂ ਸੀ ਕੀਤੀ।

ਹੁਣ ਉਸਦੇ ਸਾਹਮਣੇ ਰਿਆਲ ਸਨ ਜਾਂ ਦੀਨਾਰ। ਘਰ ਸੀ ਜਾਂ ਪਿੰਡ। ਪਿੰਡ ਦੇ ਗੁਰਦਵਾਰੇ ਨਾਲ ਪਿੱਠ-ਜੁੜਵੀਂ ਉਸਦੀ ਤਿੰਨ-ਮੰਜ਼ਲੀ ਕੋਠੀ। ਕੈਲੇ ਅਮਲੀ ਤੋਂ ਖਰੀਦੇ ਨਾਲ ਜੁੜਵੇਂ ਥਾਂ 'ਚ ਪੂਰੀ ਤਰਤੀਬ ਨਾਲ ਉਸਾਰੇ ਸੌਣ-ਕਮਰੇ, ਬੈਠਕਾਂ, ਰਸੋਈ ਘਰ, ਗੁਸਲਖਾਨੇ। ਜਿੰਨੇ ਕਮਰੇ ਓਨੇ ਰੰਗ-ਸ਼ੇਡ। ਹਰ ਵਾਰ ਛੁੱਟੀ ਆਇਆ ਉਹ ਇਹਨਾਂ ਨੂੰ ਨਵੇਂ ਸਿਰਿਉਂ ਰੰਗਦਾ-ਪੋਚਦਾ ਰਹਿ ਗਈ ਊਣ-ਕਾਣ ਦੀ ਕਾਣ-ਊਣ ਕੱਢਦਾ। ਇਹ ਊਣ-ਕਾਣ ਉਸ ਨਾਲੋਂ ਵੱਧ ਉਸਦੀ ਰੰਗ-ਰੰਗੀਲੀ ਪਤਨੀ ਨੂੰ ਅੱਖਰਦੀ ਹੁੰਦੀ।...ਦਲਬੀਰ ਦੇ ਵੱਡੇ ਸ਼ਹਿਰ ਲਾਗੇ ਦੇ ਪਿੰਡ-ਘਰ ਦਾ ਹੁਲੀਆ-ਖਾਕਾ ਬਦਲ ਹੋ ਕੇ ਸ਼ਹਿਰ-ਨੁਮਾ ਹੁੰਦਾ ਗਿਆ ਸੀ। ਦੋ ਨੰਬਰ 'ਚ ਅਮਰੀਕਾ ਗਏ ਉਸਦੇ ਬਾਪ ਨੇ ਵੀ ਪਿਛਲੇ ਜੀਆਂ ਨੂੰ ਕਿਸੇ ਗੱਲੋਂ ਪਿੱਛੇ ਨਹੀਂ ਸੀ ਰੱਖਿਆ। ਪਰ ਦੋਨੋਂ ਬੱਚੇ ਮਸਾਂ ਲੌਢੂਆਲ ਤਕ ਹੀ ਪੜ੍ਹ ਸਕੇ। ਮੁੰਡਾ... ਮੁੰਡਾ ਦਸਵੀਂ 'ਚੋਂ ਕਈ ਉਲਟਬਾਜ਼ੀਆਂ ਲਾ ਕੇ ਮਸਾਂ ਆਈ.ਟੀ.ਆਈ. ਕਰਨ ਜੋਗਾ ਹੋਇਆ, ਤੇ ਕੁੜੀ...ਵੱਡੀ ਕੁੜੀ ਦਲਬੀਰ ਪਿੰਡ ਦੇ ਹਾਈ ਸਕੂਲੋਂ ਨੌਵੀਂ 'ਚੋਂ ਹਟਾ ਕੇ ਘਰ ਬਿਠਾਈ ਨੂੰ ਮਾਂ ਨੇ ਬਦੇਸ਼ੀ ਲਾੜੇ ਬਿੰਦਰ ਨਾਲ ਤੋਰ ਦਿੱਤਾ ਸੀ।

ਸਹੁਰਾ ਘਰ ਦਲਬੀਰ ਲਈ ਹੋਰ ਵੀ ਖੁਲ੍ਹਾ-ਡੁਲ੍ਹਾ ਸੀ। ਘਰ ਕੱਲੀ-ਕਹਿਰੀ ਸੱਸ, ਉਹ ਵੀ ਅੱਖੋਂ-ਕੰਨੋਂ ਹੀਣੀ। ਨਾ ਕਿਸੇ ਦੀ ਹੀਲ ਨਾ ਹੁੱਜਤ। ਨਾ ਰੋਕ ਨਾ ਟੋਕ। ਜੇ ਵਿਚ-ਵਾਰ ਹੁੰਦੀ ਵੀ ਤਾਂ ਉਹ ਪ੍ਰਵਾਹ ਨਾ ਕਰਦੀ। ਪੁਰਾਣਾ ਘਰ ਢਾਅ ਕੇ ਨਵਾਂ ਬਣਾਉਣ ਦਾ ਉਸਦਾ ਸਲਾਹ ਵਰਗਾ ਹੁਕਮ ਵੀ ਝੱਟ ਮੰਨ ਲਿਆ ਗਿਆ। ਅਗਲੇ ਵਰ੍ਹੇ ਛੁੱਟੀ ਆਏ ਬਿੰਦਰ ਨੇ ਥੋੜ੍ਹਾ ਕੁ ਜਿੰਨਾ ਕੰਮ ਆਪ ਨਬੇੜ ਲਿਆ, ਬਾਕੀ ਦੀ ਉਸਾਰੀ ਉਸਨੇ ਦਲਬੀਰ ਨੂੰ ਸੌਂਪੀ ਰੱਖੀ। ਹਰ ਵਾਰ ਪਿੰਡ ਆਇਆ ਉਹ ਉਪਰ ਤੋਂ ਉਪਰਲੀ ਛੱਤ 'ਤੇ ਜਾ ਖਲੋਂਦਾ। ਉਸਦੀ ਪੜਤਾਲਵੀਂ ਨਿਗਾਹ ਮੁਣਸ਼ਾ ਸਿੰਘ ਦੇ ਡੇਰੇ ਤਕ ਉਸਰਦੀਆਂ-ਬਣਦੀਆਂ ਕੋਠੀਆਂ ਦਾ ਜਾਇਜ਼ਾ ਲੈਂਦੀ। ਹਰ ਵਾਰ ਪਿੰਡ ਦਾ ਆਪਣਾ ਪਾਸਾ ਤੇਜ਼-ਗਤੀ ਨਾਲ ਉਸਨੂੰ ਮਾਇਆ-ਨਗਰ ਦੇ ਨੈਣ-ਨਕਸ਼ 'ਚ ਤਬਦੀਲ ਹੁੰਦਾ ਜਾਪਦਾ। ਰੰਗ-ਬਰੰਗੇ ਗੇਟ, ਖੁਲ੍ਹੇ-ਮੋਕ਼ਲੇ ਵਿਹੜੇ, ਮੋਟਰਾਂ-ਗੱਡੀਆਂ, ਘਾਹਦਾਰ ਲਾਅਨ, ਆਰਾਮ-ਕੁਰਸੀਆਂ, ਝੂ਼ਲੇ-ਪੰਘੂੜੇ। ਜੀਨਾਂ-ਸ਼ਰਟਾਂ, ਬਾਰਾਂਮੂਲੇ ਪਾਈ ਆਪਣੀ ਆਪਣੀ ਕਾਹ਼ਲ 'ਚ ਘੁੰਮਦੀ ਪਿੰਡ ਦੀ ਨਵੀਂ ਪੀੜ੍ਹੀ। ਵੱਡੀ ਪੀੜ੍ਹੀ ਦੇ ਲੋਕ ਖਿਝਦੇ-ਕਲਪਦੇ। ਨੋਹਾਂ-ਧੀਆਂ ਨੂੰ ਘਰਾਂ ਦੀ ਮਰਯਾਦਾ 'ਚ ਰਹਿਣ ਦੀ ਸਲਾਹ ਦਿੰਦੇ, ਘੂਰਦੇ ਵੀ। ਪਰ ਉਹਨਾਂ ਦੇ ਆਖੇ-ਬੋਲੇ ਦਾ ਕਿਸੇ 'ਤੇ ਰਤੀ ਭਰ ਵੀ ਅਸਰ ਨਾ ਹੁੰਦਾ।

ਜੀਨ-ਸ਼ਰਟ ਪਾਈ ਸ਼ਰ੍ਹੇ ਆਮ ਬਾਰ੍ਹ-ਅੰਦਰ ਘੁੰਮਦੀ ਦਲਬੀਰ ਦੀ ਚਾਲ-ਢਾਲ, ਉਸਦਾ ਰੰਗ-ਢੰਗ ਘਰ ਦੇ ਹੁਲੀਏ ਵਾਂਗ ਨਾਲੋ ਨਾਲ ਬਦਲਦਾ ਗਿਆ ਦਿਸਦਾ ਸੀ ਬਿੰਦਰ-ਬੀਬੀ ਨੂੰ। ਉਸ ਅੰਦਰ ਭਰਦੀ ਗਈ ਅਜੀਬ ਕਿਸਮ ਦੀ ਤਲਖੀ ਬਿੰਦਰ ਦੇ ਵਾਪਸ ਮੁੜਨ 'ਤੇ ਬੀਬੀ ਉਪਰ ਆਕਾਸ਼ੀ ਬਿਜਲੀ ਵਾਂਗ ਡਿੱਗਣ ਲੱਗਦੀ। ਉਸਦੀ ਕੌੜੀ ਕੁਸੈਲੀ ਬੋਲ-ਬਾਣੀ ਤੋਂ ਬਚਣ ਲਈ ਬੀਬੀ ਕੋਲ ਇਕ ਸ਼ਰਨਗਾਹ ਸੀ- ਪੁਰਾਣੇ ਘਰ 'ਚੋਂ ਬਚੀ ਇਕੋ ਇਕ ਪੱਕੀ ਕੋਠੜੀ।

ਹੁਣ ਤਕ ਉਸਦੀ ਰੂਹ-ਜਾਨ ਨਾਲ ਰਚੀ-ਮਿਚੀ ਰਹੀ ਕੋਠੜੀ ਦੇ ਕੰਧਾਂ-ਕੌਲੇ, ਨਵੇਂ ਘਰ ਦੀ ਉਸਾਰੀ ਹੁੰਦਿਆਂ-ਕਰਦਿਆਂ ਕਾਫੀ ਸਾਰੇ ਕਿਰਨ-ਭੁਰਨ ਲੱਗ ਪਏ ਸਨ। ਕੜੀਆਂ-ਕਾਨਿਆਂ ਵਿਚੋਂ ਦੀ ਕਿਰਦਾ ਚਾਹਾ ਅੰਦਰ ਪਈ ਹਰ ਸ਼ੈਅ 'ਤੇ ਮਿੱਟੀ ਛਾਨਾ ਮਾਰਨ ਲੱਗ ਪਿਆ। ਪੁਰਾਣੇ ਘਰ ਦਾ ਲਕਾ-ਤੁਕਾ, ਨਵੇਂ ਦੀ ਟੁੱਟ-ਭੱਜ ਸਕਰੈਪ ਪੂਰੇ ਦੋ ਖਾਨੇ ਮੱਲੀ ਬੈਠੇ ਸਨ ਇਸਦੇ। ਇਸ ਅੰਦਰ ਰਾਤ-ਪੁਰ-ਦਿਨੇ ਡੇਰਾ ਜਮਾਈ ਬੈਠੀ ਸਿਲ੍ਹ-ਸਲ੍ਹਾਬ, ਮੱਛਰਾਂ-ਮੱਖੀਆਂ, ਕਿਰਲੀਆਂ-ਜਾਲ੍ਹਿਆਂ ਲਈ ਆਰਾਮਗਾਹ ਬਣਦੀ ਗਈ। ਬਚਦੇ ਇਕ ਖਾਨੇ 'ਚ ਡਿੱਠਾ ਮੰਜਾ-ਬਿਸਤਰਾ ਸੱਚਮੁਚ ਹੀ ਕਿਸੇ ਉਮਰ ਕੈਦੀ ਨੂੰ ਮਿਲੀ ਬਾ-ਮੁਸ਼ੱਕਤ ਕੈਦ ਦਾ ਅੱਡਾ-ਟਿਕਾਣਾ ਲੱਗਦਾ ਸੀ ਹੁਣ ਬੀਬੀ ਨੂੰ ਆਪ ਨੂੰ ਵੀ।

ਆਲੀਸ਼ਾਨ ਕੋਠੀ 'ਚ ਉਸ ਲਈ ਉਚੇਚ ਨਾਲ ਬਣੇ ਕਮਰੇ ਦਾ ਸੁਖ-ਆਰਾਮ ਬਿੰਦਰ ਦੇ ਵਾਪਸ ਜਾਣ ਪਿੱਛੋਂ ਮੁੜ ਕੋਠੜੀ ਦੇ ਕਾਲ-ਚੱਕਰ 'ਚ ਤਬਦੀਲ ਹੁੰਦਾ ਰਿਹਾ।

000

ਛੁੱਟੀ ਆਇਆ ਬਿੰਦਰ ਇਸ ਵਾਰ ਵੀ ਸਿੱਧਾ ਬੀਬੀ ਦੇ ਕੋਠੀ-ਕਮਰੇ ਅੰਦਰ ਗਿਆ। ਕਮਰਾ ਅੱਗੋਂ ਖਾਲੀ। ਅਗਲੇ ਹੀ ਪਲ ਉਹ ਕੋਠੜੀ ਅੰਦਰ ਸੀ। ਰਜਾਈ ਹੇਠ ਉਸਦੀ ਬੀਬੀ ਜਿਵੇਂ ਦੱਬੀ ਪਈ ਹੋਵੇ। ਝੱਟ ਉਸਨੇ ਕੰਨੀ ਸਰਕਾ ਕੇ ਉਸਦਾ ਮੂੰਹ ਨੰਗਾ ਕੀਤਾ। ਇਸ ਵਾਰ ਉਸਦਾ ਜਿਵੇਂ ਤਰਾਹ ਨਿਕਲ ਗਿਆ। ਸਾਹਮਣੇ ਉਸਦੀ ਬੀਬੀ ਸੀ ਜਾਂ ਤੀਰਥ ਰਾਮ ਦੀ ਬੈਠਕ 'ਚ ਕਈ ਵਰ੍ਹੇ ਪਹਿਲਾਂ ਦੇਖਿਆ ਚਿੱਤਰ। ਡੌਰ-ਭੌਰ ਹੋਏ ਨੂੰ ਉਸਨੂੰ ਝੱਟ ਦੇਣੀ ਕੋਈ ਸਮਝ ਨਾ ਲੱਗੀ। ਗੁਲਾਬ ਕੌਰ ਚਾਣਚੱਕ ਉਸਨੂੰ ਪਤਾ ਨਹੀਂ ਕਿਵੇਂ ਯਾਦ ਆ ਗਈ ਸੀ। ਬਾਹਰਲੇ ਮੁਲਕੀਂ ਘੁੰਮਦੇ, ਨਵੇਂ ਘਰ ਦੀ ਉਸਾਰੀ 'ਚ ਉਲਝੇ ਨੂੰ ਉਸਨੂੰ ਕਈ ਵਰ੍ਹੇ ਨਾ ਤੀਰਥ ਰਾਮ ਮਾਸਟਰ ਹੀ ਚੇਤੇ ਰਹੇ ਸਨ, ਨਾ ਗੁਲਾਬ ਕੌਰ ਗ਼ਦਰੀ ਦੀ ਕਥਾ-ਵਾਰਤਾ। ਪਲਾਂ ਛਿਨਾਂ ਅੰਦਰ ਹੀ ਉਹਨਾਂ ਦੋਨਾਂ ਦੇ ਰਹਿਣ-ਵਿਚਰਨ ਤੋਂ ਲੈ ਕੇ ਉਹਨਾਂ ਵੱਲੋਂ ਤੈਅ ਕੀਤੇ ਔਖੇ-ਭਾਰੇ ਪੰਧ ਉਸਦੀਆਂ ਅੱਖਾਂ ਅੱਗੇ ਵਿਛ ਗਏ। ਇਕ ਜਣੀ ਆਪਣੇ ਮੁਹਾਜ਼ 'ਤੇ ਲੜਦੀ ਦੂਰ ਤਕ ਪੁੱਜ ਕੇ ਕੈਦ ਹੋਈ ਸੀ, ਤੇ ਦੂਜੀ...ਦੂਜੀ ਦੇ ਪੈਰ ਉਸਦੇ ਘਰ 'ਚ ਹੀ ਜਕੜੇ ਰਹੇ ਸਨ।

ਪੁਰਾਣੇ ਘਰ 'ਚੋਂ ਬਚੀ ਜਰਜਰੀ ਜਿਹੀ ਕੋਠੜੀ 'ਚ ਮੁੜ ਤੋਂ ਆ ਟਿਕੀ ਬੀਬੀ ਨੂੰ ਕੁਝ ਵੀ ਕਹਿਣ-ਪੁੱਛਣ ਦੀ ਬਜਾਏ, ਉਸਨੇ ਦਲਬੀਰ ਨੂੰ ਕਸਵੀਂ ਜਿਹੀ ਆਵਾਜ਼ ਮਾਰੀ। ਉਸਦਾ ਬੈਗ-ਅਟੈਚੀ ਸਾਂਭਦੀ ਦਲਬੀਰ ਨੇ ਕੋਈ ਉੱਤਰ ਨਾ ਦਿੱਤਾ। ਬਿੰਦਰ ਨੇ ਆਪ ਹਿੰਮਤ ਕਰ ਕੇ ਪਹਿਲੋਂ ਬੀਬੀ ਨੂੰ ਮੰਜੇ 'ਤੇ ਬੈਠਦਾ ਕੀਤਾ। ਫਿਰ ਉਸਨੂੰ ਸਹਾਰਾ ਦੇ ਕੇ ਸਹਿਜ-ਕਦਮੀਂ ਤੋਰਦਾ ਉਸਦੇ ਕੋਠੀ-ਕਮਰੇ ਅੰਦਲ ਲੈ ਆਇਆ। ਅੰਦਰ ਪੁੱਜ ਕੇ ਉਹ ਦੋਨੋਂ ਇਕ-ਦੂਜੇ ਦੇ ਗਲ਼ ਲੱਗ ਕੇ ਖੁਸ਼-ਪ੍ਰਸੰਨ ਵੀ ਹੋਏ ਸਨ ਤੇ ਰੋਏ ਵੀ ਰੱਜਕੇ ਸਨ।

ਖਿਝੇ-ਖਪੇ ਬਿੰਦਰ ਨੇ ਉਸ ਦਿਨ ਵੀ ਦਲਬੀਰ ਦੀ ਵਾਹਵਾ ਝਾੜ-ਝੰਬ ਕੀਤੀ ਤੇ ਅਗਲੇ ਦਿਨ ਵੀ। ਪਰ ਦਲਬੀਰ ਉੱਤੇ ਰਤਾ ਮਾਸਾ ਵੀ ਅਸਰ ਨਹੀਂ ਸੀ ਹੋਇਆ ਲੱਗਾ ਉਸਨੂੰ। ਆਪਣੀ ਤਰ੍ਹਾਂ ਦੀ ਮਸਤੀ 'ਚ ਘੁੰਮਦੀ-ਵਿਚਰਦਿਆਂ ਸਗੋਂ ਉਸਨੇ ਬਿੰਦਰ ਨੂੰ ਇਕ ਅਜੀਬ ਕਿਸਮ ਦੇ ਧਰਮ-ਸੰਕਟ 'ਚ ਫਸਦਾ ਕਰ ਦਿੱਤਾ ਸੀ।...ਪਤਾ ਨਹੀਂ ਕਿੱਥੋਂ ਦੇਖੀ ਰੰਗ-ਤਰਤੀਬ ਉਸਨੇ ਆਪਣੇ ਘਰ ਤਕ ਵੀ ਪੁੱਜਦੀ ਕਰ ਲਈ। ਆਪਣੇ ਸੌਣ-ਕਮਰੇ ਦੀ ਸਾਹਮਣਲੀ ਪੂਰੀ ਕੰਧ 'ਤੇ ਕਿਸੇ ਰਸਾਲੇ 'ਚ ਛਪਿਆ ਇਕ ਫਾਹਸ਼ ਜਿਹਾ ਚਿੱਤਰ ਉੱਕਰਣ ਦਾ ਜਿਵੇਂ ਹੁਕਮ ਹੀ ਚਾੜ੍ਹ ਦਿੱਤਾ ਸੀ ਉਸਨੇ। ਬਿੰਦਰ ਹੈਰਾਨ ਪਰੇਸ਼ਾਨ! ਘਰ ਵਿਚ ਇਹੋ ਜਿਹਾ ਚਿੱਤਰ!! ਉਸਨੇ ਹੋਰ ਤਲਖ਼ ਹੁੰਦੇ ਨੇ ਪਤਨੀ ਨੂੰ ਕਸਵੀਂ ਜਿਹੀ ਝਿੜਕ ਵੀ ਮਾਰੀ,



"ਦਿਮਾਗ ਤਾਂ ਟਿਕਾਣੇ ਆ ਤੇਰਾ! ਆਇਆ-ਗਿਆ ਕੀ ਸੋਚੂ? ਬੀਬੀ ਕੀ ਕਹੂ?" ਅੱਗੋਂ ਪਤਨੀ ਜਿਵੇਂ ਪੂਰੀ ਤਰ੍ਹਾਂ ਬਿਫਰ ਗਈ ਹੋਵੇ, "ਆਇਆ-ਗਿਆ ਸੌਣ ਕਮਰੇ ਤਕ ਜਾਊ ਈ ਕਿਉਂ! ਹੋਰ ਥੋੜ੍ਹੀਆਂ ਥਾਵਾਂ ਬੈਠਣ ਉੱਠਣ ਨੂੰ। ਤੇ ਬੀਬੀ...ਤੇਰੀ ਬੀਬੀ, ਉਹਨੇ ਲੈਣ ਕੀ ਆਉਣਾ ਸਾਡੇ ਕਮਰੇ 'ਚ! ਆਪਣੀ ਘੁਰਨੀ 'ਚ ਨਈਂ ਟਿਕਿਆ ਜਾਂਦਾ ਉਹਤੋਂ...!!"

ਪਲ ਦੀ ਪਲ ਬਿੰਦਰ ਜਿਵੇਂ ਬੌਂਦਲ਼ ਹੀ ਗਿਆ।... ਪਹਿਲੋਂ ਉਹ ਇਉਂ ਕਦੀ ਨਹੀਂ ਸੀ ਬੋਲਦੀ ਸੁਣੀ ਉਸਨੇ। ਨਾ ਉਹ ਬੀਬੀ ਨੂੰ ਤੇਰੀ ਬੀਬੀ ਕਹਿ ਕੇ ਮੁਖਾਤਬ ਹੋਈ ਸੀ, ਨਾ ਕੋਠੜੀ ਨੂੰ ਉਸਦੀ ਘੁਰਨੀ। ਆਪ ਵੀ ਤਾਂ ਉਹ ਏਸੇ 'ਚ ਰਹਿੰਦੀ ਰਹੀ ਸੀ ਐਨਾ ਚਿਰ!

ਇਹ ਦੋਨੋਂ ਉਚਾਰਨ ਉਸਨੂੰ ਸੂਲ ਵਾਂਗ ਚੁਭੇ। ਤਾਂ ਵੀ ਉਹ ਇਕ ਦਮ ਅੱਗ-ਭਬੂਕਾ ਨਾ ਹੋਇਆ। ਕੋਈ ਉੱਚਾ-ਨੀਵਾਂ ਬੋਲ ਵੀ ਉਸਦੀ ਜੀਭ ਤਕ ਨਾ ਅੱਪੜਿਆ। ਸਗੋਂ ਨਮੋਸ਼ੀ ਭਰੀ ਚੁੱਪ ਹਾਵੀ ਹੋ ਗਈ ਸੀ ਉਸ ਉੱਤੇ। ਦਲਬੀਰ ਦੀ ਖਿਝ-ਕੁੜੱਤਣ, ਆਂਢ-ਗੁਆਂਢ ਦੀ ਆਪ-ਹੁਦਰੀ ਹਵਾ ਨਾਲੋਂ ਵੱਧ ਉਸ ਅੰਦਰਲੇ ਹੁੰਮਸ ਕਾਰਨ ਬਾਹਰ ਆਈ ਲੱਗੀ ਸੀ ਬਿੰਦਰ ਨੂੰ। ਉਹਦੀ ਖਾਲੀ ਰਹਿ ਗਈ ਕੁੱਖ ਕਾਰਨ। ਪਿਛਲੇ ਅੱਠ-ਦਸ ਸਾਲਾਂ 'ਚ ਉਸਨੇ ਕਈ ਸਾਰੇ ਉਪਾਅ ਕੀਤੇ ਸਨ। ਡਾਕਟਰੀ ਸਹਾਇਤਾ ਵੀ ਲਈ, ਮੜ੍ਹੀਂ-ਮਸਾਣੀਂ ਸੁੱਖਣਾ ਵੀ ਸੁੱਖੀਆਂ, ਪਰ ਕਿਸੇ ਪਾਸਿਉਂ ਧਰਵਾਸ ਨਹੀਂ ਸੀ ਬੱਝੀ। ਬੇ-ਆਸ ਹੋਏ ਬਿੰਦਰ ਨੂੰ ਵਿਚ-ਵਾਰ ਮਾੜੇ-ਭੈੜੇ ਸ਼ੱਕ-ਸ਼ੁਭੇ ਵੀ ਹੁੰਦੇ ਰਹੇ। ਇਹ ਨਾ ਕਦੀ ਉਭਾਸਰ ਕੇ ਦਲਬੀਰ ਤੋਂ ਪੁੱਛੇ, ਨਾ ਕਿਸੇ ਡਾਕਟਰਨੀ ਨੇ ਦੱਸੇ।

ਉਸਦੀ ਜ਼ਿੱਦ ਅੱਗੇ ਹਾਰਦੇ ਬਿੰਦਰ ਨੂੰ ਆਖਿਰ ਕੌੜਾ ਘੁੱਟ ਭਰਨਾ ਹੀ ਪਿਆ ਸੀ। ਇਕ ਦਿਨ ਦੁਪਹਿਰ ਵੇਲੇ ਜੇ-ਜੱਕ ਕਰਦਾ ਉਹ ਪਤਨੀ ਦੀ ਬੇਤੁਕੀ ਫ਼ੁਰਮਾਇਸ਼ ਲੈ ਕੇ ਤੀਰਥ ਰਾਮ ਮਾਸਟਰ ਦੀ ਸਰਦਲ 'ਤੇ ਹਾਜ਼ਰ ਸੀ। ਉਸਦੀ ਲਾਚਾਰਗੀ ਨੂੰ ਹੋਰ ਕੋਈ ਰਾਹ ਨਹੀਂ ਸੀ ਲੱਭਾ।

000

ਬਿੰਦਰ ਦੇ ਹੱਥਾਂ 'ਚ ਮੁਲਾਇਮ ਕਾਗ਼ਜ਼ੀ ਰੰਗ-ਰੰਗੀਨ ਰਸਾਲਾ ਦੇਖਕੇ ਤੀਰਥ ਰਾਮ ਮਾਸਟਰ ਨੂੰ ਹੈਰਾਨੀ ਤਾਂ ਹੋਈ, ਪਰ ਜ਼ਾਹਰ ਨਹੀਂ ਸੀ ਹੋਣ ਦਿੱਤੀ। ਹੱਥਲਾ ਕੰਮ ਰੋਕਦਿਆਂ, ਖੂੰਟੀ ਆਸਰੇ ਦੋ ਕੁ ਲਾਂਘਾਂ ਭਰ ਕੇ ਉਹ ਮੰਜੀ 'ਤੇ ਡਿੱਗਣ ਵਾਂਗ ਆ ਬੈਠੇ। ਹਲਕੇ ਕਰੀਮ ਰੰਗ ਦਾ ਸਫਾਰੀ ਸੂਟ ਰੰਗ-ਡੱਬਿਆਂ ਤੋਂ ਬਚਦਾ ਕਰਨ ਲਈ ਬਿੰਦਰ ਨੂੰ ਸਟੂਲ ਦੀ ਬਜਾਏ ਮੰਜੀ 'ਤੇ ਬੈਠਣਾ ਠੀਕ ਲੱਗਾ, ਪੰਡਤ ਤੀਰਥ ਰਾਮ ਦੀ ਪੁਆਂਦੀ। ਘਰ-ਪਰਿਵਾਰ ਦਾ ਰਸਮੀ ਹਾਲ-ਚਾਲ ਦੱਸਦੇ ਬਿੰਦਰ ਦੀ ਨਿਗਾਹ ਇਸ ਵਾਰ ਫਿਰ ਸਾਹਮਣਲੀ ਕੰਧ 'ਤੇ ਲਟਕਦੇ ਕਈ ਸਾਰੇ ਚਿੱਤਰਾਂ 'ਤੇ ਹੀ ਟਿਕੀ ਰਹੀ। ਇਕ-ਦੋ ਨੂੰ ਛੱਡਕੇ ਸਾਰੇ ਚਿੱਤਰ ਉਮਰਾਂ ਲੰਘੇ ਬਿਰਧ ਬਾਬਿਆਂ ਦੇ ਸਨ। ਉਹਨਾਂ ਵਿਚੋਂ ਇਕ ਦੀ ਪਿੱਠ ਕਮਾਨ ਦੀ ਅਰਧ-ਗੋਲਾਈ ਨਾਲੋਂ ਵੀ ਵੱਧ ਧਰਤੀ ਵੱਲ ਨੂੰ ਝੁਕੀ ਪਈ ਸੀ। ਗੱਡੇ ਦੇ ਭਾਰ ਹੇਠ ਫਸ ਕੇ ਦੋਹਰੀ ਹੋਈ ਬਿਲਕੁਲ ਉਸਦੇ ਬਾਪ ਨਸੀਬ ਸਿੰਘ ਦੀ ਕਮਰ ਵਰਗੀ। ਇਸ ਵੱਲ ਪਲ-ਦੋ-ਪਲ ਇਕ-ਟੱਕ ਦੇਖਦੇ ਬਿੰਦਰ ਨੂੰ ਜਿਵੇਂ ਆਪ-ਲਿਆਂਦੇ ਕੰਮ ਦੀ ਭੂਮਿਕਾ ਲੱਭ ਗਈ, "ਆਹ ਕੇਹੜੀ ਮੂਰਤ ਆ ਮਾਸਟਰ ਜੀ...?"

"ਏਅਹ...ਏਹ ਇਕ ਵੈਲੀ ਦੀ ਆ...ਬਿਗੜਿਉ ਮਝੈਲ ਜੱਟ ਦੀ...", ਇਉਂ ਆਖਦੇ ਤੀਰਥ ਰਾਮ ਮਾਸਟਰ ਦੇ ਬੁਲ੍ਹਾਂ 'ਤੇ ਸ਼ਰਾਰਤੀ ਮੁਸਕਾਣ ਸੀ।

"ਹੈਂਅ...ਲੱਗਦਾ ਤਾਂ ਹੈ ਨਹੀਂ ਬੁੱਢਾ ਬਾਬਾ ਐਹੋ ਜਿਆ...", ਬਿੰਦਰ ਮੂੰਹੋਂ ਨਿਕਲੇ ਬੋਲ ਉਸਦੇ ਅੰਦਰਲੀ ਮੁਸਕਰਾਹਟ ਨਾਲ ਮੇਲ ਨਹੀਂ ਸੀ ਖਾਂਦੇ। ਅੰਦਰੋਂ ਉਹ ਖੁਸ਼ ਸੀ, 'ਮਾਸਟਰ ਹੋਣੀ ਜੇ

ਏਹੋ ਜਿਹੇ ਵੈਲੀਆਂ ਦੀਆਂ ਮੂਰਤਾਂ ਬਣਾ ਸਕਦੇ ਆ... ਤਾਂ ਦਲਬੀਰ ਦੀ...।"

ਉਸਦੇ ਅੰਗਾਂ-ਪੈਰਾਂ ਦੀ ਹਿਲਜੁਲ ਤਾੜਦਿਆਂ ਤੀਰਥ ਰਾਮ ਮਾਸਟਰ ਨੇ ਇਕ ਦਮ ਸੁਰ ਬਦਲ ਲਈ, "ਠੀਅਕ ਬੁੱਝਿਆ ਤੈਂ ਬਿੰਦਰ ਸਿਆਂ। ਏਹ...ਏਹ ਰੱਜੇ-ਪੁੱਜੇ ਘਰ ਦਾ 'ਕੱਲਾ-ਕੈਰ੍ਹਾ ਮੁੰਡਾ ਕੁਰਾਹਾ ਛੱਡ ਕੇ ਜਦ ਸੇਹੀ ਰਾਹੇ ਆਇਆ ਤਾਂ ਹਕੂਮਤ ਹਿਲਾਤੀ ਸੀ ਏਨ੍ਹੇ, ਤੇ ਇਦ੍ਹੀ ਗ਼ਦਰ ਪਾਰਟੀ ਨੇ...।"

ਬਿੰਦਰ ਦਾ ਚਿਹਰਾ ਝੱਟ ਫਿੱਕਾ ਪੈ ਗਿਆ। ਗ਼ਦਰ ਸ਼ਬਦ ਨੇ ਉਸਨੂੰ ਅੰਦਰੋਂ-ਬਾਹਰੋਂ ਇਕਸਾਰ ਝੰਜੋੜ ਦਿੱਤਾ ਸੀ। ਉਸਦੇ ਚਤਰ-ਚੁਸਤ ਬੋਲ ਇਕ ਦਮ ਥਥਲਾ ਗਏ। "ਏਅਹ...ਏਹ ਬਾਬਾ ਜੀਈ ਵੀ... ਗੁਲਾਬ ਕੌਰ ਬੀਬੀ ਦੀ ਪਾਰਟੀ ਵਿਚੋਂ ਈ...?" ਗ਼ਦਰੀ ਗੁਲਾਬ ਕੌਰ ਦੀ ਸਾਰੀ ਕਥਾ ਉਸਦੇ ਵਜੂਦ 'ਤੇ ਮੁੜ ਤੋਂ ਆ ਲਿਪਟੀ ਸੀ।

"ਚੱਲ ਇਉਂ ਈ ਸਮਝ ਲਾ...ਪਰ ਸੱਚ ਏਹ ਐ ਕਿ ਬਾਬਾ ਜੀ ਤਾਂ ਅਮਰੀਕਾ 'ਚ ਬਣੀ ਗ਼ਦਰ ਪਾਰਟੀ ਦਾ ਮੁੱਢ ਸੀ ਮੁੱਢ। ਬਾਨੀ ਪ੍ਰਧਾਨ, ਬਾਬਾ ਸੋਹਣ ਸਿੰਘ ਭਕਨਾ। ਮੇਰੇ ਨਾਨਕੇ ਪਿੰਡ ਭਕਨਿਉਂ। ਗੁਲਾਬ ਕੌਰ ਤਾਂ ਪਿੱਛੋਂ ਰਲੀ ਮਨੀਲਿਉਂ ਏ੍ਹਦੇ ਅਸਰ ਰਸੂਖ ਨਾਲ। ਇਹ ਤਾਂ ਚਿਰ ਪਹਿਲਾਂ ਐਲਾਨੇ-ਜੰਗ ਕਰ ਆਇਆ ਸੀ ਅੰਗਰੇਜ਼ਾਂ ਖਿਲਾਫ, ਕਾਮਾਗਾਟਾ ਮਾਰੂ ਜਹਾਜ਼ 'ਚ ਵਾਪਸ ਮੁੜੇ ਯਾਤਰੂਆਂ ਨੂੰ ਹਥਿਆਰ ਪੁੱਜਦੇ ਕਰਨ ਲਈ।

ਅਮਰੀਕਾ ਮਨੀਲਾ ਨੂੰ ਛੱਡਕੇ, ਗ਼ਦਰ ਪਾਰਟੀ, ਬਾਨੀ ਪ੍ਰਧਾਨ, ਐਲਾਨੇ-ਜੰਗ, ਕਾਮਾਗਾਟਾ ਮਾਰੂ ਵਰਗੇ ਅਣਸੁਣੇ ਸ਼ਬਦ ਬਿੰਦਰ ਦੇ ਦਿਲ-ਦਿਮਾਗ਼ 'ਤੇ ਹਥੌੜੇ ਵਾਂਗੂੰ ਆ ਵੱਜੇ।

"ਏਹ ਕੀ ਗੱਲ ਹੋਈ ਮਾਸਟਰ ਜੀਈ!...ਕਿੱਥੇ ਰੋਜ਼ੀ-ਰੋਟੀ, ਕਿੱਥੇ ਐਲਾਨੇ-ਜੰਗ!! ਏਹ ਕਾਮਾਗਾਟਾ ਮਾਰੂ!?" ਬਿੰਦਰ ਦੀ ਦੁਬਿਧਾ ਸ਼ਬਦਾਂ ਦੀ ਔੜ 'ਚ ਘਿਰ ਗਈ ਸੀ।

"ਏਸ ਕਾਮਾਗਾਟਾ ਮਾਰੂ ਨੇ ਤਾਂ ਐਲਾਨੀ ਜੰਗ ਨੂੰ ਐਨ ਸਿਰੇ ਤਕ ਭਖਦਾ ਕੀਤਾ ਸੀ ਬਿੰਦਰ ਸਿਆਂ। ਕਨੇਡਾ ਪੁੱਜਣ ਦੀਆਂ ਸ਼ਰਤਾਂ ਪੂਰੀਆਂ ਕਰ ਕੇ ਹਾਂਗਕਾਂਗ ਤੋਂ ਗਏ ਇਸ ਜਹਾਜ਼ ਨੂੰ ਬੰਦਰਗਾਹ ਤਕ ਪੁੱਜਣ ਹੀ ਨਹੀਂ ਸੀ ਦਿੱਤਾ। ਇਸਦੇ ਭੁੱਖੇ-ਪਿਆਸੇ ਸਾਢੇ ਤਿੰਨ ਸੌ ਸਵਾਰਾਂ ਨੂੰ ਡੱਕੀ ਰੱਖ ਕੇ ਵਾਪਸ ਮੋੜ ਦਿੱਤਾ ਸੀ ਕਨੇਡਾ ਵਾਲਿਆਂ ਅੰਗਰੇਜ਼ਾਂ ਦੀ ਸ਼ਹਿ 'ਤੇ"।

ਭੁੱਖੇ-ਪਿਆਸੇ ਯਾਤਰੂਆਂ ਦੀ ਹੋਣੀ ਨੂੰ ਕਿਆਸਦੇ ਬਿੰਦਰ ਨੇ ਡੂੰਘਾ ਹਉਕਾ ਲਿਆ। ਉਸ ਨੂੰ ਆਪ ਲਿਆਂਦੀ ਫੁਰਮਾਇਸ਼ ਯਾਦ ਨਹੀਂ ਸੀ ਰਹੀ।

ਉਸਦੀ ਇਕਾਗਰਤਾ ਨੂੰ ਹੁੰਗਾਰਾ ਸਮਝਕੇ ਮਾਸਟਰ ਜੀ ਨੇ ਗ਼ਦਰੀ ਵਾਰਤਾ ਅੱਗੇ ਚਾਲੂ ਰੱਖੀ। "ਅਮਰੀਕਾ-ਕਨੇਡਾ ਦੇ ਗ਼ਦਰੀ ਤੰਗ ਤਾਂ ਪਹਿਲੋਂ ਹੀ ਸਨ, ਓਥੋਂ ਦੇ ਸਾਹ-ਘੁੱਟਵੇਂ ਹਾਲਾਤ ਤੋਂ। ਜੰਗਲ ਦੀ ਕਟਾਈ-ਚੀਰਾਈ ਵਰਗੇ ਔਖੇ-ਭਾਰੇ ਕੰਮ ਕਰਦਿਆਂ ਨੂੰ ਨਾ ਅਮਰੀਕੀ ਲੇਬਰ ਜਿੰਨਾ ਮਿਹਨਤਾਨਾ ਮਿਲਦਾ ਸੀ, ਨਾ ਮਾਣ-ਸਤਿਕਾਰ। ਹੋਰ ਤਾਂ ਹੋਰ, ਹੋਟਲਾਂ, ਚਾਹ-ਢਾਬਿਆਂ 'ਤੇ ਲਿਖੇ-ਛਪੇ 'ਕੁੱਤੇ', 'ਸਲੇਵ' ਵਰਗੇ ਨਫਰਤੀ ਸ਼ਬਦ ਵੀ ਪੜ੍ਹਨੇ-ਸੁਣਨੇ ਪੈਂਦੇ ਸੀ, ਭਾਰਤੀ ਲੋਕਾਂ ਨੂੰ"।

ਪਲ ਕੁ ਭਰ ਲਈ ਰੁਕ ਕੇ ਮਾਸਟਰ ਜੀ ਨੇ, ਭਕਨੇ ਬਾਬੇ ਨਾਲ ਹੋਈਆਂ-ਵਾਪਰੀਆਂ ਲਗਦੇ ਹੱਥ ਹੀ ਬਿੰਦਰ ਨੂੰ ਦੱਸਦੀਆਂ ਕਰ ਦਿੱਤੀਆਂ। --"ਉਥੇ ਰਹਿੰਦਿਆਂ ਇਵੇਂ ਦੀ ਦੁਰਕਾਰ ਬਾਬਾ ਜੀ ਨੂੰ ਦੋ ਵਾਰ ਝੱਲਣੀ ਪਈ ਸੀ। ਪਹਿਲੀ ਵਾਰ ਸੰਤ ਤੇਜਾ ਸਿੰਘ ਦੇ ਨਾਲ ਗਿਆਂ ਨੂੰ, ਅਮਰੀਕੀ ਹੋਟਲ ਨੇ ਇਹ ਕਹਿ ਕੇ ਉਹਨਾਂ ਨੂੰ ਖਾਣਾ ਨਹੀਂ ਸੀ ਦਿੱਤਾ ਕਿ ਭਾਰਤੀਆਂ ਲਈ ਉਸਦੇ ਦਰਵਾਜ਼ੇ ਬੰਦ ਸਨ। ਤੇ ਦੂਜੀ ਵਾਰ ਮੰਦਵਾੜੇ ਦਿਨੀਂ ਬਾਬਾ ਜੀ



ਤੇ ਉਹਨਾਂ ਦੇ ਮਿੱਤਰ ਕੇਹਰ ਸਿੰਘ ਲੱਕੜ ਦੇ ਇਕ ਕਾਰਖਾਨਾ ਮੈਨੇਜਰ ਪਾਸੋਂ ਕੰਮ ਦੀ ਭਾਲ ਕਰਨ ਪੁੱਜਿਆਂ ਨੂੰ ਬਰਦਾਸ਼ਤ ਕਰਨੀ ਪਈ ਸੀ। ਉਸ ਵੇਲੇ ਤਾਂ ਡਰੇ-ਸਹਿਮੇਂ ਉਹ ਦੋਨੋਂ ਗੁਨਾਹਗਾਰਾਂ ਵਾਂਗ ਮੂੰਹ ਲਟਕਾਈ ਖੜ੍ਹੇ ਰਹੇ ਸਨ, ਪਰ ਗੇਟੋਂ ਬਾਹਰ ਹੁੰਦਿਆਂ ਸਾਰ ਉਹਨਾਂ ਆਪਣਾ ਮੁਲਕ ਆਜ਼ਾਦ ਕਰਾਉਣ ਦੀ ਪੱਕੀ-ਠੱਕੀ ਕਸਮ ਖਾ ਲਈ।"

ਇਕ ਤਰ੍ਹਾਂ ਨਾਲ ਮੰਤਰ ਮੁਗਧ ਹੋਇਆ ਬੈਠਾ ਬਿੰਦਰ ਇਕ ਦਮ ਉੱਠ ਖੜੋਇਆ ਜਿਵੇਂ ਬਾਬਾ ਜੀ ਨੂੰ ਪਈ ਦੁਰਕਾਰ ਦਾ ਸੇਕ ਉਸ ਤਕ ਵੀ ਆ ਪੁੱਜਾ ਹੋਵੇ।

"ਕੀ ਗੱਲ ਹੋਈ ਥੱਕ ਗਿਆ? ਅਜੇ ਤਕ ਤਾਂ ਭਕਨੇ ਬਾਬੇ ਦੀ ਪੂਰੀ ਕਿਤਾਬ ਦਾ ਮਸਾਂ ਇਕ ਪੰਨਾ ਹੀ ਪੜ੍ਹਿਆ ਗਿਆ, ਤੂੰ..ਤੂੰ-ਹੁਣੇ ਈ-"। ਆਮ ਕਰ ਕੇ ਗਹਿਰ ਗੰਭੀਰ ਰਹਿੰਦੇ ਪੰਡਤ ਜੀ ਉਸ ਦਿਨ ਕਾਫੀ ਖੁਲ੍ਹੀ ਰੌਂਅ ਵਿਚ ਲੱਗੇ ਸੀ ਬਿੰਦਰ ਨੂੰ।

ਮਾੜੀ-ਪਤਲੀ ਹੂੰ-ਹਾਂ, ਨਈਂ-ਨਾ ਕਰਦੇ ਫਿਰ ਬੈਠਦੇ ਬਿੰਦਰ ਨੇ ਆਪਣਾ ਮੂੰਹ-ਚਿਹਰਾ ਚਿੱਤਰਾਂ ਵੱਲ ਨੂੰ ਹੋਰ ਵੀ ਘੁੰਮਦਾ ਕਰ ਲਿਆ। ਉਸਦੀ ਪ੍ਰਸ਼ਨ-ਚਿੰਨ੍ਹ ਬਣੀ ਨਿਗਾਹ ਬਾਬੇ ਦੀ ਦੋਹਰੀ ਹੋਈ ਪਿੱਠ 'ਤੇ ਸਿੱਧੀ ਟਿਕੀ ਰਹੀ। ਤੀਰਥ ਰਾਮ ਮਾਸਟਰ ਜੀ ਉਸਦੀ ਇਛਾ-ਮਨਸ਼ਾ ਜਾਚ ਗਏ, "ਏਹ ਤੇਰੇ ਆਜ਼ਾਦ ਮੁਲਕ ਦੀਆਂ ਮਿਹਰਬਾਨੀਆਂ, ਸੰਤਾਲੀ ਸੰਨ ਤੋਂ ਬਾਅਦ ਦੀਆਂ...। ਗੋਰੇ ਹਾਕਮਾਂ ਦੇ ਕਾਲ਼ੇ ਪਾਣੀ, ਕਾਲ਼-ਕੋਠੜੇ, ਜ਼ੁਲਮ-ਤਸੀਹੇ ਤਾਂ ਬਾਬਾ ਜੀ ਦੀ ਕਮਰ ਨੂੰ ਰਤੀ ਭਰ ਵੀ ਝੁਕਦਾ ਨਹੀਂ ਸੀ ਕਰ ਸਕੇ। ਪਰ ਦੇਸੀ-ਦਸੌਰੀ ਰਾਜਿਆਂ ਨੇ ਅੱਸੀ ਸਾਲਾ ਬਾਬੇ ਨੂੰ ਮੁੜ ਤੋਂ ਜੇਲ੍ਹ ਅੰਦਰ ਸੁੱਟ ਦਿੱਤਾ, ਅਠਤਾਲੀ ਸੰਨ 'ਚ। ਅਖੇ'ਬਾਹਰ ਏਹਤੋਂ ਖਤਰਾ'। ਜੇਲ੍ਹ ਵੀ ਉਹ ਜਿੱਥੇ ਨਾ ਕੋਈ ਕਿਤਾਬ ਨਾ ਅਖਬਾਰ। ਅੰਦਰਲੀ ਰੋਟੀ ਅੰਗਰੇਜ਼ਾਂ ਨਾਲੋਂ ਵੀ ਘਟੀਆ। ਜੇਲ੍ਹ ਅਧਿਕਾਰੀ ਨਿਰੇ ਈ ਰੰਘੜ। ਆਪਣੀ ਸਰਕਾਰ ਤੋਂ ਹਿਰਖੇ ਬਾਬਾ ਜੀ ਨੇ ਫਿਰ ਖਾਣਾ-ਪੀਣਾ ਬੰਦ ਕਰ ਦਿੱਤਾ। ਪਹਿਲਾਂ ਵੀ ਕਈ ਵਾਰ ਕੀਤੀਆਂ ਸੀ ਭੁੱਖ-ਹੜਤਾਲਾਂ ਜੇਲ੍ਹਾਂ 'ਚ। ਓਦੋਂ ਉਮਰ ਹੋਰ ਸੀ। ਹੁਣ ਅੱਸੀ ਸਾਲਾ ਸਰੀਰ ਮਹੀਨੇ ਭਰ ਦਾ ਫਾਕਾ ਬਰਦਾਸ਼ਤ ਨਾ ਕਰ ਸਕਿਆ। ਝੁਕਦੀ ਗਈ ਕਮਰ ਇਕ ਦਮ ਦੂਹਰੀ ਹੋ ਗਈ। ਰਿਹਾਅ ਹੋ ਕੇ ਬਾਬਾ ਜੀ ਹਾਸੇ-ਮਖੌਲ 'ਚ ਇਸ ਤੱਥ ਨੂੰ ਕੌਮੀ ਹਕੂਮਤ ਦੀ ਮੋਹਰ-ਛਾਪ ਆਖਿਆ ਕਰਦੇ ਸੀ।

ਭਕਨੇ ਬਾਬੇ ਦੀ ਵਾਰਤਾ ਸੁਣਦੇ-ਸਮਝਦੇ ਬਿੰਦਰ ਦੀ ਅੱਧ-ਪਚੱਧੀ ਸੁਰਤੀ ਆਪਣੇ ਘਰ-ਪਿੰਡ ਨਾਲ ਵੀ ਜੁੜੀ ਰਹੀ ਸੀ। ...ਆਸ-ਪਾਸ ਦੇ ਛਿੰਝ-ਘੋਲਾਂ 'ਚ ਹਿੱਸਾ ਲੈਂਦੇ ਉਸਦੇ ਬਾਪ ਨਸੀਬੇ ਭਲਵਾਨ ਦੀ ਕਿਧਰੇ ਪਿੱਠ ਲੱਗੀ ਹੋਵੇ, ਇਹ ਗੱਲ ਕਿਸ਼ੋਰ ਅਵਸਥਾ ਤਕ ਪੁੱਜਕੇ ਵੀ ਬਿੰਦਰ ਨੇ ਕਿਸੇ ਤੋਂ ਨਹੀਂ ਸੀ ਸੁਣੀ। ਭਲਵਾਨੀ ਗੇੜੀ ਘੁੰਮਦੇ ਨੂੰ ਮਿਲ਼ੇ ਧੇਲੇ-ਧੇਲਿਆਂ, ਦਮੜਿਆਂ-ਸਿੱਕਿਆਂ ਨੇ ਜੁਆਨੀ ਵੇਲ਼ੇ ਤਕ ਤਾਂ ਘਰ ਦਾ ਚੁਲ੍ਹਾ-ਚੌਂਕਾ ਮਾੜਾ-ਪਤਲਾ ਮਘਦਾ ਰੱਖਿਆ ਪਰ ਢਲਦੇ ਹੱਡਾਂ ਨੂੰ ਮੁੱਢਲੇ ਸ਼ੌਕ ਤਿਆਗ ਕੇ ਅੱਧੇ ਕੁ ਪਿੰਡ ਦੀ ਸੇਪੀ ਕਰਨੀ ਪਈ। ਜੀਮੀਂਦਾਰ ਘਰਾਂ ਤੋਂ ਮਿਲਦਾ ਦਾਣਾ-ਫੱਕਾ, ਉਸਦੀ ਬੀਬੀ ਦੇ ਸੰਜਮੀ ਹੱਥਾਂ 'ਚੋਂ ਲੰਘਦਾ ਅਗਲੀ ਫਸਲ ਤਕ ਜੁੜਿਆ ਰਹਿੰਦਾ। ਉਪਰਲੇ-ਹੇਠਲੇ ਖਰਚ ਉਹ ਦੁਧਾਰ ਡੰਗਰ ਰੱਖਕੇ ਆਪ ਤੋਰਦੀ ਰਹੀ।

ਸਕੂਲੋਂ ਆਇਆ ਬਿੰਦਰ ਉਸਦਾ ਥੋੜ੍ਹਾ-ਬਹੁਤ ਹੱਥ ਜ਼ਰੂਰ ਵਟਾਉਂਦਾ, ਪਰ ਬਹੁਤੀ ਖੇਚਲ ਉਸਨੂੰ ਆਪ ਨੂੰ ਹੀ ਕਰਨੀ ਪੈਂਦੀ। ਵਿਤੋਂ ਵੱਧ ਜਾਨ ਤੋੜਦੀ ਦਾ ਉਸਦਾ ਇਕਹਿਰਾ ਸਰੀਰ ਹੋਰ ਵੀ ਇਕਹਿਰਾ ਹੁੰਦਾ ਗਿਆ। ਫੜ੍ਹ ਹੇਠ ਆਏ ਪਤੀ 'ਤੇ ਡਿੱਗੇ ਭਾਰ ਨਾਲ, ਉਸਦਾ ਮੂੰਹ-ਮੱਥੇ ਲੱਗਦਾ ਮੂੰਹ-ਚਿਹਰਾ, ਦਿਨਾਂ ਅੰਦਰ ਹੀ ਗੁਲਾਬ ਕੌਰ ਬੀਬੀ ਦੇ ਮੂੰਹ-ਚਿਹਰੇ ਵਰਗਾ ਹੋ ਗਿਆ ਲੱਗਾ ਸੀ ਬਿੰਦਰ ਨੂੰ। ਚੰਗੇ-ਭਲੇ ਅੰਗ-ਪੈਰ ਊਣੇ-ਕਾਣੇ ਦਿਸਣ ਲੱਗੇ ਸਨ।

ਆਪਣੇ ਆਪ 'ਚ ਗੁੰਮ ਹੋਏ ਬਿੰਦਰ ਨੇ ਇਕ ਵਾਰ ਫਿਰ ਸਾਹਮਣੇ ਕੰਧ 'ਤੇ ਲਟਕਦੇ, ਸਾਰੇ ਚਿੱਤਰਾਂ 'ਤੇ ਸਰਸਰੀ ਨਿਗਾਹ ਘੁਮਾਈ। ਗੁਲਾਬ ਕੌਰ ਗ਼ਦਰੀ ਦਾ ਚਿੱਤਰ ਉਸਨੂੰ ਕਿਧਰੇ ਦਿਖਾਈ ਨਾ ਦਿੱਤਾ। ਆਪ-ਮੁਹਾਰੇ ਉਸਦੀ ਜਗਿਆਸਾ ਤੀਰਥ ਰਾਮ ਮਾਸਟਰ ਤਕ ਪੁੱਜਦੀ ਹੋ ਗਈ, "ਮਾਸਟਰ ਜੀਈ... ਬੀਬੀ ਜੀਈ...!?"

"ਕੌਣ, ਗੁਲਾਬ ਕੌਰ... ਉਹ ਤਾਂ ਗਈ...ਜਾ ਟਿਕੀ ਹੋਣੀ ਆ ਵੱਡੀ ਲਾਇਬਰੇਰੀ 'ਚ...!!"

ਧੁਰ ਅੰਦਰੋਂ ਆਪਣੀ ਬੀਬੀ ਨਾਲ ਜੁੜੇ ਬਿੰਦਰ ਨੂੰ ਲੱਗਾ ਜਿਵੇਂ ਮਾਸਟਰ ਜੀ ਨੇ ਕਿਹਾ ਹੈ'ਉਹ ਤਾਂ ਗਈ...ਜਾ ਪਈ ਹੋਣੀ ਆ ਆਪਣੀ ਘੁਰਨੀ 'ਚ...'।

ਉਸਨੂੰ ਹਰ ਹੀਲੇ ਕੋਠੜੀ ਦੀ ਸਿਲ੍ਹ-ਸਲ੍ਹਾਬ ਤੋਂ ਬਾਹਰ ਰੱਖਣ ਦੀ ਜ਼ਿਦ ਬਿੰਦਰ ਅੰਦਰੋਂ ਇਸ ਵਾਰ ਜ਼ੋਰਦਾਰ ਉਛਾਲ਼ ਵਾਂਗ ਉੱਠੀ। ਮੰਜੀ ਦੀ ਪੁਆਂਦੀ ਬੈਠਾ ਉਹ ਉੱਠ ਖੜ੍ਹਾ ਹੋਇਆ ਅਤੇ ਕਮਰਿਉਂ ਬਾਹਰ ਆ ਕੇ ਐਕਟਿਵਾ 'ਤੇ ਸਵਾਰ ਹੋ ਗਿਆ। ਦਲਬੀਰ ਦਾ ਫੁਰਮਾਇਸ਼ੀ ਚਿੱਤਰ, ਮੁਲਾਇਮ ਕਾਗ਼ਜ਼ੀ ਰਸਾਲੇ ਸਮੇਤ, ਰੰਗ ਬਰੰਗੇ ਧੱਬਿਆਂ ਉੱਤੇ ਟਿਕਿਆ ਸਟੂਲ 'ਤੇ ਪਿਆ ਰਿਹਾ।

ਘਰ ਪੁੱਜੇ ਨੂੰ ਬੀਬੀ ਉਸਨੂੰ ਕੋਠੀ ਦੇ ਕਿਸੇ ਵੀ ਕਮਰੇ ਵਿਚ ਨਾ ਦਿਸੀ, ਰਸੋਈ ਵੱਲ ਵੀ ਨਾ। ਉਸ ਅੰਦਰ ਬਚੀ-ਖੁਚੀ ਸਹਿਜਤਾ ਸਾਰੀ ਦੀ ਸਾਰੀ ਗ਼ਾਇਬ ਹੋ ਗਈ। ਅੱਛਾ-ਖਾਸਾ ਤਲਖ਼ ਹੁੰਦੇ ਨੇ ਉਸਨੇ ਦਲਬੀਰ ਹੱਥੋਂ ਰੀਮੋਟ ਖੋਹ ਕੇ ਐੱਲ.ਸੀ.ਡੀ. ਬੰਦ ਕਰ ਦਿੱਤਾ। ਪੂਰੀ ਕੜਕਵੀਂ ਆਵਾਜ਼ 'ਚ ਉਸਨੇ ਦਲਬੀਰ ਤੋਂ ਪੁੱਛਿਆ.."ਬੀਬੀ ਕਿੱਥੇ ਐ...?"

"ਮੈਨੂੰ ਕੀ ਪਤਆ, ਹੋਣੀ ਆਂ ਆਪਣੇ ਕੋਠੇ 'ਚ...!!" ਦਲਬੀਰ ਦਾ ਉੱਤਰ ਪਹਿਲਿਆਂ ਨਾਲ਼ੋਂ ਵੀ ਰੁੱਖਾ ਸੀ।

"ਜਾਅਹ ਜਾ ਕੇ ਲਿਆ ਉਸਨੂੰ ਓਥੋਂ, ਹੁਣੇ ਈ...ਉੱਠ ਪਾ ਨਈਂ ਤਾਂ...।"

ਦਲਬੀਰ ਨੇ ਬਿੰਦਰ ਦਾ ਇਹ ਰੂਪ ਪਹਿਲੋਂ ਕਦੀ ਨਈਂ ਸੀ ਦੇਖਿਆ। ਡਰੀ-ਸਹਿਮੀ ਦਲਬੀਰ ਨੂੰ ਉਸਦੇ ਹੁਕਮ ਦੀ ਪਾਲਣਾ ਝੱਟ-ਪਟ ਕਰਨੀ ਪਈ ਸੀ। ਉਸਦੀ ਵਿੰਗੀ-ਚਿੱਬੀ ਬੀਬੀ ਮੁੜ ਉਸਦੇ ਸੌਣ-ਕਮਰੇ ਦੇ ਨਾਲ ਲੱਗਦੇ ਛੋਟੇ ਕਮਰੇ ਅੰਦਰ ਸੀ, ਮੰਜੇ-ਬਿਸਤਰੇ ਸਮੇਤ।

ਉਸ ਰਾਤ ਦਲਬੀਰ ਨੇ ਬਿੰਦਰ ਨੂੰ ਕਿਸੇ ਵੀ ਤਰ੍ਹਾਂ ਦੇ ਕੰਧ-ਚਿੱਤਰ ਦੀ ਫੁਰਮਾਇਸ਼ ਨਹੀਂ ਸੀ ਕੀਤੀ। ਨਾ ਹੀ ਉਸਤੋਂ ਪਿੱਛੋਂ ਕਦੀ।

ਬਿੰਦਰ ਨੂੰ ਲੱਗਾ ਉਸ ਨੇ ਵੀ ਆਪਣੀ ਜਨਮ-ਦਾਤੀ ਮਾਂ ਨੂੰ ਇਸ ਕਾਲ-ਕੋਠੜੀ ਵਰਗੀ ਪੁਰਾਣੀ-ਕੋਠੜੀ ਵਿਚੋਂ ਆਜ਼ਾਦ ਕਰ ਲਿਆ ਹੈ।

ਅਗਲੇ ਤੋਂ ਅਗਲੇ ਦਿਨ ਉਹ ਫਿਰ ਤੀਰਥ ਰਾਮ ਮਾਸਟਰ ਦੇ ਕਮਰੇ 'ਚ ਸੀ-ਗ਼ਦਰੀ ਗੁਲਾਬ ਕੌਰ ਦਾ ਚਿੱਤਰ, ਬੀਬੀ ਦੇ ਕਮਰੇ ਦੀ ਇਕ ਕੰਧ 'ਤੇ, ਅਤੇ ਭਕਨੇ ਬਾਬੇ ਦਾ ਚਿੱਤਰ ਦੂਜੀ ਕੰਧ 'ਤੇ ਉੱਕਰਦਾ ਕਰਨ ਦੀ ਫੁਰਮਾਇਸ਼ ਲੈ ਕੇ।□□

[ਨੇੜੇ ਐੱਸ. ਡੀ. ਐੱਮ. ਦਫਤਰ, ਜੀ. ਟੀ. ਰੋਡ, ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ]



## ਟੂਕ: ਕਹਾਣੀ: ਜ਼ੋਰਾ ਸਿੰਘ ਸੰਧੂ

ਮੈਂ ਅਮਰਜੀਤ, ਅਲਬੇਲ ਨਾਲ ਵਿਆਹੀ ਇਹਨਾਂ ਦੇ ਘਰ ਦਾਨੇਆਲ਼ ਆਈ ਤਾਂ ਮੈਨੂੰ ਬਹੁਤ ਚੰਗਾ ਲੱਗਾ। ਇਹਨਾਂ ਦਾ ਘਰ ਸਾਡੇ ਘਰ ਨਾਲੋਂ ਸੋਹਣਾ ਸੀ। ਹੁਣ ਤਾਂ ਘਰ ਕੋਠੀ ਬਣ ਗਿਆ ਹੈ। ਘਰ ਵਿਚ ਖੁਸ਼ੀ ਸੀ, ਰੌਣਕ ਸੀ। ਬਾਈ ਦੀਆਂ ਧੀਆਂ ਛੇਵੀਂ ਸੱਤਵੀਂ ਵਿਚ ਪੜ੍ਹਦੀਆਂ ਸਨ। ਦੋਵੇਂ ਮੁੰਡੇ ਸਕੂਲ ਜਾਂਦੇ ਸਨ ਪਰ ਸਨ ਪਹਿਲੀ ਦੂਜੀ ਵਿਚ ਹੀ। ਕੁੜੀਆਂ ਮੁੰਡਿਆਂ ਦੇ ਜਨਮ ਵਿਚ ਏਨਾ ਅੰਤਰ ਸੀ ਕਿ ਤੀਜਾ ਬੱਚਾ ਪੈਦਾ ਕਰਨ ਦੀ ਸੰਕੋਚ ਸੀ ਜਾਂ ਭਾਬੀ ਦੇ ਸਰੀਰ ਵਿਚ ਹੀ ਕੋਈ ਨੁਕਸ ਪੈ ਗਿਆ ਸੀ? ਪਿੱਛੋਂ ਮੈਨੂੰ ਪਤਾ ਲੱਗਾ ਕਿ ਮੇਰੇ ਦੋਵੇਂ ਅੰਦਾਜ਼ੇ ਹੀ ਗ਼ਲਤ ਸਨ। ਡਾਕਟਰਾਂ ਦਾ ਮਸ਼ਵਰਾ ਲੈ ਲਿਆ ਗਿਆ ਸੀ। ਕੋਈ ਨੁਕਸ ਨਹੀਂ ਸੀ ਨਿਕਲਿਆ। ਫਿਰ ਉਮੀਦਵਾਰੀ ਹੋਈ, ਕਾਕਾ ਆ ਗਿਆ। ਖੁਸ਼ੀ ਮਨਾਈ ਜਾਣੀ ਸੁਭਾਵਕ ਸੀ। ਪਿੰਡ ਦੇ ਹੈਲਥ ਸੈਂਟਰ ਤੋਂ ਭਾਬੀ ਨੇ ਸੁਰੱਖਿਆ ਪ੍ਰਬੰਧ ਕਰਵਾ ਲਿਆ ਕਿ ਹੋਰ ਬੱਚਾ ਉਹਨਾਂ ਨੂੰ ਹੁਣ ਨਹੀਂ ਸੀ ਚਾਹੀਦਾ। ਚੌਥਾ ਬੱਚਾ ਵੀ ਆ ਗਿਆ, ਕਿਤੇ ਕੁਤਾਹੀ ਹੋ ਗਈ ਸੀ।

ਮੇਰੇ ਮਾਪਿਆਂ ਨਾਲੋਂ ਇਹਨਾਂ ਦੀ ਮਾਲੀ ਹਾਲਤ ਚੰਗੀ ਸੀ। ਸਪਸ਼ਟ ਹੈ, ਇਹ ਇਸ ਕਰਕੇ ਸੀ ਕਿ ਤਿੰਨੇ ਪਿਉ ਪੁੱਤ ਕੰਮ ਦੇ ਪਿਆਰੇ ਸਨ। ਇਹਨਾਂ ਨੂੰ ਇਕੋ ਇਕ ਚੰਗਾ ਖਾਣ ਦਾ ਵੈਲ ਸੀ। ਤਿੰਨੇ ਜਣੇ, ਪਿਉ ਪੁੱਤ ਨਹੀਂ, ਅਗਾੜੀ ਪਿਛਾੜੀ ਦੇ ਭਰਾ ਲਗਦੇ ਸਨ। ਘਰ ਤੇ ਘਰੋਂ ਖੇਤ, ਗੁਆਂਢੀਆਂ ਦੇ ਬੂਹੇ ਵੀ ਇਹ ਕਦੇ ਵੜਦੇ ਨਹੀਂ ਸਨ ਵੇਖੇ ਗਏ।

ਬਾਪੂ ਜੀ ਨਾਲ ਝਿਜਕਦਿਆਂ ਹੋਇਆਂ ਮੇਰੇ ਬਾਪ ਨੇ ਰਿਸ਼ਤੇ ਬਾਰੇ ਗੱਲ ਨਹੀਂ ਸੀ ਤੋਰੀ। ਉਹਨੂੰ ਇਹਨਾਂ ਦਾ ਘਰ ਤੇ ਮੁੰਡਾ ਬਹੁਤ ਹੀ ਪਸੰਦ ਸੀ। ਉਹਦੀ ਝਿਜਕ ਇਹਨਾਂ ਦੀ ਮੰਗ ਪੂਰੀ ਨਾ ਕਰ ਸਕਣ ਬਾਰੇ ਸੀ। ਕਦੇ ਉਹ ਦਰਸ਼ਨੀ ਜੁਆਨ ਸੀ। ਸਿਆਣਾ ਤੇ ਲੋੜ ਨਾਲੋਂ ਬਹੁਤਾ ਚੰਗਾ। ਗੁਆਂਢੀਆਂ ਦੀ ਲੜਾਈ ਦੀ ਫੇਟ ਵਿਚ ਆ ਗਿਆ। ਆਖਦੇ ਹਨ, ਲੜਦਿਆਂ ਨੂੰ ਛੁਡਾਉਣ ਵਾਲ਼ਿਆਂ ਦੇ ਬਹੁਤੀਆਂ ਪੈਂਦੀਆਂ ਹਨ। ਗੁਆਂਢੀਆਂ ਦੀ ਲੜਾਈ ਨੇ ਤਾਂ ਮੇਰੇ ਬਾਪ ਨੂੰ ਅਪਾਹਜ ਹੀ ਕਰ ਕੇ ਰੱਖ ਦਿੱਤਾ ਸੀ। ਇਕ ਲੱਤੋਂ ਤੇ ਬਾਹੋਂ ਉਹ ਆਰ੍ਹੀ ਹੋ ਕੇ ਰਹਿ ਗਿਆ ਸੀ। ਖੇਤੀ ਕਰਨ ਦੇ ਉਹ ਯੋਗ ਨਹੀਂ ਸੀ ਰਿਹਾ। ਪੰਜ ਛੀ ਏਕੜ ਦੇ ਹਿੱਸੇ ਠੇਕੇ ਨਾਲ ਰੋਟੀ ਮਸਾਂ ਚਲਦੀ ਸੀ। ਅਜੇ ਸ਼ੁਕਰ ਇਹ ਸੀ ਕਿ ਪਰਿਵਾਰ ਛੋਟਾ ਸੀ। ਦੋ ਹੀ ਤਾਂ ਅਸੀਂ ਭੈਣ ਭਰਾ ਹਾਂ। ਮੈਂ ਪੰਜਵੀਂ ਵਿਚ ਪੜ੍ਹਦੀ ਸਾਂ। ਭਰਾ ਉਦੋਂ ਦੂਜੀ ਤੀਜੀ ਵਿਚ ਸੀ। ਮੈਨੂੰ ਯਾਦ ਹੈ, ਛੇਵੀਂ ਵਿਚ ਮੈਨੂੰ ਦਾਖਲ ਕਰਾਉਣ ਸਮੇਂ ਸਮੱਸਿਆ ਬਣੀ ਹੋਈ ਸੀ। ਛੇਵੀਂ ਦੇ ਦਾਖਲੇ ਸਮੇਂ ਖਰਚੇ ਦੀ ਸਮੱਸਿਆ ਨਹੀਂ ਸੀ। ਮੇਰੇ ਬਾਪ ਦੀ ਸਮੱਸਿਆ ਤਾਂ ਇਹ ਸੀ ਕਿ ਉਹ ਵੱਡੀਆਂ ਸ਼੍ਰੇਣੀਆਂ ਦੇ ਖਰਚੇ ਨੂੰ ਕਿਵੇਂ ਪੂਰਾ ਕਰੇਗਾ। ਢੋਅ-ਮੇਲ ਬਣ ਗਿਆ।

ਸਾਡੇ ਗੁਆਂਢ ਵਿਚ ਹੀ ਵੱਡੇ ਸਕੂਲ ਦੀ ਅਧਿਆਪਕ ਰਹਿੰਦੀ ਸੀ। ਉਹਦੇ ਦੋਵੇਂ ਬੱਚੇ, ਇਕ ਮੁੰਡਾ ਇਕ ਕੁੜੀ ਤਾਂ ਹੁਣ ਸਕੂਲ ਜਾਣ ਲੱਗ ਪਏ ਸਨ। ਬੁੱਢੀ ਸੱਸ ਕੰਮ-ਕਾਜ ਜੋਗੀ ਨਹੀਂ ਸੀ, ਪਰ ਆਪਣੀ ਕਾਇਆ ਸਾਂਭਣ ਜੋਗੀ ਅਜੇ ਉਹ ਸੀ। ਮੈਂ ਕਦੇ ਕਦੇ ਉਹਨਾਂ ਦੇ ਘਰ ਜਾ ਆਇਆ ਕਰਦੀ ਸਾਂ। ਉਸ ਘਰ ਦੇ ਚਾਰਾਂ ਹੀ ਜੀਆਂ ਨਾਲ ਮੈਂ ਰਚੀ-ਮਿਚੀ ਹੋਈ ਸਾਂ। ਉਹਨਾਂ ਦੇ ਨਿੱਕੇ-ਮੋਟੇ ਕੰਮਾਂ ਵਿਚ ਮੈਂ ਭੈਣ ਜੀ ਦੀ ਸਹਾਇਤਾ ਵੀ ਕਰ

ਦਿਆ ਕਰਦੀ ਸਾਂ। ਭੈਣ ਜੀ ਨੇ ਹਲਾਸ਼ੇਰੀ ਦੇ ਕੇ ਮੈਨੂੰ ਆਪਣੇ ਸਕੂਲ ਵਿਚ ਦਾਖਲ ਕਰਵਾ ਦਿੱਤਾ ਸੀ।

ਗੱਡੀ ਲੀਹ 'ਤੇ ਪੈ ਗਈ ਸੀ।

ਮੇਰੇ ਬਾਪ ਦੀ ਆਗਿਆ ਨਾਲ ਉਹਨਾਂ ਨੇ ਮੈਨੂੰ ਆਪਣੇ ਘਰ ਹੀ ਰੱਖ ਲਿਆ ਸੀ। ਛੇ ਮਹੀਨਿਆਂ ਪਿੱਛੋਂ ਤਾਂ ਮੈਂ ਉਹਨਾਂ ਦਾ ਚੌਂਕਾ-ਚੁਲ੍ਹਾ ਹੀ ਸਾਂਭ ਲਿਆ ਸੀ। ਸ਼੍ਰੇਣੀ ਵਿਚ ਮੈਂ ਪਹਿਲੇ ਦੂਜੇ ਸਥਾਨ 'ਤੇ ਆਉਣ ਲੱਗ ਪਈ ਸਾਂ। ਮੈਂ ਆਪਣੇ ਘਰ ਜਾਵਾਂ ਨਾ ਜਾਵਾਂ ਭੈਣ ਜੀ ਦੂਜੇ ਦਿਨ ਸਾਡੇ ਘਰ ਜਾ ਆਉਂਦੇ ਸਨ। ਮੇਰੀ ਮਾਂ ਨਾਲ ਉਹਨਾਂ ਦੀ ਪਹਿਲਾਂ ਹੀ ਬਣਦੀ ਸੀ। ਦੋਵੇਂ ਜਣੀਆਂ ਆਪਣੇ ਘਰ ਵਾਲ਼ਿਆਂ ਵੱਲੋਂ ਸੌਖੀਆਂ ਨਹੀਂ ਸਨ। ਮਾਂ ਤਾਂ ਮੇਰੇ ਬਾਪ ਦੀਆਂ ਸੱਟਾਂ ਨੇ ਲੈ ਲਈ ਸੀ। ਭੈਣ ਜੀ ਦਾ ਘਰ ਵਾਲਾ ਪਰਦੇਸੀ ਹੋਇਆ ਬੈਠਾ ਸੀ। ਭੈਣ ਜੀ ਉਹਦੇ ਪੱਕੇ ਹੋਣ ਦੀ ਉਡੀਕ ਵਿਚ ਦਿਨ ਤੋੜ ਰਹੇ ਸਨ। ਮੈਂ ਪਲੱਸ ਟੂ ਕਰ ਲਈ ਸੀ। ਪਰ ਭੈਣ ਜੀ ਨੂੰ ਉਹਦੇ ਸਰਦਾਰ ਨੇ ਅਜੇ ਵੀ ਨਹੀਂ ਸੀ ਬੁਲਾਇਆ। ਹੁੰਦੜ-ਹੇਲ ਸਾਂ। ਦਰਸ਼ਨੀ ਮਾਪਿਆਂ ਦੀ ਧੀ ਹੋਣ ਕਰਕੇ ਮੂੰਹ-ਮੱਥੇ ਲੱਗਣ ਵਾਲੀ ਕੁੜੀ ਸਾਂ। ਦਸਵੀਂ ਕਰਨ ਦੇ ਪਿੱਛੋਂ ਦੋ ਸਾਲ, ਆਪਣੇ ਬਾਪ ਨੂੰ ਮੈਂ ਬਹੁਤ ਪਰੇਸ਼ਾਨ ਵੇਖਦੀ ਰਹੀ ਸਾਂ। ਉਹ ਮੇਰੇ ਵਿਆਹ ਲਈ ਚਿੰਤਾਗ੍ਰਸਤ ਸਨ। ਮੈਨੂੰ ਮਾਪਿਆਂ ਦੀ ਫਿਕਰਮੰਦੀ ਦਾ ਅਹਿਸਾਸ ਸੀ।

ਭੈਣ ਜੀ ਦੇ ਅਹਿਸਾਨ ਥੱਲੇ ਮੇਰੇ ਮਾਪੇ ਦੱਬੇ ਹੋਏ ਸਨ। ਉਹਨਾਂ ਨੇ ਇਕ ਹੋਰ ਵੱਡੀ ਮਿਹਰਬਾਨੀ ਇਹਨਾਂ ਉੱਤੇ ਕੀਤੀ ਸੀ। ਮੇਰੇ ਬਾਪ ਨੂੰ ਉਹਨਾਂ ਸਕੂਲ ਵਿਚ ਸੇਵਾਦਾਰ ਰਖਵਾ ਦਿੱਤਾ ਸੀ। ਭੁੱਖਾ ਮਰਦਾ ਹੋਇਆ ਵੀ ਜੱਟ ਸੇਵਾਦਾਰ ਲੱਗਣ ਲਈ ਤਿਆਰ ਨਹੀਂ ਹੁੰਦਾ। ਮੇਰਾ ਬਾਪ ਵੀ ਤਿਆਰ ਨਹੀਂ ਸੀ, ਭਾਵੇਂ ਭੁੱਖੇ ਮਰਨ ਦੀ ਨੌਬਤ ਨਹੀਂ ਸੀ ਆਈ। ਉਹਨਾਂ ਦੀ ਰੋਟੀ ਚੱਲ ਰਹੀ ਸੀ। ਸੱਚ ਤਾਂ ਇਹ ਹੈ, ਉਹ ਅੰਦਰੋਂ ਤਿਆਰ ਸਨ। ਮੀਂਹ ਜਾਵੇ ਹਨੇਰੀ ਜਾਵੇ, ਚਾਰ ਛਿੱਲੜ ਘਰ ਆ ਜਾਇਆ ਕਰਨਗੇ। ਮਰਦੇ ਦਮ ਤਕ ਚਾਰ ਪੈਸੇ ਮਿਲਦੇ ਹੀ ਰਹਿਣਗੇ। ਸਿਆਣੇ ਹੋਣ ਕਰਕੇ ਉਹ ਇਹ ਗੱਲਾਂ ਜਾਣਦੇ ਸਨ। ਭੈਣ ਜੀ ਨੇ ਦੋਹਾਂ ਜੀਆਂ ਨੂੰ ਰਾਜ਼ੀ ਕਰ ਲਿਆ ਸੀ। ਪਰ 'ਲੋਕ ਕੀ ਆਖਣਗੇ', ਦੀ ਝੇਪ ਪੱਟੀ ਨਹੀਂ ਸੀ ਬੰਨ੍ਹਣ ਦਿੰਦੀ। ਖੈਰ ਭੈਣ ਜੀ ਨੇ ਇਕ ਅਧਿਆਪਕ ਨਾਲ ਉਹਨਾਂ ਨੂੰ ਤੋਰ ਦਿੱਤਾ। ਰੋਜ਼ਗਾਰ ਦਫਤਰ ਵਿਚ ਉਹਨਾਂ ਦਾ ਨਾਂ ਦਰਜ ਕਰਵਾਇਆ ਗਿਆ। ਓਹੀ ਅਧਿਆਪਕ ਉਹਨਾਂ ਦਾ ਕਾਰਡ ਕਢਵਾ ਲਿਆਇਆ। ਤੇ ਨਿਯੁਕਤੀ ਹੋ ਗਈ। ਕਈ ਦਿਨ ਸਕੂਲੋਂ ਆ ਕੇ, ਉਹ ਘਰੋਂ ਨਹੀਂ ਸਨ ਨਿਕਲੇ। ਵੀਹਾਂ ਦਿਨਾਂ ਪਿੱਛੋਂ ਉਹਨਾਂ ਨੂੰ ਪੰਦਰਾਂ ਦਿਨਾਂ ਦੀ ਤਨਖਾਹ ਮਿਲੀ ਤਾਂ ਉਹਨਾਂ ਦੀਆਂ ਸਭ ਝਿਜਕਾਂ ਉੱਡ-ਪੁੱਡ ਗਈਆਂ ਸਨ। ਤਿੰਨ ਚਾਰ ਤਨਖਾਹਾਂ ਲੈ ਕੇ ਉਹਨਾਂ ਦਾ ਆਤਮ ਬਲ ਸਥਿਰ ਹੋਇਆ ਸੀ। ਪਰ ਇਸ ਨਿਯੁਕਤੀ ਨੇ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ ਸੀ। ਮੈਂ ਜੱਟ ਤੋਂ ਸੇਵਾਦਾਰ ਦੀ ਧੀ ਬਣ ਗਈ ਸਾਂ। ਇਕ ਥਾਂ ਪੱਕਾ ਹੁੰਦਾ ਹੁੰਦਾ ਰਿਸ਼ਤਾ ਟੁੱਟ ਗਿਆ ਸੀ, 'ਛੱਡ ਯਾਰ, ਕੁੜੀ ਦਾ ਪਿਉ ਤਾਂ ਸਕੂਲ ਵਿਚ ਚਪੜਾਸੀ ਲੱਗਾ ਵਿਐ', ਉਹਨਾਂ ਨੇ ਆਪਣੇ ਕੰਨੀਂ ਸੁਣ ਲਿਆ ਸੀ। ਭੈਣ ਜੀ ਕੋਲ ਆ ਕੇ ਉਹ ਅੱਖਾਂ ਭਰ ਆਏ ਸਨ ਤੇ ਕਹਿ ਰਹੇ ਸਨ ਕਿ ਉਹ ਤਾਂ ਕਲ੍ਹ ਅਸਤੀਫਾ ਦੇ ਦੇਣਗੇ। ਉਹਨਾਂ ਦੀ ਧੀ ਦੇ ਰਿਸ਼ਤੇ ਵਿਚ ਇਹ ਨੌਕਰੀ ਅੜਿੱਕਾ ਬਣ ਰਹੀ ਸੀ। ਭੈਣ ਜੀ ਨੇ ਉਹਨਾਂ ਨੂੰ ਸਮਝਾ ਲਿਆ ਸੀ ਤੇ ਉਹ ਕੰਮ 'ਤੇ ਲੱਗੇ ਰਹੇ ਸਨ।

ਬਾਰ੍ਹਵੀਂ ਦੇ ਮੇਰੇ ਇਮਤਿਹਾਨ ਹੋ ਰਹੇ ਸਨ। ਪਹਿਲਾਂ ਹੀ ਅਲਬੇਲ ਦੀ ਉਹਨਾਂ ਨੂੰ



ਦੱਸ ਪਈ ਹੋਈ ਸੀ। ਉਹ ਦਾਨੇਆਲੇ ਉਹਨਾਂ ਦੇ ਘਰ ਗਏ। ਘਰ ਤੇ ਮੁੰਡਾ ਵੇਖ ਕੇ ਉਹ ਏਨੇ ਪ੍ਰਭਾਵਤ ਹੋਏ ਕਿ ਜ਼ਮੀਨ ਵੇਚ ਕੇ ਵੀ ਇਹ ਰਿਸ਼ਤਾ ਉਹ ਕਰਨ ਲਈ ਤਿਆਰ ਸਨ। ਉਹਨਾਂ ਅਲਬੇਲ ਦੇ ਬਾਪੂ ਜੀ ਨੂੰ ਆਪਣੀ ਪਹਿਲੀ ਝਿਜਕ ਨੂੰ ਵਗਾਹ ਕੇ ਮਾਰਦਿਆਂ ਆਖਿਆ ਸੀ:

"ਸਰਦਾਰ ਜੀ, ਮੈਂ ਗ਼ਰੀਬ ਬੰਦਾ ਹਾਂ। ਸਕੂਲ ਵਿਚ ਚਪੜਾਸੀ ਲੱਗਾ ਹੋਇਆਂ। ਚਾਰ ਸਿਆੜ ਮੇਰੇ ਕੋਲ ਨੇ। ਵੇਚ ਕੇ ਵਿਆਹ ਕਰ ਸਕਾਂਗਾ। ਹਾਂ, ਜੋੜੀ ਫੱਬੂਗੀ।"

"ਭਾਈ ਸਾਹਿਬ, ਮੇਰੇ ਪੁੱਤ ਨੂੰ ਦੋ ਕਿੱਲੇ ਆਉਂਦੇ ਐ। ਸਾਡੇ ਘਰ ਦੀ ਦਿਸਦੀ ਬਰਕਤ ਸਾਡੇ ਹੱਥਾਂ ਦੀ ਕਮਾਈ ਐ ਜਾਂ ਸਰਦਾਰ ਨਰਿੰਦਰ ਸਿੰਘ ਦੀ ਕਿਰਪਾ ਐ। ਉਹਦੀ ਭੋਇੰ ਅਸੀਂ ਹਿੱਸੇ 'ਤੇ ਵਾਹੁੰਦੇ ਆਂ। ਕੱਲ੍ਹ ਮਾਂ-ਧੀ ਨੂੰ ਗੁਰਦੁਆਰੇ ਘੱਲ ਦੇਈਂ। ਐਧਰੋਂ ਨੂੰਹ-ਸੱਸ ਅੱਪੜ ਜਾਣਗੀਆਂ। ਵਾਖਰੂ ਭਲੀ ਕਰੂ। ਜ਼ਮੀਨ ਵੇਚਣ ਦੀ ਗੱਲ ਸੁੱਕਣੀ ਪਾ ਦੇ। ਚਾਰ ਬੰਦੇ ਜਾਣਗੇ। 'ਨੰਦ ਪੜ੍ਹਾ ਕੇ ਕੁੜੀ ਘਰ ਲੈ ਔਣਗੇ।"

"ਕਲ੍ਹ ਨਹੀਂ ਬਾਈ। ਬੱਚੀ ਦੇ ਇਮਤਿਹਾਨ ਹੋ ਰਹੇ ਐ। ਮੁੱਕਣ ਈ ਵਾਲੇ ਐ। ਐਤਵਾਰ ਪੱਕਾ। ਨਾਲੇ ਉਸ ਦਿਨ ਸੰਗਰਾਂਦ ਐ। ਤੂੰ ਨਾਲ ਆਈਂ। ਓਧਰੋਂ ਮੈਂ ਵੀ ਆਜੂੰ।"

ਹੋਈ ਵਾਰਤਾਲਾਪ ਬਾਪੂ ਮਾਂ ਨੂੰ ਦੱਸ ਕੇ ਖੁਸ਼ ਹੋ ਰਹੇ ਮੈਂ ਸੁਣੇ ਸਨ।

ਐਤਵਾਰ ਨੂੰ ਗੁਰਦੁਆਰੇ ਹੀ ਪੱਕ-ਠੱਕ ਹੋ ਗਿਆ ਸੀ ਤੇ ਬਾਪੂ ਜੀ ਦੇ ਕਹਿਣ ਅਨੁਸਾਰ ਪੰਜ-ਸੱਤ ਬੰਦੇ ਆਏ ਸਨ ਬਰਾਤੀ, ਜਿਵੇਂ ਘਰ ਪ੍ਰਾਹੁਣੇ ਮਿਲਣ ਆਏ ਹੋਣ ਤੇ ਚਾਹ ਪਾਣੀ ਪੀ ਕੇ ਮੈਨੂੰ ਲੈ ਤੁਰੇ ਸਨ।

ਪਿੱਛੋਂ ਸ਼ਰੀਕ ਬੋਲੀਆਂ ਮਾਰਦੇ ਰਹੇ ਸਨ ਤੇ ਮੇਰੇ ਮਾਪੇ ਵਿਚਾਰੇ ਸੁਣਦੇ ਰਹੇ ਸਨ, 'ਚਪੜਾਸੀ ਨੇ ਕੁੜੀ ਘਰੋਂ ਕੱਢ ਦਿੱਤੀ ਐ'।

'ਘਰੋਂ ਕੱਢੀ ਅਮਰਜੀਤ ਤਾਂ ਸੁਰਗ ਵਿਚ ਪੈ ਗਈ ਆ'। ਮੈਂ ਅੰਦਰੋਂ ਹੱਸ ਰਹੀ ਸਾਂ।

ਲੜਿੱਕੀ ਆਪਣੀ ਛੋਟੀ ਨੂੰਹ ਨੂੰ, ਸੱਸ ਨੇ ਕਈ ਮਹੀਨੇ ਚੁਲ੍ਹੇ-ਚੌਂਕੇ ਤੋਂ ਪਾਸੇ ਹੀ ਰੱਖਿਆ ਸੀ। ਉਹ ਹੁੱਬ ਕੇ ਆਖਿਆ ਕਰਦੀ ਸੀ ਕਿ ਉਹਨੇ ਅਜੇ ਨੂੰਹ ਨੂੰ ਚੌਂਕੇ ਨਹੀਂ ਚਾੜ੍ਹਿਆ।

ਸੱਸ ਦੀ ਲਾਡਲੀ ਨੂੰਹ ਉਤਲਾ-ਪੁਤਲਾ ਕੰਮ ਕਰਦੀ। ਉਹ ਪਸ਼ੂ ਸਾਂਭਦੀ। ਧਾਰਾਂ ਕੱਢਦੀ। ਘਰ ਨੂੰ ਸੰਬਰਦੀ-ਸੁਹਰਦੀ। ਉਹਨੂੰ ਤਾਂ ਗੋਹਾ-ਕੂੜਾ ਕਰਨ ਵਿਚ ਵੀ ਸੰਕੋਚ ਨਹੀਂ ਸੀ ਪਰ ਸੱਸ ਨੇ ਉਸਨੂੰ ਆਪਣੇ ਪੋਤਰੇ ਪੋਤਰੀਆਂ ਦੀ ਅਧਿਆਪਕ ਨਿਯੁਕਤ ਕਰ ਦਿੱਤਾ ਸੀ। ਮੈਂ ਉਹਨਾਂ ਦੀ ਚੰਗੀ ਅਧਿਆਪਕ ਸਾਬਤ ਹੋ ਰਹੀ ਸਾਂ। ਆਪਣੀਆਂ ਸ਼੍ਰੇਣੀਆਂ ਵਿਚ ਉਹਨਾਂ ਦੀ ਪੁੱਛ-ਦੱਸ ਹੋਣ ਲੱਗ ਪਈ ਸੀ। ਪਹਿਲਾਂ ਵੀ ਉਹਨਾਂ ਨੂੰ ਨਲਾਇਕ ਵਿਦਿਆਰਥੀ ਨਹੀਂ ਸੀ ਸਮਝਿਆ ਜਾਂਦਾ। ਪਰ ਹੁਣ ਉਹ ਉਤਲਿਆਂ ਵਿਚ ਗਿਣੇ ਜਾਣ ਲੱਗ ਪਏ ਸਨ। ਪੜ੍ਹਨ ਸਮੇਂ ਮੈਂ ਉਹਨਾਂ ਦੀ ਗੰਭੀਰਤਾ ਵਿਚ ਵਿਘਨ ਨਹੀਂ ਸਾਂ ਪੈਣ ਦਿੰਦੀ। ਉਂਝ ਅਸੀਂ ਹੱਸਦੇ-ਖੇਡਦੇ ਰਹਿੰਦੇ ਸਾਂ, ਜਿਵੇਂ ਅਸੀਂ ਵੱਡੇ-ਛੋਟੇ ਭੈਣ ਭਰਾ ਹੀ ਹੋਈਏ। ਸੱਸ ਦੀ ਆਪਣੀਆਂ ਦੋਹਾਂ ਨੂੰਹਾਂ ਨਾਲ ਰੱਚਕ ਬਹਿ ਰਹੀ ਸੀ। ਤੇ ਉਹਦੀਆਂ ਦੋਵੇਂ ਨੂੰਹਾਂ ਦਰਾਣੀ ਜੇਠਾਣੀ ਨਹੀਂ, ਸਕੀਆਂ ਭੈਣਾਂ ਹੀ ਲਗਦੀਆਂ ਸਨ।

ਪੇਕਿਆਂ ਵਾਲੇ ਭੈਣ ਜੀ, ਮੇਰੇ ਬਹੁਤ ਹੀ ਵਧੀਆ ਅਧਿਆਪਕ ਸਨ। ਉਹਨਾਂ ਕਰਕੇ ਹੀ ਸ਼੍ਰੇਣੀ ਵਿਚ ਮੇਰੀ ਥਾਂ ਸੀ- ਨਾਂ ਸੀ। ਘਰ ਵਿਚ ਉਹਨਾਂ ਦੀ ਸਹਾਇਕ ਤੋਂ ਬਿਨਾਂ ਮੈਂ ਉਹਨਾਂ ਦੇ ਬੱਚਿਆਂ ਦੀ ਅਧਿਆਪਕ ਵੀ ਸਾਂ ਤੇ ਮਾੜੀ ਅਧਿਆਪਕ ਨਹੀਂ ਸਾਂ। ਉਹ ਅਕਸਰ ਮੇਰੀ ਸ਼ਲਾਘਾ ਕਰਿਆ ਕਰਦੇ ਸਨ। ਮੇਰੇ ਸਕੂਲ ਵਿਚ ਹੀ ਉਹ ਲੈਕਚਰਾਰ ਪ੍ਰਮੋਟ ਹੋਏ ਸਨ। ਪਤੀ ਵੱਲੋਂ ਉਹ ਨਿਰਾਸ ਸਨ, ਉਦਾਸ ਸਨ। ਆਪਣੀ ਨਿਰਾਸਤਾ ਤੇ ਉਦਾਸੀ ਤੋਂ ਬਚਣ ਲਈ ਉਹਨਾਂ ਪੀਐੱਚ.ਡੀ ਲਈ ਰਜਿਸਟ੍ਰੇਸ਼ਨ ਕਰਵਾ ਲਈ ਸੀ ਤੇ ਦੇਰ ਰਾਤ ਤਕ ਪੜ੍ਹਦੇ ਰਹਿੰਦੇ ਸਨ। ਮੇਰੇ ਬਾਪ ਨਾਲ ਉਹ ਨਾਖੁਸ਼ ਸਨ ਕਿ ਉਹਨਾਂ ਦੇ ਸਲਾਹ ਮਸ਼ਵਰੇ ਤੋਂ ਬਿਨਾਂ ਹੀ ਛੇਤੀ ਛੇਤੀ ਮੇਰੀ ਸ਼ਾਦੀ ਕਰ ਦਿੱਤੀ ਸੀ। 'ਕੁੜੀ ਪੜ੍ਹਨ ਵਾਲੀ ਸੀ। ਉਹਨੂੰ ਅਗਾਂਹ ਪੜ੍ਹਾਇਆ ਜਾਣਾ ਚਾਹੀਦਾ ਸੀ'। ਗੁੱਸੇ ਵਿਚ ਉਹਨਾਂ ਮੇਰੇ ਸਾਹਮਣੇ ਕਹਿ ਦਿੱਤਾ ਸੀ:

"ਤੁਸੀਂ ਵੀਰ ਜੀ, ਹੁਣ ਚਾਰ ਪੈਸੇ ਲਾਉਣ ਦੇ ਸਮਰੱਥ ਹੋ ਗਏ ਸੋ। ਫਿਰ ਮੈਂ ਅਜੇ ਮਰੀ ਨਹੀਂ ਸਾਂ। ਇਹ ਮੇਰੀ ਧੀ ਦੇ ਸਮਾਨ ਐ। ਖੈਰ ਜੋ ਹੋਇਆ ਮਾੜਾ ਨਹੀਂ ਹੋਇਆ। ਕੁੜੀ ਖੁਸ਼ ਐ। ਮੁੰਡਾ ਵਧੀਆ ਮਿਲ਼ ਗਿਐ। ਘਰ ਤੇ ਕਾਰੋਬਾਰ ਵੀ ਚੰਗਾ ਐ।"

ਉਹ ਮੇਰੀ ਮਾਂ ਦੇ ਨਾਲ ਇੱਥੇ ਸਾਡੇ ਘਰ ਦੋ ਤਿੰਨ ਵਾਰ ਆ ਚੁੱਕੇ ਹਨ।

ਸਾਡੀ ਵੱਡੀ ਬੇਟੀ ਗਿਆ੍ਰਵੀਂ ਵਿਚ ਦਾਖਲ ਹੋਈ ਹੀ ਸੀ ਕਿ ਅਲਬੇਲ ਨੂੰ ਮੌੜ ਫਾਰਮ ਸੰਭਾਲਣਾ ਪੈ ਗਿਆ ਸੀ। ਕਣਕ ਦੀ ਬੀਜ-ਬੀਜਾਈ ਅਜੇ ਦੂਰ ਸੀ। ਅਲਬੇਲ ਮੈਨੂੰ ਓਥੇ ਲੈ ਗਿਆ ਸੀ। ਪਿਛਲੇ ਤਿੰਨ ਮਹੀਨੇ ਉਹ ਭਈਏ ਦੀਆਂ ਥੱਪੀਆਂ ਖਾਂਦਾ ਰਿਹਾ ਸੀ। 'ਅਮਰ...ਜੀਤ', ਮੇਰਾ ਪੂਰਾ ਨਾਂ ਲੈ ਕੇ ਉਹਨੇ ਮੇਰੇ ਹੱਥ ਦੀ ਪੱਕੀ ਰੋਟੀ ਖਾ ਕੇ ਆਖਿਆ ਸੀ:

"ਰੋਟੀ ਖਾਣ ਦਾ ਸੁਆਦ ਅੱਜ ਆਇਆ ਹੈ। ਤਿੰਨ ਮਹੀਨੇ ਤਾਂ ਢਿੱਡ ਹੀ ਭਰਦਾ ਰਿਹਾਂ।"

ਉਹਦੀ ਗੱਲ ਸੁਣਕੇ ਮੇਰੇ ਦਿਲੋਂ-ਮਨੋਂ ਦਾਨੇਆਲ਼ੇ ਦਾ ਹੇਰਵਾ ਜਾਂਦਾ ਰਿਹਾ ਸੀ। ਫਾਰਮ ਦੇ ਇਕਲਾਪੇ ਤੋਂ ਮੇਰਾ ਕਿਵੇਂ ਖਹਿੜਾ ਛੁੱਟੇ, ਇਹੋ ਸਮੱਸਿਆ ਸੀ। ਚਾਰ ਰੋਟੀਆਂ ਲਾਹੁਣ ਦੇ ਸਿਵਾ ਇੱਥੇ ਮੇਰੇ ਕੋਲ਼ ਕੋਈ ਕੰਮ ਹੈ ਹੀ ਨਹੀਂ ਸੀ। ਜੀਅ ਨਾ ਲੱਗੇ, ਵਿਹਲੀ ਬੈਠੀ ਕੀ ਕਰਾਂ? ਅਲਬੇਲ ਨਾਲ ਸਲਾਹ ਕੀਤੀ। ਕੁਝ ਵੀ ਨਾ ਸੁੱਝਿਆ। ਭੈਣ ਜੀ ਨੂੰ ਆਪਣੀ ਔਖ ਲਿਖੀ। ਚਿੱਠੀ ਦਾ ਉੱਤਰ ਆਇਆ:

"ਮੇਰੇ ਕੋਲ਼ ਤੇਰੀ ਔਖ ਦਾ ਹੱਲ ਹੈ। ਅੱਠ ਤਾਰੀਕ ਨੂੰ, ਬਠਿੰਡੇ ਤੂੰ ਟਿਕਟ ਖਿੜਕੀ ਦੇ ਸਾਹਮਣੇ ਵਾਲੇ ਬੈਂਚ 'ਤੇ ਬੈਠੀ ਹੋਵੇਂ! ਮੈਂ ਗੱਡੀ ਤੋਂ ਉਤਰ ਕੇ ਤੇਰੇ ਕੋਲ਼ ਆ ਜਾਵਾਂਗੀ।"

ਉਹ ਆ ਕੇ ਮੈਨੂੰ ਬੱਸ ਅੱਡੇ ਦੇ ਨੇੜੇ 'ਪ੍ਰੋਗ੍ਰੈਸਿਵ ਗਿਆਨੀ ਕਾਲਜ' ਵਿਚ ਗਏ। ਕਲ੍ਹ ਤੋਂ, ਦਸ ਤੋਂ ਬਾਰਾਂ ਵਜੇ ਤਕ ਮੇਰੀ ਕਲਾਸ ਲੱਗਿਆ ਕਰਨੀ ਸੀ। ਗਿਆਨੀ ਦੀਆਂ ਕਿਤਾਬਾਂ ਦਾ ਬੰਡਲ ਬੰਨ੍ਹਵਾ ਕੇ ਉਹਨਾਂ ਮੇਰੇ ਹੱਥ ਫੜਾਇਆ ਤੇ ਸਟੇਸ਼ਨ ਨੂੰ ਤੁਰ ਪਏ। ਉਹਨਾਂ ਦੀ ਗੱਡੀ ਦਾ ਸਮਾਂ ਹੋ ਰਿਹਾ ਸੀ। ਮੈਂ ਬੱਸ ਲਈ ਤੇ ਮੌੜ ਪਹੁੰਚ ਗਈ। ਅਗਸਤ ਦਾ ਪਹਿਲਾ ਹਫਤਾ ਸੀ ਤੇ ਇਮਤਿਹਾਨ ਨਵੰਬਰ ਦੇ ਅੰਤਲੇ ਹਫਤੇ ਹੋਣਾ ਸੀ। ਵਕਤ ਭਾਵੇਂ ਬਹੁਤਾ ਨਹੀਂ ਸੀ, ਪਰ ਮੇਰੇ ਕੋਲ਼ ਤਾਂ ਵਿਹਲ ਹੀ ਵਿਹਲ ਸੀ। ਮੈਂ ਪੜ੍ਹਨਾ ਸ਼ੁ



ਕਰ ਦਿੱਤਾ। ਜੀਅ ਲੱਗਣ ਲੱਗ ਪਿਆ। ਕਿਸੇ ਦੀ ਵੀ ਯਾਦ ਨਹੀਂ ਸੀ ਸਤਾਅ ਰਹੀ। ਬਹੁਤ ਹੀ ਦਿਲਚਸਪ ਕੋਰਸ ਸੀ। ਦੋ ਅਧਿਆਪਕ ਸਨ, ਇਕ ਇਕ ਘੰਟਾ ਉਹ ਲਾਉਂਦੇ ਸਨ। ਗੱਡੀ ਲੀਹੇ ਪੈ ਚੁੱਕੀ ਸੀ। ਦਿਮਾਗ਼ 'ਤੇ ਕੋਈ ਬੋਝ ਨਹੀਂ ਸੀ। ਪੜ੍ਹਨ ਦਾ ਸੁਆਦ ਆ ਰਿਹਾ ਸੀ।

ਹਾੜੀ ਦੀਆਂ ਫਸਲਾਂ ਨੇ ਖੇਤਾਂ ਵਿਚ ਹਰੀ ਚਾਦਰ ਵਿਛਾਅ ਦਿੱਤੀ ਸੀ। ਸਾਡੇ ਘਰ ਦਾ ਆਸਾ ਪਾਸਾ ਅਤਿ ਸੁਹਾਵਣਾ ਸੀ। ਪੰਜਾਬ ਦੇ ਵਾਤਾਵਰਨ ਦਾ ਇਹ ਸਮਾਂ ਅਤਿ ਸੁਹਾਵਣਾ ਹੁੰਦਾ ਹੈ। ਮੇਰਾ ਇਮਤਿਹਾਨ ਨੇੜੇ ਢੁੱਕ ਰਿਹਾ ਸੀ ਤੇ ਮੈਂ ਆਤਮ ਵਿਸ਼ਵਾਸ ਨਾਲ ਮੂੰਹ ਮੂੰਹ ਭਰੀ ਹੋਈ ਸਾਂ। ਇਮਤਿਹਾਨ ਮੁੱਕਿਆ ਤਾਂ ਇਉਂ ਲੱਗਿਆ ਜਿਵੇਂ ਮੈਂ ਫਰੈਂਡਲੀ ਮੈਚ ਖੇਡਕੇ ਆਈ ਹੋਵਾਂ। ਦਿਮਾਗ਼ 'ਤੇ ਥੋੜ੍ਹਾ ਜਿਹਾ ਤਣਾਅ ਸੰਸਕ੍ਰਿਤ ਦੇ ਵਾਧੂ ਪੇਪਰ ਦਾ ਤਾਂ ਸੀ ਪਰ ਉਹ ਵੀ ਵਹਿਮ ਮਾਤਰ ਹੀ ਸੀ ਕਿਉਂਕਿ ਸਕੂਲ ਵਿਚ ਮੇਰੇ ਹਿੰਦੀ ਦੇ ਅਧਿਆਪਕ, ਸੰਸਕ੍ਰਿਤ ਦੇ ਵਿਦਵਾਨ ਸਨ। ਉਹਨਾਂ ਨੇ ਹਿੰਦੀ ਦੇ ਨਾਲ ਨਾਲ ਸੰਸਕ੍ਰਿਤ ਵਿਚ ਵੀ ਸਾਡੀ ਰੁਚੀ ਪੈਦਾ ਕਰ ਦਿੱਤੀ ਸੀ। ਤੇ ਇਥੇ ਗਿਆਨੀ ਕਾਲਜ ਵਿਚ ਵੀ ਮੈਂ ਇਕ ਮਹੀਨਾ ਸੰਸਕ੍ਰਿਤ ਦੀ ਟਿਊਸ਼ਨ ਪੜ੍ਹਦੀ ਰਹੀ ਸਾਂ।

ਕਿੱਸਾ ਕੋਤਾ ਇਹ ਕਿ ਮੈਂ ਪਹਿਲੇ ਦਰਜੇ ਵਿਚ ਗਿਆਨੀ ਪਾਸ ਕਰ ਲਈ ਸੀ।

ਭੈਣ ਜੀ ਨੇ ਮੈਨੂੰ ਘਰ ਨਹੀਂ ਸੀ ਬਹਿਣ ਦਿੱਤਾ। ਐੱਫ.ਏ. ਅੰਗਰੇਜ਼ੀ ਦਾ ਮੇਰਾ ਦਾਖਲਾ ਭਿਜਵਾ ਦਿੱਤਾ ਸੀ। ਗਿਆਨੀ ਕਾਲਜ ਵਿਚ ਹੀ ਐੱਫ.ਏ. ਅੰਗਰੇਜ਼ੀ ਦੀ ਟਿਊਸ਼ਨ ਪੜ੍ਹਾਉਣ ਦਾ ਪ੍ਰਬੰਧ ਕਾਲਜ ਵਾਲਿਆਂ ਕਰ ਰੱਖਿਆ ਸੀ। ਮੈਂ ਉਹਦਾ ਲਾਭ ਲੈਣ ਲੱਗ ਪਈ ਸਾਂ।

ਅਪਰੈਲ ਦੇ ਅੱਧ ਤੋਂ ਹਾੜੀ ਦੀ ਫਸਲ ਨੂੰ ਦਾਤੀ ਪੈ ਚੁੱਕੀ ਸੀ। ਮੈਂ ਇਮਤਿਹਾਨ ਦੇ ਕੇ ਵਿਹਲੀ ਹੋ ਗਈ ਸਾਂ। ਘਰ ਵਿਚ ਫਸਲ ਸਾਂਭਣ ਦੀਆਂ ਸਰਗਰਮੀਆਂ ਚੱਲ ਰਹੀਆਂ ਸਨ। ਨਾਲ ਦੀ ਨਾਲ ਠੇਕੇ ਉੱਤੇ ਦਿੱਤੇ ਹੋਏ ਪੱਚੀ ਕਿੱਲਿਆਂ ਦਾ ਕਬਜ਼ਾ ਲੈਣ ਦੀਆਂ ਨਿੱਤ ਵਿਉਂਤਾਂ ਬਣਾਈਆਂ ਜਾ ਰਹੀਆਂ ਸਨ। ਲੜਾਈ-ਝਗੜਾ ਹੋਣ ਦੀਆਂ ਸੰਭਾਵਨਾਵਾਂ ਦਿਸ ਰਹੀਆਂ ਸਨ। ਸੋਚਾਂ ਦੌੜਾਈਆਂ ਜਾ ਰਹੀਆਂ ਸਨ ਕਿ ਜਿਵੇਂ ਕਿਵੇਂ ਲੜਾਈ ਟਾਲ਼ੀ ਜਾਵੇ ਤੇ ਕਬਜ਼ਾ ਵੀ ਲੈ ਲਿਆ ਜਾਵੇ। ਅੰਦਰੋਂ ਅੰਦਰੀਂ ਮੁੱਠ-ਭੇੜ ਦੀਆਂ ਤਿਆਰੀਆਂ ਵੀ ਹੋ ਰਹੀਆਂ ਸਨ। ਫਸਲ ਸਾਂਭੀ ਗਈ। ਪਿੰਡੋਂ ਬਾਈ ਤੇ ਭਾਬੀ ਹੁਰੀਂ ਦੋ ਹੋਰ ਬੰਦਿਆਂ ਨੂੰ ਨਾਲ ਲੈ ਕੇ ਆ ਗਏ ਸਨ। ਘਰ ਵਿਚ ਤਣਾਅ ਦਾ ਵਾਤਾਵਰਨ ਸੀ। ਚਾਚਾ ਜੀ ਨਰਿੰਦਰਪਾਲ ਸਿੰਘ ਕਈ ਦਿਨਾਂ ਤੋਂ ਇੱਥੇ ਹੀ ਸਨ। ਦਿਨੇਂ ਭਾਰੀ ਮੀਂਹ ਪੈ ਗਿਆ ਸੀ। ਅਚਾਨਕ ਚਾਚਾ ਜੀ ਦਾ ਬੰਬਈ ਜਾਣ ਦਾ ਪ੍ਰੋਗਰਾਮ ਬਣ ਗਿਆ। ਦੋਵੇਂ ਭਰਾ ਦਸ ਵਜੇ ਰਾਤ ਨੂੰ ਉਹਨਾਂ ਨਾਲ ਬਠਿੰਡੇ ਨੂੰ ਤੁਰ ਗਏ। ਉਹਨਾਂ ਨੂੰ ਪੰਜਾਬ ਮੇਲ 'ਤੇ ਚੜ੍ਹਾਅ ਕੇ ਅੱਧੀ ਰਾਤ ਘਰ ਆਏ। ਘਰ ਆ ਕੇ ਵੀ ਉਹ ਸੁੱਤੇ ਨਹੀਂ ਸਨ; ਵਿਉਂਤਾਂ ਬਣਾਉਂਦੇ ਰਹੇ ਸਨ। ਤਣਾਅ ਕਾਰਨ, ਸਾਡੀ ਚਾਰਾਂ ਦੀ ਨੀਂਦ ਉੱਡੀ ਹੋਈ ਸੀ। ਮੈਂ ਸੋਚਦੀ ਥੱਕ ਲੱਥੀ ਸਾਂ ਕਿ ਭਾਬੀ ਨੂੰ ਨਾਲ ਲਿਆਉਣ ਪਿੱਛੇ ਕੀ ਸਕੀਮ ਹੋ ਸਕਦੀ ਸੀ। ਪਰ ਮੈਂ ਕਿਸੇ ਨਤੀਜੇ 'ਤੇ ਨਹੀਂ ਸਾਂ ਪਹੁੰਚ ਸਕੀ। ਇੱਥੇ ਰੋਟੀ-ਟੁੱਕ ਲਈ ਭੱਈਆ ਭੱਈਅਨ ਪਹਿਲਾਂ ਹੀ ਸਨ। ਮੈਂ ਵੀ ਹੋਰ ਕੀ ਕੰਮ ਕਰਨਾ ਸੀ। ਗਈ ਰਾਤ ਅਸੀਂ ਚਾਰੇ ਜੀਅ ਸੁੱਤੇ ਸਾਂ। ਸਵੇਰੇ ਚਾਹ ਪੀਂਦਿਆਂ ਸਾਰ ਇਕ ਬੰਦੇ ਨੂੰ ਵੱਡਾ ਟਰੈਕਟਰ, ਕਲਟੀਵੇਟਰ ਤੇ ਬੀਜਾਈ ਵਾਲੀ ਮਸ਼ੀਨ ਲਿਆਉਣ ਲਈ ਪਿੰਡ ਨੂੰ ਭੇਜ ਦਿੱਤਾ। ਆਥਣ ਨੂੰ ਉਹ ਤੇ ਡਰਾਈਵਰ ਪਹੁੰਚ ਗਏ ਸਨ।

ਸਾਰੀ ਦਿਹਾੜੀ ਦੋਵੇਂ ਭਰਾ, ਇਧਰ ਉਧਰ ਜੀਪ ਭਜਾਈ ਫਿਰਦੇ ਰਹੇ ਸਨ। ਦਿਨ ਦੇ ਛਿਪਾਅ ਨਾਲ ਉਹ ਘਰ ਆਏ ਤਾਂ ਉਹਨਾਂ ਦੇ ਚਿਹਰੇ ਤਣਾਅ ਰਹਿਤ ਸਨ। ਉਹ ਨਹਾ-ਧੋ ਲਏ ਤਾਂ ਮੈਂ ਆਖਿਆ:

"ਬਾਈ! ਰੋਟੀ ਪਾ ਲਿਆਵਾਂ?"

"ਐਡੀ ਵੀ ਕੀ ਕਾਹਲ਼ੀ ਐ ਜੀਤ! ਖਾ ਲੈਨੇ ਆਂ ਤੇਰੀਆਂ ਰੋਟੀਆਂ ਵੀ।"

ਮੈਂ ਸਮਝ ਗਈ। ਬਾਈ ਦੀਆਂ ਅੱਖਾਂ ਬੋਲ ਰਹੀਆਂ ਸਨ। ਤੇ ਜ਼ੁਬਾਨ ਵੀ ਬੋਲ ਪਈ:

"ਅਲਬੇਲ ਸਿਆਂ ਸਰਦਾਰਾ! ਲਿਆ ਯਾਰ ਘੁੱਟ। ਥਕੇਵਾਂ ਲਾਹੀਏ। ਤੜਕੇ ਤੋਂ ਤੈਂ ਕਿਤੇ ਸਾਹ ਨਹੀਂ ਲੈਣ ਦਿੱਤਾ। 'ਚਲ ਓਏ ਲੰਡੇ ਆਲਿਆ ਚਲ', ਤੈਂ ਲਾਈ ਰੱਖੀ ਐ।"

ਬਾਈ ਤਾਂ ਥਕੇਵਾਂ ਲਾਹੁਣ ਦੇ ਖਿਆਲ ਨਾਲ਼ ਹੀ ਜਿਵੇਂ ਖੀਵਾ ਹੋ ਗਿਆ ਸੀ। ਬਾਈ ਕਦੇ-ਕਦਾਈਂ ਘੁੱਟ ਲਾ ਲੈਂਦਾ ਸੀ। ਅਲਬੇਲ ਨੂੰ ਲਾਉਂਦਿਆਂ ਮੈਂ ਕਦੇ ਨਹੀਂ ਸੀ ਵੇਖਿਆ। ਬਾਈ ਨੇ ਇਕ ਪਊਏ ਦਾ ਆਪਣਾ ਕੋਟਾ ਪੂਰਾ ਕੀਤਾ ਤੇ ਰੋਟੀਆਂ ਮੰਗ ਲਈਆਂ। ਬਾਈ ਤੋਂ ਨਹੀਂ ਸੀ ਰਿਹਾ ਗਿਆ। 'ਸਰਦਾਰ ਨੇ ਬੰਬਈ ਜਾਣ ਵਾਲੀ ਚਤੁਰਾਈ ਕੀਤੀ ਐ'। ਉਹਨੇ ਕਈ ਵਾਰ ਇਹ ਗੱਲ ਤੋਰੀ ਸੀ ਪਰ ਅਲਬੇਲ ਨੇ ਉਹਦੀ ਗੱਲ ਵੱਲ ਗਵੇਹ ਨਹੀਂ ਸੀ ਕੀਤਾ। ਕਿਸੇ ਨਾ ਕਿਸੇ ਹੋਰ ਗੱਲ ਵਿਚ ਬਾਈ ਦੀ ਗੱਲ ਨੂੰ ਗੁਆ ਦਿੱਤਾ ਸੀ।

ਉਹਨਾਂ ਰੱਜ ਕੇ ਰੋਟੀ ਖਾਧੀ ਜਿਵੇਂ ਕਈ ਦਿਨਾਂ ਦੇ ਉਹ ਭੁੱਖੇ ਹੋਣ।

ਦਿਨ ਚੜ੍ਹਦੇ ਸਾਰ ਦੋਵੇਂ ਟਰੈਕਟਰ ਖੇਤ ਵਿਚ ਸਨ। ਇਧਰੋਂ ਸੂਰਜ ਢਾਲ਼ੇ ਪਿਆ, ਉਧਰ ਪੱਚੀ ਦੇ ਪੱਚੀ ਕਿੱਲਿਆਂ ਵਿਚ ਟਰੈਕਟਰ ਲੰਘ ਚੁੱਕੇ ਸਨ।

ਜੰਤਰ ਬੀਜਿਆ ਜਾ ਰਿਹਾ ਸੀ ਕਿ ਬੀਜ ਥੁੜ ਗਿਆ। ਹੋਰ ਬੀਜ ਲਿਆਉਣ ਲਈ ਜੀਪ ਸਟਾਰਟ ਕਰ ਲਈ ਸੀ ਕਿ ਅਲਬੇਲ ਨੇ ਗੁਆਰੇ ਦੇ ਤਿੰਨ ਗੱਟੇ ਅੰਦਰੋਂ ਚੁਕਵਾ ਕੇ ਮਸ਼ੀਨ ਵਿਚ ਪੁਆ ਦਿੱਤੇ।

ਜੰਤਰ ਤੇ ਗੁਆਰੇ ਦੀ ਬੀਜਾਈ ਹੋ ਗਈ ਸੀ।

ਵੱਟਾਂ ਪਾਉਣ ਲਈ ਜਿੰਦਰਾ ਟ੍ਰੈਕਟਰ ਮਗਰ ਪਾਇਆ ਗਿਆ। ਘੰਟੇ ਕੁ ਵਿਚ ਲੋੜੀਂਦੀਆਂ ਵੱਟਾਂ ਵੀ ਪੈ ਗਈਆਂ ਸਨ। ਕੰਮ ਵਿਚ ਵਿਘਨ ਮੁੱਕ ਚੁੱਕਿਆ ਸੀ। ਦੋ ਸਿਪਾਹੀ ਆਏ ਸਨ। ਬਿਨਾਂ ਕਿਸੇ ਨੂੰ ਵੀ ਮਿਲਿਆਂ ਮੁੜ ਗਏ ਸਨ। ਮੇਰਾ ਅੰਦਾਜ਼ਾ ਸੀ, ਥਾਣੇ ਦੇ ਇੰਚਾਰਜ ਨੇ ਸੂਹੇ ਭੇਜੇ ਸਨ। ਦੋਵੇਂ ਭਰਾ ਨਹਾ-ਧੋ ਕੇ ਬੈਠੇ ਸਨ। ਉਹਨਾਂ ਨੂੰ ਨਹੀਂ ਸੀ ਪਤਾ ਲੱਗਾ ਕਿ ਸਿਪਾਹੀ ਆ ਕੇ ਮੁੜ ਗਏ ਸਨ। ਮੈਂ ਉਹਨਾਂ ਨੂੰ ਦੱਸਿਆ ਤਾਂ ਉਹਨਾਂ ਨੇ ਮੇਰੀ ਗੱਲ ਦਾ ਨੋਟਿਸ ਹੀ ਨਹੀਂ ਸੀ ਲਿਆ। ਮੈਂ ਉਹਨਾਂ ਦੀ ਚੁੱਪ ਤੋਂ ਸਮਝ ਲਿਆ ਸੀ ਕਿ ਥਾਣੇ ਵਿਚ ਉਹਨਾਂ ਦੀ ਗੱਲ-ਬਾਤ ਹੋ ਚੁੱਕੀ ਸੀ। ਅਸੀਂ ਦੋਵੇਂ ਭੈਣਾਂ ਰੋਟੀ-ਟੁੱਕ ਵਿਚ ਲੱਗ ਗਈਆਂ ਸੀ।



ਬਾਈ ਨੇ ਥਕਾਵਟ ਲਾਹੁਣ ਦੀ ਗੱਲ ਨਹੀਂ ਸੀ ਤੋਰੀ। ਮੇਰਾ ਅੰਦਾਜ਼ਾ ਹੈ, ਉਹ ਇਸ ਕਰਕੇ ਕਿ ਉਹਨਾਂ ਨੂੰ ਕਿਸੇ ਵੇਲ਼ੇ ਵੀ ਬੰਦਿਆਂ ਦਾ ਸਾਹਮਣਾ ਕਰਨਾ ਜਾਂ ਥਾਣੇ ਵਿਚ ਜਾਣਾ ਪੈ ਸਕਦਾ ਸੀ।

ਚਾਰ ਬੰਦਿਆਂ ਨੂੰ ਉਹਨਾਂ ਚੌਂਕੀਦਾਰੀ ਸੌਂਪ ਦਿੱਤੀ ਸੀ। ਦੋ ਅੱਧੀ ਰਾਤ ਤਕ ਤੇ ਦੋ ਅੱਧੀ ਰਾਤ ਤੋਂ ਪਿੱਛੋਂ, ਘਰ ਤੋਂ ਸੜਕ ਤਕ ਚੱਕਰ ਮਾਰਦੇ ਰਹਿਣਗੇ।

ਰਾਤ ਅਮਨ ਅਮਾਨ ਨਾਲ ਲੰਘ ਗਈ ਸੀ।

ਤੜਕੇ ਪਿੰਡੋਂ ਚੌਂਕੀਦਾਰ, ਸਰਪੰਚ ਦਾ ਭੇਜਿਆ ਆਇਆ ਸੀ। ਅਲਬੇਲ ਨੂੰ ਦਸ ਵਜੇ ਪੰਚਾਇਤ ਵਿਚ ਹਾਜ਼ਰ ਹੋਣ ਦਾ ਆਦੇਸ਼ ਸੀ। ਅਲਬੇਲ ਨੇ ਮੈਥੋਂ ਉਹ ਕਾਗ਼ਜ਼ ਲਿਆ ਜਿਹੜਾ ਸਾਡੇ ਚਾਚਾ ਜੀ ਨੇ ਪੰਜ ਸਾਲਾਂ ਲਈ ਅਲਬੇਲ ਨੂੰ ਫਾਰਮ ਠੇਕੇ 'ਤੇ ਦੇਣ ਬਾਰੇ ਲਿਖਕੇ ਦਿੱਤਾ ਸੀ। ਇਹੋ ਕਾਗ਼ਜ਼ ਉਹ ਕੱਲ੍ਹ ਵੀ ਮੈਥੋਂ ਲੈ ਕੇ ਗਿਆ ਸੀ। ਸ਼ਾਇਦ ਥਾਣੇ ਵਿਖਾ ਕੇ ਆਇਆ ਹੋਵੇ। ਦੋਵੇਂ ਭਰਾ ਪੰਚਾਇਤ ਵਿਚ ਹਾਜ਼ਰ ਹੋਣ ਲਈ ਤੁਰ ਗਏ ਸਨ।

ਜਦ ਤਕ ਉਹ ਮੁੜੇ ਨਹੀਂ ਸਨ, ਸਾਡੀ ਜਾਨ ਸੂਲੀ 'ਤੇ ਟੰਗੀ ਰਹੀ ਸੀ।

ਟ੍ਰੈਕਟਰ ਪਹਿਲਾਂ ਹੀ ਸਾਡੇ ਕਬਜ਼ੇ ਹੇਠਲੇ ਪੱਚੀ ਕਿੱਲੇ ਵਾਹੁਣ ਲੱਗੇ ਹੋਏ ਸਨ। ਕਾਮੇ ਖਾਲ਼ੇ ਘੜਨ ਤੇ ਵੱਟਾਂ ਸੁਆਰਨ ਲੱਗ ਪਏ ਸਨ। ਸਾਰਿਆਂ ਨੂੰ ਹਦਾਇਤਾਂ ਕਰ ਗਏ ਸਨ ਕਿ ਜੇ ਕੋਈ ਆ ਕੇ ਆਪਣੇ ਬੀਜੇ ਹੋਏ ਖੇਤ ਨੂੰ ਵੀ ਵਾਹੁਣ ਲੱਗ ਪਏ, ਉਹਨੂੰ ਰੋਕਣਾ ਨਹੀਂ। ਪਰ ਕਿਸੇ ਨੂੰ ਵੀ ਘਰ ਦੇ ਨੇੜੇ ਨਹੀਂ ਢੁੱਕਣ ਦੇਣਾ।

ਅਲਬੇਲ ਹੁਰੀਂ ਮੁੜੇ ਤਾਂ ਸਾਡੀ ਜਾਨ ਵਿਚ ਜਿਵੇਂ ਸਾਹ ਪੈ ਗਏ ਸਨ।

ਆਥਣੇ ਦੋ ਮੈਂਬਰਾਂ ਨੂੰ ਨਾਲ ਲੈ ਕੇ ਸਰਪੰਚ ਸਾਡੇ ਘਰ ਆ ਗਿਆ ਸੀ। ਦੋਹਾਂ ਭਰਾਵਾਂ ਨੂੰ ਉਹਨਾਂ ਸ਼ਾਬਾਸ਼ੇ ਦਿੱਤੀ ਸੀ ਕਿ ਇਹਨਾਂ ਨੇ ਮੰਦਾ-ਚੰਗਾ, ਗਾਲ਼ੀ-ਗਲੋਚ ਸਬਰ ਨਾਲ਼ ਸੁਣ ਲਿਆ ਸੀ ਪਰ ਆਪਣੀ ਜ਼ੁਬਾਨ ਗੰਦੀ ਨਹੀਂ ਸੀ ਕੀਤੀ।

ਸਰਪੰਚ ਪਹਿਲਾਂ ਵੀ ਕਈ ਵਾਰ ਸਾਡੇ ਘਰ ਆ ਚੁੱਕਿਆ ਸੀ। ਉਹ ਤਾਂ ਮੇਰੇ ਨਾਲ ਸਕੀਰੀ ਕੱਢੀ ਬੈਠਾ ਸੀ। ਸਾਡੇ ਘਰਾਂ ਵਿਚ ਉਹਦੀ ਭੂਆ ਵਿਆਹੀ ਹੋਈ ਸੀ। ਮੇਰੇ ਬਾਪ ਦੀ ਉਸਤਤ ਕਰਦਾ ਤਾਂ ਉਹ ਥੱਕਦਾ ਹੀ ਨਹੀਂ ਸੀ ਕਿ ਭਲੇ ਕੰਮ ਲਈ ਉਹਨੇ ਆਪਣੀ ਜਾਨ ਹੀ ਤਾਂ ਵਾਰ ਦਿੱਤੀ ਸੀ। ਮੈਂ ਸਰਪੰਚ ਦੀ ਭੂਆ ਦੀ ਧੀ ਸਾਂ। ਇਸ ਰਿਸ਼ਤੇ ਕਰਕੇ ਮੈਂ ਉਹਨੂੰ ਪਾਣੀ ਧਾਣੀ ਪੁੱਛਣ ਉਹਨਾਂ ਕੋਲ ਚਲੀ ਗਈ ਸਾਂ। ਮੈਂ ਪੁੱਛ ਲਿਆ ਸੀ:

"ਬਾਈ ਜੀ! ਚਾਹ ਬਣਾਵਾਂ ਕਿ ਦੁੱਧ ਲਿਆਵਾਂ?"

ਬਾਈ ਨੇ ਸਰਪੰਚ ਨੂੰ ਨਹੀਂ ਸੀ ਬੋਲਣ ਦਿੱਤਾ। ਮੈਨੂੰ ਜਿਵੇਂ ਘੂਰਿਆ ਹੋਵੇ:

"ਸਰਪੰਚ ਸਾਹਬ! ਵੇਖੋ!! ਸਾਡੀ ਇਹ ਕੁੜੀ ਕਿੰਨੀ ਕਮਲ਼ੀ ਐ। ਕੋਈ ਪੁੱਛੇ ਸਹੁਰੀਏ! ਇਹ ਵੇਲਾ ਚਾਹ ਦੁੱਧ ਪੀਣ ਦੈ? ਉੱਠ ਛੋਟੇ ਭਾਈ! ਸਰਪੰਚ ਹੁਰਾਂ ਦੀ ਸੇਵਾ ਕਰੀਏ।"

ਸਰਪੰਚ ਹੁਰਾਂ ਦੀ ਸੇਵਾ ਹੋਣ ਲੱਗ ਪਈ। ਸਾਡਾ ਭੱਈਆ ਬਹੁਤ ਹੀ ਵਧੀਆ

ਕੁੱਕ ਐ। ਉਹਨੇ ਮੁਰਗਾ ਬਣਾਉਣ ਨੂੰ ਫੇਰਾ ਲਾਇਆ। ਅਸੀਂ ਸਰਪੰਚ ਹੁਰਾਂ ਨੂੰ ਰੋਟੀ ਖੁਆ-ਪਿਆ ਕੇ ਹੀ ਤੋਰਿਆ।

ਕਈ ਦਿਨਾਂ ਪਿੱਛੋਂ ਮੈਂ ਸੁਖ ਦੀ ਨੀਂਦ ਸੁੱਤੀ ਸਾਂ। ਵੱਡੇ ਤੜਕੇ ਮੇਰੀ ਅੱਖ ਖੁਲ੍ਹ ਗਈ ਸੀ। ਨਜ਼ਰ ਕੰਧ 'ਤੇ ਕਲਾਕ ਵੱਲ ਗਈ। ਅਜੇ ਤਾਂ ਸਾਢੇ ਤਿੰਨ ਹੀ ਵੱਜੇ ਸਨ। ਵੇਖਿਆ ਤਾਂ ਅਲਬੇਲ ਦਾ ਮੰਜਾ ਖਾਲੀ ਪਿਆ ਸੀ। ਉਹ ਰਾਖਿਆਂ ਦੀ ਨਿਗਰਾਨੀ ਕਰਨ ਤੁਰ ਗਿਆ ਲਗਦਾ ਸੀ। ਮੈਂ ਵੀ ਬਾਹਰ ਨਿਕਲੀ। ਘਰ ਦੇ ਚਾਰੇ ਪਾਸਿਆਂ ਦੀਆਂ ਬੱਤੀਆਂ ਜਗ ਰਹੀਆਂ ਸਨ। ਸੜਕ ਵੱਲੋਂ, ਪੇਤਲੇ ਹਲਕੇ ਹਨੇਰੇ ਵਿਚੋਂ ਇਕ ਮਨੁੱਖੀ ਆਕਾਰ ਘਰ ਵੱਲ ਵਧ ਰਿਹਾ ਸੀ। ਚਾਨਣ ਵਿਚ ਆਇਆ ਤਾਂ ਪਛਾਣਿਆ ਗਿਆ। ਅਲਬੇਲ ਹੀ ਸੀ।

"ਨਹੀਂ ਨੀਂਦ ਆਈ ਸਰਦਾਰਾ!"

"ਅੱਜ ਹੀ ਮੈਂ ਤਾਂ ਸੌਂ ਕੇ ਵੇਖਿਐ! ਕਈ ਦਿਨਾਂ ਤੋਂ ਇਹ ਹਾਲ ਸੀ, ਅੱਖ ਲਗਦੀ ਸੀ ਤੇ ਖੁਲ੍ਹ ਜਾਂਦੀ ਸੀ। ਅਜੇ ਹੋਰ ਕੁਝ ਦਿਨ ਧੁੜਕੂ ਰਹੂਗਾ।"

ਦਿਨੇ ਪਿੰਡ ਵਿਚੋਂ ਸੂਹ ਲੈਣ ਲਈ ਪੁਰਾਣਾ ਕਾਮਾ ਘੱਲਿਆ ਸੀ। ਕਿਤੋਂ ਵੀ ਵਿੰਗੀ-ਤੜਿੰਗੀ ਖਬਰ ਨਹੀਂ ਸੀ ਮਿਲੀ। ਦਿਨ ਢਲੇ ਦੂਜਾ ਕਾਮਾ, ਦੋ ਤਿੰਨ ਹੱਟੀਆਂ 'ਤੇ ਸੌਦਾ ਲੈਣ ਦੇ ਪੱਜ ਗੇੜਾ ਮਾਰ ਆਇਆ ਸੀ। ਉਹ ਵੀ ਖਾਲੀ ਹੀ ਪਰਤ ਆਇਆ ਸੀ।

ਸ਼ਾਮ ਨੂੰ ਥਾਣੇਦਾਰ ਦੋ ਸਿਪਾਹੀਆਂ ਨਾਲ ਘਰ ਹੀ ਆ ਗਿਆ ਸੀ। ਉਹ ਵੀ ਖਾ ਪੀ ਕੇ ਆਪਣਾ ਮਿਹਨਤਾਨਾ ਲੈ ਕੇ ਮੁੜ ਗਿਆ ਸੀ।

ਅਜੇ ਤਾਈਂ ਕੁਝ ਵੀ ਅਣਹੋਣਾ ਨਹੀਂ ਸੀ ਵਾਪਰਿਆ। ਜੇ ਕੁਝ ਵਾਪਰ ਗਿਆ ਹੁੰਦਾ ਤਾਂ ਸਾਨੂੰ ਦੋਹਾਂ ਭੈਣਾਂ ਨੂੰ ਏਥੋਂ ਕੱਢਿਆ ਹੁੰਦਾ ਤੇ ਇੱਥੇ ਦਿਨੇ ਰਾਤ ਧੂਤਕੜਾ ਪਿਆ ਰਹਿਣਾ ਸੀ।

ਚੌਥੇ ਕਿ ਪੰਜਵੇਂ ਦਿਨ ਚਾਚੀ ਜੀ ਚੰਡੀਗੜ੍ਹੋਂ ਆ ਗਏ ਸਨ।

"ਅੱਜ ਸਵੇਰੇ ਤੇਰੇ ਚਾਚਾ ਜੀ ਦਾ ਦਿੱਲੀ ਤੋਂ ਫੋਨ ਆਇਆ ਸੀ ਬਈ ਮੈਂ...

ਸੁਣ ਕੇ ਮੇਰਾ ਮੂੰਹ ਟੱਡੇ ਦਾ ਟੱਡਿਆ ਹੀ ਰਹਿ ਗਿਆ ਸੀ। ਚਾਚੀ ਜੀ ਨੇ ਮੇਰੇ ਵੱਲ ਨਹੀਂ ਸੀ ਵੇਖਿਆ। ਆਪਣੀ ਗੱਲ ਜਾਰੀ ਰੱਖੀ ਸੀ:

...ਅਖੇ ਮੈਂ ਇਕ ਜ਼ਰੂਰੀ ਕੰਮ ਵਿਚ ਉਲਝਿਆ ਬੈਠਾਂ, ਤੂੰ ਅਲਬੇਲ ਹੁਰਾਂ ਕੋਲ ਜਾ ਕੇ ਉਹਨਾਂ ਦਾ ਪਤਾ-ਸੁਤ ਲੈ'। ਮੈਂ ਤਾਂ ਚਾਚੀ ਜੀ ਨੂੰ ਸੁਣ ਕੇ ਹੈਰਾਨ ਹੀ ਰਹਿ ਗਈ ਸਾਂ ਬਈ ਐਥੇ ਨਾਲੋਂ ਹੋਰ ਉਹਨਾਂ ਨੂੰ ਜ਼ਰੂਰੀ ਕੰਮ ਕੀ ਹੋ ਸਕਦਾ ਸੀ ਭਲਾ? ਗਏ ਤਾਂ ਉਹ ਬੰਬਈ ਸਨ ਪਰ ਬੋਲ ਉਹ ਦਿੱਲੀਉਂ ਰਹੇ ਸਨ।

ਐਥੋਂ ਉਹਨਾਂ ਦੇ ਟਲ਼ਣ ਬਾਰੇ ਤਾਂ ਅਸੀਂ ਸਾਰੇ ਹੀ ਸ਼ੱਕ ਕਰਦੇ ਸਾਂ, ਭਾਵੇਂ ਬਾਈ ਤੋਂ ਬਿਨਾਂ ਕੋਈ ਜੀਅ ਵੀ ਕੂਇਆ ਨਹੀਂ ਸੀ। ਪਰ ਇਹ ਮੇਰੇ ਖਾਬੋ-ਖਿਆਲ ਵਿਚ ਵੀ ਨਹੀਂ ਸੀ ਆਇਆ ਕਿ ਬੰਦਾ ਆਤਮ ਬਲੋਂ ਏਨਾ ਵੀ ਹਾਰ ਸਕਦਾ ਹੈ ਕਿ ਉਹ ਸਿੱਧਾ ਪੁੱਛਣ ਦਾ ਹੀਆ ਹੀ ਨਾ ਕਰ ਸਕੇ! ਟੈਲੀਫੋਨ ਉਹਨਾਂ ਏਥੇ ਵੀ ਲੁਆ ਰੱਖਿਆ ਸੀ।



ਹੁਣ ਤਕ ਘਰ ਵਿਚ ਅਮਨ ਸ਼ਾਂਤੀ ਦਾ ਰਾਜ ਸਥਾਪਤ ਹੋ ਚੁੱਕਾ ਸੀ। ਸਾਡੇ ਮਨਾਂ ਉੱਤੇ ਤਣਾਅ ਨਾਂ-ਮਾਤਰ ਹੀ ਰਹਿ ਗਿਆ ਸੀ। ਅਲਬੇਲ ਕੋਲੋਂ ਖੁਸ਼ੀ ਦੀ ਮਹਿਕ ਆਉਣ ਲੱਗ ਪਈ ਸੀ। ਉਹ ਪਿੰਡੋਂ ਸਰਪੰਚ ਨੂੰ ਮਿਲ ਕੇ ਹੁਣੇ ਹੁਣੇ ਆਇਆ ਸੀ। ਤੇ ਖੁਸ਼ਖਬਰੀ ਲਿਆਇਆ ਸੀ ਕਿ ਦੂਜੀ ਧਿਰ ਨੇ ਪਟਿਆਲੇ ਬੈਠੇ ਸਰਦਾਰ ਊਧਮ ਸਿੰਘ ਦੀ ਸੱਠ ਏਕੜ ਜ਼ਮੀਨ ਹਿੱਸੇ ਠੇਕੇ ਉੱਤੇ ਲੈ ਲਈ ਸੀ।

ਸਾਡੇ ਮਨਾਂ ਉੱਤੇ ਥੋੜ੍ਹਾ ਬਹੁਤਾ ਰਹਿੰਦਾ ਤਣਾਅ ਵੀ ਮੁੱਕ ਚੁੱਕਾ ਸੀ।

ਚਾਚੀ ਜੀ ਚੰਡੀਗੜ੍ਹ ਨੂੰ ਮੁੜਨ ਲਈ ਤਿਆਰ ਹੋ ਰਹੇ ਸਨ। ਉਹ ਮੈਨੂੰ ਆਪਣੇ ਨਾਲ ਲੈ ਜਾਣ ਲਈ ਤਿਆਰ ਹੋਣ ਨੂੰ ਕਹਿ ਰਹੇ ਸਨ। ਪਹਿਲਾਂ ਵੀ ਉਹ ਮੈਨੂੰ ਆਪਣੇ ਨਾਲ ਚੰਡੀਗੜ੍ਹ ਲੈ ਜਾਇਆ ਕਰਦੇ ਸਨ। ਮੈਨੂੰ ਪਤਾ ਸੀ ਜਿਹੜੀ ਝਿਉਰਾਂ ਦੀ ਕੁੜੀ ਚੰਡੀਗੜ੍ਹ ਉਹਨਾਂ ਦਾ ਘਰ ਸਾਂਭਦੀ ਸੀ, ਉਹ ਹੁਣ ਬਹੁਤਾ ਸਮਾਂ ਉਹਨਾਂ ਕੋਲ਼ ਉੱਥੇ ਨਹੀਂ ਸੀ ਰਹਿ ਸਕਦੀ। ਮੈਂ ਦੋਹਾਂ ਜੀਆਂ ਨੂੰ ਮਸ਼ਵਰਾ ਕਰਦਿਆਂ ਨੂੰ ਸੁਣ ਲਿਆ ਸੀ ਕਿ ਜਿਵੇਂ ਕਿਵੇਂ ਕੋਈ ਸਬੀਲ ਬਣ ਸਕੇ ਤੇ ਮੈਂ ਚੰਡੀਗੜ੍ਹ ਉਹਨਾਂ ਦਾ ਘਰ ਸਾਂਭ ਲਵਾਂ। ਇਸੇ ਵਿਉਂਤ ਅਧੀਨ ਉਹ ਅਕਸਰ ਮੈਨੂੰ ਆਪਣੇ ਨਾਲ ਤੋਰ ਲੈਂਦੇ ਸਨ। ਤੇ ਅੱਜ ਸਾਡੇ ਵਿਚੋਂ ਕੋਈ ਵੀ ਉਹਨਾਂ ਨੂੰ ਨਾਂਹ ਕਰਨ ਦੀ ਹਿੰਮਤ ਨਹੀਂ ਸੀ ਕਰ ਸਕਿਆ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਆਪਣਾ ਝੋਲ਼ਾ ਚੁੱਕ ਲਿਆ ਸੀ। ਤੁਰਨ ਲੱਗਿਆਂ ਚਾਚੀ ਜੀ ਨੇ ਅਲਬੇਲ ਨੂੰ ਆਪਣੇ ਕੋਲ਼ ਸੱਦ ਕੇ ਆਖਿਆ ਸੀ:

"ਅਲਬੇਲ! ਚਹੁੰ ਕੁ ਦਿਨਾਂ ਤਾਈਂ ਤੂੰ ਅਮਰਜੀਤ ਨੂੰ ਲੈ ਆਈਂ।"

"ਚਾਚੀ ਜੀ! ਕਮਲ਼ੇ ਹੋਏਉਂ!! ਅਜੇ ਤਾਂ ਹਫਤਾ ਦਸ ਦਿਨ ਸਾਡੇ ਵਿਚੋਂ ਕੋਈ ਜਣਾ ਵੀ ਐਹ ਖੇਤ ਨਹੀਂ ਛੱਡੇਗਾ। ਕੀ ਪਤੈ ਕਦੋਂ ਕੋਈ ਬਖੇੜਾ ਖੜ੍ਹਾ ਹੋ ਜਾਏ।"

"ਕੋਈ ਨਾ ਕਾਕਾ! ਮੈਂ ਖੁਦ ਅਮਰਜੀਤ ਨੂੰ ਛੱਡਣ ਆਊਂਗੀ!!"

ਆਪਣੇ ਆਪ ਨੂੰ ਸੋਧਣ ਵਿਚ ਉਹਨਾਂ ਇਕ ਪਲ ਵੀ ਨਹੀਂ ਸੀ ਲੱਗਣ ਦਿੱਤਾ। ਪਰ ਮੈਨੂੰ ਨਾਲ ਲਿਜਾਣ ਦਾ ਲਾਲਚ ਉਹਨਾਂ ਨਹੀਂ ਸੀ ਤਿਆਗਿਆ।

ਤੇ ਅਸੀਂ ਚੰਡੀਗੜ੍ਹ ਨੂੰ ਤੁਰ ਪਈਆਂ ਸਾਂ। ਚਾਚੀ ਜੀ ਦੀ ਝੇਪ ਚੁੱਕਣ ਦਾ ਕਿਸੇ ਨੂੰ ਵੀ ਹੀਆ ਨਹੀਂ ਸੀ ਪੈ ਸਕਿਆ।

ਜਦੋਂ ਤੋਂ ਮੇਰੀ ਸੁਰਤ ਸੰਭਲੀ ਹੈ, ਆਏ ਦਿਨ ਪਿੰਡ ਵਿਚ ਕਤਲ ਹੁੰਦੇ ਸੁਣਦੀ ਆ ਰਹੀ ਹਾਂ। ਜਦੋਂ ਵੀ ਕੋਈ ਜੱਟ, ਬੰਦਾ ਵੱਢਦਾ ਹੈ, ਉਹਦੇ ਸੱਜੇ ਹੱਥ, ਉਹਦੇ ਨਾਲ ਉਹਦਾ ਸੀਰੀ ਹੀ ਹੁੰਦਾ ਹੈ। ਸੋਚਦੀ ਰਹੀ ਹਾਂ, ਕਿਉਂ? ਆਖਰ ਕਿਉਂ ਉਹਦਾ ਸੀਰੀ ਹੀ ਉਹਦੇ ਸੱਜੇ ਹੱਥ ਹੁੰਦਾ ਹੈ? ਅੱਜ ਚਾਨਣ ਹੋਇਆ ਹੈ ਕਿ ਉਹਦਾ ਸੀਰੀ ਇਸ ਕਰਕੇ ਉਹਦੇ ਸੱਜੇ-ਖੱਬੇ ਹੁੰਦਾ ਹੈ, ਕਿਉਂਕਿ ਸੀਰੀ ਦਾ ਟੁੱਕ ਜੱਟ ਨਾਲ ਜੁੜਿਆ ਹੁੰਦਾ ਹੈ।

ਸਾਡਾ ਟੁੱਕ ਵੀ ਚਾਚਾ ਜੀ ਨਰਿੰਦਰਪਾਲ ਸਿੰਘ ਦੀ ਸਰਦਾਰੀ ਨਾਲ ਜੁੜਿਆ ਹੋਇਆ ਹੈ। ❑❑

**[59- ਹੀਰਾ ਸਿੰਘ ਨਗਰ, ਕੋਟਕਪੂਰਾ- 157204 ਫੋਨ: 98554-81856]**

# ਖੱਚਰੀ: ਕਹਾਣੀ: ਮੁਸ਼ਤਾਕ

ਅਸਾਂ ਦੋਹਾਂ ਪਤੀ ਪਤਨੀ ਨੇ ਦਿਨ ਰਾਤ ਮਿਹਨਤ ਕਰ ਕੇ, ਇਕ ਇਕ ਪੈਸਾ ਜੋੜਿਆ ਸੀ। ਉਹਦਾ ਨਤੀਜਾ ਸੀ ਕਿ ਇਕ ਛੋਟੀ ਜਿਹੀ ਦੁਕਾਨ ਖਰੀਦ ਲਈ। ਕੰਮ ਇਹ ਵੀ ਆਸਾਨ ਨਹੀਂ ਸੀ, ਪਰ ਦਿਲ ਨੂੰ ਤਸੱਲੀ ਸੀ ਕਿ ਆਪਣਾ ਕੋਈ ਥਾਂ ਟਿਕਾਣਾ ਤਾਂ ਬਣ ਗਿਆ।

ਹੁੰਦਿਆਂ ਕਰਦਿਆਂ ਜ਼ਰੂਰਤ ਮਹਿਸੂਸ ਹੋਣ ਲੱਗੀ ਕਿ ਕੰਮ 'ਚ ਹੱਥ ਵਟਾਉਣ ਲਈ ਕੋਈ ਹੋਰ ਬੰਦਾ ਹੋਣਾ ਚਾਹੀਦਾ ਹੈ।

ਇਕ ਦਿਨ ਮੈਂ ਇਕੱਲਾ ਹੀ ਸਾਂ ਦੁਕਾਨ 'ਚ ਕਿ ਇਕ ਪੰਦਰਾਂ ਸੋਲ਼ਾਂ ਸਾਲਾਂ ਦੀ ਏਸ਼ੀਅਨ ਕੁੜੀ ਮੇਰੇ ਕਾਊਂਟਰ ਦੇ ਸਾਹਮਣੇ ਆ ਕੇ ਖੜ੍ਹੀ ਹੋ ਗਈ। ਚਿਹਰੇ 'ਤੇ ਮੁਸਕਾਨ ਸੀ। ਅੱਖਾਂ 'ਚ ਨਵੇਂ ਅੰਦਾਜ਼ ਦਾ ਤੂਫਾਨ ਸੀ। ਮੈਂ ਤਾਂ ਦੁਕਾਨਦਾਰ ਹੋਣ ਦੇ ਨਾਤੇ 'ਹੈਲੋ' ਕਹਿਣਾ ਸੀ।

"ਕੋਈ ਕੰਮ ਮਿਲ਼ ਸਕਦਾ ਸ਼ਾਮ ਵੇਲ਼ੇ, ਅਤੇ ਹਾਂ ਵੀਕ-ਐਂਡ 'ਤੇ? ਮੈਨੂੰ ਕੰਮ ਦੀ ਬਹੁਤ ਜ਼ਰੂਰਤ ਹੈ। ਕੰਮ ਦਿਲ ਲਾ ਕੇ ਕਰਾਂਗੀ ਸਰਦਾਰ ਜੀ।"

ਮੈਂ ਅਵਾਕ ਜਿਹਾ ਹੋ ਗਿਆ। ਇਸ ਕੁੜੀ ਨੇ ਤਾਂ ਕਈ ਸਵਾਲਾਂ ਦੇ ਜਵਾਬ ਪਹਿਲਾਂ ਹੀ ਪੱਕੇ ਕੀਤੇ ਹੋਏ ਸਨ।

"ਕੰਮ ਤਾਂ ਹੈ, ਪਰ ਤੂੰ ਤਾਂ ਅਜੇ ਸਕੂਲੇ ਜਾਂਦੀ ਹੋਵੇਂਗੀ। ਤੇਰੇ ਮੰਮੀ ਡੈਡੀ ਨਾਲ ਗੱਲ ਕਰਨੀ ਜ਼ਰੂਰੀ ਹੈ!"

"ਉਹ ਤੁਸੀਂ ਫਿਕਰ ਨਾ ਕਰੋ ਸਰਦਾਰ ਜੀ! ਡੈਡੀ ਤਾਂ ਦੋ ਤਿੰਨ ਸਾਲ ਹੋਏ ਭੱਜ ਗਿਐ। ਪਤਾ ਨਹੀਂ ਕਿੱਥੇ ਖੇਹ ਖਾਂਦਾ ਫਿਰਦਾ ਹੋਣੈ। ਹਾਂ, ਮੰਮੀ ਆ ਜਾਊ ਕਲ੍ਹ ਗੱਲ ਕਰਨ ਲਈ। ਤਾਂ ਫਿਰ ਦੱਸੋ, ਘੰਟੇ ਦੇ ਕਿੰਨੇ ਪੌਂਡ ਦਿਉਗੇ? ਮੈਂ ਕਲ੍ਹ ਹੀ ਸਵੇਰੇ ਆ ਜਾਵਾਂਗੀ ਕੰਮ 'ਤੇ। ਸਨਿੱਚਰ ਹੈ ਨਾ ਕਲ੍ਹ ਨੂੰ!"

ਮੈਂ ਦਿਲ 'ਚ ਸੋਚਣ ਲੱਗਾ, ਇਹ ਤਾਂ ਕੁੜੀ ਬੜੀ ਖੱਚਰੀ ਹੈ! ਘਰੋਂ ਹੀ ਤਿਆਰੀ ਕਰ ਕੇ ਆਈ ਲਗਦੀ ਹੈ।

"ਹਾਂ, ਤੂੰ ਕਲ੍ਹ ਨੂੰ ਆ ਜਾਈਂ। ਆਪਣੀ ਮੰਮੀ ਨੂੰ ਵੀ ਨਾਲ਼ ਲਿਆਈਂ। ਮੇਰੀ ਵਾਈਫ ਵੀ ਏਥੇ ਹੋਵੇਗੀ। ਗੱਲ ਕਰ ਲਵਾਂਗੇ। ਉਂਝ ਸਾਨੂੰ ਇਕ ਹੈਲਪਰ ਦੀ ਲੋੜ ਸੀ।"

"ਬੱਸ ਸਾਹਬ! ਫਿਰ ਤਾਂ ਗੱਲ ਬਣ ਗਈ", ਤੇ ਉਹ ਦੁਕਾਨ ਤੋਂ ਟਪੂਸੀਆਂ ਮਾਰਦੀ ਹੱਸਦੀ ਹੱਸਦੀ ਤੁਰ ਗਈ।

ਦੂਜੀ ਸਵੇਰ ਜਦੋਂ ਉਹ ਆਈ ਤਾਂ ਉਹਦੀ ਮੰਮੀ ਚੁੱਪ ਕਰ ਕੇ ਦੁਕਾਨ 'ਚੋਂ ਚੀਜ਼ਾਂ ਚੁੱਕ ਕੇ ਬਾਸਕਟ ਵਿਚ ਪਾ ਕੇ ਮੇਰੇ ਕੋਲ਼ ਕਾਊਂਟਰ 'ਤੇ ਆ ਗਈ, ਤੇ ਉਹ ਕੁੜੀ ਮੇਰੀ ਵਾਈਫ ਨਾਲ ਗੱਲੀਂ ਪੈ ਗਈ। ਮੈਂ ਆਪਣੇ ਕੰਮ 'ਚ ਲੱਗਾ ਰਿਹਾ।

ਪੰਜ ਦਸ ਮਿੰਟ ਪਿੱਛੋਂ ਮੈਂ ਵੇਖਿਆ, ਉਹ ਕੁੜੀ ਮੇਰੀ ਵਾਈਫ ਨਾਲ ਸਾਮਾਨ ਦੇ ਡੱਬੇ ਰੈਕ ਵਿਚ ਰੱਖ ਰਹੀ ਸੀ। ਮੈਂ ਚੁੱਪ ਚਾਪ ਵੇਖਦਾ ਰਿਹਾ।

ਦੂਜੇ ਪਲ ਮੇਰੀ ਵਾਈਫ ਅਜੀਬ ਜਿਹਾ ਮੂੰਹ ਬਣਾ ਕੇ ਮੇਰੇ ਨਾਲ਼ ਆ ਕੇ ਖੜ੍ਹੀ ਹੋ ਗਈ।

"ਕਿਉਂ--?" ਮੈਂ ਕਿਹਾ।

"ਹੈ ਤਾਂ ਠੀਕ ਹੀ। ਮੰਮੀ ਵੀ ਠੀਕ ਹੀ ਲਗਦੀ ਹੈ। ਪੈਸੇ ਵੀ ਬਾਜ਼ਾਰ ਦੇ ਰੇਟ ਦੇ ਹੀ ਮੰਗੇ ਨੇ। ਪਰ ਲਗਦੀ ਮੈਨੂੰ ਖੱਚਰੀ ਹੈ।"



"ਚੱਲ ਆਪਾਂ ਨੂੰ ਕੀ। ਸੁਖਾਲ਼ ਹੋ ਜਾਊ ਆਪਾਂ ਨੂੰ।"

ਦੋ ਕੁ ਮਹੀਨੇ ਹੀ ਹੋਏ ਸਨ ਕਿ ਇਕ ਦਿਨ ਸਵੇਰੇ ਹੀ ਆ ਕੇ ਉਹ ਮੇਰੇ ਕੋਲ਼ ਚੁੱਪ ਚਾਪ ਖੜ੍ਹੀ ਹੋ ਗਈ। ਮੂੰਹ ਦਾ ਰੰਗ ਉੱਡਿਆ ਹੋਇਆ ਸੀ। ਮੈਨੂੰ ਵੀ ਫਿਕਰ ਹੋ ਗਈ। ਕੋਈ ਔੜ੍ਹ ਸੌਹੜ ਹੀ ਨਾ ਹੋ ਗਈ ਹੋਵੇ!

ਮੈਂ ਦੋ ਚਾਰ ਵਾਰ ਪੁੱਛਿਆ ਤਾਂ ਰੋਂਦੀ ਹੋਈ ਕਹਿਣ ਲੱਗੀ: "ਸਰ! ਗੱਲ ਮਾੜੀ ਹੋ ਗਈ। ਗ਼ਲਤੀ ਹੋ ਗਈ ਬਹੁਤ ਭਾਰੀ। ਮੈਂ ਡਾਕਟਰ ਕੋਲ਼ ਗਈ ਸਾਂ। ਮੈਨੂੰ ਤਾਂ ਬੱਚਾ ਹੋਣ ਵਾਲਾ ਹੈ!"

"ਕੀ__? ਓ ਮਰ ਜਾਏਂ! ਇਹ ਕੀ ਕੀਤਾ ਤੈਂ? ਪਾਗ਼ਲੇ! ਹੁਣ ਕੀ ਬਣੂ?" ਤੇ ਮੈਂ ਉਹਨੂੰ ਬਾਹੋਂ ਫੜ ਕੇ ਪਿਛਲੇ ਪਾਸੇ ਦਫਤਰ 'ਚ ਲੈ ਗਿਆ। "ਚੁੜੇਲੇ! ਇਹ ਕੀ ਕਰ ਲਿਆ ਤੈਂ? ਕੀਹਦੇ ਨਾਲ਼ ਖੇਹ ਖਾਂਦੀ ਰਹੀ ਹੈਂ ਤੂੰ? ਮਰਨੀਏਂ! ਤੇਰੀ ਮਾਂ ਵਿਚਾਰੀ ਕੀ ਕਰੂ ਤੇਰਾ? ਹੁਣ ਕੀ ਹੋਊ? ਕੀ ਸੋਚਿਆ ਈ?"

"ਸਰ!" ਤੇ ਉਹਨੇ ਸਿਸਕੀਆਂ ਲੈਂਦੀ ਨੇ ਕਿਹਾ, "ਸਰ! ਗ਼ਲਤੀ ਬਹੁਤ ਵੱਡੀ ਹੋ ਗਈ ਏ! ਮਾਂ ਬਥੇਰਾ ਸਮਝਾਉਂਦੀ ਹੁੰਦੀ ਸੀ। ਪਤਾ ਨਹੀਂ ਕਿਵੇਂ ਮੇਰੀ ਮੱਤ ਮਾਰੀ ਗਈ। ਬੱਸ ਇਕ ਪਾਰਟੀ ਦੀ ਰਾਤ, ਉਹ 'ਜੀਤਾ' ਹੈ ਨਾ, ਜੋ ਇੰਡੀਆ ਤੋਂ ਪੜ੍ਹਨ ਆਇਆ ਸੀ; ਉਹਦੀਆਂ ਗੱਲਾਂ 'ਚ ਆ ਗਈ। ਉਹ ਦੁਸ਼ਟ ਆਪ ਤਾਂ ਇੰਡੀਆ ਤੁਰ ਗਿਆ, ਬਰਬਾਦ ਕਰ ਗਿਐ ਮੈਨੂੰ। ਸਰ! ਮੇਰੀ ਮਦਦ ਕਰੋ! ਪਰ ਇਹ ਨਾ ਕਿਹਾ ਜੇ, ਮੈਂ ਬੱਚੇ ਨੂੰ ਜ਼ਾਇਆ ਕਰ ਦਿਆਂ। ਮੈਂ ਇਹ ਨਹੀਂ ਕਰਨਾਂ। ਦੋਜ਼ਖ ਭੋਗ ਲਵਾਂਗੀ, ਪਰ ਇਸ ਬੇਕਸੂਰ ਨੂੰ ਨਹੀਂ ਖਤਮ ਕਰਾਂਗੀ। ਬੱਸ, ਤੁਸੀਂ ਮੇਰੀ ਮਦਦ ਕਰ ਦਿਉ ਇਸ ਘੜੀ। ਮੈਂ ਸਾਰੀ ਉਮਰ ਤੁਹਾਡੀ ਦੇਣਦਾਰ ਰਹਾਂਗੀ। ਪਲੀਜ਼!"

ਮੇਰੇ ਤਾਂ ਹੋਸ਼ ਉੱਡ ਗਏ। ਹਾਲੇ ਤਾਂ ਇਹ ਆਪ ਬੱਚੀ ਹੈ। ਇਹ ਫਿਰ ਕਿਵੇਂ ਬੱਚੇ ਨੂੰ ਪਾਲ਼ੇਗੀ, ਸੰਭਾਲ਼ੇਗੀ। ਇਹਦੀ ਵਿਚਾਰੀ ਮਾਂ ਕੀ ਕਰੇਗੀ ਇਹ ਗੱਲ ਸੁਣ ਕੇ। ਆਂਢ ਗੁਆਂਢ ਕੀ ਕਹਿਣਗੇ? ਅਸੀਂ ਪਤੀ ਪਤਨੀ ਕੀ ਕਰਾਂਗੇ? ਕੀਹਦੇ ਕੀਹਦੇ ਸਵਾਲਾਂ ਦੇ ਜਵਾਬ ਦਿਆਂਗੇ? ਦੁਕਾਨਦਾਰੀ ਹੈ। ਲੋਕੀਂ ਕੀ ਕਹਿਣਗੇ? ਸਾਡੇ ਆਪਣੇ ਵਿਆਹ ਹੋਏ ਨੂੰ ਅੱਠ ਸਾਲ ਹੋ ਗਏ ਨੇ। ਬੱਚਾ ਸਾਡੇ ਕੋਈ ਨਹੀਂ ਹੋਇਆ। ਲੋਕੀਂ ਪਤਾ ਨਹੀਂ ਕੀ ਕੀ ਗੱਲਾਂ ਕਰਨਗੇ? ਜੀਣਾ ਔਖਾ ਹੋ ਜਾਊ!"

"ਹੁਣ ਬੱਸ ਕਰ ਇਹ ਟੱਸੂਏ ਵਹਾਉਣੇ! ਉੱਠ ਮੂੰਹ ਹੱਥ ਧੋ। ਵਾਈਫ ਆਉਂਦੀ ਹੋਣੀ ਏਂ, ਇਹ ਤਮਾਸ਼ਾ ਨਾ ਕਰੀਂ ਉਹਦੇ ਸਾਹਮਣੇ। ਮੈਂ ਤਾਂ ਸੁਣ ਲਿਆ ਇਹ ਕਿੱਸਾ, ਉਹਨੇ ਤਾਂ ਤੂਫਾਨ ਖੜ੍ਹਾ ਕਰ ਦੇਣੈ!"

ਸਾਰਾ ਦਿਨ ਪਰੇਸ਼ਾਨ ਮੈਂ ਦੁਕਾਨ 'ਚ ਰੁੱਝਾ ਰਿਹਾ। ਸ਼ਾਮੀਂ ਘਰ ਪਹੁੰਚੇ ਦੁਕਾਨ ਬੰਦ ਕਰ ਕੇ ਤਾਂ ਵਾਈਫ ਨੇ ਘੇਰ ਲਿਆ।

"ਇਹ ਅੱਜ ਕੀ ਹੋਇਆ ਦੁਕਾਨ 'ਚ? ਨਾ ਤੁਸੀਂ, ਨਾ ਹੀ ਉਹ ਖੱਚਰੀ 'ਸੀਮਾ' ਇਕ ਦੂਜੇ ਦੇ ਸਾਹਮਣੇ ਹੋਏ। ਨਾ ਹੱਸੇ, ਨਾ ਕੋਈ ਮਜ਼ਾਕ ਹੀ ਕੀਤਾ? ਹੋਇਆ ਕੀ ਹੈ?"

ਮੇਰਾ ਤਾਂ ਜਿਵੇਂ ਦਿਲ ਪਾਟ ਗਿਆ। ਮੇਰਾ ਇਹ ਰੂਪ ਮੇਰੀ ਵਾਈਫ ਨੇ ਪਹਿਲਾਂ ਕਦੇ ਨਹੀਂ ਵੇਖਿਆ ਸੀ। ਉਹਨੇ ਭੱਜ ਕੇ ਮੈਨੂੰ ਸੋਫੇ 'ਤੇ ਬੈਠੇ ਨੂੰ ਆਪਣੀਆਂ ਬਾਹਾਂ 'ਚ ਲਪੇਟ ਲਿਆ। ਸਿਰ ਤੋਂ ਚੁੰਨੀ ਉਹਦੀ ਤਿਲ੍ਹਕ ਕੇ ਦੂਰ ਜਾ ਡਿੱਗੀ।

"ਜਾਨੀ! ਹੋਇਆ ਕੀ ਏ? ਕੀ ਕਰ ਬੈਠੈਂ ਤੂੰ? ਦੱਸ ਤੇ ਸਹੀ! ਬੋਲ, ਕੀ ਹੋ ਗਿਆ ਈ? ਕਾਹਤੋਂ ਭੁੱਬਾਂ ਮਾਰ ਕੇ ਰੋਈ ਜਾਨੈਂ? ਕੁਝ ਮੈਨੂੰ ਵੀ ਤਾਂ ਦੱਸ, ਆਖਰ ਹੋ ਕੀ

ਗਿਐ? ਤੂੰ ਬੋਲਦਾ ਕਿਉਂ ਨਹੀਂ?"

"ਓ ਯਾਰ! ਮੈਂ ਕੁਝ ਨਹੀਂ ਕੀਤਾ! ਰੱਬ ਦੀ ਸਹੁੰ, ਮੈਂ ਕੁਝ ਨਹੀਂ ਕੀਤਾ! ਬੱਸ ਕੀ ਕਹਾਂ__ ਦਿਲ ਹੀ ਪਾਟ ਗਿਐ, ਉਸ ਖੱਚਰੀ ਸੀਮਾ ਦੀ ਗੱਲ ਸੁਣ ਕੇ__ ਉਹਨੇ ਬਹੁਤ ਵੱਡਾ ਗੁਨਾਹ ਕਰ ਲਿਐ__ ਓ ਭਾਗਵਾਨੇ! ਉਹ ਬੱਚੇ ਦੀ ਮਾਂ ਬਣਨ ਵਾਲੀ ਹੈ, ਤੇ ਉਹ ਹਰਾਮੀ 'ਜੀਤਾ' ਜੋ ਹੁੰਦਾ ਸੀ ਨਾ, ਉਹ ਗੰਦਾ ਤੁਖਮ ਇੰਡੀਆ ਤੁਰ ਗਿਐ__ ਇਸ ਕਮਲ਼ੀ ਨੂੰ ਮੈਂ ਅੱਜ ਬਥੇਰਾ ਸਮਝਾਇਐ__ ਪਰ ਨਹੀਂ ਮੰਨਦੀ__ ਕਹਿੰਦੀ ਐ ਬੱਚਾ ਜ਼ਾਇਆ ਨਹੀਂ ਕਰਾਉਣਾ__ ਪਾਲੂਗੀ ਆਪ__ ਭਲਾ ਦੱਸ ਉਹ ਹੈ ਐਨੇ ਜੋਗੀ? ਕੀ ਕਰੂ? ਸਾਥੋਂ ਮਦਦ ਭਾਲ਼ਦੀ ਹੈ__ ਕੀ ਕਰਾਂਗੇ ਆਪਾਂ__?" ਮੇਰੀ ਤਾਂ ਅਕਲ ਮਾਰੀ ਗਈ ਹੈ__ ਤੂੰ ਹੀ ਦੱਸ ਕੀ ਕਰੀਏ__?"

ਯਕ ਦਮ ਇਕ ਪਹਾੜ ਫਟਿਆ!

"ਚੁਲ੍ਹੇ 'ਚ ਪਵੇ ਉਹ, ਤੇ ਉਹਦੇ ਅਗਲੇ ਪਿਛਲੇ! ਇਹ ਕੁੱਤੀ ਸਾਥੋਂ ਕੀ ਭਾਲ਼ਦੀ ਹੈ? ਪਵੇ ਢੱਠੇ ਖੂਹ 'ਚ__ਝਾਟਿਆਂ ਤੋਂ ਫੜ ਕੇ ਕੱਢੋ ਬਾਹਰ ਦੁਕਾਨ 'ਚੋਂ। ਬਦਨਾਮੀ ਕਰਾਉਣੀ ਐਹੋ ਜਿਹੀ ਨੂੰ ਰੱਖ ਕੇ__ਸੁਣਦੇ ਹੋ ਨਾ ਤੁਸੀਂ? ਚੱਲਦੀ ਕਰੋ ਉਹਨੂੰ ਕਲ੍ਹ ਸਵੇਰੇ ਹੀ__ਤੋਬਾ! ਸੁਣਦੇ ਸਾਂ ਜਵਾਨੀ ਅਵੈੜ ਹੁੰਦੀ ਹੈ__ਪਰ ਐਨੀ? ਹੇ ਮਾਲਕਾ! ਇਹ ਕੀ ਜ਼ਮਾਨੇ ਆ ਗਏ ਨੇ!...!"

ਮੈਂ ਤਾਂ ਅਧਮੋਇਆ ਹੋਇਆ ਪਿਆ ਸਾਂ। ਪਤਨੀ ਨੇ ਰੋਟੀ ਪਕਾਉਂਦਿਆ ਪਤਾ ਨਹੀਂ ਕਿੰਨੇ ਗਿਆਨ ਸ਼ਾਸਤਰ ਫਰੋਲ਼ ਛੱਡੇ। ਰੋਟੀ ਕਾਹਦੀ ਖਾਣੀ ਸੀ, ਬੱਸ ਬੁਰਕੀਆਂ ਤੋੜ ਕੇ ਢਿੱਡ 'ਚ ਸੁੱਟ ਲਈਆਂ।

ਰਾਤ ਜਾਗਦਿਆਂ, ਕੰਬਦਿਆਂ, ਉੱਸਲ਼ਵੱਟੇ ਲੈਂਦਿਆ ਲੰਘ ਗਈ। ਸਵੇਰ ਹੋਈ ਤਾਂ ਮੈਂ ਆਪਣੇ ਦਿਲ ਦੇ ਜਜਮਾਨ ਨੂੰ ਚਾਹ ਪੀਂਦਿਆਂ ਪਤਨੀ ਸਾਹਮਣੇ ਪੇਸ਼ ਕਰ ਹੀ ਦਿੱਤਾ।

"ਦੇਖ, ਕੁੜੀ ਨਿਆਣੀ ਹੈ। ਗ਼ਲਤੀ ਨਹੀਂ, ਬਹੁਤ ਭਿਆਨਕ ਗ਼ਲਤੀ ਕਰ ਬੈਠੀ ਹੈ। ਸਿਰ 'ਤੇ ਬਾਪ ਦਾ ਨਾ ਪਿਆਰਾ ਸਾਇਆ ਸੀ, ਨਾ ਹੀ ਮਾਂ ਤੋਂ ਸੰਭਾਲ਼ ਹੋਈ... ਤੂੰ ਗਰਮ ਨਾ ਹੋ! ਮੈਂ ਤੇਰੀ ਹਰ ਗੱਲ ਸਮਝਦਾਂ, ਪਰ ਇਹ ਘੜੀ ਠਰੰਮਾ ਦਿਖਾਣ ਦੀ ਹੈ। ਜਿਸ ਤਰ੍ਹਾਂ ਉਹਨੇ ਆਪਣੀ ਗੱਲ ਮੇਰੇ ਸਾਹਮਣੇ ਰੱਖੀ ਹੈ, ਸੱਚ ਜਾਣ, ਤੂੰ ਰਤੀ ਕੁ ਸਮਝਣ ਦੀ ਕੋਸ਼ਿਸ਼ ਕਰ__ ਅਸੀਂ ਜੇ ਏਸ ਔਖੀ ਘੜੀ ਉਹਦੀ ਥੋੜ੍ਹੀ ਜਿਹੀ ਮਦਦ ਕਰ ਦੇਈਏ, ਤਾਂ ਹੋ ਸਕਦੈ, ਉਹ ਸਿਆਣੀ ਬਣ ਜਾਵੇ। ਕੋਈ ਚੰਗਾ ਕੰਮ ਕਰ ਲਊਗੀ ਜ਼ਿੰਦਗੀ 'ਚ। ਦਿਲ ਦਿਮਾਗ਼ ਠੰਢਾ ਕਰ। ਉਹਨੇ ਆਪਣੇ 'ਤੇ ਬਹੁਤ ਭਰੋਸਾ ਕਰ ਕੇ ਗੱਲ ਕੀਤੀ ਹੈ ਮੇਰੇ ਨਾ਼ਲ। ਆਪਾਂ ਨੂੰ ਕੁਝ ਕਰਨਾ ਚਾਹੀਦੈ!"

"ਐਨਾ ਲੰਮਾ ਲੈਕਚਰ ਦੇਣ ਦੀ ਕੀ ਲੋੜ ਸੀ, ਜਦੋਂ ਤੁਸੀਂ ਫੈਸਲਾ ਤਾਂ ਪਹਿਲਾਂ ਹੀ ਕਰ ਚੁੱਕੇ ਹੋ? ਪਤਾ ਨਹੀਂ ਉਸ ਖੱਚਰੀ ਨੇ ਪਹਿਲੇ ਦਿਨ ਤੋਂ ਹੀ ਤੁਹਾਡੇ 'ਤੇ ਕੀ ਜਾਦੂ ਕਰ ਦਿੱਤਾ ਹੋਇਆ", ਤੇ ਉਹ ਨਾਸ਼ਤਾ ਤਿਆਰ ਕਰਨ ਲਈ ਰਸੋਈ 'ਚ ਚਲੇ ਗਈ।

ਮੈਂ ਸਾਰਾ ਦਿਨ ਦੁਕਾਨ 'ਚ ਕੰਮ-ਕਾਰ 'ਚ ਰੁੱਝਾ ਰਿਹਾ। ਪਤਨੀ ਰੋਟੀ ਲੈ ਕੇ ਦੁਪਹਿਰੇ ਆਈ ਤੇ ਦਫਤਰ 'ਚ ਰੱਖ ਕੇ ਚਲੀ ਗਈ।

ਦੁਕਾਨ ਬੰਦ ਕਰਨ ਤੋਂ ਪਹਿਲਾਂ ਮੈਂ ਟੁੱਟੇ ਜਿਹੇ ਦਿਲ ਨਾ਼ਲ ਸੀਮਾ ਨੂੰ ਕਿਹਾ, "ਜਿੰਨੇ ਦਿਨ ਆਸਾਨੀ ਨਾ਼ਲ ਕੰਮ ਕਰ ਸਕਦੀ ਹੈਂ ਕਰ__ਡਾਕਟਰ ਦੇ ਜਾਣਾ ਹੋਵੇ ਜਾਂ ਤਬੀਅਤ ਠੀਕ ਨਾ ਹੋਵੇ ਤਾਂ ਛੁੱਟੀ ਕਰ ਲਈਂ__ਪਰ ਦੱਸ ਕੇ__ਹੋਰ ਪੈਸੇ, ਹਾਂ, ਮੰਗ ਲਿਆ ਕਰੀਂ__"



ਬੱਸ ਮੈਨੂੰ ਇਕ ਝੌਲ਼ਾ ਜਿਹਾ ਯਾਦ ਹੈ; ਉਹਨੇ ਦੋਵੇਂ ਹੱਥ ਮੇਰੇ ਪੈਰਾਂ 'ਤੇ ਧਰ ਦਿੱਤੇ ਸਨ, ਸ਼ਾਇਦ__!

ਹਫਤਾ ਕੁ ਹੀ ਹੋਇਆ ਸੀ ਕਿ ਦੁਕਾਨ 'ਚ ਪੁਲਸ ਵਾ਼ਲੇਆ ਗਏ ਸੀਮਾ ਨੂੰ ਤਲਾਸ਼ ਕਰਨ।

ਸੀਮਾ ਦੀ ਮਾਂ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਸੀ ਅਤੇ ਹਸਪਤਾਲ ਵਾ਼ਲੇ ਸੀਮਾ ਨੂੰ ਭਾ਼ਲ ਰਹੇ ਸਨ।

ਅਗਲੇ ਇਕ ਦੋ ਹਫਤੇ ਦੁਕਾਨ 'ਚ ਅਤੇ ਘਰ 'ਚ ਬਹੁਤ ਦੁੱਖ ਦੇਣ ਵਾਲੇ ਸਨ।

ਪਤਨੀ ਸੀਮਾ ਨੂੰ ਦੁਕਾਨ 'ਚੋਂ ਕੱਢਣਾ ਚਾਹੁੰਦੀ ਸੀ, ਤੇ ਮੈਂ ਅੜੀ ਫੜ ਲਈ ਸੀ ਕਿ ਨਹੀਂ, ਇਸ ਕੁੜੀ ਨੂੰ ਏਸ ਘੜੀ ਸਾਡੀ ਜ਼ਰੂਰਤ ਹੈ।

ਮਾਹੌ਼ਲ ਬਿਆਨ ਤੋਂ ਬਾਹਰ ਸੀ।

ਆਖਰ ਉਹ ਦਿਨ ਵੀ ਆ ਗਿਆ, ਜਦੋਂ ਸੀਮਾ ਇਕ ਨੰਨ੍ਹੀ ਮੁੰਨੀ ਬੱਚੀ ਨੂੰ ਗੋਦ ਲੈ ਕੇ ਦੁਕਾਨ 'ਚ ਆ ਗਈ।

ਮੈਂ ਪੱਥਰ ਦਾ ਬੁੱਤ ਬਣਿਆ ਕਾਊਂਟਰ ਦੇ ਪਿੱਛੇ ਖੜ੍ਹਾ ਰਿਹਾ।

ਓਸੇ ਵੇ਼ਲੇ ਪਤਨੀ ਦਫਤਰ 'ਚੋਂ ਨਿਕਲ ਕੇ ਦੁਕਾਨ 'ਚ ਆ ਗਈ। ਉਹਨੇ ਸੀਮਾ ਨੂੰ ਸਾਹਮਣੇ ਖੜ੍ਹੀ ਵੇਖਿਆ। ਚੁੱਪ ਚਾਪ ਸੀਮਾ ਦੇ ਸਾਹਮਣੇ ਜਾ ਕੇ ਖੜ੍ਹੀ ਹੋ ਗਈ।

ਬੱਚੀ ਨੂੰ ਤੱਕਿਆ। ਹੌ਼ਲੀ ਜਿਹੀ ਉਹਦੇ ਸਿਰ 'ਤੇ ਹੱਥ ਨਾਲ ਪਿਆਰ ਦਿੱਤਾ ਤੇ ਫੇਰ ਦੋਹਾਂ ਹੱਥਾਂ 'ਚ ਬੱਚੀ ਨੂੰ ਚੁੱਕ ਕੇ ਮੇਰੇ ਵੱਲ ਆ ਗਈ। ਮੈਂ ਬਿਲਕੁਲ ਸਾਹ ਰੋਕੀ, ਅੱਖਾਂ ਚੌੜੀਆਂ ਕਰੀ, ਬੱਚੀ ਵੱਲ ਵੇਖ ਰਿਹਾ ਸਾਂ। ਤਦੇ ਮੇਰੀ ਵਾਈਫ ਨੇ ਬੱਚੀ ਨੂੰ ਮੇਰੇ ਵੱਲ ਵਧਾਇਆ ਤੇ ਮੁਸਕਰਾਂਦੀ ਹੋਈ ਬੋਲੀ: "ਲਓ ਮਹਾਰਾਜ! ਆਹ ਇਕ ਇਕ ਹੋਰ ਅਸੀਮਾ ਖੱਚਰੀ ਆ ਗਈ ਜੇ! ਵੇਂਹਦੇ ਕੀ ਹੋ! ਚੁੱਕੋ ਪਿਆਰ ਕਰੋ ਇਹਨੂੰ ਵੀ। ਇਕ ਨਹੀਂ ਸੀ ਮਾਣ, ਹੁਣ ਦੋ ਹੋ ਗਈਆਂ!"

ਮੈਂ ਲੰਮਾ ਸਾਰਾ ਸੁਖ ਦਾ ਸਾਹ ਲਿਆ; ਜਿਵੇਂ ਕੋਈ ਲਾਲ ਹਨੇਰੀ ਸਿਰ ਤੋਂ ਲੰਘ ਗਈ ਹੋਵੇ! ਬੱਚੀ ਨੂੰ ਮੈਂ ਚੁੱਕ ਕੇ ਪਿਆਰ ਕੀਤਾ। ਮੈਂ ਵੇਖਿਆ, ਸਾਹਮਣੇ ਖੜ੍ਹੀ ਸੀਮਾ ਅੱਜ ਇਕ ਅਜੀਬ ਹੀ ਰੂਪ 'ਚ ਦਿਖਾਈ ਦੇ ਰਹੀ ਸੀ। ਉਹਦੀਆਂ ਅੱਖਾਂ 'ਚੋਂ ਮੋਹ ਦੇ ਆਬਸ਼ਾਰ ਡਿਗਦੇ ਦਿਖਾਈ ਦੇ ਰਹੇ ਸਨ। ਅਸੀਂ ਤਿੰਨੇ ਬੱਚੀ ਨੂੰ ਲੈ ਕੇ ਦਫਤਰ ਵਿਚ ਆ ਬੈਠੇ। ਮਾਹੌਲ ਵਿਚ ਪਿਆਰ ਦਾ ਇਤਰ ਫੈਲਿਆ ਹੋਇਆ ਸੀ। ਬੱਚੀ ਉਦੋਂ ਹੀ ਸੀਮਾ ਦੀ ਅਸੀਮਾ ਬਣ ਗਈ!

ਅਗਲੇ ਦੋ ਸਾਲ ਦੁਕਾਨ ਦਾ ਦਫਤਰ ਅਸੀਮਾ ਦੀ ਨਰਸਰੀ ਬਣ ਗਈ। ਦੁਕਾਨ 'ਚ ਆਇਆ ਹਰ ਗਾਹਕ ਉਹਦਾ ਨਾਮ ਜਾਣਦਾ ਸੀ। ਬੱਸ ਸ਼ਾਮ ਨੂੰ ਸੀਮਾ ਉਸਨੂੰ ਪ੍ਰਾਮ ਜਾਂ ਪੁਸ਼ ਚੇਅਰ 'ਚ ਬਿਠਾ ਕੇ ਘਰ ਲੈ ਜਾਂਦੀ ਸੀ। ਬੱਸ ਕਦੇ ਕਦੇ ਮੇਰੀ ਵਾਈਫ ਹੀ ਉਸਨੂੰ ਹੱਸਦੀ ਨੂੰ ਵੇਖ ਕੇ ਕਹਿ ਦਿੰਦੀ ਸੀ: "ਏ-ਓ-ਖੱਚਰੀ! ਕੀ ਹੋ ਰਿਹੈ? ਕੀ ਸ਼ਰਾਰਤਾਂ ਸੋਚ ਰਹੀ ਹੈਂ?"

ਇਕ ਦਿਨ ਦੁਪਹਿਰ ਵੇ਼ਲੇ ਅਸੀਂ ਦਫਤਰ 'ਚ ਤੁਰੀ ਫਿਰਦੀ ਅਸੀਮਾ ਨਾਲ ਗੱਲਾਂ ਪਏ ਕਰਦੇ ਸਾਂ ਕਿ ਖਿਆਲ ਆਇਆ, 'ਸੀਮਾ ਦੋ ਘੰਟੇ ਤੋਂ ਦੁਕਾਨ 'ਚ ਨਹੀਂ ਮੁੜੀ ਸੀ। ਉਹ ਤਾਂ ਕੈਮਿਸਟ ਦੀ ਦੁਕਾਨ 'ਤੇ ਗੋ਼ਲੀਆਂ ਲੈਣ ਹੀ ਗਈ ਸੀ'।

ਹੋਰ ਇਕ ਘੰਟਾ ਲੰਘ ਗਿਆ। ਅਸੀਮਾ ਵੀ ਤੰਗ ਹੋ ਰਹੀ ਸੀ ਤੇ ਸਾਨੂੰ ਵੀ ਪਰੇਸ਼ਾਨ ਕਰ ਰਹੀ ਸੀ। ਸੋਚਿਆ, ਕਿਸੇ ਕੰਮ ਲਈ ਉਹ ਸ਼ਾਇਦ ਘਰ ਚਲੀ ਗਈ ਹੋਵੇ। ਇਕ ਦੋ ਵਾਰ ਫੋਨ ਕੀਤਾ। ਮੈਂ ਆਪ ਉੱਠ ਕੇ ਕੈਮਿਸਟ ਦੀ ਦੁਕਾਨ 'ਤੇ ਗਿਆ। ਉਸ ਭਾਈ ਨੇ ਦੱਸਿਆ ਕਿ ਸੀਮਾ ਤਾਂ ਦੋ ਤਿੰਨ ਸਿਰ ਦਰਦ ਵਾਲੀਆਂ ਗੋ਼ਲੀਆਂ ਦੇ ਪੈਕਟ ਲੈ ਕੇ ਕਦੋਂ ਦੀ ਚਲੇ ਗਈ ਸੀ। ਮੈਂ ਕਾਰ ਲਈ ਤੇ ਉਹਦੇ ਘਰ ਚਲਾ ਗਿਆ। ਦਰਵਾਜ਼ੇ ਦੀ ਘੰਟੀ

ਵਜਾਈ। ਦਰਵਾਜ਼ਾ ਖੜਕਾਇਆ। ਕੋਈ ਜਵਾਬ ਨਾ ਮਿਲਿਆ। ਉਦੋਂ ਹੀ ਇਕ ਸਿਪਾਹੀ ਤੁਰਿਆ ਜਾਂਦਾ, ਮੈਨੂੰ ਬੂਹਾ ਖੜਕਾਉਂਦੇ ਅਤੇ ਨਾਂ ਲੈ ਕੇ ਵਾਜਾਂ ਮਾਰਦੇ ਨੂੰ ਵੇਖ ਕੇ ਮੇਰੇ ਕੋਲ਼ ਆ ਗਿਆ। ਮੈਂ ਤਾਂ ਪਹਿਲਾਂ ਹੀ ਪਰੇਸ਼ਾਨ ਹੋ ਚੁੱਕਿਆ ਸਾਂ। ਉਹਨੇ ਮੇਰੀਆਂ ਗੱਲਾਂ ਸੁਣ ਕੇ ਐਮਰਜੈਂਸੀ ਵਾਲਿਆ ਨੂੰ ਫੋਨ ਕਰ ਦਿੱਤਾ।

ਮਿੰਟਾਂ 'ਚ ਪੁਲਸ ਦੀ ਗੱਡੀ ਆ ਗਈ। ਨਾਲ਼ ਹੀ ਐਂਬੂਲੈਂਸ ਵੀ ਆ ਪਹੁੰਚੀ।

ਫਲੈਟ ਦਾ ਦਰਵਾਜ਼ਾ ਤੋੜਿਆ ਤਾਂ , ਪੁਲਸੀਏ ਨੇ ਮੈਨੂੰ ਓਥੇ ਹੀ ਬਾਹਰ ਰੋਕ ਲਿਆ।

ਅੰਦਰ ਬੈੱਡ 'ਤੇ ਸੀਮਾ ਦੀ ਲਾਸ਼ ਪਈ ਸੀ।

ਨਾਲ ਦੇ ਮੇਜ਼ 'ਤੇ ਉਹਦੇ ਹੱਥ ਦਾ ਲਿਖਿਆ ਲੰਮਾ ਚੌੜਾ ਖਤ ਪਿਆ ਸੀ।

ਪੁਲਸ ਵਾਲੇ ਮੈਨੂੰ ਲਾਸ਼ ਦੇ ਨਾਲ ਹਸਪਤਾਲ ਲੈ ਗਏ।

ਮੇਰੀ ਹਾਲਤ ਵੇਖਕੇ ਮੈਨੂੰ ਵੀ ਡਾਕਟਰ ਦੇ ਹਵਾਲੇ ਕਰ ਦਿੱਤਾ ਗਿਆ। ਦੁਕਾਨ ਬੰਦ ਕਰ ਕੇ ਮੇਰੀ ਪਤਨੀ ਵੀ ਅਸੀਮਾ ਨੂੰ ਨਾਲ ਲੈ ਕੇ ਹਸਪਤਾਲ ਆ ਗਈ। ਮੇਰੇ ਗਲ਼ ਲੱਗ ਕੇ ਬੱਸ ਉਹ ਇਕੋ ਹੀ ਗੱਲ ਕਹੀ ਗਈ: "ਖੱਚਰੀ ਨੇ ਇਹ ਕੀ ਕੀਤਾ? ਦੱਸ ਨਾ ਮੈਨੂੰ, ਉਹਨੇ ਇਹ ਕਿਉਂ ਕੀਤਾ?__ਤੂੰ ਐਨਾ ਪੜ੍ਹਿਆ ਲਿਖਿਆ, ਤੂੰ ਵੀ ਨਾ ਸਮਝ ਸਕਿਆ, ਉਹਨੂੰ ਕੀ ਤਕਲੀਫ ਸੀ__? ਮਰਨੀ ਦੱਸਦੀ ਤਾਂ ਸਹੀ__!"

ਪੁਲਸ ਵਾਲੇ ਨੇ ਸੀਮਾ ਦਾ ਲਿਖਿਆ ਖਤ ਮੇਰੇ ਅੱਗੇ ਕਰ ਦਿੱਤਾ। ਹੁਣ ਤਾਂ ਇਕ ਦੋ ਗੱਲਾਂ ਹੀ ਯਾਦ ਹਨ। ਉਹਨੇ ਅਸੀਮਾ ਦੇ ਪਿਉ ਦਾ ਪਤਾ ਲੱਭ ਲਿਆ ਸੀ। ਪਰ ਉਸਨੇ ਅਸੀਮਾ ਤਾਂ ਕੀ, ਸੀਮਾ ਨੂੰ ਵੀ ਜਾਣਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਖੁਦਕੁਸ਼ੀ ਤੋਂ ਪਹਿਲਾਂ ਅਸੀਮਾ ਨੂੰ ਸਾਡੇ ਹਵਾਲੇ ਕਰ ਗਈ ਸੀ।---

ਅਗਲੇ ਦੋ ਤਿੰਨ ਮਹੀਨੇ ਬਹੁਤ ਔਖੇ ਸਨ। ਪੁਲਿਸ, ਕਚਹਿਰੀ, ਕੌਂਸਲ ਦੇ ਸੋਸ਼ਲ ਸਰਵਸਿਜ਼ ਵਿਭਾਗ ਦੇ ਚੱਕਰਾਂ ਨੇ ਜਾਨ ਔਖੀ ਕਰ ਦਿੱਤੀ। ਪਰ ਅੰਤ ਨੂੰ ਜੱਜ ਨੇ ਅਸੀਮਾ ਨੂੰ ਸਾਡੀ ਦੇਖ-ਭਾਲ 'ਚ ਦੇ ਦਿੱਤਾ ਅਤੇ ਅਸੀਂ ਕਾਨੂੰਨੀ ਤੌਰ 'ਤੇ ਉਹਦੇ ਵਾਰਿਸ ਬਣ ਗਏ।

ਅਸੀਮਾ ਹੁਣ ਅਠਾਰਾਂ ਸਾਲਾਂ ਦੀ ਹੋ ਗਈ ਹੈ। ਅੱਜ ਹੀ ਮੈਂ ਤੇ ਮੇਰੀ ਪਤਨੀ (ਅਸੀਮਾ ਦੀ ਮੰਮੀ) ਉਹਨੂੰ ਦੂਰ ਸ਼ਹਿਰ ਦੀ ਯੂਨੀਵਰਸਿਟੀ ਵਿਚ ਉਚੇਰੀ ਪੜ੍ਹਾਈ ਦੀ ਡਿਗਰੀ ਵਾਸਤੇ ਛੱਡ ਕੇ ਆਏ ਹਾਂ।

ਵਾਪਸੀ ਦਾ ਸਫਰ ਬੜਾ ਖਾਮੋਸ਼ੀ ਦਾ ਸੀ।

ਘਰ ਆ ਕੇ ਮੈਂ ਰਸੋਈ 'ਚ ਚਾਹ ਬਣਾਈ ਤੇ ਸਿਟਿੰਗ ਰੂਮ 'ਚ ਬੈਠੀ ਪਤਨੀ ਦੇ ਕੋਲ਼ ਆ ਕੇ ਬਹਿ ਗਿਆ।

ਉਹਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢਕਿਆ ਹੋਇਆ ਸੀ। ਬੱਸ ਚੀਖ ਮਾਰ ਕੇ ਬੋਲੀ, "ਇਹ ਵੀ ਖੱਚਰੀ ਤੁਰ ਗਈ ਛੱਡ ਕੇ! ਦੱਸ ਸਰਦਾਰਾ! ਅਸਾਂ ਕੀ ਕਰਨਾ ਸੀ ਉਹਨੂੰ ਡਿਗਰੀਆਂ ਕਰਾ ਕੇ? ਪਰ ਤੂੰ... ਤੂੰ ਆਪਣੀ ਜ਼ਿੱਦ ਪੂਰੀ ਕਰਦੈਂ! ਤੋਰ ਤਾ ਨਾ ਉਹਨੂੰ ਵੀ ਦੂਰ__! ਕਰ ਲਈ ਤੂੰ ਦਿਲ ਦੀ ਪੂਰੀ__! ਇਕੋ ਤਾਂ ਸੀ ਏਸ ਉਮਰੇ ਹੱਸਣ ਨੂੰ, ਲੜਨ ਨੂੰ__ ਉਹ ਵੀ ਤੋਰ ਤੀ ਦੂਰ__!"

ਮੈਂ ਭਰੇ ਹੋਏ ਦਿਲ ਨਾਲ ਕੁਝ ਕਹਿਣਾ ਚਾਹੁੰਦਾ ਸਾਂ, ਪਰ ਬੁਲ੍ਹ ਪੱਥਰ ਹੋ ਗਏ। ਉਹਦੇ ਚਿੱਟੇ ਹੋ ਰਹੇ ਵਾਲ਼ਾਂ ਵਿਚ ਆਪਣੀਆਂ ਉਂਗਲਾਂ ਫੇਰਦਾ ਮੈਂ ਆਪਣੀਆਂ ਸਿਸਕੀਆਂ ਰੋਕੀ, ਉਹਦੇ ਸਿਰ ਨੂੰ ਸੀਨੇ ਨਾਲ਼ ਲਾਈ ਚੁੱਪ ਚਾਪ ਬੈਠਾ ਰਿਹਾ।□□

**[25, Findhorn Avenue, Hayes, Middx, U.K. UB4 0DG]**



# ਪੱਛਮੀ ਸਭਯਤਾ ਦੀ ਪੜਚੋਲ : ਨਿਬੰਧ : ਸੁਰਜੀਤ ਹਾਂਸ

ਯੂਨਾਨੀ ਮੁਹਾਵਰਾ ( pathe mathe) ਪੈਥੀ ਮੈਥੀ ਹੈ ਜਿਸਦਾ ਮਤਲਬ 'ਦੁੱਖ ਤੋਂ ਹੀ ਸਮਝ ਆਉਂਦੀ ਹੈ'। ਅਫਰੀਕਨਾਂ ਨੇ ਅਸ਼ਵੇਤ (black) ਅਮਰੀਕੀ ਹੋ ਕੇ ਦੁਨੀਆ ਵਿਚ ਪੱਛਮੀ ਸਭਯਤਾ ਦਾ ਨਰਕ ਸਹਾਰਿਆ ਹੈ। ਇਸ ਕਰ ਕੇ ਅਸ਼ਵੇਤ ਅਮਰੀਕਨ ਪੱਛਮੀ ਸਭਯਤਾ ਦੇ ਪ੍ਰਮੁੱਖ ਆਲੋਚਕ ਹੋਣ ਦਾ ਹੱਕ ਰਖਦੇ ਹਨ, ਅਤੇ ਹਨ।

ਅਫਰੀਕਾ ਤੋਂ ਅਮਰੀਕਾ ਲੈ ਕੇ ਜਾਂਦੇ ਗ਼ੁਲਾਮਾਂ ਲਈ ਜਹਾਜ਼ ਵਿਚ 16 ਫੁੱਟ ਚੌੜੀ ਜ਼ਰਬ 18 ਫੁੱਟ ਲੰਬੀ ਜਗਾਹ ਵਿਚ 250 ਨੰਗ ਮੁਨੰਗੇ ਵਿਅਕਤੀ ਹੁੰਦੇ ਸੀ, ਜੋ 35 ਤੋਂ 90 ਦਿਨਾਂ ਦੇ ਲਗਾਤਾਰ ਸਫਰ ਮਗਰੋਂ ਉਹਨਾਂ ਦੇ ਮਲ ਮੂਤਰ 'ਚੋਂ ਕੱਢ ਲਏ ਜਾਂਦੇ। ਕੋਈ ਦਸ ਲੱਖ ਤਾਂ ਇੰਝ ਰਾਹ 'ਚ ਹੀ ਮਰ ਗਏ ਸਨ।

ਤਾਂ ਹੀ ਤਾਂ, ਠੀਕ ਹੀ, ਸ਼ਵੇਤ (white) ਸਭਯਤਾ ਨੇ ਆਪਣੇ ਲਈ ਪ੍ਰਾਭੌਤਕ ਉੱਦਾਤ ਦਾ ਤੱਤ (metaphysical essence of sublimity) ਸਿਰਜ ਲਿਆ। ਸ਼ਵੇਤ ਮਾਣਸ ਮਾਨਵਤਾ ਦਾ ਪ੍ਰਮਾਣ ਬਣ ਗਿਆ; ਦੁਨੀਆਂ ਦਾ ਸ਼ਵੇਤ ਦੇਸ਼ (space) ਵਜੋਂ ਗ੍ਰਹਿਣ ਹੋਣ ਲੱਗਿਆ। ਪੱਛਮ ਮਨੁੱਖੀ ਵਿਕਾਸ ਦਾ ਸਿਖਰ ਹੈ। ਕੀ ਵਿਗਿਆਨਕ ਸੋਚ, ਕੀ ਰਾਜਨੀਤਕ ਸੰਸਥਾ, ਕੀ ਦਾਰਸ਼ਨਿਕ ਉਡਾਣ, ਕੀ ਸਦਾਚਾਰਕ ਵਿਹਾਰ, ਆਦਿ ਦਾ ਠੇਕਾ ਲੈ ਰੱਖਿਆ ਸੀ। ਜਿੰਨੀ ਕੋਈ ਦਰਯਾਫਤ, ਪੜਤਾਲ, ਕਾਢ ਕਿਸੇ ਅਣ-ਸ਼ਵੇਤ ਨੇ ਕੀਤੀ ਹੈ, ਜੋ ਉਹਨੂੰ ਜਗਤ 'ਚੋਂ ਕੱਢ ਦਿੱਤਾ ਜਾਵੇ ਤਾਂ ਦੁਨੀਆਂ ਹੁਣ ਨਾਲੋਂ ਵਧੇਰੇ ਮਹਾਨ, ਸਤਿ ਅਤੇ ਸ਼ੁਭ ਵਿਹਾਰ ਵਾਲੀ ਹੋਵੇਗੀ!

ਸ਼ਵੇਤ ਮਾਨਸਿਕਤਾ ਨੇ ਅਸ਼ਵੇਤ (negro - ਨਿਗਰ) ਨਾਲ ਬਾਕੀ ਦੁਨੀਆਂ ਦਾ ਵੀ ਨਿਗਰ-ਨ ਕਰ ਦਿੱਤਾ। ਰੈੱਡ ਇੰਡੀਅਨ ਯਾਨੀ ਅਮਰੀਕਾ ਦੇ ਮੂਲਵਾਸੀ ਲਾਲ ਨਿਗਰ ਹੋ ਗਏ, ਏਸ਼ੀਆਈ ਲੋਕ ਪੀਲੇ ਨਿਗਰ ਅਤੇ ਅਰਬ ਰੇਤ ਨਿਗਰ ਹੋ ਗਏ। ਪ੍ਰਧਾਨ ਨਸਲ ਦਾ ਅਨੁਭਵ ਮਾਨਵ ਦਾ ਪ੍ਰਤੀਨਿਧ ਅਨੁਭਵ ਹੋ ਗਿਆ। ਸ਼ਵੇਤ ਤਾਰਕਿਕ ਸੰਜਮ ਦਾ ਪੁਤਲਾ ਸੀ; ਅਸਵੇਤ ਬਿਲਾਸ ਦਾ ਬੰਦਾ। ਫੇਰ ਬੁੱਧੀ ਨੂੰ ਸੁੰਦਰਤਾ ਨਾਲ ਜੋੜ ਦਿੱਤਾ। ਸ਼ਵੇਤ ਨੂੰ ਕਾਕੇਸ਼ੀਅਨ (Caucasian) ਕਹਿ ਕੇ, ਇਹਦੇ 'ਤੇ ਵਿਗਿਆਨਕ ਮੁਲੰਮਾ ਚਾੜ੍ਹ ਦਿੱਤਾ। ਕੇਵਲ ਕਾਕੇਸ਼ੀਆ ਛਾਪ (type) ਹੀ ਸੁੰਦਰ ਬੁੱਧੀਵੰਤ ਸੀ।

ਅਸ਼ਵੇਤ ਔਰਤ ਨਿਲਾਮੀ ਦੇ ਅੱਡੇ 'ਤੇ ਖੜ੍ਹੀ ਕੀਤੀ ਜਾਂਦੀ, ਸ਼ਵੇਤ ਕਿਸੇ ਬੁੱਤ ਲਈ ਬਣੇ ਚੌਖਟੇ 'ਤੇ। ਸ਼ਵੇਤ ਸੁਆਣੀ ਪਾਵਨ; ਅਸ਼ਵੇਤ ਪਾਪੀ, ਇਕ ਫਰਿਸ਼ਤਾ ਰੂਪ, ਦੂਜੀ ਦੈਂਤ। ਸ਼ਵੇਤ ਨਾਰੀ ਪਾਲਣ ਪੋਸ਼ਨਹਾਰ ਮਦੀਨਤਾ ਸੀ; ਅਸ਼ਵੇਤ ਹੜੱਪੂ, ਮਦਨਤਾ ਦੀ ਖਾਣ। ਸ਼ਕਤੀ-ਸਥ ਨਸਲ ਆਪਣੀ ਛਾਪ ਦੇ ਉਲਟ ਸ਼ਕਤੀ-ਹੀਣ ਦੇ ਕੁਛਾਪ ਬਣਾਈ ਜਾਂਦੀ ਹੈ। ਖੰਡਤ ਸਮਾਜ ਦਾ ਪ੍ਰਮੁੱਖ ਲੱਛਣ ਛਾਪ-ਕੁਛਾਪ ਦੀ ਵਾਰਤਾ ਨੂੰ ਅਰਥਸ਼ਾਲੀ ਬਣਾਈ ਜਾਣਾ ਹੈ।

ਇਤਿਹਾਸ ਵਿਚ (court) ਨਯਾਯ ਦੇ ਫੈਸਲੇ ਅਨੁਸਾਰ 'ਅਸ਼ਵੇਤ ਦਾ ਕੋਈ ਅਜਿਹਾ ਹੱਕ ਨਹੀਂ ਜਿਸਦਾ ਸ਼ਵੇਤ ਨੂੰ ਖਿਆਲ ਰੱਖਣਾ ਪਏ'। ਅਸ਼ਵੇਤ ਨਾਰੀ ਆਪਣੇ ਜਮਾ'- ਬਿਲ-ਜਬਹ ਦੀ ਕਚਹਿਰੀ ਵਿਚ ਬਾਤ ਵੀ ਨਹੀਂ ਕਰ ਸਕਦੀ ਸੀ; ਇਸ ਕਰ ਕੇ ਇਹਦੀ ਕੋਈ ਸੁਣਵਾਈ ਨਹੀਂ ਸੀ। ਕਾਲ਼ਿਆਂ ਨੂੰ ਮਾਰਨ ਲਈ ਹਿੰਸਾ ਦੀ ਬਰਾਤ ਚੜ੍ਹਦੀ

ਸੀ- lynching ਇਸੇ ਕਰਕੇ ਸ਼ਵੇਤਾਂ ਦਾ ਪ੍ਰਭੌਤਕ ਉੱਦਾਤ ਅਸ਼ਵੇਤ ਰਾਖਸ਼ਪੁਣੇ ਦਾ ਆਖਰੀ ਸਿਰਾ ਸੀ।

000

ਸ਼ਵੇਤ ਆਪਣੇ ਭੈਅ, ਖਾਹਸ਼ਾਂ, ਫੈਂਟਸੀ (fantasy) ਦੇ ਅਸ਼ਵੇਤ 'ਤੇ ਚਿੰਨ੍ਹ-ਅਸਤਰਨ (projection) ਕਰਦੇ ਰਹਿੰਦੇ ਤਾਂ ਜੁ ਦਰਦ-ਇ ਮੁਜਰਮ ਤੋਂ ਬਚੇ ਰਹਿਣ। ਇੰਝ ਦਮਨਕਾਰ ਵਾਸਤਵਿਕ ਜਗਤ ਵਿਚ ਆਪਣਾ ਦਮਨ ਦਾਖਲ ਕਰਦਾ ਰਹਿੰਦਾ, ਜੋ ਇਹ ਵੀ ਕੋਈ ਬਾਹਰੀ ਵਸਤ ਪ੍ਰਤੀਤ ਹੋਣ ਲਗਦਾ ਹੈ। ਏਸ ਕਾਰਜ ਦੀ ਸਹਾਇਤਾ ਕਾਨੂੰਨ. ਸੰਸਥਾਵਾਂ, ਸਮੁੱਲ (values), 'ਚੱਲਵਾਂ' ਵਿਗਿਆਨ ਵੀ ਕਰਦਾ। ਕਾਲ਼ਾਪਨ ਤਾਂ ਜਿਵੇਂ (ਈਸਾਈ ਧਰਮ ਵਾਲਾ) ਮੌਲਕ ਪਾਪ original sin ਸੀ।

ਸੰਨ 2006 ਵਿਚ ਸਕੂਲ ਵਿਚ ਤਿੰਨ ਫਾਂਸੀਆਂ ਲਟਕਦੀਆਂ ਸੀ। ਸ਼ਵੇਤ ਲਈ ਤਾਂ ਇਹ ਮਜ਼ਾਕ ਸੀ। ਅਸ਼ਵੇਤ ਲਈ ਚੇਤਾਵਨੀ ਅਤੇ ਇਤਿਹਾਸ ਨਿਰੂਪਣ (representation) ਸੀ। ਅਸ਼ਵੇਤ ਤਾਂ ਪੁਲਿਸ, ਸ਼ਾਸਨ, ਅਰਥਚਾਰਾ (economy), ਸੰਸਥਾਵਾਂ ( institutions), ਨਯਾਯ, ਵਾਰਤਾ (narrative), ਮੱਧਯਮਾਨ ( media) ਦੇ ਦਮਨ ਥੱਲੇ ਸੁਕੜਿਆ ਰਹਿੰਦਾ ਹੈ। ਇਸ ਲਈ ਉਹਦਾ 'ਜ਼ਬਤ-ਸ਼ੁਦਾ' ਸਰੀਰ ਹੈ। ਉਹਦੇ ਲਈ ਆਤਮ-ਸ਼ੰਕਾ ਅਤੇ ਆਤਮ-ਘਿਰਣਾ ਏਸੇ ਦਮਨ ਦਾ ਬਦਲਿਆ ਰੂਪ ਹਨ। ਉਹਦੀ ਹੀਣ 'ਕਾਂਖਾ ਹੈ; ਕੁਝ ਹੋਣ ਦਾ ਹੌਸਲਾ ਨਹੀਂ'। ਉਹ ਆਪਣੇ ਸਰੀਰੋਂ ਬਾਹਰ ਸ਼ਵੇਤ ਸਿਰਜਤ ਝੂਠ ਵਿਚ ਬੱਝਿਆ ਰਹਿੰਦਾ ਹੈ। ਉਹ ਬੇਗਾਨੀ ਵਿਆਖਿਆ ਵਿਚ ਰਹਿੰਦਾ ਕਰਦਾ ਇਸਦਾ ਅੰਗ ਵੀ ਹੋ ਜਾਂਦਾ ਹੈ। ਜੋ ਸੰਕੇਤਕ (signifier) ਅਤੇ ਸੰਕੇਤਿਤ ( signified) 'ਚ ਫਰਕ ਮਿਟ ਜਾਂਦਾ ਹੈ ਤਾਂ 'ਬਦ' ਅਸ਼ਵੇਤ ਆਪੇ ਹੀ ਬਦੀ ਦਾ ਮੁਜੱਸਮਾ ਬਣ ਜਾਂਦਾ ਹੈ। ਮਨਘੜਤ ਪਰਿਪੇਖ (perspective) ਵਿਚ ਪ੍ਰਤੱਖਣ (perception) ਹੀ ਬਦਲ ਜਾਂਦਾ ਹੈ ਜੋ ਅਭਿਨਯ (gesture), ਚੇਸ਼ਟਾ (ਹਰਕਤ) 'ਚ ਬਦਲ ਕੇ ਦੈਨਿਕ ਲਘੂ ਇਤਿਹਾਸ (micro-history) ਬਣ ਜਾਂਦਾ ਹੈ।

ਵੇਖਣ ਦਾ ਅਰਥ ਸਵੈ-ਸਿੱਧ ਹੁੰਦਾ ਹੈ; ਪੜ੍ਹਨ 'ਚ ਅਰਥ ਉਠਾਉਣਾ ਪੈਂਦਾ ਹੈ। ਸ਼ਵੇਤ ਕਾਲ਼ੇ ਨੂੰ ਵੇਖਦਾ ਵਿਅਕਤੀ ਨੂੰ ਨਹੀਂ ਤੱਕਦਾ, ਸਗੋਂ ਅਸ਼ਵੇਤ ਸਮੂਹ ਨੂੰ ਗ੍ਰਹਿਣ ਕਰਨ ਲੱਗ ਜਾਂਦਾ ਹੈ। ਬੋਧਨੀਯ (cognitive) ਅਸਹਿ ਸਰੀਰਕ ਚੇਸ਼ਟਾ ਹੋ ਜਾਂਦਾ ਹੈ। ਸ਼ਵੇਤ ਲਈ ਅਣ-ਉਪਸਥਤ ਅਸ਼ਵੇਤ ਹਾਜ਼ਰ ਹੁੰਦਾ ਹੈ- 'ਜ਼ਿਕਰ ਮੇਰਾ ਮੁਝ ਸੇ ਬਦਤਰ'!

ਜੋਕ (joke) ਸੀ ਪੁਲਿਸ ਵਾਲਾ ਆਇਰਸ਼ ਨੂੰ ਕੁੱਟੇ, ਉਹ ਹੱਸੀ ਜਾਵੇ। ਕਹਿੰਦਾ, ਮੈਨੂੰ, ਸਾਲ਼ਾ, ਹੋਰ ਹੀ ਸਮਝ ਕੇ ਕੁੱਟੀ ਜਾਂਦੈ। ਸ਼ਵੇਤ ਵੱਲੋਂ ਅਸ਼ਵੇਤ ਨੂੰ ਹੋਰ ਹੀ ਸਮਝਿਆ ਜਾਣਾ ਹਾੱਸ ਨਹੀਂ ਵਿਥਿਆ ਹੈ।

ਫੈਨਿਨ (Fanon) ਅਨੁਸਾਰ ਨੀਗਰੋ ਤਰਾਸ-ਦਾਇਕ ਸ਼ੈਅ ਹੈ ਜੋ ਫਿਕਰ ਲਾਉਣ ਦੀ ਉਤੇਜਨਾ ਹੈ ਜਿਸਦੀ ਇਤਿਹਾਸ-ਪਾਰ ਮਹੱਤਤਾ ਹੈ, ਨਾਲੇ ਤੱਤਵ ਦਾ ਨਿਸਚਤ ਮਨੋਰਥ ਹੈ। ਸ਼ਵੇਤ ਵੱਲੋਂ lynching (ਲਿੰਚਨ) ਅੰਡ-ਕਤਰਨ (castration) ਅਤੇ ਦਹਿਸ਼ਤ ਵਰਸਾਉਣੀ ਇਹਦਾ ਪ੍ਰਤਿਪੱਖ ਹੈ।ਸ਼ਵੇਤ ਉਪ-ਕਲਪਨਾ (imaginary) ਅਨੁਸਾਰ ਕਾਲ਼ਾ ਗੋਰੀ ਨਾਰ ਦੀ ਬਲਾਤਕਾਰੀ ਲਈ ਕਾਤਲਾਨਾ ਕਾਮ-ਬੱਧ ਹੈ। ਜਾਂ ਫੇਰ ਭੰਡ ਮਸਖਰਾ ਹੈ। ਕੀ ਘਟੀਆ ਪਸ਼ੂ ਹੈ। ਅਸ਼ਵੇਤ ਗਧਾ ਹੈ ਜਿਸਦੀ ਸਿਖਲਾਈ ਤਾਂ ਹੋ



ਸਕਦੀ ਹੈ ਪਰ ਇਹਦਾ ਘੋੜਾ ਨਹੀਂ ਬਣ ਸਕਦਾ।

ਅਸ਼ਵੇਤ ਦੀ 'ਮੈਂ' ਨਹੀਂ ਸਗੋਂ ਉਹਦੀ ਕਾਯਾ ਨਸਲੀ ਅਨੁਭਵ ਦੀ ਵਿਆਖਿਆ ਕਰਦੀ ਹੈ॥

ਸ਼ਕਤੀ ਦਾ ਨਿਰੂਪਣ (ਇਜ਼ਹਾਰ) ਦ੍ਰਿਸ਼ਟਤ ਦਾ ਨਿਰੂਪਣ ਹੁੰਦਾ ਹੈ, ਦ੍ਰਿਸ਼ਟਤ ਨੂੰ ਜ਼ਾਹਰ ਕਰਦਾ ਹੈ। ਸ਼ਵੇਤ ਦਾ ਫੈਸਲਾ ਹੈ ਕਿ ਸ਼ਵੇਤ ਕੀ ਹੁੰਦਾ ਹੈ। ਫੇਰ ਸ਼ਵੇਤ ਦਾ ਫੈਸਲਾ ਹੈ ਕਿ ਅਸ਼ਵੇਤ ਕੌਣ ਹੁੰਦੇ ਹਨ। ਇਸ ਲਈ ਅਸ਼ਵੇਤ ਨੂੰ ਸ਼ਵੇਤ ਦੇ ਕਥਨ ਅਨੁਸਾਰ ਵਿਚਰਨਾ ਚਾਹੀਦਾ ਹੈ। ਏਸੇ ਲਈ ਸ਼ਵੇਤ ਅਸ਼ਵੇਤਾਂ ਨੂੰ ਮੱਤਾਂ ਦਿੰਦੇ ਰਹਿੰਦੇ ਹਨ ਕਿ ਉਹਨਾਂ ਨੂੰ 'ਸਮਝਣਾ' ਚਾਹੀਦਾ, 'ਯਥਾਰਥਵਾਦੀ' ਹੋਣਾ ਚਾਹੀਦਾ ਹੈ, ਪ੍ਰਤਿ-ਯਥਾਰਥ ਗੱਲਾਂ ਵਿਚ ਕੀ ਰੱਖਿਆ ਹੈ!

ਅਮਰੀਕੀ ਅਸ਼ਵੇਤ ਦੀ ਦੋਹਰੀ ਚੇਤਨਾ ਹੈ। ਉਹਦੀ ਮਕਬੂਰੀ ਹੈ ਕਿ ਉਹ ਆਪਣੇ ਆਪ ਨੂੰ ਆਪਣੀ ਅਤੇ ਹੋਰਾਂ ਦੀ ਨਜ਼ਰ ਨਾਲ ਵੇਖੇ। ਉਹਦੇ ਦੋ ਅਹੰਮ, ਉਹਦੀਆਂ ਦੋ ਰੂਹਾਂ ਅਤੇ ਦੋ ਸੋਚਾਂ ਹਨ; ਨਾਲੇ ਦੋ ਸਮਾਈ-ਰਹਿਤ ਅਕਾਂਖਿਆਵਾਂ ਇਕੋ ਕਾਲ਼ੇ ਸਰੀਰ ਵਿਚ ਰਹਿੰਦੀਆਂ ਹਨ। ਕਦੇ ਉਹ ਖੁਦ ਨੂੰ ਆਪਣੇ ਸਰੀਰ ਨਾਲੋਂ ਟੁੱਟਿਆ ਸਮਝਦਾ ਹੈ। ਇਹੀ ਉਹਦੀ ਨੁਹਾਰ (identity) ਦਾ ਸਥਾਨ (locus) ਹੈ। ਇਹੀ ਅਮਰੀਕਨ ਅਸ਼ਵੇਤ ਦਾ ਦੋ-ਤਵ (twoness) ਹੈ ਜੋ ਉਹਦੀ ਨੁਹਾਰ ਤੇ ਚੌਗਿਰਦ ਦਾ ਠੋਸਿਆ ਮਹਿਨਾ (meaning) ਹੈ। ਸ਼ਵੇਤ ਕਾਯਾ ਖਿਆਲ-ਰੱਖਣ ਯੋਗ, ਪਿਆਰ ਅਤੇ ਤਵੱਜੋਹ ਦਾ ਸਥਾਨ ਹ; ਅਸ਼ਵੇਤ ਕਾਯਾ ਹੱਤਕ, ਦੋਸ਼ ਅਤੇ ਆਘਾਤ ਲਈ ਹੈ।

000

ਸਾਂਸਕ੍ਰਿਤਕ (cultural) ਵਿਹਾਰ ਅਤੇ ਪਾਰਥਿਵ (material) ਯਥਾਰਥ ਦੋ ਵੱਖਰੀਆਂ ਚੀਜ਼ਾਂ ਹਨ, ਜਿਹਨਾਂ ਦਾ ਮੇਲ ਉਪਕਲਪਨਾ (imaginary) ਕਰਾਉਂਦੀ ਹੈ। ਮੋਟੀ ਮਿਸਾਲ ਮਾੜਿਆਂ ਦੀ ਸਰਕਾਰੀ ਮਦਦ ਨੂੰ subsidy ਕਹਿੰਦੇ ਹਨ ਜਿਹੜੀ ਖਤਮ ਹੋਣੀ ਚਾਹੀਦੀ ਹੈ; ਇਸ ਤੋਂ ਕਿਤੇ ਜ਼ਿਆਦਾ ਧਨਾਢ ਕਾਰੋਬਾਰਾਂ ਨੂੰ ਸਰਕਾਰੀ ਰਿਆਇਤਾਂ incentive ਹੁੰਦੀਆਂ ਹਨ ਜਿਹੜੀਆਂ ਕਾਇਮ ਰਹਿਣੀਆਂ ਚਾਹੀਦੀਆਂ ਹਨ। ਜਿਉਂ ਜਿਉਂ ਯੌਰਪ ਦਾ ਅਫਰੀਕਾ ਵਿਚ ਦਖਲ ਵਧਦਾ ਰਿਹਾ, ਅਫਰੀਕਾ ਕਾਲ਼ਾ ਹੁੰਦਾ ਗਿਆ। ਇਤਿਹਾਸਕ ਤੌਰ 'ਤੇ ਕਤਲ ਅਤੇ ਜਮਾਹ (ਬਲਾਤਕਾਰ) ਤਾਂ ਅਮਰੀਕੀ ਅਸ਼ਵੇਤਾਂ ਦਾ ਹੁੰਦਾ ਰਿਹਾ ਪਰ ਅੱਜੋਕੀ ਪ੍ਰਛਾਪ (stereotype) ਹੈ ਜੋ ਕਾਲ਼ਾ ਖਤਰਨਾਕ ਬਲਾਤਕਾਰ, ਪੱਕਾ ਹਿੰਸਕ ਅਤੇ ਚੋਰ ਹੈ। ਹੋਰ ਦੇਸ਼ਾਂ ਵਾਂਗੂੰ ਅੱਜੋਕੇ ਅਮਰੀਕਾ ਵਿਚ ਕਤਲ, ਬਲਾਤਕਾਰ, ਚੋਰੀ ਤਾਂ ਨਿੱਤ-ਦਿਹਾੜੀ ਦਾ ਵਰਤਾਰਾ ਹੈ। ਇਹਦੇ ਵਿਚ ਕਾਲ਼ੇ ਦਾ ਨਾਉਂ ਆਉਂਦਾ ਹੋਵੇ ਤਾਂ ਸਾਰਾ ਮੁਲਕ ਭੜਕ ਜਾਂਦਾ ਹੈ।

ਪੁਲਿਸ ਦਾ ਦਮਨ ਅਸ਼ਵੇਤ ਲਈ ਰਾਖਵਾਂ ਹੈ। ਵੱਡੀ ਕਾਰ ਲਈ ਜਾਂਦਾ ਅਸ਼ਵੇਤ ਜ਼ਰੂਰ ਚੋਰ ਹੋਣਾ ਹੈ, ਇਸ ਲਈ ਪੁੱਛ ਗਿੱਛ ਲਈ ਰੋਕ ਲਿਆ ਜਾਂਦਾ ਹੈ। ਜੇਲ੍ਹਾਂ ਵਿਚ ਅਸ਼ਵੇਤ ਦੀ ਭਰਤੀ ਵਸੋਂ ਦੇ ਅਨੁਪਾਤ ਤੋਂ ਵਧੀਕ ਹੈ। ਜੇਲ੍ਹਾਂ ਨੂੰ ਸਮਾਜੀ ਮੁਸ਼ਕਿਲ (social stress) ਦਾ ਇਮਾਰਤੀ (architectural) ਪ੍ਰਤੀਕ ਨਹੀਂ ਸਮਝਿਆ ਜਾਂਦਾ। ਇਹਨਾਂ ਦਾ ਨਿੱਜੀਕਰਨ (privatization) ਅਸ਼ਵੇਤ ਦੇ ਕਥਿਤ ਅਪਰਾਧ ਨੂੰ ਮੁਨਾਫੇ ਦਾ ਸੋਮਾ ਬਣਾਈ ਜਾਂਦਾ ਹੈ।

ਅਸ਼ਵੇਤ ਨਾਲ ਹਾਊਸਿੰਗ ਸੁਸਾਇਟੀਆਂ (housing societies) ਅਤੇ ਬੈਂਕਾਂ ਦਰਾਂਝਾ ਕਰਦੀਆਂ ਹਨ। ਬੈਂਕਾਂ ਵੱਲੋਂ ਲਾਲ-ਲਕੀਰਨ (red-lining) ਦਾ ਮਤਲਬ ਹੈ ਜੋ

ਕਾਲ਼ੇ ਭਾਈਚਾਰਿਆਂ ਵਿਚ ਬਿਜ਼ਨੱਸ ਨੂੰ ਕਰਜ਼ਾ ਨਹੀਂ ਦੇਣਾ। ਹਾਊਸਿੰਗ ਦੀ ਕਰਨੀ ਹੈ ਜੋ ਕੇਵਲ ਦੋ ਫੀਸਦੀ ਸ਼ਵੇਤ ਤੇ ਅਸ਼ਵੇਤ ਗੁਆਂਢੀ ਹਨ।

ਅਮਰੀਕਾ ਦੇ ਦੱਖਣੀ ਸੂਬਿਆਂ ਵਿਚ ਚੋਣ ਹਲਕਿਆਂ ਦੀ ਭੰਨ-ਤੋੜ ਹੁੰਦੀ ਰਹਿੰਦੀ ਹੈ। ਪ੍ਰਧਾਨ ਬੁਸ਼ ਦੀ ਪਹਿਲੀ ਚੋਣ ਵੇਲ਼ੇ ਫਲੋਰੇਡਾ ਦੇ ਕੰਪਿਊਟਰਾਂ 'ਚੋਂ ਕਾਲ਼ਿਆਂ ਦੀਆਂ ਵੋਟਾਂ ਆਪੇ ਹੀ ਉੱਡ ਗਈਆਂ।

ਅਖਬਾਰ, ਫਿਲਮਾਂ, ਮੀਡੀਆ ਅਸ਼ਵੇਤ ਦੀ ਕਾਲ਼ਖ ਦੀ ਰਹਿੰਦੀ ਖੂੰਹਦੀ ਕਸਰ ਕੱਢਦੇ ਰਹਿੰਦੇ ਹਨ। Drugs (ਨਸ਼ੇ) ਦੇ ਬਹਾਨੇ ਅਸ਼ਵੇਤ ਬਸਤੀਆਂ 'ਤੇ ਪੁਲਿਸ ਦੇ ਛਾਪੇ ਆਕਰਮਣ ਵਾਂਗੂੰ ਹੁੰਦੇ ਹਨ। ਜਿਸ ਭਾਈਚਾਰੇ ਨੂੰ ਰੁਜ਼ਗਾਰ ਦੇ ਨਿਮਨਤਮ ਮੌਕੇ ਦਿੱਤੇ ਜਾਂਦੇ ਹਨ, ਉਹਨੂੰ ਸੋਸ਼ਲ ਸਕਿਉਰਟੀ (social security) 'ਤੇ ਭਾਰ ਦੱਸਦੇ ਹਨ। ਆਪਣੇ ਬੱਚਿਆਂ ਨਾਲ ਖੜ੍ਹੀ ਮਾਂ ਨੂੰ 'ਵੈੱਲਫੇਅਰ ਕੁਈਨ' (Welfare Queen) ਪਰਖਿਆ ਜਾਂਦਾ ਹੈ।

'ਸਾਇੰਸ' ਨੇ ਉਪਕਲਪਨਾ 'ਚ ਹਿੱਸਾ ਪਾਇਆ ਹੈ ਜਿਹੜੀ ਅਸ਼ਵੇਤ ਦੇ ਮੁਕਾਬਲਤਨ ਨਿਕੰਮੇ ਅੰਗ ਲੱਭਦੀ ਰਹੀ। ਇਹਦੀ ਵੱਡੀ ਦਰਯਾਫਤ ਅਸ਼ਵੇਤ ਯੋਨੀ, ਸ਼ਿਸਨ ਦਾ ਵੱਡ-ਆਕਾਰੀ ਹੋਣਾ ਸੀ। ਏਸੇ ਕਰਕੇ ਅਸ਼ਵੇਤ ਔਰਤ ਅਤ੍ਰਿਪਤ ਯੋਨੀ ਅਤੇ ਕਾਲ਼ਾ ਭਾਈ ਚਲਦਾ ਫਿਰਦਾ ਸ਼ਿਸਨ ਹੋ ਗਿਆ। ਹ੍ਰਿਸ਼ਟ ਲਈ hardon ਸ਼ਬਦ ਨਾਲ ਅੰਗਰੇਜ਼ੀ ਭਾਸ਼ਾ ਨੇ ਵਿਕਾਸ ਕੀਤਾ ਹੈ।

ਮਾਨਯ ਪੱਛਮੀ ਫਿਲਾਸਫਰ ਵੀ ਉਪਕਲਪਨਾ ਦੀ ਲਪੇਟ 'ਚ ਆਉਂਦੇ ਰਹੇ ਹਨ। Locke (1672-1704) ਰਿਆਸਤ ਦੀ ਸ਼ਕਤੀ ਦੀ ਸੰਸਥਾਈ ਵੰਡ ਦਾ ਪਿਤਾਮਾ ਸਮਝਿਆ ਜਾਂਦਾ ਹੈ, ਜਿਸ ਨੇ Carolina ਦੀ slave constitution ਲਿਖੀ। Hume (1711-76) ਆਪਣੇ ਵੇਲੇ ਯੌਰਪ ਦਾ ਪ੍ਰਮੁੱਖ ਫਿਲਾਸਫਰ ਸੀ, ਜਿਸ ਨੇ slave plantation ਵਿਚ ਸਰਮਾਇਆ ਲਾਇਆ ਹੋਇਆ ਸੀ। ਜਰਮਨ Kant (1724-1804) ਅਸ਼ਵੇਤ-ਦੋਖੀ ਸੀ। ਫੇਰ ਦਵੰਦਵਾਦ (dialectics) ਦਾ ਨਾਯਕ Hegel (1724-1804) ਗ਼ੁਲਾਮੀ ਦਾ ਸਮਰਥਕ ਸੀ।

000

ਜਾਰਜ ਯੈਂਸੀ ਫਿਲਾਸਫਰ ਹੈ। ਪਹਿਲੀ ਖੁਸ਼ੀ ਦੀ ਗੱਲ ਹੈ ਕਿ ਫਿਲਾਸਫੀ ਨੂੰ ਵੀ ਦਮਨ ਦਾ ਫਿਕਰ ਪਿਆ ਹੈ। ਦੂਸਰੇ ਯੈਂਸੀ ਦਲਿਤਾਂ ਦੇ ਦਲਿਤ, ਅਸ਼ਵੇਤ ਅਮਰੀਕਨਾਂ ਵਿਚੋਂ ਹੈ, ਜੋ ਦਮਨਕਾਰੀ ਪੱਛਮ ਦੇ ਦਰਸ਼ਨ ਨੂੰ ਢਾਹੁੰਦਾ ਜਨ-ਹਿਤ, ਕ੍ਰਾਂਤੀਕਾਰੀ ਦਰਸ਼ਨ ਦੀ ਧਿਰ ਦਰਸਾਉਂਦਾ ਹੈ।

ਆਧੁਨਿਕ ਪੱਛਮ ਦੇ ਚਿੰਤਨ ਦਾ ਆਰੰਭ ਡੇਕਾਰਟ (Descartes 1596-1605?) ਤੋਂ ਹੁੰਦਾ ਹੇ ਜਿਸ ਅਨੁਸਾਰ "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ" ਅਮੂਰਤ (abstact) 'ਮੈਂ' ਨਾਲ ਜੀਵਤ ਮੈਂ ਦਾ ਦੁਖ-ਸੁਖ ਦਾ ਅਨੁਭਵ ਕੱਟ ਹੋ ਜਾਂਦਾ, ਜੋ 'ਮੈਂ' ਨਯਾਯ ਦਾ ਅਣ-ਪਰਿਭਾਸ਼ਤ (undefined) ਅੰਸ਼ ਹੀ ਰਹਿ ਜਾਂਦਾ ਹੈ। ਯੈਂਸੀ ਦੇ ਦਰਸ਼ਨ ਦੀ ਨੀਂਹ ਅਨੁਭਵ-ਮੂਰਤੀ ਸਰੀਰ (embodied experience) ਹੈ, ਜੋ ਮਾਨਵੀ ਸਥਿਤੀ ਤੋਂ ਕਦੇ ਲਾਂਭੇ ਨਹੀਂ ਹੁੰਦਾ। ਨਯਾਯ ਨੂੰ ਤਾਂ ਕੋਈ ਕਾਹਲ਼ ਨਹੀਂ ਹੁੰਦੀ; ਅਨੁਭਵ ਉਡੀਕ ਨਹੀਂ ਸਕਦਾ। ਨਯਾਯ ਤਾਂ ਅਨੁਭਵ ਦੀ ਗ਼ੈਰਹਾਜ਼ਰੀ ਵੀ ਲਾ ਸਕਦਾ ਹੈ। ਇਹਦੀ ਪ੍ਰਸਿੱਧ ਮਿਸਾਲ ਮਾਯਾ ਹੈ।



ਇਕ ਵਾਰ ਮਾਰਨਖੁੰਡੀ ਗਊ ਸ਼ੰਕਰ (789-821) ਦੇ ਮਗਰ ਪੈ ਗਈ। ਸ਼ੰਕਰਾਚਾਰੀਆ ਭੱਜਿਆ ਜਾਵੇ ਤਾਂ ਖੇਤ 'ਚ ਖੜ੍ਹਾ ਕਿਸਾਨ ਕਹਿੰਦਾ ਸ਼ੰਕਰਾ, ਭੱਜਿਆ ਕਿਉਂ ਜਾਂਦੈਂ, ਇਹ ਤਾਂ ਮਾਯਾ। ਸ਼ੰਕਰ ਕਿਧਰੇ ਵੱਖ ਹੋ ਗਿਆ ਅਤੇ ਗਊ ਤੋਂ ਖਹਿੜਾ ਛੁੱਟ ਗਿਆ। ਸ਼ੰਕਰ ਮੁੜਦਾ ਜੱਟ ਨੂੰ ਪੁੱਛਦਾ ਤੂੰ ਕੀ ਕਹਿੰਦਾ ਸੀ? ਜਿਹੜਾ ਭੱਜਿਆ ਜਾਂਦਾ ਸੀ, ਉਹ ਵੀ ਤਾਂ ਮਾਯਾ ਸੀ। ਸੋ ਸਿੰਗ ਵੱਜਣ ਦਾ ਡਰ, ਨਾਲੇ ਪਲਾਇਨ ਖੁਰਦ ਬੁਰਦ ਹੋ ਗਿਆ। ਆਦਰਸ਼ਕ ਹਾਲਤ ਵਿਚ ਨਯਾਯ ਅਨੁਭਵ ਨੂੰ ਨਿਖਾਰਨ ਲਈ ਹੈ; ਇਹਤੋਂ ਮੁੱਕਰਨ ਲਈ ਨਹੀਂ।

ਸੋਲਜ਼ੇਨਿਤਸਨ ਦੇ ਨਾਵਲ The First Circle ਵਿਚ ਕੋਈ ਯਹੂਦੀ ਕਮਿਊਨਿਸਟ ਅਨਯਾਯ ਸਹਿਤ ਕੈਦ ਕਰ ਦਿੱਤਾ ਜਾਂਦਾ ਹੈ। ਉਹਦਾ ਸਾਰਾ ਜ਼ੋਰ ਹਮ-ਕੈਦੀਆਂ ਨੂੰ ਸਮਝਾਉਣ 'ਚ ਲੱਗ ਜਾਂਦਾ ਹੈ ਕਿ ਪਾਰਟੀ ਨੇ ਉਹਨੂੰ ਠੀਕ ਕੈਦ ਕੀਤਾ ਹੈ।

ਅਨੁਭਵ-ਮੂਰਤੀ ਸਰੀਰ ਦਾ ਅਸਤਿਤਵ ਕਿਸੇ ਅਸਤਿਤਵਵਾਦ (existentialism) ਨਾਲੋਂ ਵਧੇਰੇ ਵਿਸਤ੍ਰਤ ਅਤੇ ਸਮੁੱਲਾ ਹੈ।

ਨਯਾਯ... ਪੂਰਵ ਭਾਗ ਦੀ ਉੱਤਰ ਭਾਗ ਨਾਲ ਬਣਦੀਆਂ ਕੜੀਆਂ ਦੀ ਚੇਨ (chain) ਹੈ। Gestalt 'ਆਕਾਰ' ਦਾ ਪ੍ਰਤੱਖਣ ਹੈ, ਅਕਾਰ ਦੇ ਭਾਗਾਂ ਦੇ ਸਮੂਹ ਦਾ ਗ੍ਰਹਿਣ ਨਹੀਂ, ਜਿਸ ਕਰਕੇ ਸਾਨੂੰ ਫਾਟਕ ਦਾ ਟੁੱਟਿਆ ਬਾਲਾ ਨਜ਼ਰ ਨਹੀਂ ਆਉਂਦਾ ਅਤੇ ਗ਼ਲਤ ਛਪਾਈ (misprint) ਵਿਚ ਗ਼ਲਤ ਲਗ ਜਾਂ ਵਰਣ ਠੀਕ ਦਿਸਦਾ ਰਹਿੰਦਾ ਹੈ। ਅਨੁਭਵ ਦਾ ਗ੍ਰਹਿਣ ਗੇਸਟਾਲਟ ਹੈ; ਇਹਦੀ ਵਿਆਖਿਆ ਨਯਾਯਸ਼ੀਲ ਹੁੰਦੀ ਹੈ।

ਜਿਵੇਂ ਡਾਰਵਿਨ ਲਿਖਦਾ ਹੈ ਕਿ ਬਨਸਪਤੀ- ਵਿਗਿਆਨੀਆਂ (botanists) ਨੂੰ ਆਲੂ-ਬੁਖਾਰੇ ਦੇ ਰੰਗ ਦਾ ਕੋਈ ਮਹੱਤਵ ਨਜ਼ਰ ਨਹੀਂ ਆਉਂਦਾ, ਭਾਵੇਂ ਇਕ ਰੰਗ ਨੂੰ ਬੀਮਾਰੀ ਪੈਂਦੀ ਪਰ ਦੂਸਰੇ ਨੂੰ ਨਹੀਂ, ਇੰਝੇ ਹੀ ਸਮਾਜ ਵਿਗਿਆਨੀਆਂ ਨੂੰ ਸਮਾਜ ਬਾਰੇ ਤਾਂ ਗਿਆਨ ਹੈ ਪਰ ਖੰਡਤ ਸਮਾਜ ਦੇ ਖੰਡਾਂ ਦੇ ਪ੍ਰਤੱਖਣ, ਉਪਕਲਪਨਾਵਾਂ ਅਤੇ ਅਨੁਭਵ ਦਾ ਪਤਾ ਨਹੀਂ। ਇਹ ਅਸ਼ਵੇਤ-ਹਿਤੈਸ਼ੀ ਚਿੰਤਕਾਂ ਦੀ ਦਰਯਾਫਤ ਹੈ ਜਿਸਦਾ ਯੈਂਸੀ ਗੰਭੀਰ ਵਿਸ਼ਲੇਸ਼ਨ ਕਰਦਾ ਹੈ।

ਸਮਾਜਕ ਗਿਆਨ ਪ੍ਰਕਿਰਤਕ ਗਿਆਨ ਸਮਾਨ ਨਹੀਂ ਹੁੰਦਾ। ਪ੍ਰਕਿਰਤਕ ਗਿਆਨ ਵਿਚ ਗਯਾਤਾ (subject) ਦੀ ਵਸਤੂ (object) ਬਾਰੇ ਕੋਈ ਪੂਰਵ ਕਲਪਨਾ ਨਹੀਂ ਹੁੰਦੀ। ਨਾ ਹੀ ਗਿਆਤ ਵਸਤੂ ਦਾ ਕੋਈ ਦਵੰਦ ( dialectic) ਹੈ। ਪਰ ਨਸਲੀ, ਫਿਰਕਾਦਾਰਾਨਾ ਪ੍ਰਤੱਖਣ ਉਪਕਲਪਨਾ-ਨਿਰਭਰ ਦਵੰਦਵਾਦੀ ਹੁੰਦਾ ਹੈ। ਬਹੁਤਾ ਕਰਕੇ ਖੰਡ ਹੀ ਵਿਅਕਤੀ ਦੀ ਨੁਹਾਰ ਦੇ ਸਿਰਜਕ ਹੁੰਦੇ ਹਨ। ਹੁਣ ਬੁਲ੍ਹੇਸ਼ਾਹ ਦਾ ਸਵਾਲ 'ਬੁਲ੍ਹਿਆ, ਕੀ ਜਾਣਾਂ ਮੈਂ ਕੌਣ?' ਕੇਵਲ ਮਾਨਵੀ ਨਹੀਂ ਰਿਹਾ, ਸਗੋਂ ਫਿਰਕੇ ਜਾਂ ਨਸਲ 'ਤੇ ਵੀ ਨਿਰਭਰ ਹੈ।

ਇੰਝ ਯੈਂਸੀ ਦਾ ਦਰਸ਼ਨ ਕੇਵਲ ਵਸਤੂ ਪੱਖੋਂ ਪਦਾਰਥਵਾਦੀ (materialist) ਨਹੀਂ ਸਗੋਂ ਕਰਤਾ ਜਾਂ ਗਯਾਤਾ ਵੀ ਪਦਾਰਥਵਾਦੀ ਹੈ। ਏਸੇ ਕਰਕੇ ਨਸਲੀ, ਫਿਰਕਾਦਾਰਾਨਾ ਫਸਾਦ ਦੀ ਪ੍ਰਕਿਰਤਕ ਵਿਆਖਿਆ ਨਹੀਂ ਹੋ ਸਕਦੀ, ਸਗੋਂ ਖੰਡਤ-ਸਮਾਜ ਵਾਲੀ ਵਿਧੀ ਦੀ ਲੋੜ ਹੈ। ਏਸੇ ਲਈ ਅਮਰੀਕਾ ਇੰਗਲੈਂਡ ਵਿਚ ਇਕ ਪਾਸਿਉਂ ਕਿਹਾ ਜਾਂਦਾ ਹੈ ਕਿ ਨਸਲਵਾਦ ਦੀ ਕੋਈ ਸਮੱਸਿਆ ਨਹੀਂ, ਕਾਲ਼ੇ ਐਵੇਂ ਆਪਣੇ ਆਪ ਨੂੰ ਸਮੱਸਿਆ ਬਣਾਈ ਜਾਂਦੇ ਹਨ।

ਕਈ ਵਾਰ ਕਿਸੇ ਮੁਆਮਲੇ (problem) ਨੂੰ ਭੁਲਾਉਣ ਦੀ ਦਲੀਲ ਇਹਦੀ

ਪੇਚੀਦਗੀ (complexity) ਹੁੰਦੀ ਹੈ, ਕਿਉਂਕਿ ਇਹ ਹੱਲ ਹੋਣ ਵਾਲਾ ਨਹੀਂ ਲਗਦਾ। ਪੇਚੀਦਗੀ ਦੀ ਦਲੀਲ ਮੁਆਮਲੇ ਨੂੰ ਵਧੇਰੇ ਨੀਝ ਅਤੇ ਤਾਰਕਿਕ (logical) ਯੋਗਤਾ ਨਾਲ ਵਿਚਾਰਰਨ ਦੀ ਤਾਂ ਹੋ ਸਕਦੀ, ਵਿਸਾਰਨ ਦੀ ਨਹੀਂ। ਅੱਧੇ ਕੁ ਵਿਦਵਾਨ ਗੁੰਝਲ ਦੇ ਭਗਤ ਹੁੰਦੇ ਹਨ।

ਮਾਨਵਵਾਦ (Humanism) ਆਚਾਰ-ਸ਼ਾਸਤਰ (ethics) ਲਈ ਤਾਂ ਸਰਾਹਣੀ ਆਦਰਸ਼ ਹੈ ਜੋ ਰਾਜਨੀਤਕ ਬਰਾਬਰੀ ਲਈ ਕਾਫੀ ਨਹੀਂ, ਕਿਉਂਜੁ ਨਸਲ-ਪ੍ਰਸਤੀ ਨੂੰ ਕਾਇਮ ਰੱਖਣ ਵਾਲੇ ਅਜਿਹੇ ਮਾਨਵ ਹਨ ਜੋ ਆਪਣੇ ਆਪ ਨੂੰ ਮਾਨਵਤਾ ਦਾ ਪ੍ਰਤੀਮਾਨ (standard) ਸਮਝਦੇ ਹਨ ਅਤੇ ਪੀੜਤ ਹੀਣ-ਮਾਨਵ ਹਨ। ਪ੍ਰੇਰਨਾ ਸ਼ੋਭਦੀ ਹੈ ਪਰ ਲੋੜ ਕਰਮ ਦੀ ਹੁੰਦੀ ਹੈ।

ਯੈਂਸੀ ਇਕ ਹੋਰ ਦਿਲਚਸਪ ਗੱਲ ਕਹਿੰਦਾ ਹੈ ਕਿ ਜਦੋਂ ਅਸ਼ਵੇਤ (ਜਾਂ ਦਮਿਤ) ਹਲਚਲ ਕਰਨ ਲਗਦੇ ਹਨ ਤਾਂ ਕੋਈ ਨਾ ਕੋਈ ਉੱਤਰ-ਗਿਆਨ ਦੀ ਕਾਢ ਕੱਢ ਹੋ ਜਾਂਦੀ ਹੈ, ਜੋ ਉਹਨਾਂ ਦੇ ਉੱਦਮ ਨੂੰ ਨਕਾਰਦੀ ਹੈ। ਮੇਰੀ ਤਾਂ ਉੱਤਰ-ਆਧੁਨਿਕਤਾ, ਉੱਤਰ-ਮਾਰਕਸਵਾਦ ਆਦਿ ਨਾਲ ਅਜਿਹੀ ਜਾਣਕਾਰੀ ਨਹੀਂ ਜੋ ਯੈਂਸੀ ਦੇ ਕਥਨ ਦਾ ਠੀਕ ਮੁੱਲ ਪਾ ਸਕਾਂ; ਅੱਗੇ ਨੂੰ ਇਹਦੀ ਕੇਵਲ ਬਿੜਕ ਰੱਖੂੰਗਾ।

000

ਅਨੁਭਵ ਅਤੇ ਨਯਾਯ (logic) ਦਾ ਸੰਬੰਧ ਲਾਜ਼ਮ ਨਹੀਂ ਸਗੋਂ ਇਤਫਾਕੀਆ ਹੈ। ਇਹਦਾ ਇਤਿਹਾਸ ਅਤੇ ਇਤਿਹਾਸ-ਸਿਰਜਣ ਨਾਲ ਸੰਬੰਧ ਹੈ। ਪੰਦਰਵੀਂ ਤੋਂ ਅਠਾਰਵੀਂ ਸਦੀ ਦੇ ਨਵੀਂ ਕਿਸਮ ਦੇ ਯੌਰਪ ਦੇ ਮਾਲਕਾਂ ਨੂੰ ਅਨੁਭਵ-ਮੂਰਤੀ ਸਰੀਰਾਂ ਵਿਚ ਕੋਈ ਦਿਲਚਸਪੀ ਨਹੀਂ ਸੀ, ਜਿਸਦਾ ਪ੍ਰਗਟਾਅ ਕੇਵਲ ਕਿਸਾਨੀ ਦੀਆਂ ਬਗ਼ਾਵਤਾਂ ਸੀ।

ਸਿਆਸਤ ਵਿਚ ਉਪਰੋਕਤ ਦਵੰਦ ਦੀ ਗੜਬੜ ਹੁੰਦੀ ਰਹਿੰਦੀ ਹੈ। ਅਸੂਲੀ ਤੌਰ 'ਤੇ ਕਮਿਊਨਿਸਟ ਪਾਰਟੀ ਸ਼੍ਰਮਕ ਸ਼੍ਰੇਣੀ ਦੀ ਚੇਤਨਾ ਹੈ। ਜੇ ਕਥਨ ਠੀਕ ਹੈ ਤਾਂ ਜ਼ਰੂਰੀ ਨਹੀਂ ਕਰਮ ਵੀ ਠੀਕ ਹੋਵੇ। ਸੋਵੀਅਤ ਰੂਸ ਵਿਚ ਪਾਰਟੀ ਦੀ ਪਾਲਸੀ ਹੀ ਜਨਤਕ ਅਨੁਭਵ ਦਾ ਵਿਕਲਪ (substitute) ਜਾਂ ਬਦਲ ਹੋ ਗਈ। ਗੈਬਰੀਅਲ ਕੋਲਕੋ (Gabriel Kolko) ਅਨੁਸਾਰ ਸਮਾਜਕ ਪ੍ਰਬੰਧ ਜੰਗ ਜਾਂ ਇਨਕਲਾਬ ਨਾਲ ਤਾਂ ਢਹਿੰਦੇ ਸੁਣਦੇ ਆਏ ਹਾਂ, ਪਰ ਸੋਵੀਅਤ ਯੂਨੀਅਨ ਨੇ ਆਪਣਾ ਪਤਨ ਆਪ ਕਰ ਲਿਆ।

ਸਿੱਖ ਇਤਿਹਾਸ ਵਿਚ ਵੀ ਅਜਿਹੀ ਸੰਕ੍ਰਾਂਤੀ (transition) ਆਈ ਹੈ ਪਰ ਇਤਿਹਾਸਕਾਰਾਂ ਦਾ ਬਹੁਤਾ ਧਿਆਨ ਨਹੀਂ ਗਿਆ।

ਇਹ ਮਾਮੂਲੀ ਗੱਲਾਂ ਹਨ। ਯੈਂਸੀ ਜਿਹੜੀ ਗੱਲ ਦਾ ਵਾਧਾ ਕਰਦਾ ਹੈ ਉਹ ਹੈ ਕਿ ਆਉਂਦੀ ਕ੍ਰਾਂਤੀ ਲਈ ਨਵੇਂ ਸੰਕਲਪਾਂ (concepts) ਨਾਲ ਨਵੇਂ ਲਗਾਵਾਂ (affections) ਦੀ ਲੋੜ ਹੈ। ਇਹ ਉਹਦੇ ਮੁੱਢਲੇ ਨੁਕਤੇ ਦੀ ਦੇਣ ਹੈ ਜੋ ਗੱਲ ਅਮੂਰਤ ਵਿਅਕਤੀ ਤੋਂ ਸ਼ੁਰੂ ਕਰਨ ਦੀ ਨਹੀਂ ਸਗੋਂ ਸਮਾਜ ਨੂੰ ਸਮਝਣ, ਬਦਲਨ ਦੀ ਹੈ। ਕ੍ਰਾਂਤੀਕਾਰੀ ਲਹਿਰਾਂ ਦੇ ਇਤਿਹਾਸ ਵਿਚ ਨਵੇਂ ਭਾਵਾਂ, ਲਗਾਵਾਂ ਦਾ ਜ਼ਿਕਰ ਨਾਮਾਲੂਮ ਬਰਾਬਰ ਹੋਇਆ ਹੈ। ਕੁਰਬਾਨੀ ਤੋਂ ਇਲਾਵਾ ਹੋਰ ਬਹੁਤ ਕੁਝ ਦੀ ਲੋੜ ਹੈ।

ਜਿਸ ਨਜ਼ਰ ਨਾਲ ਸ਼ਵੇਤ ਨਸਲ-ਪ੍ਰਸਤ ਅਸ਼ਵੇਤ ਨੂੰ ਵੇਖਦਾ ਹੈ, ਉਸਦਾ ਫੈਸਲਾ ਤਾਂ ਉਪਕਲਪਨਾ ਨੇ ਪਹਿਲਾਂ ਹੀ ਕਰ ਦਿੱਤਾ ਹੁੰਦਾ ਹੈ, ਕਿ ਅਸ਼ਵੇਤ ਮਾਨਵਤਾ ਦੀ ਹੀਣ ਵਿਜਾਤੀ



(species) ਹਨ। ਅਸ਼ਵੇਤ ਦੀ ਅਨੁਭਵ-ਮੂਰਤੀ ਸਰੀਰ ਵਾਲੀ ਆਪਣੀ ਨਜ਼ਰ ਹੁੰਦੀ ਹੈ। ਏਸ ਸੰਕਲਪ ਦੀ ਨਾਰੀਵਾਦ (feminism) ਨੂੰ ਦਾਰਸ਼ਨਿਕ ਸਹਾਇਤਾ ਮਿਲੀ ਹੈ। ਜੋ ਨਾਰੀ ਬਾਰੇ ਮਰਦ ਕਹਿੰਦੇ ਹਨ ਉਹ ਇਕ ਗੱਲ ਹੈ, ਜੋ ਨਾਰੀਆਂ ਆਪਣੇ ਬਾਰੇ ਕਹਿੰਦੀਆਂ ਹਨ ਉਹ ਹੋਰ ਤੱਥ ਹੈ। ਸਾਇਮਨ ਦ ਬਿਵੋਏ Simon de Beauvoir ਕਰਤਾ The Second Sex ਨੇ ਇਹ ਵਿਧੀ ਸ਼ਵੇਤ ਨਾਵਲਕਾਰ ਜੇਮਜ਼ ਬਾਲਡਵਿਨ (James Baldwin) ਤੋਂ ਸਿੱਖੀ ਸੀ।

000

ਕਲ੍ਹ ਨੂੰ ਸਾਡੇ ਦੇਸ਼ ਵਿਚ ਦੋਹਰੀ ਨਜ਼ਰ ਦਾ ਸੰਕਲਪ ਹੋਰ ਜ਼ਿਆਦਾ ਲੋੜੀਂਦਾ ਹੋ ਜਾਣਾ ਹੈ। ਜਿਸ ਫਿਰਕਾਪ੍ਰਸਤ ਨਜ਼ਰ ਨਾਲ ਬਹੁਸੰਮਤੀ ਅਲਪ ਨੂੰ ਵੇਖਦੀ ਹੈ, ਉਹ ਮੈਲ਼ੀ ਹੁੰਦੀ ਜਾ ਰਹੀ ਹੈ। ਅਲਪਾਂ ਨੂੰ ਆਪਣੀ ਨੁਹਾਰ identity, ਸਥਿਤੀ, ਭਵਿੱਖ ਵੀ ਅਸ਼ਵੇਤਾਂ ਵਾਲੀ ਵਿਧੀ ਨਾਲ ਪੇਖਣਾ ਪੈਣਾ ਹੈ। ਅਲਪਾਂ ਲਈ ਫਿਰਕਾਪ੍ਰਸਤੀ ਅੰਨ੍ਹੀ ਗ਼ਲੀ ਹੈ। ਅਸ਼ਵੇਤ ਨਸਲਵਾਦ ਦੇ ਸ਼ੈਦਾਈ ਨਹੀਂ; ਉਹ ਆਪਣੇ ਭਾਈਚਾਰੇ ਨੂੰ ਕੇਵਲ ਸੰਘਰਸ਼ ਦੀ ਸੰਸਥਾ ਸਮਝਦੇ ਹਨ।

ਦੂਸਰੇ ਅਸ਼ਵੇਤਾਂ ਨੇ ਕਈ ਤਰ੍ਹਾਂ ਦੀ ਸਾਂਸਕ੍ਰਿਤਕ ਹਿੰਮਤ ਵਿਖਾਈ ਹੈ। ਅੰਗਰੇਜ਼ੀ ਨੂੰ ਵਿਸ਼ੇਸ਼ ਅਸ਼ਵੇਤ ਅੰਗਰੇਜ਼ੀ ਬਣਾ ਲਿਆ। ਲਿਖੇ ਬੋਲੇ ਸ਼ਬਦ ਨਾਲੋਂ ਗਾਇਆ ਸ਼ਬਦ ਸ਼ਕਤੀਸ਼ਾਲੀ ਹੁੰਦਾ ਹੈ, ਗੀਤ ਦੇ ਸ਼ਬਦ ਨਾਲ ਨੱਚਣਾ ਉਹਨੂੰ ਅਲੋਕਾਰੀ ਬਣਾ ਦਿੰਦਾ ਹੈ। ਅਸ਼ਵੇਤਾਂ ਦੀ Harlem Renaissance ਪੁਨਰ-ਜਾਗ੍ਰਤੀ ਪ੍ਰਸਿੱਧ ਹੈ। ਸਾਰੇ ਅਲਪਾਂ ਨੂੰ ਨਕਾਰਾਤਮਕ ਸਥਿਤੀ ਦੇ ਬਾਵਜੂਦ ਬੇਹਿੰਮਤੇ ਹੋਣ ਦੀ ਥਾਉਂ ਬਾ-ਹਿੰਮਤ ਹੋਣਾ ਚਾਹੀਦਾ ਹੈ। ਕਿਤਾਬ 'ਚ ਇਕ ਗੱਲ ਸਪਸ਼ਟ ਹੈ ਕਿ ਅਸੀਂ ਨੌ-ਆਬਾਦ ਦੇਸ਼ (colonial countries), ਅਫਰੀਕਾ, ਯੌਰਪ ਦੇ ਮਹਿਕੂਮ ਦੇਸ਼... ਪੱਛਮ ਦੇ ਅੰਨ੍ਹੇ ਦਿਲਦਾਦਾ ਨਹੀਂ ਹੋ ਸਕਦੇ, ਸਗੋਂ ਯੈਂਸੀ ਵਾਂਗ ਆਲੋਚਨਾਸ਼ੀਲ ਹੋਣਾ ਹੈ। ਅੰਗਰੇਜ਼ੀ ਪੜ੍ਹ ਕੇ, ਪੱਛਮੀ ਭੋਜਨ ਕਰਕੇ ਜਾਂ ਪਹਿਰਾਵੇ ਨਾਲ ਅਸੀਂ ਜਿੰਨਾ ਅੰਗਰੇਜ਼ ਹੋਣਾ ਚਾਹੀਏ, ਓਨਾ ਭਾਰਤੀ ਨਹੀਂ ਰਹਿਣਾ। ਫਾਰਸੀ 'ਚ ਪੱਛਮ 'ਮਗ਼ਰਬ' ਹੈ। ਈਰਾਨੀ ਅੰਗਰੇਜ਼ਤ ਬੰਦਿਆਂ ਨੂੰ ਮਗ਼ਰਬਜ਼ਾਦੇ ਕਹਿੰਦੇ ਹਨ।

ਮੇਰੇ ਕਰੀਬੀ ਦੋਸਤ ਦੀ ਲੜਕੀ ਨੇ ਬੰਗਾਲੀ ਨਾਲ ਵਿਆਹ ਕਰ ਲਿਆ। ਦੋਹਤਾ ਨਿਆਣਾ ਪਰਾਹੁਣਿਆਂ ਨੂੰ ਆਪ ਹੀ ਦੱਸਣ ਲੱਗ ਜਾਂਦਾ ਹੈ- ਮੇਰੀ ਮਾਂ ਪੰਜਾਬੀ ਹੈ, ਮੇਰਾ ਬਾਪ ਬੰਗਾਲੀ ਹੈ ਅਤੇ ਮੈਂ ਅੰਗਰੇਜ਼ ਹਾਂ।

ਉਪਰੋਕਤ ਮਧਯਮਾਨ (media) ਦੀ ਕਾਰਜਕੁਸ਼ਲਤਾ ਦਾ ਸਬੂਤ ਹੈ। ਸ਼ਵੇਤ ਮਾਣਸ ਮਾਨਵਤਾ ਦਾ ਪ੍ਰਤੀਮਾਨ ਹੈ! ਕੋਈ ਵਿਅਕਤੀ, ਦੇਸ਼ ਜਿੰਨਾ ਸ਼ਵੇਤ ਹੈ, ਉਹ ਓਨਾ ਹੀ ਮੁੱਲਵਾਨ ਹੈ! ਪਰ ਅਸ਼ਵੇਤ ਦੀ ਚੇਤਾਵਨੀ ਭੁੱਲਣ ਦੀ ਨਹੀਂ- ਤੁਸੀਂ ਸ਼ਵੇਤ ਦੇ ਕਿੰਨਾ ਵੀ ਨੇੜੇ ਹੋਵੋ "ਉਹਨੇ ਤੁਹਾਨੂੰ ਕਦੇ ਓਸ ਨਜ਼ਰ ਨਾਲ ਨਹੀਂ ਵੇਖਣਾ ਜੀਹਦੇ ਨਾਲ ਉਹ ਖੁਦ ਨੂੰ ਵੇਖਦਾ ਹੈ"। ਏਸੇ ਕਰ ਕੇ ਬਸਤੀਵਾਦੀ (colonial) ਦੇਸ਼ਾਂ 'ਚ ਬੰਦੇ ਬੰਦੇ ਨਹੀਂ ਰਹਿੰਦੇ। 1857 ਵਿਚ ਅਜਨਾਲੇ 237 ਮਾਰ ਦਿੱਤੇ, ਜਲ੍ਹਿਆਂਵਾਲ਼ੇ 381 । ਏਸੇ ਕਰਕੇ ਅੱਜ ਵੀ pre-emptive strike (ਅਗਾਊਂ ਰੋਕਵਾਂ ਹਮਲਾ) ਜਾਇਜ਼ ਹੈ।

**Black Bodies, White Gazes,** George Yancy, Rowman & Littlefield Publishers, Plymouth, U.K., 2008, Rs. 1900/- ❑❑

**[144, ਸੈਕਟਰ 65, ਫੇਜ਼ 11, ਐੱਸ ਏ ਐੱਸ ਨਗਰ - ਮੁਹਾਲੀ 160 062]**

# ਕਾਮਾਗਾਟਾ ਮਾਰੂ : ਗਾਥਾ : ਰਘਬੀਰ ਸਿੰਘ

ਕਾਮਾਗਾਟਾ ਮਾਰੂ ਦੀ ਘਟਨਾ ਰੋਟੀ ਰੋਜ਼ੀ ਦੀ ਭਾਲ਼ ਵਿਚ ਕੈਨੇਡਾ ਜਾਣ ਵਾਲੇ ਹਿੰਦੁਸਤਾਨੀਆਂ ਨਾਲ ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਹੁੰਦੇ ਵਿਤਕਰੇ ਤੇ ਦੁਰਵਿਹਾਰ ਦੀ ਪ੍ਰਤੱਖ ਮਿਸਾਲ ਦੇ ਨਾਲ ਇਸ ਵਿਰੁੱਧ ਸੰਘਰਸ਼ ਦੀ ਇਕ ਤ੍ਰਾਸਦਕ ਦਾਸਤਾਨ ਹੈ। ਇਕ ਸਦੀ ਬੀਤ ਜਾਣ 'ਤੇ ਇਹ ਘਟਨਾ ਇਸ ਸਮੇਂ ਵੱਡੀ ਗਿਣਤੀ ਵਿਚ ਕੈਨੇਡਾ ਵਿਚ ਵਸੇ ਹੋਏ, ਸੁਖ ਆਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ, ਹਿੰਦਸਤਾਨੀ ਮੂਲ ਦੇ ਲੋਕਾਂ ਲਈ ਵੱਡੇ ਇਤਿਹਾਸਕ ਮਹੱਤਵ ਦੀ ਧਾਰਨੀ ਹੈ। ਇਹ ਜਾਨਣ ਲਈ ਕਿ ਹਿੰਦੁਸਤਾਨੀਆਂ ਦੇ ਕੈਨੇਡਾ ਪਰਵਾਸ ਦਾ ਅਮਲ ਨਸਲੀ ਭੇਦ-ਭਾਵ ਸਮੇਤ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਵਿਚੋਂ ਲੰਘਿਆ ਹੈ, ਇਸ ਦੁਖਾਂਤਕ ਘਟਨਾ ਨੂੰ ਚੇਤੇ ਕਰਨਾ ਜ਼ਰੂਰੀ ਹੈ।

ਇਹ ਘਟਨਾ ਵਾਪਰਨ ਤਕ ਅਮਰੀਕਾ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦਾ ਬਾਕਾਇਦਾ ਗਠਨ ਹੋ ਚੁੱਕਿਆ ਸੀ ਅਤੇ ਇਸ ਵੱਲੋਂ ਪ੍ਰਕਾਸ਼ਤ ਹੁੰਦੇ'ਗ਼ਦਰ' ਅਖਬਾਰ ਰਾਹੀਂ ਅਮਰੀਕਾ, ਕੈਨੇਡਾ ਅਤੇ ਸੰਸਾਰ ਦੇ ਦੂਜੇ ਹਿੱਸਿਆਂ ਵਿਚ ਵਸਦੇ ਹਿੰਦੀਆਂ ਤਕ ਇਨਕਲਾਬੀ ਕੌਮਪ੍ਰਸਤੀ ਦਾ ਇਸਦਾ ਸੁਨੇਹਾ ਆਪਣਾ ਪ੍ਰਭਾਵ ਵਿਖਾਲਣ ਲੱਗਾ ਸੀ। ਪਰ ਮੁੱਢਲੇ ਉਦਮ ਵਜੋਂ ਕਾਮਾਗਾਟਾ ਮਾਰੂ ਦੀ ਯੋਜਨਾ ਨਾਲ ਗ਼ਦਰ ਪਾਰਟੀ ਦਾ ਸਿੱਧਾ ਸੰਬੰਧ ਨਹੀਂ ਸੀ। ਜਿਉਂ ਜਿਉਂ ਇਸ ਨਾਲ ਜੁੜੇ ਸਾਕੇ ਦੀਆਂ ਕੜੀਆਂ ਅਗਾਂਹ ਤੋਂ ਅਗਾਂਹ ਵਾਪਰਦੀਆਂ ਗਈਆਂ, ਤਿਉਂ ਤਿਉਂ ਗ਼ਦਰ ਪਾਰਟੀ ਦੇ ਉਦੇਸ਼ਾਂ ਤੇ ਸਰਗਰਮੀਆਂ ਨਾਲ ਇਸ ਦਾ ਵਧੇਰੇ ਸੰਬੰਧ ਜੁੜਦਾ ਗਿਆ। ਸਿੱਟੇ ਵਜੋਂ ਛੇ ਮਹੀਨਿਆਂ ਤਕ ਫੈਲੇ ਇਸ ਸਾਕੇ ਦਾ ਘਟਨਾ ਕ੍ਰਮ ਜਦੋਂ ਆਪਣੇ ਅੰਤ 'ਤੇ ਪੁੱਜਾ, ਉਦੋਂ ਤਕ ਇਹ ਗ਼ਦਰ ਪਾਰਟੀ ਦੇ ਇਤਿਹਾਸ ਦਾ ਇਕ ਬਹੁਤ ਅਹਿਮ ਕਾਂਡ ਬਣ ਚੁੱਕਿਆ ਸੀ। ਇਸ ਦੇ ਵਾਪਰਨ ਦਾ ਮੂਲ ਸ੍ਰੋਤ ਤੇ ਕਾਰਨ ਸੀ ਕੈਨੇਡਾ ਸਰਕਾਰ ਦੀ ਉਹ ਨੀਤੀ, ਜਿਸ ਰਾਹੀਂ ਹਿੰਦੀਆਂ ਨੂੰ ਉਸ ਦੇਸ਼ ਵਿਚ ਦਾਖਲ ਹੋਣ ਤੋਂ ਰੋਕਣ ਲਈ ਬਹੁਤ ਕਠੋਰ ਕਦਮ ਚੁੱਕੇ ਜਾ ਰਹੇ ਸਨ।

ਸਾਲ 1908 ਤੋਂ ਪਿੱਛੋਂ ਬ੍ਰਿਟਿਸ਼ ਕੋਲੰਬੀਆ ਵਿਚਲੇ ਨਸਲਵਾਦੀ ਗੋਰੇ ਲੀਡਰਾਂ ਦੇ ਦਬਾਅ ਅੱਗੇ ਝੁਕਦੀ ਹੋਈ ਫੈਡਰਲ ਸਰਕਾਰ ਨਵੇਂ ਤੋਂ ਨਵੇਂ ਹੁਕਮਾਂ ਰਾਹੀਂ ਹਿੰਦੀ ਕਾਮਿਆਂ ਦੇ ਕੈਨੇਡਾ ਵਿਚ ਆ ਸਕਣ ਦਾ ਰਾਹ ਬੰਦ ਕਰ ਰਹੀ ਸੀ। ਗਵਰਨਰ ਜਨਰਲ ਵੱਲੋਂ ਜਾਰੀ ਕੀਤਾ ਗਿਆ ਆਰਡਰ ਨੰਬਰ 920 ਇਸ ਨੀਤੀ ਦਾ ਧੁਰਾ ਸੀ, ਜਿਸਦੇ ਵਿਰੁੱਧ ਹਮਦਰਦ ਗੋਰਿਆਂ ਅਤੇ ਦੂਜੀਆਂ ਕੌਮਪ੍ਰਸਤ ਲਹਿਰਾਂ ਦੇ ਕਾਰਕੁਨਾਂ ਦੀ ਮਦਦ ਨਾਲ ਜਨਤਕ ਲਾਮਬੰਦੀ ਕਰਨ ਦੇ ਨਾਲ ਨਾਲ ਇਸਦੇ ਕਾਨੂੰਨੀ ਪੱਖ ਨੂੰ ਚੁਣੌਤੀ ਦੇਣ ਅਤੇ ਇਸ ਉੱਤੇ ਅਮਲ ਦੀ ਪ੍ਰਕਿਰਿਆ ਨੂੰ ਪਰਖਣ ਲਈ ਹਿੰਦੀਆਂ ਵੱਲੋਂ ਕਈ ਤਰ੍ਹਾਂ ਦੇ ਯਤਨ ਹੋਏ ਸਨ। ਜਨਤਕ ਪੱਧਰ ਉੱਤੇ ਹਿੰਦੀਆਂ ਦੀ ਆਮਦ ਨੂੰ ਰੋਕਣ ਦੀ ਕੈਨੇਡਾ ਦੀ ਨੀਤੀ ਵਿਰੁੱਧ ਸੰਘਰਸ਼ ਕਰਨ ਦੇ ਨਾਲ ਨਾਲ ਵਿਅਕਤੀਗਤ ਮਾਮਲਿਆਂ ਵਿਚ ਕਿਤੇ ਸਫਲਤਾ ਮਿਲ ਗਈ ਸੀ ਤੇ ਕਿਤੇ ਨਹੀਂ ਵੀ। ਧੁਰੋਂ ਸਿੱਧੇ ਸਫਰ ਦੀ ਸ਼ਰਤ ਨੂੰ ਉਲੰਘਣ ਲਈ ਦਸੰਬਰ 1910 ਵਿਚ ਸਭ ਤੋਂ ਪਹਿਲਾਂ ਵੈਨਕੂਵਰ ਵਿਚ ਵਸ ਰਹੇ ਰਾਏਕੋਟ, ਜ਼ਿਲ੍ਹਾ ਲੁਧਿਆਣਾ ਦੇ ਉਦੇ ਰਾਮ ਜੋਸ਼ੀ ਅਤੇ ਹਿਸਾਰ ਦੇ ਡਾਕਟਰ ਕੇਸ਼ੋ ਰਾਮ ਨੇ ਕੋਸ਼ਿਸ਼ ਕੀਤੀ ਸੀ। ਉਹਨਾਂ ਨੇ ਇਕ ਹਜ਼ਾਰ ਪੌਂਡ ਦੀ ਨਕਦ ਰਾਸ਼ੀ ਜ਼ਮਾਨਤ ਵਜੋਂ ਰੱਖ ਕੇ ਕੈਨੇਡੀਅਨ ਪੈਸੇਫਿਕ ਕੰਪਨੀ ਦੇ ਏਜੰਟ ਤੋਂ ਕਲਕੱਤਿਉਂ ਸਿੱਧੀ ਵੈਨਕੂਵਰ ਦੀ ਟਿਕਟ ਖਰੀਦਣੀ ਚਾਹੀ ਸੀ, ਪਰ ਸਰਕਾਰੀ ਕਰੋਪੀ ਦੇ ਡਰ ਤੋਂ ਕੰਪਨੀ ਨੇ ਇਹ ਗੱਲ ਨਹੀਂ ਸੀ ਮੰਨੀ। ਟੱਬਰਾਂ ਨੂੰ ਲੈ ਕੇ ਆਉਣ ਸਮੇਂ ਭਾਈ ਬਲਵੰਤ ਸਿੰਘ ਤੇ ਭਾਈ ਭਾਗ ਸਿੰਘ ਭਿਖੀਵਿੰਡ ਨੂੰ ਵੀ



ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਕੁਝ ਜਾਪਾਨੀ ਕੰਪਨੀਆਂ ਨੂੰ ਕਿਸੇ ਸੰਭਾਵੀ ਨੁਕਸਾਨ ਦੀ ਭਰਪਾਈ ਦੀ ਗਾਰੰਟੀ ਦੇ ਕੇ ਕਲਕੱਤਿਉਂ ਸਿੱਧੇ ਵੈਨਕੂਵਰ ਤਕ ਜਹਾਜ਼ ਚਲਾਉਣ ਲਈ ਮੰਨਵਾਉਣ ਦੀਆਂ ਕੋਸ਼ਿਸ਼ਾਂ ਵੀ ਸਫਲ ਨਹੀਂ ਸੀ ਹੋ ਸਕੀਆਂ। ਐਪਰ ਵੈਨਕੂਵਰ ਪਹੁੰਚ ਜਾਣ 'ਤੇ ਅਦਾਲਤੀ ਦਖਲ ਰਾਹੀਂ ਪਰਿਵਾਰਾਂ ਨੂੰ ਕੈਨੇਡਾ ਵਿਚ ਰਹਿ ਸਕਣ ਦੀ ਆਗਿਆ ਨੇ ਅਤੇ ਖਾਸ ਕਰਕੇ ਹਾਂਗਕਾਂਗ ਤੋਂ ਆਏ 39 ਨਵੇਂ ਕਾਮਿਆਂ ਦੀ ਇੰਮੀਗਰੇਸ਼ਨ ਤੋਂ ਲੰਘ ਸਕਣ ਵਿਚ ਕਾਮਯਾਬੀ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਚੀਫ ਜਸਟਸ ਹੰਟਰ ਨੇ ਜਿਸ ਤਰ੍ਹਾਂ ਦੀ ਦਖਲਅੰਦਾਜ਼ੀ ਕੀਤੀ ਸੀ, ਉਸ ਤੋਂ ਹਿੰਦੀਆਂ ਨੂੰ ਪ੍ਰਤੀਤ ਹੋਣ ਲੱਗ ਪਿਆ ਸੀ ਕਿ ਕੈਨੇਡਾ ਆਉਣ ਲਈ ਧੁਰੋਂ ਸਿੱਧੇ ਸਫਰ ਦੀ ਲਗਾਈ ਗਈ ਸ਼ਰਤ ਨੂੰ ਉਲੰਘ ਸਕਣ ਬਾਰੇ ਕੋਈ ਵਿਧ ਨਿਕਲ ਸਕਦੀ ਹੈ। ਭਾਵੇਂ ਕੈਨੇਡਾ ਦੀ ਸਰਕਾਰ ਨੇ ਜਸਟਿਸ ਹੰਟਰ ਵੱਲੋਂ ਦਿੱਤੇ ਗਏ ਫੈਸਲੇ ਤੋਂ ਪਿੱਛੋਂ ਆਪਣੇ ਪਹਿਲੇ ਹੁਕਮਾਂ ਦੀਆਂ ਊਣਤਾਈਆਂ ਦੂਰ ਕਰਨ ਲਈ ਹੋਰ ਹੁਕਮ ਵੀ ਜਾਰੀ ਕਰ ਦਿੱਤੇ ਸਨ, ਤਦ ਵੀ ਹਿੰਦੀਆਂ ਨੇ ਦੇਸ਼ ਵਿਚ ਸੁਨੇਹੇ ਭੇਜ ਕੇ ਆਪਣੇ ਸਕੇ-ਸੰਬੰਧੀਆਂ ਨੂੰ ਛੇਤੀ ਤੋਂ ਛੇਤੀ ਕੈਨੇਡਾ ਆਉਣ ਲਈ ਯਤਨ ਕਰਨ ਵਾਸਤੇ ਕਿਹਾ ਸੀ। ਇਸ ਲਈ ਕੈਨੇਡਾ ਆਉਣ ਦੇ ਚਾਹਵਾਨ ਲੋਕ ਵੱਡੀ ਗਿਣਤੀ ਵਿਚ ਹਾਂਗਕਾਂਗ ਵਿਚ ਜਮ੍ਹਾ ਹੋ ਗਏ ਸਨ।

ਕੈਨੇਡਾ ਸਰਕਾਰ ਦੀ ਹਿੰਦੁਸਤਾਨੀ-ਵਿਰੋਧੀ ਇੰਮੀਗਰੇਸ਼ਨ ਨੀਤੀ ਵਿਚ ਤਬਦੀਲੀ ਕਰਾਉਣ ਲਈ ਰਾਜਸੀ ਪਿੜ ਵਿਚ ਪਬਲਿਕ ਮੁਹਿੰਮ ਵਜੋਂ ਭਾਈ ਬਲਵੰਤ ਸਿੰਘ ਦੀ ਅਗਵਾਈ ਵਿਚ ਤਿੰਨ ਮੈਂਬਰੀ ਡੈਲੀਗੇਸ਼ਨ ਪਹਿਲਾਂ ਹੀ ਲੰਡਨ ਤੇ ਹਿੰਦੁਸਤਾਨ ਗਿਆ ਹੋਇਆ ਸੀ। ਇਸ ਡੈਲੀਗੇਸ਼ਨ ਨੂੰ ਸਰਕਾਰ ਦੀ ਨੀਤੀ ਵਿਚ ਤਬਦੀਲੀ ਕਰਾ ਸਕਣ ਦੇ ਆਪਣੇ ਮਿਸ਼ਨ ਵਿਚ ਤਾਂ ਕੋਈ ਸਫਲਤਾ ਨਹੀਂ ਸੀ ਮਿਲੀ, ਪਰ ਇਸ ਨਾਲ ਹਿੰਦੀਆਂ ਦੇ ਕੈਨੇਡਾ ਆਉਣ ਦਾ ਮਸਲਾ ਬਹੁਤ ਭਖਵੇਂ ਰੂਪ ਵਿਚ ਖਲਕਤ ਦੇ ਸਾਹਵੇਂ ਆ ਗਿਆ ਸੀ। ਹਾਂਗਕਾਂਗ ਤੇ ਸ਼ਿੰਘਾਈ ਵਰਗੀਆਂ ਥਾਵਾਂ 'ਤੇ ਕੈਨੇਡਾ ਅਤੇ ਅਮਰੀਕਾ ਆਉਣ ਦੀ ਉਡੀਕ ਵਿਚ ਕਈ ਕਈ ਮਹੀਨਿਆਂ ਤੋਂ ਰੁਕੇ ਹੋਏ ਸੈਂਕੜੇ ਹੀ ਹਿੰਦੀ ਬਹੁਤ ਬੇਚੈਨ ਸਨ, ਜਿਹਨਾਂ ਨੂੰ ਕੈਨੇਡੀਅਨ ਪੈਸੇਫਿਕ ਜਹਾਜ਼ੀ ਕੰਪਨੀ ਟਿਕਟ ਦੇਣ ਤੋਂ ਇਨਕਾਰੀ ਸੀ। ਲਗਪਗ 600 ਦਸਖਤਾਂ ਵਾਲੀ ਇਕ ਖੁਲ੍ਹੀ ਚਿੱਠੀ ਰਾਹੀਂ ਏਥੇ ਰੁਕੇ ਹੋਏ ਹਿੰਦੀਆਂ ਨੇ ਉੱਤਰੀ ਅਮਰੀਕਾ ਵਿਚਲੇ ਆਪਣੇ ਹਮਵਤਨੀਆਂ ਨੂੰ ਅਪੀਲ ਵੀ ਕੀਤੀ ਸੀ ਕਿ ਉਹ ਛੇਤੀ ਤੋਂ ਛੇਤੀ ਉਹਨਾਂ ਦੇ ਕੈਨੇਡਾ ਜਾਂ ਅਮਰੀਕਾ ਪਹੁੰਚਣ ਵਿਚ ਸਹਾਈ ਹੋਣ। ਇਹਨਾਂ ਭਖੇ ਹੋਏ ਹਾਲਾਤ ਵਿਚ ਆਪਣਾ ਜਹਾਜ਼ ਕਿਰਾਏ ਉੱਤੇ ਲੈ ਕੇ ਹਿੰਦੀ ਮੁਸਾਫਰਾਂ ਨੂੰ ਕੈਨੇਡਾ ਲਿਜਾਣ ਦੀ ਯੋਜਨਾ ਦੀ ਸ਼ੁਰੂਆਤ ਹੋਈ।

ਮਲਾਇਆ ਤੇ ਸਿੰਘਾਪੁਰ ਵਿਚ ਠੇਕੇਦਾਰੀ ਕਰਦਾ ਗੁਰਦਿੱਤ ਸਿੰਘ ਸਰਹਾਲੀ ਵਪਾਰ ਦੀ ਚੰਗੀ ਸੂਝ ਰੱਖਣ ਵਾਲਾ ਇਕ ਸਰਦਾ-ਪੁਜਦਾ ਮਨੁੱਖ ਸੀ। ਗ਼ਦਰ ਪਾਰਟੀ ਦੀ ਸੋਚ ਅਨੁਸਾਰ ਉਸਨੇ ਹਥਿਆਰਬੰਦ ਇਨਕਲਾਬ ਰਾਹੀਂ ਫਰੰਗੀ ਸਰਕਾਰ ਦਾ ਤਖਤਾ ਉਲਟਾਉਣ ਦੀ ਗੱਲ ਤਾਂ ਕਦੇ ਨਹੀਂ ਸੀ ਕੀਤੀ, ਪਰ 'ਗ਼ਦਰ' ਅਖਬਾਰ ਪੜ੍ਹਦਿਆਂ ਰਹਿਣ ਕਰ ਕੇ ਕੌਮੀ ਆਜ਼ਾਦੀ ਦੇ ਮਸਲੇ ਉੱਤੇ ਗ਼ਦਰ ਪਾਰਟੀ ਦੀ ਪਹੁੰਚ ਨਾਲ ਉਸਦੀ ਕਾਫੀ ਹੱਦ ਤਕ ਸੰਮਤੀ ਸੀ। ਹਾਂਗਕਾਂਗ ਦੇ ਗੁਰਦੁਆਰੇ ਵਿਚ ਆਪਣੀ ਤਕਰੀਰ ਸਮੇਂ 'ਗ਼ਦਰ' ਦਾ ਪਰਚਾ ਉਸ ਨੇ ਆਪਣੇ ਹੱਥ ਵਿਚ ਫੜਿਆ ਹੋਇਆ ਸੀ ਅਤੇ ਤਕਰੀਰ ਵੀ ਬਹੁਤ ਜੋਸ਼ੀਲੀ ਕੀਤੀ ਸੀ। ਵੈਸੇ ਹਾਂਗਕਾਂਗ ਦੇ ਗਵਰਨਰ ਨਾਲ ਮੁਲਾਕਾਤ ਦੌਰਾਨ ਉਸਨੇ ਆਪਣਾ ਮਨੋਰਥ ਸਿਰਫ ਕਾਰੋਬਾਰ ਹੀ ਦੱਸਿਆ ਸੀ। ਇਸ ਲਈ ਵਪਾਰ ਤੇ ਕੌਮੀ ਕਾਜ਼ ਦੇ ਰਲ਼ੇ ਮਿਲੇ ਉਦੇਸ਼ ਨਾਲ ਉਸਨੇ ਇਹ ਕੰਮ ਆਪਣੇ ਹੱਥ ਲਿਆ ਸੀ। ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਉਹ ਪਹਿਲਾਂ ਦਸੰਬਰ 1913 ਵਿਚ ਸਿੰਘਾਪੁਰ ਤੋਂ ਹਾਂਗਕਾਂਗ ਆਇਆ ਸੀ ਅਤੇ ਫਿਰ ਜਨਵਰੀ 1914 ਵਿਚ ਖੁਦ ਹਾਂਗਕਾਂਗ ਦੇ ਗੁਰਦੁਆਰੇ ਦੀ ਕਮੇਟੀ ਵੱਲੋਂ ਉਸਨੂੰ ਸੱਦਾ ਦੇ ਕੇ

ਬੁਲਾਇਆ ਗਿਆ ਸੀ। ਕੈਨੇਡਾ ਦੀ ਇੰਮੀਗਰੇਸ਼ਨ ਨੀਤੀ ਦੇ ਮੁੱਦੇ ਨੂੰ ਲੈ ਕੇ ਵਫਦ ਦੀ ਸ਼ਕਲ ਵਿਚ ਗਏ ਹਿੰਦੁਸਤਾਨ ਤੋਂ ਵਾਪਸ ਪਰਤ ਰਹੇ ਭਾਈ ਬਲਵੰਤ ਸਿੰਘ ਨਾਲ ਵੀ ਏਥੇ ਉਸਦੀ ਮੁਲਾਕਾਤ ਹੋਈ ਸੀ। ਏਥੇ ਗੁਰਦੁਆਰੇ ਵਿਚ ਜੁੜੇ ਲੋਕਾਂ ਨਾਲ ਵਿਚਾਰਾਂ ਕਰਨ ਪਿੱਛੋਂ ਉਸ ਨੇ ਕੋਈ ਜਹਾਜ਼ ਕਿਰਾਏ ਉੱਤੇ ਲੈਣ ਦਾ ਮਨ ਬਣਾ ਲਿਆ। ਇਸ ਮੰਤਵ ਲਈ ਉਸਨੇ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਕਾਇਮ ਕਰਕੇ ਇਕ ਜਰਮਨ ਦਲਾਲ ਰਾਹੀਂ 'ਸ਼ਿਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਨਾਂ ਦੀ ਇਕ ਜਾਪਾਨੀ ਕੰਪਨੀ ਤੋਂ ਕੋਲਾ ਢੋਣ ਵਾਲਾ ਜਹਾਜ਼ 11 ਹਜ਼ਾਰ ਡਾਲਰ ਮਹੀਨਾ ਦੇ ਪਟੇ ਉੱਤੇ ਲੈ ਲਿਆ। 'ਕਾਮਾਗਾਟਾ ਮਾਰੂ' ਨਾਂ ਦੇ ਇਸ ਜਹਾਜ਼ ਵਿਚ, ਜੋ ਪਹਿਲਾਂ ਕਿਸੇ ਜਰਮਨ ਕੰਪਨੀ ਦੀ ਮਲਕੀਅਤ ਸੀ, ਵਿਚ ਫੱਟੇ ਆਦਿ ਜੜ ਕੇ ਇਸ ਨੂੰ ਮੁਸਾਫਰਾਂ ਦੇ ਸਮੁੰਦਰੀ ਸਫਰ ਦੇ ਅਨੁਕੂਲ ਬਣਾ ਲਿਆ ਗਿਆ, ਭਾਵੇਂ ਕਿ ਇਸ ਵਿਚ ਹਾਲੇ ਵੀ ਮਾਲ ਢੋਹਿਆ ਜਾ ਸਕਦਾ ਸੀ। ਇਸ ਦਾ ਪਹਿਲੇ ਮਹੀਨੇ ਦਾ ਕਿਰਾਇਆ ਇਕਰਾਰਨਾਮੇ ਉੱਤੇ ਦਸਖਤ ਹੋਣ ਸਮੇਂ ਅਤੇ ਅਗਲੇ ਦੋ ਮਹੀਨਿਆਂ ਦਾ ਕਿਰਾਇਆ ਜਹਾਜ਼ ਦੇ ਜਾਪਾਨ ਤੋਂ ਕੈਨੇਡਾ ਵੱਲ ਰਵਾਨਾ ਹੋਣ ਤੋਂ ਪਹਿਲਾਂ ਅਦਾ ਕੀਤਾ ਜਾਣਾ ਸੀ। ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਕੈਨੇਡਾ ਜਾਣ ਵਾਲੇ ਮੁਸਾਫਰਾਂ ਨੂੰ ਸੱਦਾ ਦੇਣ ਲਈ ਗੁਰਦਿੱਤ ਸਿੰਘ ਨੇ ਪੰਜਾਬ ਤੇ ਕਲਕੱਤੇ ਵਿਚ ਇਸ਼ਤਿਹਾਰ ਵੀ ਵੰਡੇ। ਪਰ ਸਰਕਾਰ ਦੀਆਂ ਸਖਤੀਆਂ ਕਰ ਕੇ ਉਸਨੂੰ ਕਲਕੱਤਿਉਂ ਮੁਸਾਫਰ ਲੱਭਣ ਵਿਚ ਸਫਲਤਾ ਨਾ ਹੋਈ, ਜਿਸ ਕਰ ਕੇ ਉਹ ਕਲਕੱਤੇ ਤੋਂ ਵਾਪਸ ਹਾਂਗਕਾਂਗ ਆ ਗਿਆ। ਹਾਂਗਕਾਂਗ ਵਿਚ ਰੁਕੇ ਹੋਏ ਹਿੰਦੀ ਅਤੇ ਉਹਨਾਂ ਦੇ ਕੈਨੇਡਾ ਵਿਚਲੇ ਸਾਕ-ਸੰਬੰਧੀ ਜ਼ੋਰ ਪਾ ਰਹੇ ਸਨ ਕਿ ਜਹਾਜ਼ ਹਾਂਗ ਕਾਂਗ ਤੋਂ ਹੀ ਤੋਰ ਲਿਆ ਜਾਵੇ, ਜਿਸ ਉਤਲੇ ਮੁਸਾਫਰਾਂ ਨੂੰ ਜ਼ਮਾਨਤਾਂ ਦੇ ਕੇ ਘਾਟ ਉੱਤੇ ਉਤਾਰਿਆ ਜਾ ਸਕੇਗਾ। ਭਾਵੇਂ ਗੁਰਦਿੱਤ ਸਿੰਘ ਦਾ ਖਿਆਲ ਸੀ ਕਿ ਜਹਾਜ਼ ਕਲਕੱਤੇ ਤੋਂ ਹੀ ਰਵਾਨਾ ਹੋਣਾ ਚਾਹੀਦਾ ਹੈ, ਤਦ ਵੀ ਕਲਕੱਤੇ ਤੋਂ ਮੁਸਾਫਰ ਨਾ ਮਿਲਣ ਕਰਕੇ ਅਤੇ ਹਾਂਗਕਾਂਗ ਵਾਲੇ ਮੁਸਾਫਰਾਂ ਦੀ ਤੱਦੀ ਕਰ ਕੇ ਉਹ ਹਾਂਗਕਾਂਗ ਤੋਂ ਹੀ ਜਹਾਜ਼ ਤੋਰਨਾ ਮੰਨ ਗਿਆ। ਮੁਸਾਫਰ ਤਾਂ ਹਾਂਗਕਾਂਗ ਵਿਚ ਬਹੁਤ ਸਨ ਪਰ ਉਹਨਾਂ ਨੂੰ ਕਾਮਾਗਾਟਾ ਮਾਰੂ ਵਿਚ ਚੜ੍ਹਨ ਤੋਂ ਰੋਕਣ ਲਈ ਸਰਕਾਰ ਵੱਲੋਂ ਡਰਾਇਆ ਧਮਕਾਇਆ ਗਿਆ। ਅਤੇ ਇਸ ਕਰ ਕੇ ਰਵਾਨਗੀ ਲਈ ਮਿਥੇ 28 ਮਾਰਚ 1914 ਦੇ ਦਿਨ ਤਕ ਉਸ ਵਿਚ ਸਵਾਰ ਹੋਣ ਲਈ 165 ਮੁਸਾਫਰ ਹੀ ਤਿਆਰ ਹੋਏ। ਗੁਰਦਿੱਤ ਸਿੰਘ ਦਾ ਅਨੁਮਾਨ ਸੀ ਕਿ 500 ਮੁਸਾਫਰਾਂ ਅਤੇ ਕੁਝ ਸਾਮਾਨ ਢੋਣ ਨਾਲ ਕਿਰਾਇਆ ਤਾਰ ਕੇ ਇਹ ਸਫਰ ਉਸ ਲਈ ਕਾਰੋਬਾਰ ਦੀ ਪੱਧਰ 'ਤੇ ਲਾਹਵੰਦਾ ਰਹੇਗਾ।

ਹਾਂਗਕਾਂਗ ਵਿਚ ਵੀ ਕਿਉਂਕਿ ਅੰਗਰੇਜ਼ਾਂ ਦਾ ਹੀ ਰਾਜ ਸੀ, ਇਸ ਲਈ ਸਥਾਨਕ ਸਰਕਾਰ ਨੇ ਕੈਨੇਡਾ ਸਰਕਾਰ ਤੋਂ 'ਕਾਮਾਗਾਟਾ ਮਾਰੂ' ਨੂੰ ਤੁਰਨ ਜਾਂ ਨਾ ਤੁਰਨ ਦੇਣ ਬਾਰੇ ਪੁੱਛਿਆ। ਕੈਨੇਡਾ ਸਰਕਾਰ ਦਾ ਜਵਾਬ ਆਉਣ ਵਿਚ ਦੇਰੀ ਹੋਣ ਕਰ ਕੇ ਹਾਂਗਕਾਂਗ ਸਰਕਾਰ ਨੇ ਗੁਰਦਿੱਤ ਸਿੰਘ ਨੂੰ ਹੀ ਡੱਕੀ ਰੱਖਿਆ, ਜਿਸ ਕਰਕੇ ਹਿੰਦੀਆਂ ਵਿਚ ਬਹੁਤ ਰੋਸ ਜਾਗਿਆ। ਲੋਕਾਂ ਦੇ ਰੋਹ ਕਾਰਨ ਆਖਰ ਕੈਨੇਡਾ ਸਰਕਾਰ ਦਾ ਜਵਾਬੀ ਸੁਨੇਹਾ ਮਿਲਣ ਤੋਂ ਪਹਿਲਾਂ ਹੀ ਹਾਂਗਕਾਂਗ ਸਰਕਾਰ ਨੇ ਚਾਰ ਅਪਰੈਲ 1914 ਨੂੰ ਜਹਾਜ਼ ਦੇ ਚੱਲਣ ਦੀ ਆਗਿਆ ਦੇ ਦਿੱਤੀ। ਜਹਾਜ਼ ਦੇ ਰਵਾਨਾ ਹੋਣ ਤੋਂ ਤਿੰਨ ਦਿਨ ਪਿੱਛੋਂ ਹਾਂਗਕਾਂਗ ਸਰਕਾਰ ਨੂੰ ਕੈਨੇਡਾ ਸਰਕਾਰ ਦਾ ਸੁਨੇਹਾ ਮਿਲਿਆ ਕਿ ਜਹਾਜ਼ ਨੂੰ ਕੈਨੇਡਾ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਜਹਾਜ਼ ਵਿਚ ਕੋਈ ਵਾਇਰਲੈੱਸ ਸਿਸਟਮ ਫਿੱਟ ਨਹੀਂ ਸੀ, ਇਸ ਲਈ ਹਾਂਗਕਾਂਗ ਸਰਕਾਰ ਵੱਲੋਂ ਜਹਾਜ਼ ਦੇ ਕੈਪਟਨ ਨੂੰ ਇਹ ਸੁਨੇਹਾ ਵੀ ਪੁਚਾਇਆ ਨਾ ਜਾ ਸਕਿਆ। ਕਿਉਂਕਿ ਹਾਂਗਕਾਂਗ ਵਿਚ ਸਰਕਾਰ ਵੱਲੋਂ ਡਰਾਏ ਜਾਣ ਕਰਕੇ ਜ਼ਿਆਦਾ



ਮੁਸਾਫਰ ਜਹਾਜ਼ ਉੱਤੇ ਸਵਾਰ ਨਹੀਂ ਸਨ ਹੋ ਸਕੇ, ਇਸ ਲਈ ਰਾਹ ਵਿਚੋਂ ਮੁਸਾਫਰ ਲੈਣ ਦਾ ਪ੍ਰਬੰਧ ਕੀਤਾ ਗਿਆ। ਹਾਂਗਕਾਂਗ ਗੁਰਦੁਆਰੇ ਦਾ ਗ੍ਰੰਥੀ ਹਰਨਾਮ ਸਿੰਘ ਕਹੂਟਾ ਇਸ ਮੰਤਵ ਲਈ ਮਨੀਲਾ ਗਿਆ ਅਤੇ ਉੱਥੋਂ 60 ਮੁਸਾਫਰ ਆਪਣੇ ਨਾਲ ਲੈ ਕੇ ਸ਼ਿੰਘਾਈ ਆਇਆ। ਇਹਨਾਂ 60 ਮੁਸਾਫਰਾਂ ਸਮੇਤ ਸ਼ਿੰਘਾਈ ਤੋਂ 111, ਜਾਪਾਨ ਦੀ ਬੰਦਰਗਾਹ ਮੋਜੀ ਤੋਂ ਮਨੀਲਾ ਤੋਂ ਆਏ ਦੋ ਮੁਸਾਫਰਾਂ ਸਮੇਤ 86 ਅਤੇ ਯੋਕੋਹਾਮਾ ਤੋਂ 14 ਮੁਸਾਫਰ ਹੋਰ ਚੜ੍ਹੇ। ਇੰਝ ਕੁਲ 376 ਮੁਸਾਫਰਾਂ, ਜਿਹਨਾਂ ਵਿਚ ਦੋ ਔਰਤਾਂ ਤੇ ਚਾਰ ਬੱਚੇ ਸ਼ਾਮਲ ਸਨ, ਨਾਲ 'ਕਾਮਾਗਾਟਾ ਮਾਰੂ' 28 ਅਪਰੈਲ ਨੂੰ ਯੋਕੋਹਾਮਾ ਤੋਂ ਚੱਲ ਕੇ 21 ਮਈ ਨੂੰ ਵਿਕਟੋਰੀਆ ਦੀ ਕੁਰਾਟੀਨ ਵਿਚ ਜਾ ਪਿਆ, ਜਿੱਥੋਂ ਅਗਾਂਹ 23 ਮਈ ਨੂੰ ਵੈਨਕੂਵਰ ਪਹੁੰਚ ਗਿਆ।

ਕੈਨੇਡਾ ਸਰਕਾਰ ਦੀ ਹਿੰਦੀਆਂ ਬਾਰੇ ਨੀਤੀ ਵਿਰੁੱਧ ਵਫਦ ਦੀ ਅਗਵਾਈ ਕਰਨ ਉਪਰੰਤ ਹਿੰਦੁਸਤਾਨ ਤੋਂ ਵਾਪਸ ਪਰਤ ਰਿਹਾ ਬਲਵੰਤ ਸਿੰਘ ਖੁਰਦਪੁਰ ਹਾਂਗਕਾਂਗ ਵਿਚ ਗੁਰਦਿੱਤ ਸਿੰਘ ਨੂੰ ਮਿਲ ਚੁੱਕਿਆ ਸੀ ਅਤੇ ਜਹਾਜ਼ ਲਿਆਉਣ ਲਈ ਉੱਥੇ ਹੋਏ ਵਿਚਾਰ-ਵਟਾਂਦਰੇ ਵਿਚ ਸ਼ਾਮਲ ਸੀ। ਉਹ ਵੀ ਜਾਪਾਨ ਦੀ ਬੰਦਰਗਾਹ ਮੋਜੀ ਤੋਂ ਇਸ ਉੱਤੇ ਸਵਾਰ ਹੋ ਗਿਆ। ਏਥੇ ਹੀ ਨਵੇਂ ਮੁਸਾਫਰਾਂ ਤੋਂ ਪ੍ਰਾਪਤ ਕੀਤੇ ਪੈਸਿਆਂ ਤੋਂ ਇਲਾਵਾ ਜਹਾਜ਼ ਦੇ ਪਟੇ ਦੀ 22000 ਡਾਲਰ ਦੀ ਦੂਜੀ ਕਿਸ਼ਤ ਤਾਰਨ ਵਿਚ ਅਤੇ ਮਾਲ ਅਸਬਾਬ ਵਜੋਂ ਖਰੀਦ ਕੇ ਕੋਲਾ ਲੱਦਣ ਵਿਚ ਉਸ ਨੇ ਗੁਰਦਿੱਤ ਸਿੰਘ ਦੀ ਆਰਥਿਕ ਮਦਦ ਕੀਤੀ। ਇਸ ਸਮੇਂ ਤਕ ਗ਼ਦਰ ਪਾਰਟੀ ਦਾ ਪੈਗ਼ਾਮ ਦੂਰ ਦੁਰਾਡੇ ਪਹੁੰਚਣਾ ਸ਼ੁਰੂ ਹੋ ਚੁੱਕਿਆ ਸੀ ਅਤੇ ਭਾਈ ਬਲਵੰਤ ਸਿੰਘ ਨੇ ਮੋਜੀ ਤੋਂ ਕੋਬੀ ਤਕ 'ਕਾਮਾਗਾਟਾ ਮਾਰੂ' ਉੱਤੇ ਰਹਿੰਦਿਆਂ ਮੁਸਾਫਰਾਂ ਵਿਚ ਜੁਝਾਰੂ ਚੇਤਨਾ ਉਭਾਰਨ ਵਾਲੀਆਂ ਤਕਰੀਰਾਂ ਤੇ ਗੱਲਾਂਬਾਤਾਂ ਵੀ ਕੀਤੀਆਂ। ਕੋਬੀ ਤੋਂ ਭਾਈ ਬਲਵੰਤ ਸਿੰਘ ਕਿਸੇ ਹੋਰ ਜਹਾਜ਼ 'ਤੇ ਸਵਾਰ ਹੋ ਕੇ 'ਕਾਮਾਗਾਟਾ ਮਾਰੂ' ਦੇ ਪਹੁੰਚਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਿਆ। ਜਹਾਜ਼ ਦੇ ਯੋਕੋਹਾਮਾ ਪਹੁੰਚਣ 'ਤੇ ਦੋ ਹੋਰ ਕੌਮੀ ਲੀਡਰ ਮੌਲਵੀ ਬਰਕਤੁੱਲਾ ਤੇ ਗਿਆਨੀ ਭਗਵਾਨ ਸਿੰਘ ਵੀ ਮੁਸਾਫਰਾਂ ਨੂੰ ਮਿਲਣ ਆਏ। ਉਹ 'ਗ਼ਦਰ' ਅਖਬਾਰ ਦੇ ਨਵੇਂ ਅੰਕ ਦੇ ਬੰਡਲ ਆਪਣੇ ਨਾਲ ਲੈ ਕੇ ਆਏ ਸਨ। ਲਾਲਾ ਹਰਦਿਆਲ ਨੇ ਪਹਿਲਾਂ ਹੀ ਬਰਕਤੁੱਲਾ ਨੂੰ ਗ਼ਦਰ ਪਾਰਟੀ ਲਈ ਕੰਮ ਕਰਨ ਵਾਸਤੇ ਅਮਰੀਕਾ ਆਉਣ ਦਾ ਸੱਦਾ ਦਿੱਤਾ ਹੋਇਆ ਸੀ। ਹੁਣ ਲਾਲਾ ਹਰਦਿਆਲ ਦੀ ਅਮਰੀਕਾ ਵਿਚ ਗਰਿਫਤਾਰੀ ਉਪਰੰਤ ਉਸਦੇ ਅਮਰੀਕਾ ਤੋਂ ਚਲੇ ਜਾਣ ਦੀ ਖਬਰ ਸੁਣ ਕੇ ਬਰਕਤੁੱਲਾ ਆਪਣੇ ਕੋਲ ਹੀ ਟੋਕੀਉ ਰਹਿ ਰਹੇ ਭਗਵਾਨ ਸਿੰਘ ਸਮੇਤ ਸਾਨ ਫ੍ਰਾਂਸਿਸਕੋ ਜਾ ਰਿਹਾ ਸੀ। ਬਰਕਤੁੱਲਾ ਅਤੇ ਭਗਵਾਨ ਸਿੰਘ, ਦੋਹਾਂ ਨੇ ਵੀ, ਭਾਈ ਬਲਵੰਤ ਸਿੰਘ ਵਾਂਗ ਹੀ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਬਾਹਰਲੇ ਹਿੰਦੀਆਂ ਦੀਆਂ ਹਾਲਤਾਂ ਅਤੇ ਕੌਮੀ ਮਸਲਿਆਂ ਬਾਰੇ ਜਾਣਕਾਰੀ ਦਿੱਤੀ। ਭਗਵਾਨ ਸਿੰਘ ਨੇ ਮੁਸਾਫਰਾਂ ਨੂੰ ਕਿਹਾ ਕਿ ਜੇ ਉਹਨਾਂ ਨੂੰ ਕੈਨੇਡਾ ਨਹੀਂ ਉਤਰਨ ਦਿੱਤਾ ਜਾਂਦਾ ਅਤੇ ਵਾਪਸ ਮੋੜਿਆ ਜਾਂਦਾ ਹੈ ਤਾਂ ਉਹਨਾਂ ਨੂੰ ਦੇਸ਼ ਵਿਚ ਫਰੰਗੀ ਰਾਜ ਦੇ ਵਿਰੁੱਧ ਸੰਘਰਸ਼ ਵਿਚ ਕੁੱਦ ਪੈਣਾ ਚਾਹੀਦਾ ਹੈ। ਗੁਰਦਿੱਤ ਸਿੰਘ ਨੂੰ ਉਸਨੇ ਕਿਹਾ ਕਿ ਉਸਦਾ ਅਨੁਮਾਨ ਹੈ ਕਿ ਉਹਨਾਂ ਨੂੰ ਕੈਨੇਡਾ ਵਿਚ ਉਤਰਨ ਨਹੀਂ ਦਿੱਤਾ ਜਾਵੇਗਾ।

'ਕਾਮਾਗਾਟਾ ਮਾਰੂ' ਦੇ ਹਾਂਗਕਾਂਗ ਤੋਂ ਵੈਨਕੂਵਰ ਤਕ ਪਹੁੰਚਣ ਦੇ ਡੇਢ ਮਹੀਨੇ ਦੌਰਾਨ, ਸਗੋਂ ਇਸਦੇ ਚੱਲਣ ਤੋਂ ਵੀ ਪਹਿਲਾਂ, ਇਸ ਬਾਰੇ ਕੈਨੇਡਾ, ਹਿੰਦੁਸਤਾਨ ਤੇ ਹੋਰ ਸੰਬੰਧਤ ਥਾਵਾਂ ਉੱਤੇ ਭਖਵੀਂ ਚਰਚਾ ਹੋਣ ਲੱਗੀ ਸੀ। ਅਖਬਾਰਾਂ ਵਿਚ, ਕੈਨੇਡਾ ਦੀ ਪਾਰਲੀਮੈਂਟ ਵਿਚ, ਸਰਕਾਰ ਵਿਚ, ਹਿੰਦੀਆਂ ਦੇ ਹਿਮਾਇਤੀਆਂ ਤੇ ਵਿਰੋਧੀਆਂ ਦੇ ਕੈਂਪਾਂ ਵਿਚ ਇਸ ਬਾਰੇ ਧਾਰਨ ਕੀਤੀ ਜਾਣ ਵਾਲੀ ਨੀਤੀ ਬਾਰੇ ਵਿਚਾਰਾਂ ਹੋ ਰਹੀਆਂ ਸਨ। ਸ਼ਿੰਘਾਈ ਤੋਂ 'ਖਾਲਸਾ ਦੀਵਾਨ ਸੁਸਾਇਟੀ' ਨੇ ਵਾਇਸਰਾਏ ਹਿੰਦ ਨੂੰ ਤਾਰ ਦਿੱਤੀ ਕਿ ਉਹ

ਕੈਨੇਡਾ ਸਰਕਾਰ ਨੂੰ ਕਹੇ ਕਿ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫਰਾਂ ਨੂੰ ਉਤਰਨ ਦਿੱਤਾ ਜਾਵੇ, ਜਿਸਦੇ ਜਵਾਬ ਵਿਚ ਕਿਹਾ ਗਿਆ ਕਿ ਹਿੰਦ ਸਰਕਾਰ ਇਸ ਸੰਬੰਧ ਵਿਚ ਕੁਝ ਨਹੀਂ ਕਰ ਸਕਦੀ। ਵੈਨਕੂਵਰ ਸਥਿਤ ਹਸਨ ਰਹੀਮ ਦੀ ਸੰਪਾਦਨਾ ਅਧੀਨ ਛਪਦੇ ਯੂਨਾਈਟਡ ਇੰਡੀਆ ਲੀਗ ਦੇ ਪਰਚੇ 'ਹਿੰਦੁਸਤਾਨੀ' ਦੇ ਪਹਿਲੀ ਮਈ 1914 ਦੇ ਅੰਕ ਵਿਚ ਲਿਖਿਆ ਗਿਆ ਕਿ 'ਇਹ ਜਹਾਜ਼ ਕੈਨੇਡਾ ਦੇ ਵਸਨੀਕ ਉਹਨਾਂ ਹਿੰਦੀਆਂ ਵੱਲੋਂ ਰਲ ਕੇ ਗੁਰਦਿੱਤ ਸਿੰਘ ਦੇ ਪ੍ਰਬੰਧ ਵਿਚ ਪਟੇ ਉੱਤੇ ਲਿਆ ਗਿਆ ਹੈ, ਜਿਹਨਾਂ ਨੂੰ ਜਹਾਜ਼ੀ ਕੰਪਨੀਆਂ ਨੇ ਕੈਨੇਡਾ ਆਉਣ ਦੀਆਂ ਟਿਕਟਾਂ ਵੇਚਣ ਤੋਂ ਨਾਂਹ ਕੀਤੀ ਸੀ'। ਦੂਜੇ ਬੰਨੇ ਕੈਨੇਡਾ ਦੇ ਨਸਲਪ੍ਰਸਤਾਂ ਵੱਲੋਂ ਜ਼ੋਰ ਸ਼ੋਰ ਨਾਲ ਇਹ ਪਰਚਾਰਿਆ ਜਾ ਰਿਹਾ ਸੀ ਕਿ ਆਸਟਰੇਲੀਆ ਵਾਂਗ ਕੈਨੇਡਾ ਨੂੰ ਇਹ ਨਿਰਣਾ ਕਰਨ ਦਾ ਹੱਕ ਪ੍ਰਾਪਤ ਹੈ ਕਿ ਉਸ ਨੇ ਕਿਸ ਨੂੰ ਆਪਣੇ ਦੇਸ਼ ਵਿਚ ਆਉਣ ਦੇਣਾ ਹੈ ਜਾਂ ਨਹੀਂ, ਅਤੇ ਇਸ ਜਹਾਜ਼ ਉੱਤੇ ਆ ਰਹੇ ਹਿੰਦੀਆਂ ਨੂੰ ਕਦਾਚਿੱਤ ਕੈਨੇਡਾ ਵਿਚ ਉਤਰਨ ਨਹੀਂ ਦਿੱਤਾ ਜਾਵੇਗਾ। ਵੈਨਕੂਵਰ ਦਾ ਨਸਲ ਪ੍ਰਸਤ ਕੰਜ਼ਰਵੇਟਿਵ ਪਾਰਲੀਮੈਂਟ ਮੈਂਬਰ ਐਚ.ਐਚ.ਸਟੀਵਨਜ਼ ਤਾਂ ਕੈਨੇਡਾ ਨੂੰ ਨਿਰੋਲ ਗੋਰਿਆਂ ਦਾ ਦੇਸ਼ ਰੱਖਣ ਦੀ ਨੀਤੀ ਅਧੀਨ ਹਿੰਦੀਆਂ ਦੇ ਕੈਨੇਡਾ ਵਿਚ ਦਾਖਲੇ ਦਾ ਲਗਾਤਾਰ ਵਿਰੋਧ ਕਰ ਹੀ ਰਿਹਾ ਸੀ, ਸਰਕਾਰ ਅਤੇ ਵਿਰੋਧੀ ਧਿਰ ਦੋਹਾਂ ਹੀ ਪਾਸਿਆਂ ਦੇ ਬਾਕੀ ਕੈਨੇਡੀਅਨ ਸਿਆਸਤਦਾਨ ਵੀ ਇਸ ਦੌੜ ਵਿਚ ਲੱਗੇ ਹੋਏ ਸਨ ਕਿ ਉਹ ਕਿਧਰੇ ਹਿੰਦੀਆਂ ਦੇ ਹਮਾਇਤੀਆਂ ਵਜੋਂ ਨਜ਼ਰ ਨਾ ਆਉਣ। ਸਰਕਾਰ ਦੇ ਇੰਮੀਗਰੇਸ਼ਨ ਮਹਿਕਮੇ ਨੇ ਵੀ ਉਪਰ ਤੋਂ ਹੇਠਾਂ ਤਕ ਲੋੜੀਂਦੀਆਂ ਹਦਾਇਤਾਂ ਦੇ ਕੇ ਜਹਾਜ਼ ਦੇ ਮੁਸਾਫਰਾਂ ਨੂੰ ਰੋਕਣ ਦੇ ਸਾਰੇ ਪ੍ਰਬੰਧ ਕੀਤੇ ਹੋਏ ਸਨ। ਫੈਡਰਲ ਮਨਿਸਟਰ ਸਮੇਤ ਕੈਨੇਡਾ ਇੰਮੀਗਰੇਸ਼ਨ ਦੇ ਮੁਖ ਅਧਿਕਾਰੀ ਮਿਸਟਰ ਸਕਾਟ ਅਤੇ ਵੈਨਕੂਵਰ ਵਿਚਲੇ ਇੰਮੀਗਰੇਸ਼ਨ ਏਜੰਟ ਮੈਲਕਮ ਰੀਡ ਨੇ ਲਗਾਤਾਰ ਆਪਸੀ ਸੰਪਰਕ ਬਣਾਇਆ ਹੋਇਆ ਸੀ। ਅਗਾਂਹ ਰੀਡ ਹਿੰਦੀਆਂ ਦੀ ਜਾਸੂਸੀ ਕਰਨ ਉੱਤੇ ਲੱਗੇ ਐਂਗਲੋ ਇੰਡੀਅਨ ਮੂਲ ਦੇ ਜਾਣੇ ਪਛਾਣੇ ਅਫਸਰ ਹਾਪਕਿਨਸਨ ਨਾਲ ਜ਼ਰੂਰੀ ਸਲਾਹ ਮਸ਼ਵਰਾ ਕਰਦਾ ਰਹਿੰਦਾ ਸੀ। ਜਸਟਿਸ ਹੰਟਰ ਦੇ ਫੈਸਲੇ ਪਿੱਛੋਂ ਆਰਡਰ ਇਨ ਕੌਂਸਲ 920 ਦੀਆਂ ਸਾਰੀਆਂ ਤ੍ਰੇੜਾਂ ਮੁੰਦ ਦਿੱਤੀਆਂ ਗਈਆਂ ਸਨ। ਅਤੇ ਇਸ ਮੰਤਵ ਲਈ 31 ਮਾਰਚ 1914 ਨੂੰ ਇਕ ਹੋਰ ਹੁਕਮ ਰਾਹੀਂ ਕੈਨੇਡਾ ਦੀਆਂ 42 ਬੰਦਰਗਾਹਾਂ ਦੀ ਸੂਚੀ ਦੇ ਕੇ ਕਿਹਾ ਗਿਆ ਸੀ ਕਿ ਇਹਨਾਂ ਉੱਤੇ ਬਾਹਰੋਂ ਆਉਣ ਵਾਲਾ ਕੋਈ ਮਜ਼ਦੂਰ ਨਹੀਂ ਉਤਰ ਸਕਦਾ।

ਪੈਸਕੋ ਗੋਰਡ ਨਾਂ ਦੇ ਸਟੀਵਨਜ਼ ਦੇ ਇਕ ਨਸਲਵਾਦੀ ਗੋਰੇ ਮਿੱਤਰ ਨੇ ਉਸਨੂੰ ਇੰਗਲੈਂਡ ਤੋਂ ਇਕ ਭੇਤ ਭਰੀ ਚਿੱਠੀ ਲਿਖੀ ਕਿ ਉੱਥੋਂ ਮਿਲੀਆਂ ਖਬਰਾਂ ਅਨੁਸਾਰ ਜਹਾਜ਼ ਉੱਤੇ ਸਵਾਰ ਹਿੰਦੀ ਕੈਨੇਡੀਅਨ ਤਟ ਉੱਤੇ ਉਤਰਨ ਪਿੱਛੋਂ ਹਿਰਾਸਤ ਵਿਚ ਰੱਖੇ ਜਾਣ 'ਤੇ ਹੈਬੀਅਸ ਕਾਰਪਸ ਪਟੀਸ਼ਨ ਰਾਹੀਂ ਅਦਾਲਤ ਵਿਚ ਪੇਸ਼ ਕੀਤੇ ਜਾਣ ਦਾ ਹੱਕ ਪ੍ਰਾਪਤ ਕਰ ਲੈਣਗੇ। ਇਕ ਵਾਰ ਇਸ ਤਰ੍ਹਾਂ ਹੋਣ ਨਾਲ ਮਾਮਲਾ ਅਦਾਲਤੀ ਚੱਕਰ ਵਿਚ ਪੈ ਜਾਵੇਗਾ ਅਤੇ ਉਹਨਾਂ ਨੂੰ ਕੈਨੇਡਾ ਆਉਣੋਂ ਰੋਕਣ ਦੀ ਸਾਰੀ ਯੋਜਨਾ ਨਾਕਾਮ ਹੋ ਜਾਵੇਗੀ। ਕੁਝ ਮਹੀਨੇ ਪਹਿਲਾਂ ਆਏ 39 ਹਿੰਦੀਆਂ ਦੇ ਸੰਬੰਧ ਵਿਚ ਇਸੇ ਤਰ੍ਹਾਂ ਹੀ ਹੋਇਆ ਸੀ ਅਤੇ ਤਟ ਉੱਤੇ ਹਿਰਾਸਤ ਵਿਚ ਰੱਖੇ ਹੋਏ ਉਹਨਾਂ ਸਭਨਾਂ ਹਿੰਦੀਆਂ ਨੂੰ ਜਸਟਿਸ ਹੰਟਰ ਨੇ ਕੈਨੇਡਾ ਵਿਚ ਰਹਿਣ ਲਈ ਰਿਹਾਅ ਕਰ ਦਿੱਤਾ ਸੀ। ਇਸ ਲਈ ਸੁਝਾਅ ਇਹ ਦਿੱਤਾ ਗਿਆ ਕਿ ਆਉਣ ਵਾਲੇ ਮੁਸਾਫਰਾਂ ਨੂੰ ਜਹਾਜ਼ ਤੋਂ ਹੀ ਨਾ ਉਤਰਨ ਦਿੱਤਾ ਜਾਵੇ, ਤਾਂ ਜੁ ਉਹ ਕੈਨੇਡਾ ਦੀ ਧਰਤੀ ਉੱਤੇ ਹੋਣ ਕਰਕੇ ਦੇਸ਼-ਨਕਾਲੇ ਦਾ ਫੈਸਲਾ ਹੋਣ ਦੀ ਸੂਰਤ ਵਿਚ ਵੀ ਉਸਦੇ ਵਿਰੁੱਧ ਅਪੀਲ ਨਾ ਕਰ ਸਕਣ। ਸਟੀਵਨਜ਼ ਲਈ ਇਹ ਚਿੱਠੀ ਬਹੁਤ ਅਰਥ ਭਰਪੂਰ ਸੀ, ਜੋ



ਉਸਨੇ ਅਗਾਂਹ ਫੈਡਰਲ ਘਰੋਗੀ ਮਨਿਸਟਰ ਨੂੰ ਭੇਜ ਦਿੱਤੀ। ਹੁਣ ਤਕ ਸੱਚਮੁੱਚ ਹੀ ਇਸ ਤਰ੍ਹਾਂ ਨਹੀਂ ਸੀ ਕੀਤਾ ਗਿਆ ਅਤੇ ਰੋਕੇ ਜਾਣ ਵਾਲੇ ਹਿੰਦੀ ਜ਼ਮਾਨਤਾਂ 'ਤੇ ਰਿਹਾ ਹੋ ਕੇ ਮਗਰੋਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਦੇ ਸਨ। ਇਸ ਪਿਛੋਕੜ ਵਿਚ ਗੋਰਡ ਦੀ ਇਹ ਤਜਵੀਜ਼ ਸਰਕਾਰ ਲਈ ਬਹੁਤ ਕਾਰਗਰ ਸਿੱਧ ਹੋਈ ਅਤੇ ਸਰਕਾਰ ਨੇ ਫੈਸਲਾ ਕਰ ਲਿਆ ਕਿ ਉਹ 31 ਮਾਰਚ ਨੂੰ ਜਾਰੀ ਹੋਏ ਹੁਕਮਾਂ ਨੂੰ ਆਧਾਰ ਬਣਾ ਕੇ 'ਕਾਮਾਗਾਟਾ ਮਾਰੂ'ਨੂੰ ਤਟ ਉੱਤੇ ਲੱਗਣ ਹੀ ਨਹੀਂ ਦੇਵੇਗੀ ਅਤੇ ਮੁਸਾਫਰ ਜਹਾਜ਼ ਉੱਤੇ ਹੀ ਡੱਕੇ ਰਹਿਣਗੇ।

ਸਰਕਾਰ ਦੇ ਇਹਨਾਂ ਇਰਾਦਿਆਂ ਦੀ ਸੂਹ ਵੈਨਕੂਵਰ ਦੇ ਹਿੰਦੀਆਂ ਤਕ ਪਹੁੰਚੀ ਤਾਂ ਉਹਨਾਂ ਨੇ ਇਸ ਦਾ ਟਾਕਰਾ ਕਰਨ ਦੀ ਵੀ ਵਿਉਂਤ ਬਣਾ ਲਈ। ਸਰਕਾਰ ਵੱਲੋਂ ਜਾਰੀ ਕੀਤੇ 31 ਮਾਰਚ ਦੇ ਹੁਕਮਾਂ ਵਿਚ 42 ਬੰਦਰਗਾਹਾਂ ਦੀ ਸੂਚੀ ਸੀ ਜਿੱਥੇ ਬਾਹਰੋਂ ਆਉਣ ਵਾਲੇ ਕਿਰਤੀਆਂ ਨਾਲ ਲੱਦੇ ਜਹਾਜ਼ਾਂ ਨੂੰ ਘਾਟਾਂ ਉੱਤੇ ਲੱਗਣ ਦੀ ਮਨਾਹੀ ਸੀ। ਇਸ ਸੂਚੀ ਵਿਚ ਅਚੇਤ ਹੀ ਇਕ ਨਵੀਂ ਬਣੀ ਬੰਦਰਗਾਹ ਪੋਰਟ ਅਲਬਰਨੀ ਦਾ ਨਾਂ ਸ਼ਾਮਲ ਕੀਤੇ ਜਾਣ ਤੋਂ ਰਹਿ ਗਿਆ ਸੀ। 'ਕਾਮਾਗਾਟਾ ਮਾਰੂ' ਦੇ ਵਿਕਟੋਰੀਆ ਪਹੁੰਚਣ ਤੋਂ ਦੋ ਦਿਨ ਪਹਿਲਾਂ ਹੀ 'ਯੂਨਾਈਟਡ ਇੰਡੀਆ ਲੀਗ' ਨੂੰ ਸਰਕਾਰੀ ਹੁਕਮ ਵਿਚਲੀ ਇਸ ਤਰੁਟੀ ਦਾ ਪਤਾ ਲੱਗਾ ਤਾਂ ਉਹਨਾਂ ਕਾਮਾਗਾਟਾ ਮਾਰੂ ਨਾਲ ਅਗਾਊਂ ਸੰਪਰਕ ਬਣਾਉਣ ਦਾ ਯਤਨ ਕੀਤਾ, ਤਾਂ ਜੁ ਉਹ ਵਿਕਟੋਰੀਆ ਆਉਣ ਦੀ ਥਾਂ ਆਪਣਾ ਰੁਖ ਪੋਰਟ ਅਲਬਰਨੀ ਵੱਲ ਕਰ ਲਵੇ। ਪਰ ਜਹਾਜ਼ ਕੋਲ ਸੁਨੇਹੇ ਲੈਣ ਲਈ ਰੇਡੀਓ ਸਿਸਟਮ ਨਹੀਂ ਸੀ। ਇਸ ਲਈ ਹਸਨ ਰਹੀਮ ਅਤੇ ਰਾਜਾ ਸਿੰਘ ਨੇ ਇਕ ਬੋਟ ਹਾਸਲ ਕਰਕੇ ਕਾਮਾਗਾਟਾ ਮਾਰੂ ਨੂੰ ਅਗਾਊਂ ਹੀ ਮਿਲਣ ਦੀ ਕੋਸ਼ਿਸ਼ ਕੀਤੀ। ਇੰਮੀਗਰੇਸ਼ਨ ਦਾ ਅਧਿਕਾਰੀ ਮੈਲਕਮ ਰੀਡ ਵੀ ਹਿੰਦੀਆਂ ਦੀਆਂ ਯੋਜਨਾਵਾਂ ਦੀ ਸੂਹ ਰੱਖ ਰਿਹਾ ਸੀ। ਇਸ ਲਈ ਉਸਨੇ ਕਸਟਮ ਦੇ ਅਧਿਕਾਰੀ ਐਚ.ਐੱਲ.ਗੁੱਡ ਨੂੰ ਇਹ ਹਦਾਇਤ ਕੀਤੀ ਕਿ ਉਹ ਹਰ ਹਾਲਤ ਵਿਚ ਹਸਨ ਰਹੀਮ ਵਾਲੀ ਬੋਟ ਦਾ 'ਕਾਮਾਗਾਟਾ ਮਾਰੂ' ਨਾਲ ਮੇਲ ਹੋਣ ਤੋਂ ਰੋਕੇ। ਹੁੰਗਾਰੇ ਵਜੋਂ ਗੁੱਡ ਨੇ ਬੋਟ ਦੇ ਮਲਾਹ ਨੂੰ 25 ਡਾਲਰਾਂ ਦੀ ਨਿਗੂਣੀ ਜਿਹੀ ਰਿਸ਼ਵਤ ਦੇ ਕੇ ਇਸ ਕੰਮ ਵਿਚ ਸਫਲਤਾ ਹਾਸਲ ਕਰ ਲਈ। ਚਲਦੀ ਬੋਟ ਦੇ ਇੰਜਣ ਵਿਚ ਕੋਈ ਛੋਟਾ ਮੋਟਾ ਨੁਕਸ ਪੈ ਜਾਣਾ ਸਾਧਾਰਨ ਗੱਲ ਹੈ। ਮਲਾਹ ਨੇ ਇਉਂ ਹੀ ਇੰਜਣ ਵਿਚ ਨੁਕਸ ਪੈ ਜਾਣ ਦਾ ਬਹਾਨਾ ਘੜਿਆ ਅਤੇ ਨਤੀਜੇ ਵਜੋਂ ਹਸਨ ਰਹੀਮ ਤੇ ਰਾਜਾ ਸਿੰਘ 'ਕਾਮਾਗਾਟਾ ਮਾਰੂ' ਨੂੰ ਵਿਕਟੋਰੀਆ ਦੇ ਪਾਣੀਆਂ ਵਿਚ ਦਾਖਲ ਹੋਣ ਤੋਂ ਪਹਿਲਾਂ ਮਿਲਣ ਵਿਚ ਨਾਕਾਮ ਰਹੇ।

21 ਮਈ ਨੂੰ ਵਿਕਟੋਰੀਆ ਪਹੁੰਚਣ 'ਤੇ ਕਾਮਾਗਾਟਾ ਮਾਰੂ ਨੂੰ ਕੈਨੇਡੀਅਨ ਇੰਮੀਗਰੇਸ਼ਨ ਦੀਆਂ ਕਿਸ਼ਤੀਆਂ ਨੇ ਆਪਣੇ ਘੇਰੇ ਵਿਚ ਲੈ ਕੇ ਵੈਨਕੂਵਰ ਆਉਣ ਦਿੱਤਾ, ਜਿੱਥੇ ਉਹ ਦੋ ਦਿਨ ਬਾਅਦ 23 ਮਈ ਨੂੰ ਪਹੁੰਚਿਆ, ਅਤੇ ਏਥੇ ਉਸਨੂੰ ਬਰਾਡ ਦੇ ਤਟ ਤੋਂ ਪਰਾਂਹ ਹੀ ਸਮੁੰਦਰ ਵਿਚ ਸੰਗਲ ਸੁੱਟਣ ਲਈ ਮਜਬੂਰ ਕੀਤਾ ਗਿਆ। ਜਹਾਜ਼ ਦਾ ਸਵਾਗਤ ਕਰਨ ਲਈ ਸੈਂਕੜੇ ਹਿੰਦੀ ਤਟ ਉੱਤੇ ਮੌਜੂਦ ਸਨ ਪਰ ਮੁਸਾਫਰਾਂ ਨੂੰ ਜਹਾਜ਼ ਤੋਂ ਉਤਰਨ ਨਾ ਦਿੱਤਾ ਗਿਆ। ਉਹ ਡੈੱਕ ਉੱਤੇ ਖਲੋਤੇ ਹੀ ਹੱਥ ਹਿਲਾ ਕੇ ਕੰਢੇ ਉੱਤੇ ਹਾਜ਼ਰ ਆਪਣੇ ਹਿੰਦੀ ਭਰਾਵਾਂ ਦੇ ਸਵਾਗਤੀ ਚਿੰਨ੍ਹਾਂ ਦਾ ਹੁੰਗਾਰਾ ਭਰ ਸਕਦੇ ਸਨ। ਸਿਰਫ ਜਹਾਜ਼ ਦੇ ਜਾਪਾਨੀ ਅਮਲੇ ਨੂੰ ਹੀ ਤਟ ਉੱਤੇ ਉਤਰਨ ਅਤੇ ਜਹਾਜ਼ ਵਿਚੋਂ ਆਉਣ ਜਾਣ ਦੀ ਆਗਿਆ ਦਿੱਤੀ ਗਈ। ਏਥੋਂ ਤਕ ਕਿ ਗੁਰਦਿੱਤ ਸਿੰਘ ਨੂੰ ਵੀ ਉਤਰਨ ਨਾ ਦਿੱਤਾ ਗਿਆ ਹਾਲਾਂਕਿ ਉਹ ਜਹਾਜ਼ ਦਾ ਪਟੇਦਾਰ ਹੋਣ ਦੇ ਨਾਤੇ ਕਿਸੇ ਤਰ੍ਹਾਂ ਵੀ ਮਜ਼ਦੂਰਾਂ ਦੀ ਕੋਟੀ ਵਿਚ ਸ਼ੁਮਾਰ ਨਹੀਂ ਸੀ ਹੁੰਦਾ। ਉਸਦੀ ਹੈਸੀਅਤ ਇਕ ਵਪਾਰੀ ਦੀ ਸੀ। ਉਸਨੇ ਕਿਹਾ ਕਿ ਜਹਾਜ਼ ਉੱਤੇ ਲੱਦਿਆ ਕੋਲਾ ਉਸਨੇ ਵੇਚਣਾ ਹੈ। ਇਹ ਕੋਲਾ ਵੇਚਣਾ ਇਸ ਲਈ ਵੀ ਜ਼ਰੂਰੀ ਹੈ ਕਿ ਇਸ

ਨੂੰ ਵੇਚ ਕੇ ਹੀ ਉਹ ਪਟੇ ਦੀ ਰਕਮ ਤਾਰ ਸਕਦਾ ਹੈ। ਪਰ ਸਰਕਾਰ ਨੂੰ ਤੌਖਲਾ ਸੀ ਕਿ ਗੁਰਦਿੱਤ ਸਿੰਘ ਦੇ ਤਟ ਉੱਤੇ ਆਉਣ ਨਾਲ ਉਹ ਸਰਕਾਰ ਲਈ ਹੋਰ ਕਜੀਆ ਖੜ੍ਹਾ ਕਰਨ ਦੇ ਸਮਰੱਥ ਹੋਵੇਗਾ। ਅਧਿਕਾਰੀਆਂ ਨੇ ਇਹ ਵੀ ਯਕੀਨੀ ਬਣਾਇਆ ਕਿ ਕੈਨੇਡਾ ਵਿਚ ਰਹਿਣ ਵਾਲਾ ਕੋਈ ਵੀ ਹਿੰਦੀ ਜਹਾਜ਼ ਉਤਲੇ ਮੁਸਾਫਰਾਂ ਨਾਲ ਸੰਪਰਕ ਨਾ ਕਰ ਸਕੇ। ਕੁਝ ਮਹੀਨੇ ਪਹਿਲਾਂ ਜਿਸ ਵਕੀਲ ਮਿਸਟਰ ਐਡਵਰਡ ਬਰਡ ਨੇ 39 ਹਿੰਦੀਆਂ ਦੇ ਦਾਖਲੇ ਦਾ ਕੇਸ ਜਿੱਤਿਆ ਸੀ, ਉਸਨੂੰ ਮੁੜ ਵਕੀਲ ਬਣਾਇਆ ਗਿਆ ਪਰ ਮਿਸਟਰ ਬਰਡ ਨੂੰ ਵੀ ਮੁਸਾਫਰਾਂ ਨਾਲ ਮਿਲਣ ਦੀ ਆਗਿਆ ਨਾ ਦਿੱਤੀ ਗਈ। ਉਸਨੇ ਫੈਡਰਲ ਮਨਿਸਟਰ ਨੂੰ ਤਾਰ ਭੇਜ ਕੇ ਇਸ ਬਾਰੇ ਸ਼ਿਕਾਇਤ ਕੀਤੀ। ਤਦ ਜਹਾਜ਼ ਦੇ ਵੈਨਕੂਵਰ ਪਹੁੰਚਣ ਤੋਂ 10 ਦਿਨ ਮਗਰੋਂ ਚਾਰ ਜੂਨ 1914 ਨੂੰ ਕਾਮਾਗਾਟਾ ਮਾਰੂ ਦੇ ਲਾਗੇ ਲਿਆਂਦੀ ਗਈ ਇੰਮੀਗਰੇਸ਼ਨ ਦੀ ਇਕ ਹੋਰ ਲਾਂਚ ਬੋਟ ਵਿਚੋਂ ਗੁਰਦਿੱਤ ਸਿੰਘ ਨਾਲ ਗੱਲਬਾਤ ਕਰਨ ਦੀ ਜੇ ਉਸਨੂੰ ਇਜਾਜ਼ਤ ਦਿੱਤੀ ਵੀ ਗਈ ਤਾਂ ਉਹ ਵੀ ਇੰਮੀਗਰੇਸ਼ਨ ਤੇ ਪੁਲਸ ਅਧਿਕਾਰੀਆਂ ਦੀ ਹਾਜ਼ਰੀ ਵਿਚ। ਕਾਨੂੰਨੀ ਅਧਿਕਾਰ ਅਨੁਸਾਰ ਵਕੀਲ ਤੇ ਸਾਇਲ ਵਜੋਂ ਉਹਨਾਂ ਨੂੰ ਇਕੱਲਿਆਂ ਗੱਲ ਕਰਨ ਦੀ ਆਗਿਆ ਨਾ ਦਿੱਤੀ ਗਈ।

ਵੈਨਕੂਵਰ ਵਿਚਲੀ ਖਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੇ ਲੀਡਰਾਂ ਨੂੰ ਪਤਾ ਸੀ ਕਿ ਕਾਮਾਗਾਟਾ ਮਾਰੂ ਦਾ ਇਹ ਮਾਮਲਾ ਬਹੁਤ ਗੰਭੀਰ ਹੈ, ਜੋ ਸਹਿਜੇ ਹੀ ਸੁਲਝਣ ਵਾਲਾ ਨਹੀਂ। ਇਸ ਲਈ ਇਸ ਦੇ ਹੱਕ ਵਿਚ ਕਾਰਵਾਈ ਕਰਨ ਲਈ ਹਸਨ ਰਹੀਮ ਦੀ ਅਗਵਾਈ ਵਿਚ ਵੈਨਕੂਵਰ ਵਿਚ Shore Committee 'ਸ਼ੋਰ ਕਮੇਟੀ' ਅਥਵਾ ਤਟ ਉਤਲੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿਚ ਭਾਈ ਭਾਗ ਸਿੰਘ ਭਿਖੀਵਿੰਡ, ਸੋਹਣ ਲਾਲ ਪਾਠਕ ਅਤੇ ਭਾਈ ਬਲਵੰਤ ਸਿੰਘ ਸਰਗਰਮੀ ਨਾਲ ਕੰਮ ਕਰ ਰਹੇ ਸਨ। ਇਸ ਕਮੇਟੀ ਦੇ ਯਤਨਾਂ ਨਾਲ ਨਾ ਕੇਵਲ ਬ੍ਰਿਟਿਸ਼ ਕੋਲੰਬੀਆ ਸਗੋਂ ਅਮਰੀਕਾ ਵਿਚ ਵੀ ਕਾਮਾਗਾਟਾ ਮਾਰੂ ਦੇ ਹੱਕ ਵਿਚ ਵਿਆਪਕ ਮੁਹਿੰਮ ਛੇੜੀ ਗਈ। ਸਾਨ ਫ੍ਰਾਂਸਿਸਕੋ ਵਿਚ ਗ਼ਦਰ ਪਾਰਟੀ ਦੇ ਆਗੂ ਰਾਮ ਚੰਦਰ ਤੇ ਸੋਹਣ ਸਿੰਘ ਭਕਨਾ, ਅਤੇ ਥੋੜ੍ਹਾ ਸਮਾਂ ਪਹਿਲਾਂ ਉੱਥੇ ਪਹੁੰਚੇ ਬਰਕਤੁੱਲਾ ਤੇ ਭਗਵਾਨ ਸਿੰਘ ਆਦਿ, ਅਖਬਾਰ ਰਾਹੀਂ ਅਤੇ ਵੱਖ ਵੱਖ ਥਾਵਾਂ ਉੱਤੇ ਮੀਟਿੰਗਾਂ ਕਰ ਕੇ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਜੋ ਹੋ ਬੀਤ ਰਿਹਾ ਸੀ, ਉਸ ਬਾਰੇ ਦੇਸ਼ਵਾਸੀਆਂ ਨੂੰ ਜਾਣੂੰ ਕਰਾ ਰਹੇ ਸਨ। ਪਿੱਛੇ ਪੰਜਾਬ ਵਿਚ ਵੀ ਪਬਲਿਕ ਮੀਟਿੰਗਾਂ ਅਤੇ ਅਖਬਾਰਾਂ ਵਿਚ ਹਿੰਦ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਉਹ ਦਖਲ ਦੇ ਕੇ ਮੁਸਾਫਰਾਂ ਦੇ ਉੱਤਰ ਸਕਣ ਵਿਚ ਮਦਦ ਕਰੇ।

ਸਰਕਾਰ ਨੂੰ ਗੁਰਦਿੱਤ ਸਿੰਘ ਦੇ ਪਟੇ ਦੀਆਂ ਸ਼ਰਤਾਂ ਦਾ ਪਤਾ ਸੀ, ਜਿਸ ਅਨੁਸਾਰ ਜ਼ਿਆਦਾ ਦੇਰ ਰਹਿਣ ਨਾਲ ਉਸ ਲਈ ਪਟੇ ਦੀ ਅਦਾਇਗੀ ਵਾਸਤੇ ਹੋਰ ਰਕਮ ਦਾ ਪ੍ਰਬੰਧ ਕਰਨਾ ਜ਼ਰੂਰੀ ਸੀ। ਅਤੇ ਫਿਰ ਜਹਾਜ਼ ਉੱਤੇ ਮੁਸਾਫਰਾਂ ਲਈ ਰਾਸ਼ਨ ਦੀ ਸਪਲਾਈ ਦਾ ਮਾਮਲਾ ਵੀ ਸੀ, ਜੋ ਰਾਸ਼ਨ ਸੁਭਾਵਕ ਹੀ ਓਨੇ ਚਿਰ ਲਈ ਹੀ ਸੀ, ਜਿੰਨੇ ਕੁ ਦਿਨਾਂ ਤਕ ਸਮੁੰਦਰੀ ਸਫਰ ਵਾਸਤੇ ਲੋੜੀਂਦਾ ਸੀ। ਇਸ ਲਈ ਸਰਕਾਰ ਨੇ ਸਾਰੀ ਕਾਰਵਾਈ ਵਿਚ ਢਿੱਲਮੱਠ ਕਰ ਕੇ ਉਸਨੂੰ ਥਕਾ ਦੇਣ ਦੀ ਨੀਤੀ ਅਪਨਾਈ। ਪਹਿਲਾਂ ਤਾਂ ਕਿੰਨੇ ਹੀ ਦਿਨਾਂ ਤਕ ਮੁਸਾਫਰਾਂ ਦੇ ਡਾਕਟਰੀ ਮੁਆਇਨੇ ਉੱਤੇ ਲਾਏ ਗਏ, ਜੋ ਆਮ ਹਾਲਤਾਂ ਵਿਚ ਬਹੁਤ ਸਾਧਾਰਨ ਜਿਹੀ ਗੱਲ ਸੀ। ਇਸ ਲਈ ਪੇਟ ਵਿਚ ਮਲ੍ਹਪ ਹੋਣ ਦੇ ਝੱਟ ਹੀ ਇਲਾਜ ਕੀਤੇ ਜਾ ਸਕਣ ਵਾਲੇ ਰੋਗ ਦੇ ਨਿਰੀਖਣ ਲਈ ਵੀ ਵਿਸ਼ੇਸ਼ੱਗ ਬੁਲਾਏ ਗਏ ਤਾਂ ਜੁ ਮਾਮੂਲੀ ਰੋਗ ਦਾ ਬਹਾਨਾ ਘੜ ਕੇ ਮੁਸਾਫਰਾਂ ਨੂੰ ਡਾਕਟਰੀ ਵਿਚ ਹੀ ਫੇਲ੍ਹ ਕੀਤਾ ਜਾਵੇ। ਐਨ ਏਸ ਸਮੇਂ ਜਦੋਂ ਕਾਮਾਗਾਟੂ ਮਾਰੂ ਦੇ ਮੁਸਾਫਰਾਂ ਨਾਲ ਇਹ ਵਿਹਾਰ ਕੀਤਾ ਜਾ ਰਿਹਾ ਸੀ, ਉਦੋਂ ਹੀ ਕੈਨੇਡਾ ਦੇ ਪੂਰਬੀ ਕੰਢੇ ਉੱਤੇ ਕਿਊਬੇਕ ਵਿਚ



ਹਜ਼ਾਰਾਂ ਹੀ ਯੂਰਪੀਅਨ ਬਿਨਾਂ ਕਿਸੇ ਡਾਕਟਰੀ ਮੁਆਇਨੇ ਦੇ, ਜਾਂ ਇਸਦੇ ਮਹਿਜ਼ ਵਿਖਾਵੇ ਨਾਲ, ਟਟਫਟ ਉਤਰਨ ਦਿੱਤੇ ਜਾ ਰਹੇ ਸਨ। ਡਾਕਟਰੀ ਮੁਆਇਨੇ ਦੀ ਇਸ ਕਾਰਵਾਈ ਨੂੰ ਮੁਕੰਮਲ ਕਰਨ ਵਿਚ ਅੱਠ ਦਿਨ ਲਾਏ ਗਏ। ਜਹਾਜ਼ ਉੱਤੇ 22 ਮੁਸਾਫਰ ਉਹ ਸਨ ਜੋ ਧੁਰੋਂ ਸਿੱਧੇ ਸਫਰ ਦਾ ਆਰਡਰ ਲਾਗੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਰਹਿ ਰਹੇ ਸਨ। ਸਿਰਫ ਉਹਨਾਂ ਨੂੰ ਹੀ ਉਤਰਨ ਦੀ ਇਜਾਜ਼ਤ ਦਿੱਤੀ ਗਈ, ਅਤੇ ਇਹ ਇਜਾਜ਼ਤ ਵੀ ਜਹਾਜ਼ ਦੇ ਵੈਨਕੂਵਰ ਪਹੁੰਚਣ ਤੋਂ 20 ਦਿਨ ਮਗਰੋਂ 9 ਜੂਨ ਨੂੰ ਮਿਲੀ। ਡਾਕਟਰੀ ਮੁਆਇਨੇ ਤੋਂ ਪਿੱਛੋਂ ਇੰਮੀਗਰੇਸ਼ਨ ਅਧਿਕਾਰੀ ਮੈਲਕਮ ਰੀਡ ਦੀ ਅਗਵਾਈ ਵਿਚ ਬਣੇ 'ਬੋਰਡ ਔਫ ਇਨਕੁਆਇਰੀ' ਅੱਗੇ ਸਾਰੇ ਮੁਸਾਫਰਾਂ ਨੇ ਵਾਰੀ ਵਾਰੀ ਪੇਸ਼ ਹੋਣਾ ਸੀ। ਇਸ ਮੰਤਵ ਲਈ ਦੋ ਦੋ ਮੁਸਾਫਰਾਂ ਨੂੰ ਪਹਿਰੇ ਵਿਚ ਜਹਾਜ਼ ਤੋਂ ਲਿਜਾ ਕੇ ਮੁੜ ਜਹਾਜ਼ ਉੱਤੇ ਹੀ ਛੱਡ ਜਾਣ ਦਾ ਤਰੀਕਾ ਅਪਨਾਇਆ ਗਿਆ। ਇਨਕੁਆਇਰੀ ਦੀ ਇਸ ਕਾਰਵਾਈ ਉੱਤੇ ਵੀ ਗਿਣੀ ਮਿਥੀ ਨੀਤੀ ਅਨੁਸਾਰ ਵਾਹਵਾ ਸਮਾਂ ਲਾਇਆ ਜਾ ਰਿਹਾ ਸੀ।

ਢਿੱਲ ਮੱਠ ਕਰਕੇ ਥਕਾ ਦੇਣ ਦੀ ਆਪਣੀ ਨੀਤੀ ਦੇ ਸਫਲ ਰਹਿਣ 'ਤੇ ਮੈਲਕਮ ਰੀਡ ਨੂੰ ਏਨਾ ਯਕੀਨ ਸੀ ਕਿ ਉਸਨੇ ਇਸ ਦਾ ਵੇਰਵਾ ਪਬਲਿਕ ਤੇ ਪ੍ਰੈੱਸ ਵਿਚ ਵੀ ਨਸ਼ਰ ਕਰ ਦਿੱਤਾ। ਸਰਕਾਰੀ ਅਨੁਮਾਨ ਇਹ ਸੀ ਕਿ ਰਾਸ਼ਨ ਮੁੱਕਣ ਨਾਲ ਭੁੱਖੇ ਮੁਸਾਫਰ ਗੁਰਦਿੱਤ ਸਿੰਘ ਦੇ ਗਲ਼ ਪੈਣਗੇ। ਪਰ ਇਸ ਤਰ੍ਹਾਂ ਸਰਕਾਰ ਦੀ ਨੀਤੀ ਨਸ਼ਰ ਕੀਤੇ ਜਾਣ ਦਾ ਸਗੋਂ ਉਲਟਾ ਅਸਰ ਹੋਇਆ। ਮੁਸਾਫਰਾਂ ਦੀ ਸਹਾਇਤਾ ਕਰਨ ਲਈ ਵੈਨਕੂਵਰ ਵਿਚ ਹਿੰਦੀਆਂ ਵੱਲੋਂ ਹਸਨ ਰਹੀਮ ਦੀ ਅਗਵਾਈ ਵਿਚ ਜਿਹੜੀ ਪੰਦਰਾਂ ਮੈਂਬਰੀ 'ਸ਼ੋਰ ਕਮੇਟੀ' ਦਾ ਗਠਨ ਕੀਤਾ ਗਿਆ ਸੀ, ਉਸ ਨੇ ਮੁਸਾਫਰਾਂ ਨੂੰ ਰਾਸ਼ਨ ਪੁਚਾਉਣਾ ਸ਼ੁਰੂ ਕਰ ਦਿੱਤਾ। ਮੁਸਾਫਰਾਂ ਵਿਚ ਵੱਡੀ ਗਿਣਤੀ ਉਹਨਾਂ ਦੀ ਸੀ ਜਿਹਨਾਂ ਨੇ ਪਹਿਲਾਂ ਬਰਤਾਨਵੀ ਫੌਜ ਵਿਚ ਨੌਕਰੀ ਕੀਤੀ ਹੋਈ ਸੀ। 'ਕੈਸਰ-ਏ-ਹਿੰਦ' ਦੇ ਵਫਾਦਾਰ ਸੇਵਕਾਂ ਪ੍ਰਤੀ ਸਰਕਾਰ ਦਾ ਇਹ ਵਤੀਰਾ ਉਹਨਾਂ ਵਿਚ ਰੋਹ ਦੀ ਅੱਗ ਭੜਕਾਉਣ ਦਾ ਕਾਰਨ ਬਣ ਰਿਹਾ ਸੀ। 'ਸ਼ੋਰ ਕਮੇਟੀ' ਵੱਲੋਂ ਮੁਸਾਫਰਾਂ ਨੂੰ ਰਾਸ਼ਨ ਪੁਚਾਉਣ ਤੋਂ ਇਲਾਵਾ ਨਿਸਚਤ ਤਾਰੀਖ ਉੱਤੇ ਪਟੇ ਦੀ ਰਕਮ ਦੀ ਅਗਲੀ ਕਿਸ਼ਤ ਤਾਰਨ ਵਾਸਤੇ ਫੰਡ ਜੁਟਾਉਣ ਲਈ ਵੀ ਕੋਸ਼ਿਸ਼ਾਂ ਹੋਣ ਲੱਗੀਆਂ। ਸੈਕੰਡ ਐਵਿਨਿਊ ਸਥਿਤ ਗੁਰਦੁਆਰੇ ਵਿਚ 31 ਮਈ ਨੂੰ ਮੀਟਿੰਗ ਬੁਲਾਈ ਗਈ, ਜਿਸ ਵਿਚ ਸੋਸ਼ਲਿਸਟ ਵਿਚਾਰਾਂ ਵਾਲੇ ਲਗਪਗ 125 ਗੋਰਿਆਂ ਸਮੇਤ 500 ਤੋਂ ਵੱਧ ਦੀ ਹਾਜ਼ਰੀ ਸੀ। ਇਸ ਇਕੱਤਰਤਾ ਦੀ ਕਾਰਵਾਈ ਨੋਟ ਕਰਨ ਲਈ ਹਾਪਕਿਨਸਨ ਵੀ ਆਪਣੇ ਸਟੈਨੋ ਸਮੇਤ ਪਹੁੰਚਿਆ ਹੋਇਆ ਸੀ। ਹਾਪਕਿਨਸਨ ਦੀ ਮੌਜੂਦਗੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਵਕੀਲ ਬਰਡ ਨੇ ਬੜੀ ਨਿਡੱਰਤਾ ਨਾਲ ਵਿਸਥਾਰ ਸਹਿਤ ਦੱਸਿਆ ਕਿ ਕਿਵੇਂ ਸਰਕਾਰ ਕਾਨੂੰਨ ਦੀਆਂ ਧਜੀਆਂ ਉਡਾਉਣ 'ਤੇ ਤੁਲੀ ਹੋਈ ਹੈ। ਉਸ ਨੇ ਕਿਹਾ ਕਿ 'ਉਪਰੋਂ ਓਟਾਵਾ ਤੋਂ ਮਿਲੇ ਹੁਕਮਾਂ ਅਨੁਸਾਰ ਸਥਾਨਕ ਇੰਮੀਗਰੇਸ਼ਨ ਅਧਿਕਾਰੀ ਮਾਮਲੇ ਨੂੰ ਲਟਕਾਅ ਰਹੇ ਹਨ। ਇੰਮੀਗਰੇਸ਼ਨ ਦਾ ਮਹਿਕਮਾ ਨਿਹਾਇਤ ਤਾਨਾਸ਼ਾਹ ਹੈ ਅਤੇ ਇਸ ਦਾ ਸੰਚਾਲਨ ਕਰਨ ਵਾਲੇ ਕਾਨੂੰਨ-ਤੋੜ ਅਨਾਰਕਿਸਟ ਹਨ, ਜਿਹਨਾਂ ਨੇ ਮੈਨੂੰ ਕਿਹਾ ਹੈ ਕਿ ਉਹ ਨਹੀਂ ਦੱਸ ਸਕਦੇ ਕਿ ਸੁਪਰੀਮ ਕੋਰਟ ਵੱਲੋਂ ਮੁਸਾਫਰਾਂ ਨੂੰ ਕੈਨੇਡਾ ਰਹਿਣ ਦੀ ਆਗਿਆ ਦੇਣ ਦੀ ਸੂਰਤ ਵਿਚ ਉਹ ਉਸ ਫੈਸਲੇ ਨੂੰ ਮੰਨਣਗੇ ਵੀ ਜਾਂ ਨਹੀਂ। ਉਸਨੂੰ ਕੇਸ ਦੀ ਪੈਰਵੀ ਕਰਨ ਲਈ ਮੁਸਾਫਰਾਂ ਨਾਲ ਮਿਲਣ ਦੀ ਆਗਿਆ ਵੀ ਨਹੀਂ ਦਿੱਤੀ ਜਾ ਰਹੀ, ਜਦਕਿ ਉਸਨੇ ਓਟਾਵਾ ਵਿਚ ਗਵਰਨਰ ਜਨਰਲ ਅਤੇ ਪ੍ਰਾਈਮ ਮਨਿਸਟਰ ਤਕ ਨੂੰ ਤਾਰਾਂ ਦਿੱਤੀਆਂ ਹਨ'।

ਹਸਨ ਰਹੀਮ ਨੇ ਭਾਵ-ਪਰੁੱਚੀ ਪੁਰਜ਼ੋਰ ਤਕਰੀਰ ਵਿਚ ਕਿਹਾ ਕਿ ਅੱਜ ਦੀ ਮੀਟਿੰਗ ਗ਼ਦਰ ਬਾਰੇ ਵਿਚਾਰਾਂ ਕਰਨ ਲਈ ਨਹੀਂ ਬੁਲਾਈ ਗਈ, ਸਗੋਂ ਇਸ ਸਾਹਮਣੇ ਇਕੋ ਇਕ ਮਸਲਾ ਹੈ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮਦਦ ਦਾ, ਜਿਸ ਲਈ ਸਭ ਨੂੰ ਵੱਧ ਤੋਂ ਵੱਧ ਫੰਡ ਦੇਣ ਦੀ ਅਪੀਲ ਕੀਤੀ ਜਾਂਦੀ ਹੈ। ਹਸਨ ਰਹੀਮ ਦੇ ਇਸ ਅੰਦਾਜ਼ ਵਿਚ

ਗੱਲ ਕਰਨ ਪਿੱਛੇ ਸ਼ਾਇਦ ਇਹ ਸੋਚ ਕੰਮ ਕਰ ਰਹੀ ਸੀ ਕਿ ਹਾਪਕਿਨਸਨ ਸਾਰੀ ਕਾਰਵਾਈ ਦੀ ਰਿਪੋਰਟ ਤਿਆਰ ਕਰ ਰਿਹਾ ਹੈ। ਇੰਝ ਹਸਨ ਰਹੀਮ ਇਕ ਤਰ੍ਹਾਂ ਨਾਲ ਆਪਣੇ ਸਾਥੀਆਂ ਨੂੰ ਵੀ ਚੁਕੰਨੇ ਕਰ ਰਿਹਾ ਸੀ ਕਿ ਉਹ ਰਤਾ ਸੰਭਲ ਕੇ ਬੋਲਣ। ਪਰ ਭਾਈ ਬਲਵੰਤ ਸਿੰਘ, ਜੋ ਹੁਣੇ ਹੁਣੇ ਇੰਗਲੈਂਡ ਤੇ ਹਿੰਦੁਸਤਾਨ ਤੋਂ ਮੁੜਿਆ ਸੀ, ਆਪਣੇ ਤਜਰਬੇ ਕਰਕੇ ਬਹੁਤ ਭਰਿਆ-ਪੀਤਾ ਹੋਇਆ ਸੀ। ਉਸਨੇ ਆਪਣੀ ਬਹੁਤ ਰੋਹਲੀ ਤਕਰੀਰ ਵਿਚ 1857 ਦੇ ਗ਼ਦਰ ਵਾਂਗ ਗੋਰਿਆਂ ਨੂੰ ਮਾਰ ਮੁਕਾਉਣ ਅਤੇ ਹਥਿਆਰਾਂ ਦੇ ਜ਼ੋਰ ਨਾਲ ਆਜ਼ਾਦੀ ਲੈਣ ਦੀ ਗੱਲ ਕਰ ਕੇ ਦੇਸ਼ਭਗਤੀ ਦੇ ਜਜ਼ਬੇ ਨੂੰ ਉਭਾਰਿਆ। ਉਸਨੇ ਕਿਹਾ ਕਿ ਬਹੁਤ ਛੇਤੀ ਹਿੰਦੁਸਤਾਨ ਦੇ ਲੋਕ ਅੰਗਰੇਜ਼ੀ ਰਾਜ ਦਾ ਫਸਤਾ ਵੱਢ ਦੇਣਗੇ। ਭਾਈ ਬਲਵੰਤ ਸਿੰਘ ਦੀ ਇਹੀ ਤਕਰੀਰ ਹੀ ਮਗਰੋਂ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਉਸ ਨੂੰ ਫਾਂਸੀ ਦੀ ਸਜ਼ਾ ਦੇਣ ਲਈ ਆਧਾਰ ਵਜੋਂ ਵਰਤੀ ਗਈ। ਇਕੱਤਰਤਾ ਵਿਚ ਹਾਜ਼ਰ ਇਕ ਸੱਜਣ ਨੇ ਫੰਡ ਲਈ ਅਪੀਲ ਦੇ ਭਰਵੇਂ ਹੁੰਗਾਰੇ ਵਾਸਤੇ ਆਪਣੀ ਪੱਗ ਉਤਾਰ ਕੇ ਰੱਖ ਦਿੱਤੀ ਕਿ ਇਹ ਤਾਂ ਕੌਮ ਦੀ ਇਜ਼ਤ ਦਾ ਸਵਾਲ ਹੈ। ਇਸ ਨਾਲ ਜੋਸ਼ ਦੀ ਇਕ ਲਹਿਰ ਉਭਰ ਆਈ ਅਤੇ ਸਭ ਜਣੇ ਉਸ ਪੁੱਠੀ ਪਈ ਪੱਗ ਵਿਚ ਪੈਸੇ ਪਾਉਣ ਵਾਸਤੇ ਲਾਈਨ ਬਣਾ ਕੇ ਖਲੋ ਗਏ ਅਤੇ ਮੌਕੇ ਉੱਤੇ ਹੀ ਪੰਜ ਹਜ਼ਾਰ ਡਾਲਰ ਜਮ੍ਹਾ ਹੋ ਗਏ। ਛੇ ਹਜ਼ਾਰ ਡਾਲਰ ਪੁਚਾਉਣ ਦਾ ਵਚਨ ਦਿੱਤਾ ਗਿਆ। 'ਸ਼ੋਰ ਕਮੇਟੀ' ਨੂੰ ਪਟੇ ਦੀ ਰਕਮ ਤਾਰਨ ਵਾਸਤੇ 22000 ਡਾਲਰ ਦੀ ਲੋੜ ਸੀ, ਜੋ ਰੀਡ ਤੇ ਹਾਪਕਿਨਸਨ ਦੇ ਅਨੁਮਾਨ ਅਨੁਸਾਰ ਇਕੱਠੀ ਕੀਤੀ ਜਾਣੀ ਮੁਸ਼ਕਲ ਸੀ। ਪਰ ਅਮਰੀਕਾ ਤੇ ਕੈਨੇਡਾ ਵਿਚ ਤੁਰਤ ਕੀਤੀ ਗਈ ਉਗਰਾਹੀ ਨਾਲ ਇਹ ਰਕਮ ਜੁਟਾ ਲਈ ਗਈ ਅਤੇ ਸਮੇਂ ਸਿਰ ਅਦਾ ਵੀ ਕਰ ਦਿੱਤੀ ਗਈ। 'ਸ਼ੋਰ ਕਮੇਟੀ' ਵੱਲੋਂ ਰਕਮ ਤਾਰੇ ਜਾਣ ਨਾਲ ਜਹਾਜ਼ ਦਾ ਪਟਾ ਹਸਨ ਰਹੀਮ ਅਤੇ ਭਾਈ ਭਾਗ ਸਿੰਘ ਦੇ ਨਾਂ ਹੋ ਗਿਆ। ਪਟੇ ਦੀ ਰਕਮ ਤਾਰਨ 'ਤੇ ਹੁਣ 'ਸ਼ੋਰ ਕਮੇਟੀ' ਨੇ ਵੀ ਮੰਗ ਕੀਤੀ ਕਿ ਜਹਾਜ਼ ਵਿਚਲਾ ਕੋਲਾ ਵੇਚਣ ਦੀ ਉਹਨਾਂ ਨੂੰ ਆਗਿਆ ਦਿੱਤੀ ਜਾਵੇ, ਪਰ ਸਰਕਾਰ ਇਹ ਵੀ ਨਾ ਮੰਨੀ।

ਜਹਾਜ਼ ਦੇ ਵੈਨਕੂਵਰ ਪੁੱਜਣ ਤੋਂ ਪੰਜ ਦਿਨ ਮਗਰੋਂ 28 ਮਈ 1914 ਨੂੰ ਫੈਡਰਲ ਸਰਕਾਰ ਦੀ ਇੰਟੀਰੀਅਰ ਮਨਿਸਟਰੀ ਦੇ ਕਾਨੂੰਨੀ ਸਲਾਹਕਾਰ ਮਿਸਟਰ ਰਿਚੀ ਨੇ ਵਕੀਲ ਬਰਡ ਨੂੰ ਇਹ ਪੇਸ਼ਕਸ਼ ਕੀਤੀ ਸੀ ਕਿ ਉਹ ਇਕ ਟੈੱਸਟ ਕੇਸ ਉਚੇਰੀ ਅਦਾਲਤ 'ਕੋਰਟ ਔਫ ਅਪੀਲ' ਵਿਚ ਲਿਜਾ ਸਕਦਾ ਹੈ। ਸਰਕਾਰ ਨੂੰ ਯਕੀਨ ਸੀ ਕਿ 'ਕੋਰਟ ਔਫ ਅਪੀਲ' ਦੇ ਪੰਜ ਮੈਂਬਰੀ ਬੈਂਚ ਵਿਚ ਬਹੁਸੰਮਤੀ ਦਾ ਫੈਸਲਾ ਅਵੱਸ਼ ਸਰਕਾਰ ਦੇ ਹੱਕ ਵਿਚ ਹੋਵੇਗਾ। 'ਸ਼ੋਰ ਕਮੇਟੀ' ਨੂੰ ਇਹ ਤਜਵੀਜ਼ ਪ੍ਰਵਾਨ ਨਹੀਂ ਸੀ, ਕਿਉਂਕਿ ਇਸ ਨਾਲ ਕਿਤੇ ਹੋਰ ਅਗਾਂਹ ਅਪੀਲ ਦਾ ਰਾਹ ਬੰਦ ਹੋ ਜਾਂਦਾ ਸੀ। ਕਮੇਟੀ ਚਾਹੁੰਦੀ ਸੀ ਕਿ ਜੇ ਟੈੱਸਟ ਕੇਸ ਵਜੋਂ ਮਾਮਲਾ ਲਿਜਾਣਾ ਹੀ ਹੈ ਤਾਂ ਹੇਠਲੀ ਅਦਾਲਤ ਵਿਚ ਲਿਜਾਇਆ ਜਾਵੇ, ਤਾਂ ਜੁ ਉਪਰ ਅਪੀਲ ਹੋ ਸਕੇ। ਇਸ ਦੇ ਉਲਟ ਸਰਕਾਰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਮਿਸਟਰ ਹੰਟਰ ਤੋਂ ਡਰਦੀ ਸੀ, ਭਾਵੇਂ ਕਿ ਪਾਨਾਮਾ ਮਾਰੂ ਜਹਾਜ਼ ਦੇ 39 ਹਿੰਦੀਆਂ ਬਾਰੇ ਫੈਸਲੇ ਤੋਂ ਮਗਰੋਂ ਨਵੇਂ ਜਾਰੀ ਕੀਤੇ ਆਰਡਰ ਅਨੁਸਾਰ ਇੰਮੀਗਰੇਸ਼ਨ ਦੇ ਫੈਸਲੇ ਵਿਰੁੱਧ ਅਦਾਲਤੀ ਦਖਲਅੰਦਾਜ਼ੀ ਦੀ ਮਨਾਹੀ ਤੋਂ ਅਗਾਂਹ ਮਜ਼ਦੂਰਾਂ ਦੀ ਆਮਦ ਨੂੰ ਰੋਕਣ ਲਈ ਹੋਰ ਵੀ ਪੇਸ਼ਬੰਦੀਆਂ ਦੇ ਅਰਡਰ ਜਾਰੀ ਹੋ ਚੁੱਕੇ ਸਨ। ਰੀਡ ਨੇ ਖੁੱਲ੍ਹੇ ਆਮ ਕਿਹਾ ਸੀ ਕਿ ਇੰਮੀਗਰੇਸ਼ਨ ਦੇ 'ਬੋਰਡ ਔਫ ਇਨਕੁਆਇਰੀ' ਦੇ ਫੈਸਲੇ ਵਿਰੁੱਧ ਉਹ ਅਦਾਲਤ ਦੇ ਕਿਸੇ ਫੈਸਲੇ ਨੂੰ ਸਵੀਕਾਰ ਨਹੀਂ ਕਰੇਗਾ। ਇੰਝ ਹੀ ਪਾਰਲੀਮੈਂਟ ਮੈਂਬਰ ਸਟੀਵਨਜ਼ ਦੀ ਅਗਵਾਈ ਵਿਚ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਵਿਰੁੱਧ ਜ਼ਬਰਦਸਤ ਮੁਹਿੰਮ ਚਲਾ ਕੇ ਸਰਕਾਰ ਉੱਤੇ ਦਬਾਅ ਵਧਾਇਆ ਜਾ ਰਿਹਾ ਸੀ। 12 ਜੂਨ 1914 ਨੂੰ ਪਾਰਲੀਮੈਂਟ ਦਾ ਸੈਸ਼ਨ ਖਤਮ



ਹੋਣ 'ਤੇ ਸਟੀਵਨਜ਼ ਵੈਨਕੂਵਰ ਆ ਗਿਆ ਤਾਂ ਉਸਦੇ ਆਉਣ 'ਤੇ ਕਾਮਾਗਾਟਾ ਮਾਰੂ ਦਾ ਵਿਰੋਧ ਕਰਨ ਵਾਲਿਆਂ ਨੇ 23 ਜੂਨ ਨੂੰ ਡਾਊਨਟਾਊਨ ਵਿਚ ਡੋਮੀਨੀਅਨ ਹਾਲ ਵੈਨਕੂਵਰ ਦੇ ਮੇਅਰ ਦੀ ਪ੍ਰਧਾਨਗੀ ਵਿਚ ਇਕ ਵੱਡੀ ਰੈਲੀ ਕੀਤੀ, ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ। ਇਸ ਰੈਲੀ ਵਿਚ ਸਟੀਵਨਜ਼ ਨੇ ਵਕੀਲ ਬਰਡ ਦੀਆਂ ਦਲੀਲਾਂ ਦਾ ਜਵਾਬ ਦੇ ਕੇ ਕੈਨੇਡਾ ਨੂੰ ਨਿਰੋਲ ਗੋਰਿਆਂ ਦਾ ਦੇਸ਼ ਬਣਾਈ ਰੱਖਣ ਦੀ ਆਪਣੀ ਪਹੁੰਚ ਦੀ ਵਕਾਲਤ ਤਾਂ ਕੀਤੀ ਹੀ, ਸਗੋਂ ਸੁਪਰੀਮ ਕੋਰਟ ਦੇ ਜੱਜਾਂ ਦੇ ਵਿਰੁੱਧ ਵੀ ਟਿੱਪਣੀਆਂ ਕੀਤੀਆਂ, ਜੋ ਉਸ ਅਨੁਸਾਰ ਇੰਮੀਗਰੇਸ਼ਨ ਦੇ ਕਾਨੂੰਨ ਅਤੇ ਲੋਕ ਰਾਇ ਦੇ ਵਿਰੁੱਧ ਭੁਗਤ ਰਹੇ ਸਨ। ਇਸ ਰੈਲੀ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਤੁਰੰਤ ਡਿਪੋਰਟ ਕਰਨ ਦੀ ਮੰਗ ਕੀਤੀ ਗਈ। ਜਦ ਪਹਿਲਾਂ ਗੁਰਦਿੱਤ ਸਿੰਘ ਨੂੰ ਅਤੇ ਫਿਰ 'ਸ਼ੋਰ ਕਮੇਟੀ' ਨੂੰ ਸਰਕਾਰ ਨੇ ਕੋਲਾ ਵੇਚਣ ਦੀ ਇਜਾਜ਼ਤ ਨਾ ਦਿੱਤੀ ਤਾਂ ਇਸ ਹਾਲਤ ਵਿਚ ਇਕ ਬੰਨੇ ਗੁਰਦਿੱਤ ਸਿੰਘ ਨੇ ਮੁਸਾਫਰਾਂ ਨੂੰ 'ਬੋਰਡ ਔਫ ਇਨਕੁਆਇਰੀ' ਅੱਗੇ ਪੇਸ਼ ਹੋਣ ਤੋਂ ਰੋਕ ਦਿੱਤਾ ਅਤੇ ਦੂਜੇ ਬੰਨੇ 'ਸ਼ੋਰ ਕਮੇਟੀ' ਨੇ ਜਹਾਜ਼ ਉੱਤੇ ਰਾਸ਼ਨ ਭੇਜਣ ਤੋਂ ਇਨਕਾਰ ਕਰ ਦਿੱਤਾ। 'ਸ਼ੋਰ ਕਮੇਟੀ' ਦਾ ਕਹਿਣਾ ਸੀ ਕਿ ਮੁਸਾਫਰਾਂ ਨੂੰ ਲੋੜੀਂਦਾ ਰਾਸ਼ਨ ਪੁੱਜਦਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਗੁਰਦਿੱਤ ਸਿੰਘ ਨੇ ਇਸ ਸੰਬੰਧ ਵਿਚ ਸ਼ਹਿਨਸ਼ਾਹ ਬਰਤਾਨੀਆ ਨੂੰ ਛੇ ਜੂਨ 1914 ਨੂੰ ਤਾਰ ਭੇਜੀ ਸੀ ਕਿ ਮੁਸਾਫਰਾਂ ਨੂੰ ਭੁੱਖ ਨਾਲ ਮਾਰਿਆ ਜਾ ਰਿਹਾ ਹੈ, ਜਿਸ ਦੇ ਜਵਾਬ ਵਿਚ ਫੈਡਰਲ ਸਰਕਾਰ ਨੇ 10 ਜੂਨ ਨੂੰ ਰਾਸ਼ਨ ਪੁਚਾਉਣਾ ਪ੍ਰਵਾਨ ਤਾਂ ਕੀਤਾ, ਪਰ ਅਸਲ ਵਿਚ ਭੇਜਣ ਵਿਚ ਬਹੁਤ ਦੇਰੀ ਕੀਤੀ। ਫੈਡਰਲ ਸਰਕਾਰ ਢਿੱਲ ਮੱਠ ਰਾਹੀਂ ਥਕਾਉਣ ਦੀ ਨੀਤੀ ਨਾਲ ਤਾਂ ਸਹਿਮਤ ਸੀ ਪਰ ਇਸ ਦੋਸ਼ ਦੀ ਭਾਗੀ ਨਹੀਂ ਸੀ ਬਣਨਾ ਚਾਹੁੰਦੀ ਕਿ ਉਹ ਮੁਸਾਫਰਾਂ ਨੂੰ ਭੁੱਖੇ ਮਰਨ ਦੇ ਰਾਹ ਤੋਰ ਰਹੀ ਹੈ। ਇਸ ਲਈ ਉਸਨੇ ਸਥਾਨਕ ਅਧਿਕਾਰੀਆਂ ਨੂੰ ਜੁਗਤ ਨਾਲ ਚੱਲਣ ਦਾ ਮਸ਼ਵਰਾ ਦਿੱਤਾ। ਅਤੇ ਰੀਡ ਨੇ ਆਪਣੇ ਹੀ ਢੰਗ ਨਾਲ ਇਸ ਮਸ਼ਵਰੇ ਨੂੰ ਅਮਲ ਵਿਚ ਲਿਆਂਦਾ।

ਇਸ ਅਤਿਅੰਤ ਤਣਾਉ ਵਾਲੇ ਮਾਹੌਲ ਵਿਚ ਬਹੁਤ ਦਿਨ ਲੰਘ ਜਾਣ 'ਤੇ ਵਕੀਲ ਬਰਡ ਨੂੰ ਮੁਸਾਫਰਾਂ ਦੀ ਸੂਚੀ ਵਿਚੋਂ ਉਸ ਵੱਲੋਂ ਟਿੱਕੇ ਗਏ ਸਿਰਫ ਦੋ ਮੁਸਾਫਰਾਂ ਨੂੰ ਮਿਲਣ ਦੀ ਆਗਿਆ ਦਿੱਤੀ ਗਈ, ਜਿਹਨਾਂ ਵਿਚੋਂ ਕਿਸੇ ਇਕ ਦਾ ਕੇਸ ਉਹ ਟੈੱਸਟ ਕੇਸ ਵਜੋਂ ਅਦਾਲਤ ਵਿਚ ਲੈ ਜਾ ਸਕਦਾ ਸੀ। ਉਸਨੇ 26 ਵਰ੍ਹਿਆਂ ਦੇ ਮੁਨਸ਼ੀ ਸਿੰਘ ਨਾਂ ਦੇ ਕਿਸਾਨੀ ਪਰਿਵਾਰ ਨਾਲ ਸੰਬੰਧਤ ਇਕ ਮੁਸਾਫਰ ਨੂੰ ਚੁਣਿਆ। ਇੰਮੀਗਰੇਸ਼ਨ ਦੇ 'ਬੋਰਡ ਔਫ ਇਨਕੁਆਇਰੀ' ਨੇ ਉਸਦਾ ਕੇਸ ਰੱਦ ਕਰ ਦਿੱਤਾ। ਬ੍ਰਿਟਿਸ਼ ਕੋਲੰਬੀਆ ਦੀ ਸਪਰੀਮ ਕੋਰਟ ਵਿਚ ਹੈਬੀਅਸ ਕਾਰਪਸ ਪਟੀਸ਼ਨ ਪਾਉਣ 'ਤੇ ਵੀ ਰਾਹਤ ਨਾ ਮਿਲੀ ਤਾਂ ਕੇਸ 'ਕੋਰਟ ਔਫ ਅਪੀਲ' ਕੋਲ ਚਲਿਆ ਗਿਆ। ਵਿਕਟੋਰੀਆ ਵਿਚ ਪੰਜ ਦਿਨ ਤਕ ਕੇਸ ਦੀ ਸੁਣਵਾਈ ਹੁੰਦੀ ਰਹੀ। ਵਕੀਲ ਬਰਡ ਨੇ 'ਬਰਤਾਨਵੀ ਪਰਜਾ' ਅਤੇ 'ਨਸਲੀ ਬਰਾਬਰੀ' ਵਰਗੀਆਂ ਦਲੀਲਾਂ ਪੇਸ਼ ਕੀਤੀਆਂ, ਪਰ ਸਭ ਬੇਅਰਥ। 'ਕੋਰਟ ਔਫ ਅਪੀਲ' ਨੇ ਛੇ ਜੁਲਾਈ 1914 ਨੂੰ ਕੇਸ ਨਾਮਨਜ਼ੂਰ ਕਰਦਿਆਂ ਆਪਣਾ ਫੈਸਲਾ ਸੁਣਾ ਦਿੱਤਾ ਕਿ ਮੁਨਸ਼ੀ ਸਿੰਘ ਨੂੰ ਕੈਨੇਡਾ ਵਿਚ ਉਤਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਦੋਂ ਵਿਕਟੋਰੀਆ ਦੀ ਉਚਤਮ ਅਦਾਲਤ ਵਿਚ ਇਹ ਕੇਸ ਚੱਲ ਰਿਹਾ ਸੀ ਅਤੇ 'ਸ਼ੋਰ ਕਮੇਟੀ' ਇਸ ਪਾਸੇ ਰੁੱਝੀ ਹੋਈ ਸੀ, ਉਦੋਂ ਮੈਲਕਮ ਰੀਡ ਦੀ ਅਗਵਾਈ ਵਿਚ ਇੰਮੀਗਰੇਸ਼ਨ ਅਧਿਕਾਰੀ ਜਹਾਜ਼ ਉੱਤੇ ਮੁਸਾਫਰਾਂ ਨੂੰ ਭੁੱਖ ਪਿਆਸ ਨਾਲ ਘੁਲਣ ਲਈ ਮਜਬੂਰ ਕਰ ਰਹੇ ਸਨ। ਦੋ ਦਿਨ ਤਕ ਜਹਾਜ਼ ਉੱਤੇ ਪਾਣੀ ਦੀ ਸਪਲਾਈ ਨਹੀਂ ਸੀ ਕੀਤੀ ਗਈ। ਮੁਸਾਫਰਾਂ ਵੱਲੋਂ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ ਕਿ ਉਹਨਾਂ ਵਿਚੋਂ ਬਹੁਤ ਸਾਰਿਆਂ ਦਾ

ਪਿਆਸ ਨਾਲ ਬੁਰਾ ਹਾਲ ਹੈ, ਪਰ ਰੀਡ ਦ੍ਰਿੜਤਾ ਨਾਲ ਥਕਾਉਣ ਦੀ ਨੀਤੀ ਉੱਤੇ ਚੱਲ ਰਿਹਾ ਸੀ। ਪਹਿਲਾਂ ਹੀ ਬੁਰੀ ਤਰ੍ਹਾਂ ਨਿਰਾਸ ਹੋਏ ਮੁਸਾਫਰ 'ਕੋਰਟ ਔਫ ਅਪੀਲ' ਦਾ ਫੈਸਲਾ ਸੁਣਨ 'ਤੇ ਬੁਰੀ ਤਰ੍ਹਾਂ ਭੜਕ ਉੱਠੇ ਅਤੇ ਮਰਨ ਮਾਰਨ 'ਤੇ ਆ ਗਏ।

ਕੋਰਟ ਔਫ ਅਪੀਲ ਦਾ ਫੈਸਲਾ ਆ ਜਾਣ ਪਿੱਛੋਂ ਇਕ ਤਰ੍ਹਾਂ ਨਾਲ ਸਾਰੀ ਖੇਡ ਖਤਮ ਹੋ ਗਈ ਸੀ। ਇਹ ਫੈਸਲਾ ਆਉਣ ਤੋਂ ਪਿੱਛੋਂ ਪਹਿਲੀ ਵਾਰ ਵਕੀਲ ਬਰਡ ਨੂੰ ਗੁਰਦਿੱਤ ਸਿੰਘ ਨਾਲ ਮਿਲਣ ਦਿੱਤਾ ਗਿਆ। ਗੁਰਦਿੱਤ ਸਿੰਘ ਅਤੇ 'ਸ਼ੋਰ ਕਮੇਟੀ' ਸਾਹਮਣੇ ਇਹ ਹਕੀਕਤ ਸਪਸ਼ਟ ਸੀ ਕਿ ਉਹ ਹਾਰ ਚੁੱਕੇ ਹਨ। ਪਰ ਮੁਸਾਫਰਾਂ ਲਈ ਇਸ ਤਰ੍ਹਾਂ ਮੁੜਨਾ ਅਸਹਿ ਸੀ, ਇਸ ਲਈ ਉਹ ਜਹਾਜ਼ ਦੇ ਮੋੜੇ ਜਾਣ ਨੂੰ ਰੋਕਣ ਲਈ ਹਿੰਸਕ ਹੋਏ ਬੈਠੇ ਸਨ। ਗੁਰਦਿੱਤ ਸਿੰਘ ਜਹਾਜ਼ ਵਿਚਲਾ ਕੋਲਾ ਵੇਚ ਕੇ, ਇਸ ਉੱਤੇ ਕੈਨੇਡਾ ਤੋਂ ਲਕੱੜੀ ਲੱਦ ਕੇ, ਮੁਸਾਫਰਾਂ ਨੂੰ ਉਤਾਰ ਕੇ ਕਿਸੇ ਹੋਰ ਜਹਾਜ਼ ਰਾਹੀਂ ਵਾਪਸ ਜਾਣ ਅਤੇ ਵਾਪਸੀ ਉੱਤੇ ਜਹਾਜ਼ ਜਾਂ ਮੁਸਾਫਰਾਂ 'ਤੇ ਹੋਏ ਖਰਚ ਦੀ ਅਦਾਇਗੀ ਲਈ ਤਿਆਰ ਸੀ, ਪਰ ਕੈਨੇਡਾ ਸਰਕਾਰ ਨੇ ਉਸ ਦੀ ਤਜਵੀਜ਼ ਨਾ ਮੰਨੀ। ਜਹਾਜ਼ ਦਾ ਵਾਪਸ ਮੁੜਨਾ ਤਾਂ ਨਿਸਚਤ ਹੀ ਸੀ ਪਰ 'ਸ਼ੋਰ ਕਮੇਟੀ' ਦੀ ਦਲੀਲ ਸੀ ਕਿ ਜਹਾਜ਼ ਦਾ ਨਵਾਂ ਪਟਾ ਹਸਨ ਰਹੀਮ ਤੇ ਭਾਈ ਭਾਗ ਸਿੰਘ ਦੇ ਨਾਂ ਹੈ। ਪਹਿਲਾਂ ਤਾਂ ਜਹਾਜ਼ ਦੇ ਤੁਰਨ ਲਈ ਨਵੇਂ ਪਟੇਦਾਰਾਂ ਦੀ ਆਗਿਆ ਜ਼ਰੂਰੀ ਹੈ, ਦੂਸਰੇ 'ਸ਼ੋਰ ਕਮੇਟੀ' ਵੱਲੋਂ ਕੀਤੇ ਖਰਚ ਦੇ ਨਿਪਟਾਰੇ ਤੋਂ ਬਿਨਾਂ ਜਹਾਜ਼ ਨਹੀਂ ਤੁਰ ਸਕਦਾ। ਜੇ ਸਰਕਾਰ ਮੁਸਾਫਰਾਂ ਨੂੰ ਵਾਪਸ ਭੇਜਣ ਲਈ ਬਜ਼ਿੱਦ ਹੈ ਤਾਂ ਉਹ ਉਹਨਾਂ ਨੂੰ ਕਿਸੇ ਹੋਰ ਜਹਾਜ਼ ਉੱਤੇ ਚੜ੍ਹਾਵੇ। ਜੇ ਮੁਸਾਫਰ ਕਾਮਾਗਾਟਾ ਮਾਰੂ ਵਿਚ ਹੀ ਜਾਣੇ ਹਨ ਤਾਂ ਉਹਨਾਂ ਦੇ ਵਾਪਸੀ ਦੇ ਕਿਰਾਏ ਦੀ ਰਕਮ 'ਸ਼ੋਰ ਕਮੇਟੀ' ਨੂੰ ਅਦਾ ਕੀਤੀ ਜਾਵੇ। ਸਵਾਲ ਇਹ ਵੀ ਸੀ ਕਿ ਵਾਪਸੀ ਦੌਰਾਨ ਮੁਸਾਫਰਾਂ ਲਈ ਖਾਣ ਪੀਣ ਦਾ ਕੀ ਪ੍ਰਬੰਧ ਹੋਵੇਗਾ। ਕਿੰਨੇ ਚਿਰ ਤਕ ਰੇੜਕਾ ਪਿਆ ਰਿਹਾ ਅਤੇ 'ਕੋਰਟ ਔਫ ਅਪੀਲ' ਦੇ ਫੈਸਲੇ ਦੇ ਦਸ ਦਿਨ ਪਿੱਛੋਂ ਤਕ ਵੀ ਜਹਾਜ਼ ਤਟ ਉੱਤੇ ਖੜ੍ਹਾ ਸੀ। ਫੈਡਰਲ ਸਰਕਾਰ ਚਾਹੁੰਦੀ ਸੀ ਕਿ ਜਹਾਜ਼ ਛੇਤੀ ਤੋਂ ਛੇਤੀ ਕੈਨੇਡਾ ਦੇ ਤਟ ਤੋਂ ਦੂਰ ਹੋਵੇ। ਇਹ ਜਾਣਦਿਆਂ ਹੋਇਆਂ ਕਿ ਜਹਾਜ਼ ਵਿਚ ਵਧੇਰੇ ਕਰਕੇ ਸਾਬਕਾ ਫੌਜੀ ਸਿੱਖ ਹਨ, ਇਸ ਲਈ ਹਿੰਦ ਸਰਕਾਰ ਵੀ ਇਸ ਸਾਰੇ ਹੋਏ ਵਰਤੇ ਦੇ ਦੇਸ਼ ਵਿਚ ਸੰਭਾਵੀ ਪ੍ਰਤੀਕਰਮ ਬਾਰੇ ਚਿੰਤਤ ਸੀ। ਮਾਮਲੇ ਦੀ ਗੰਭੀਰਤਾ ਦੇ ਸਨਮੁਖ ਓਟਾਵਾ, ਲੰਡਨ ਅਤੇ ਦਿੱਲੀ ਵਿਚਕਾਰ ਲਗਾਤਾਰ ਤਾਰਾਂ ਖੜਕ ਰਹੀਆਂ ਸਨ। ਕਿਉਂਕਿ ਮਾਮਲਾ ਜ਼ਿਆਦਾ ਹੀ ਭਖ ਰਿਹਾ ਸੀ ਅਤੇ ਲੋਕਾਂ ਵਿਚ ਦੁਪਾਸੀ ਤਣਾਅ ਵਧ ਰਿਹਾ ਸੀ, ਇਸ ਲਈ ਸਰਕਾਰ ਅਤੇ 'ਸ਼ੋਰ ਕਮੇਟੀ' ਦੋਹਾਂ ਨੇ ਹੀ ਆਪਣੀ ਪੁਜ਼ੀਸ਼ਨ ਵਿਚ ਨਰਮੀ ਲੈ ਆਂਦੀ। ਸਰਕਾਰ ਨੇ ਛੇ ਹਜ਼ਾਰ ਡਾਲਰ ਦੀ ਰਕਮ ਨਾਲ ਰਾਸ਼ਨ ਦੇਣਾ ਮੰਨ ਲਿਆ ਅਤੇ 'ਸ਼ੋਰ ਕਮੇਟੀ' ਨੇ ਵੀ ਨਿਰਾਸਤਾ ਦੇ ਆਲਮ ਵਿਚ ਆਪਣਾ ਅਗਾਂਹ ਦਾ ਕਦਮ ਰੋਕ ਲਿਆ।

17 ਜੁਲਾਈ 1914 ਨੂੰ ਜਹਾਜ਼ ਦਾ ਮੁੜਨਾ ਤੈਅ ਹੋ ਗਿਆ। ਪਰ ਮੁਸਾਫਰ, ਜਿਹਨਾਂ ਨੇ ਏਥੇ ਆਉਣ ਲਈ ਬਹੁਤ ਕੁਝ ਦਾਅ ਉੱਤੇ ਲਾਇਆ ਹੋਇਆ ਸੀ, ਜਹਾਜ਼ ਦੇ ਜਾਪਾਨੀ ਕਪਤਾਨ ਤੋਂ ਕੰਟਰੋਲ ਖੋਹ ਕੇ ਮਰਨ ਮਾਰਨ ਲਈ ਤਿਆਰ ਹੋ ਗਏ। ਉਹਨਾਂ ਨੇ ਗੁਦਿੱਤ ਸਿੰਘ ਨੂੰ ਵੀ ਇਕ ਕੈਬਿਨ ਵਿਚ ਡੱਕ ਦਿੱਤਾ। ਰੀਡ ਨੇ ਪੁਲੀਸ ਦਾ ਦਸਤਾ ਮੰਗਵਾ ਲਿਆ ਅਤੇ ਜਹਾਜ਼ ਨੂੰ ਬੰਦਰਗਾਹ ਤੋਂ ਬਾਹਰ ਖਿੱਚਣ ਲਈ *Sea Lion* 'ਸੀਅ ਲੌਇਨ' ਨਾਂ ਦਾ ਛੋਟਾ ਜਹਾਜ਼ ਕਾਮਾਗਾਟਾ ਮਾਰੂ ਦੇ ਨੇੜੇ ਲੈ ਆਂਦਾ। ਰੋਹ ਵਿਚ ਆਏ ਮੁਸਾਫਰਾਂ ਨੇ ਜਹਾਜ਼ ਦੇ ਡੈੱਕ ਉਪਰੋਂ ਪੁਲਸ ਉੱਤੇ ਇੱਟਾਂ ਤੇ ਕੋਲੇ ਦੇ ਢੇਲਿਆਂ ਦੀ ਵਰਖਾ ਕਰ ਦਿੱਤੀ, ਜਿਸ ਨਾਲ ਛੇ ਪੁਲਸੀਏ ਜ਼ਖਮੀ ਹੋ ਗਏ। 'ਸੀਅ ਲੌਇਨ' ਦੇ ਟੱਗ ਦਾ ਰੱਸਾ ਵੀ ਕੱਟ ਦਿੱਤਾ ਅਤੇ ਉਸਦਾ ਅਮਲਾ ਵੀ ਕੁਝ ਨਾ ਕਰ ਸਕਿਆ। ਪੁਲਸ ਨੇ ਮੁਸਾਫਰਾਂ ਉੱਤੇ ਗਰਮ ਭਾਫ



ਦੀ ਜ਼ੋਰਦਾਰ ਧਾਰ ਨਾਲ ਹਮਲਾ ਕਰਨ ਅਤੇ ਜਹਾਜ਼ ਉੱਤੇ ਚੜ੍ਹਨ ਦੀ ਕੋਸ਼ਿਸ਼ ਕੀਤੀ। ਪਰ ਜਹਾਜ਼ ਦੇ ਉੱਚਾ ਹੋਣ ਅਤੇ ਪੁਲਸ ਦੇ ਨੀਵੀਂ ਥਾਂ ਉੱਤੇ ਹੋਣ ਕਾਰਨ ਪੁਲਸ ਮੁਸਾਫਰਾਂ ਦਾ ਟਾਕਰਾ ਨਾ ਕਰ ਸਕੀ। ਸਥਾਨਕ ਅਖਬਾਰ 'ਵੈਨਕੂਵਰ ਸੰਨ' ਨੇ ਇਹ ਖਬਰ ਵੱਡੀ ਸੁਰਖੀ ਨਾਲ ਛਾਪੀ ਅਤੇ 'ਨਿਊਯਾਰਕ ਟਾਈਮਜ਼' ਦੇ ਪੱਤਰ ਪ੍ਰੇਕਰ ਨੇ ਇਹ ਵੀ ਲਿਖਿਆ ਕਿ ਇੰਮੀਗਰੇਸ਼ਨ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਮੁਸਾਫਰਾਂ ਵੱਲੋਂ ਜਹਾਜ਼ ਉੱਤੋਂ ਗੋਲ਼ੀਆਂ ਵੀ ਚਲਾਈਆਂ ਗਈਆਂ ਸਨ। ਇੰਝ ਜਹਾਜ਼ 17 ਜੁਲਾਈ 1914 ਨੂੰ ਚੱਲ ਨਾ ਸਕਿਆ ਅਤੇ ਅਗਲੇ ਤਿੰਨ ਦਿਨ ਵੀ ਤਟ ਵਿਚ ਹੀ ਖੜ੍ਹਾ ਰਿਹਾ, ਕਿਉਂਕਿ ਰੇੜਕਾ ਬਦਸਤੂਰ ਜਾਰੀ ਸੀ। ਮੁਸਾਫਰ ਆਖ ਰਹੇ ਸਨ ਕਿ ਜਹਾਜ਼ ਦੇ ਨਵੇਂ ਪਟੇਦਾਰਾਂ ਅਤੇ 'ਸ਼ੋਰ ਕਮੇਟੀ' ਦੇ ਆਗੂਆਂ ਹਸਨ ਰਹੀਮ ਤੇ ਭਾਈ ਭਾਗਸਿੰਘ ਨਾਲ ਮੁਲਾਕਾਤ ਤੋਂ ਬਿਨਾਂ ਅਤੇ ਉਹਨਾਂ ਦੇ ਲਿਖਤੀ ਹੁਕਮ ਤੋਂ ਬਿਨਾਂ ਉਹ ਜਹਾਜ਼ ਨੂੰ ਤੁਰਨ ਨਹੀਂ ਦੇਣਗੇ।

ਉਧਰ ਸਰਹੱਦ ਲੰਘ ਕੇ ਹਥਿਆਰ ਲਿਆਉਣ ਦੀ ਕੋਸ਼ਿਸ਼ ਵਿਚ ਭਾਈ ਭਾਗ ਸਿੰਘ ਅਤੇ ਬਲਵੰਤ ਸਿੰਘ ਅਮਰੀਕਾ ਵਿਚ ਫੜ ਲਏ ਗਏ ਸਨ। ਹਾਪਕਿਨਸਨ ਨੇ ਅਮਰੀਕਨ ਅਧਿਕਾਰੀਆਂ ਤਕ ਪਹੁੰਚ ਕਰ ਕੇ ਇਹ ਯਕੀਨੀ ਬਣਾਇਆ ਕਿ ਉਹ ਜਹਾਜ਼ ਦੇ ਮਾਮਲੇ ਦੇ ਨਿਪਟਾਰੇ ਤਕ ਵਾਪਸ ਨਾ ਆ ਸਕਣ। ਜਦੋਂ ਮੁਸਾਫਰਾਂ ਨੇ ਭਾਈ ਭਾਗ ਸਿੰਘ ਅਤੇ ਹਸਨ ਰਹੀਮ ਨਾਲ ਮਿਲਣ ਦੀ ਮੰਗ ਕੀਤੀ ਤਾਂ ਸਰਕਾਰ ਦਾ ਜਵਾਬ ਸੀ ਕਿ ਭਾਈ ਭਾਗ ਸਿੰਘ ਤਾਂ ਲੱਭ ਹੀ ਨਹੀਂ ਰਿਹਾ, ਹਸਨ ਰਹੀਮ ਨੂੰ ਜ਼ਰੂਰ ਮਿਲਾਇਆ ਜਾ ਸਕਦਾ ਹੈ। ਇਉਂ ਸਰਕਾਰ ਵੱਲੋਂ ਹਸਨ ਰਹੀਮ ਨੂੰ ਜਹਾਜ਼ ਉੱਤੇ ਜਾ ਕੇ ਮੁਸਾਫਰਾਂ ਨਾਲ ਗੱਲਬਾਤ ਕਰਨ ਦੀ ਆਗਿਆ ਦਿੱਤੀ ਗਈ। ਹਸਨ ਰਹੀਮ ਦੇ ਇਹ ਦੱਸਣ ਉੱਤੇ ਕਿ ਉਹ ਹਾਰ ਚੁੱਕੇ ਹਨ ਅਤੇ ਹੁਣ ਉਹਨਾਂ ਨੂੰ ਕੈਨੇਡਾ ਵਿਚ ਉਤਾਰ ਸਕਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਰਿਹਾ, ਤਾਂ ਮੁਸਾਫਰਾਂ ਲਈ ਮਜਬੂਰੀ ਦੀ ਹਾਲਤ ਵਿਚ ਆਪਣੀ ਹੋਣੀ ਨੂੰ ਮੰਨ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਸ ਸਥਿਤੀ ਵਿਚ ਜਹਾਜ਼ ਦੇ ਮੁੜਨ ਤੋਂ ਪਹਿਲਾਂ 20 ਜੁਲਾਈ 1914 ਨੂੰ ਦਸ ਦਸ ਪੰਦਰਾਂ ਪੰਦਰਾਂ ਦੀਆਂ ਟੋਲੀਆਂ ਵਿਚ ਕੰਢੇ ਉਤਲੇ ਹਿੰਦੀਆਂ ਦਾ ਜਹਾਜ਼ ਉੱਤੇ ਆ ਕੇ ਆਪਣੇ ਮਿੱਤਰ ਤੇ ਸੰਬੰਧੀ ਮੁਸਾਫਰਾਂ ਨਾਲ ਮਿਲਣ ਦਾ ਤਾਂਤਾ ਬੱਝਿਆ ਰਿਹਾ। 'ਸ਼ੋਰ ਕਮੇਟੀ' ਦੇ ਮੈਂਬਰ ਵੀ ਸਾਰਾ ਦਿਨ ਤੇ ਸਾਰੀ ਰਾਤ ਜਹਾਜ਼ ਉੱਤੇ ਹੀ ਰਹੇ। ਸਰਕਾਰ ਹਾਲੇ ਵੀ ਡਰ ਰਹੀ ਸੀ ਕਿ ਜਹਾਜ਼ ਦੇ ਤੁਰਨ ਸਮੇਂ ਜਹਾਜ਼ ਉੱਤੇ ਵੀ ਅਤੇ ਕੰਢੇ ਉੱਤੇ ਵੀ ਹਿੰਸਾ ਭੜਕ ਸਕਦੀ ਹੈ, ਕਿਉਂਕਿ ਕਈ ਦਿਨਾਂ ਤੋਂ ਗੋਰਿਆਂ ਤੇ ਹਿੰਦੀਆਂ ਦੀ ਕੰਢੇ ਉੱਤੇ ਸਾਰਾ ਨਜ਼ਾਰਾ ਦੇਖਣ ਲਈ ਭੀੜ ਜੁੜੀ ਰਹਿੰਦੀ ਸੀ। ਇਸ ਲਈ 21 ਜੁਲਾਈ 1914 ਨੂੰ Rainbow 'ਰੇਨਬੋਅ' ਨਾਂ ਦਾ ਜਲ ਸੈਨਾ ਦਾ ਇਕ ਜਹਾਜ਼ ਲਿਆਂਦਾ ਗਿਆ, ਜਿਸਦੇ ਪਹਿਰੇ ਅਧੀਨ ਕਾਮਾਗਾਟਾ ਮਾਰੂ ਨੂੰ ਕੈਨੇਡਾ ਦੇ ਪਾਣੀਆਂ ਤੋਂ ਬਾਹਰ ਲਿਜਾਇਆ ਜਾਣਾ ਸੀ। ਜੰਗ ਤੋਂ ਬਿਨਾਂ ਸਮੁੰਦਰੀ ਤਟ ਉੱਤੇ ਇਸ ਤਰ੍ਹਾਂ ਜਲ ਸੈਨਾ ਦੇ ਜਹਾਜ਼ ਦਾ ਲਿਆਂਦਾ ਜਾਣਾ ਆਪਣੇ ਆਪ ਵਿਚ ਬਹੁਤ ਅਸਾਧਾਰਨ ਤੇ ਅਨੋਖੀ ਘਟਨਾ ਸੀ, ਜਿਸਨੂੰ ਹਸਨ ਰਹੀਮ ਨੇ ਇਕ ਵੱਡੇ ਮਜ਼ਾਕ ਦਾ ਨਾਂ ਦਿੱਤਾ। ਦੁਪਾਸੀ ਵਿਰੋਧੀ ਭਾਵ ਰੱਖਣ ਵਾਲੇ ਲੋਕ ਤਟ ਉੱਤੇ ਹਜ਼ਾਰਾਂ ਦੀ ਗਿਣਤੀ ਵਿਚ ਜੁੜੇ ਹੋਏ ਸਨ, ਜਦੋਂ ਅਖੀਰ 23 ਜੁਲਾਈ 1914 ਨੂੰ ਸਵੇਰੇ ਸਵਾ ਪੰਜ ਵਜੇ ਤਿੰਨ ਮਹੀਨੇ ਦੇ ਲੰਮੇ ਨਾਟਕੀ ਘਟਨਾਕ੍ਰਮ ਮਗਰੋਂ ਕਾਮਾਗਾਟਾ ਮਾਰੂ ਵੈਨਕੂਵਰ ਤੋਂ ਵਾਪਸੀ ਦੇ ਸਫਰ ਲਈ ਰਵਾਨਾ ਹੋਇਆ। ਕਾਮਾਗਾਟਾ ਮਾਰੂ ਜਹਾਜ਼ ਦੀ ਵਾਪਸੀ ਦੇ ਸਫਰ ਦਾ ਇਹ ਆਰੰਭ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਵੀ ਨਵੇਂ ਕਾਂਡ ਨੂੰ ਸ਼ੁਰੂ ਕਰਨ ਜਾ ਰਿਹਾ ਸੀ।

ਹਾਪਕਿਨਸਨ ਦੀਆਂ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਇੰਮੀਗਰੇਸ਼ਨ ਅਧਿਕਾਰੀ ਮੈਲਕਮ ਰੀਡ ਅਤੇ ਕੈਨੇਡਾ ਸਰਕਾਰ ਇਸ ਵਿਚਾਰ ਦੇ ਧਾਰਨੀ ਰਹੇ ਸਨ ਕਿ ਕਾਮਾਗਾਟਾ ਮਾਰੂ ਦੇ ਸਾਰੇ ਮਾਮਲੇ ਨੂੰ ਤੂਲ ਦੇਣ ਪਿੱਛੇ ਗ਼ਦਰ ਪਾਰਟੀ ਦਾ ਹੱਥ ਹੈ। ਪੰਜਾਬ

ਦੇ ਗਵਰਨਰ ਮਾਈਕਲ ਓਡਵਾਇਰ ਨੇ ਵੀ ਭਾਈ ਬਲਵੰਤ ਸਿੰਘ ਦੀ ਹਿੰਦੁਸਤਾਨ ਫੇਰੀ ਨੂੰ ਗ਼ਦਰ ਪਾਰਟੀ ਦੇ ਅਗਵਾਨੂੰ ਦਸਤੇ ਦੀ ਕੋਈ ਯੋਜਨਾ ਵਜੋਂ ਦੇਖਿਆ ਸੀ। ਭਾਈ ਬਲਵੰਤ ਸਿੰਘ ਕਾਮਾਗਾਟਾ ਮਾਰੂ ਦੇ ਹਾਂਗਕਾਂਗ ਤੋਂ ਚੱਲਣ, ਸਗੋਂ ਉਸ ਤੋਂ ਵੀ ਪਹਿਲਾਂ, ਇਸ ਦੇ ਸਾਰੇ ਘਟਨਾਕ੍ਰਮ ਨਾਲ ਜੁੜਿਆ ਰਿਹਾ ਸੀ। ਜਹਾਜ਼ ਦੇ ਕੈਨੇਡਾ ਪਹੁੰਚਣ ਤੋਂ ਦੋ ਦਿਨ ਪਹਿਲਾਂ ਹੀ ਉਹ ਖ਼ੁਦ ਵਾਪਸ ਵੈਨਕੂਵਰ ਪਹੁੰਚਿਆ ਸੀ। ਗ਼ਦਰ ਪਾਰਟੀ ਦੇ ਦੋ ਅਹਿਮ ਕਾਰਕੁਨ ਹਰਨਾਮ ਸਿੰਘ ਗੁੱਜਰਵਾਲ ਅਤੇ ਹਰਨਾਮ ਸਿੰਘ ਕਹੂਟਾ ਹਾਂਗਕਾਂਗ ਤੋਂ ਜਹਾਜ਼ ਵਿਚ ਮੁਸਾਫਰਾਂ ਵਜੋਂ ਸਵਾਰ ਹੋਏ ਸਨ। ਯੋਕੋਹਾਮਾ ਵਿਚ ਬਰਕਤੁੱਲਾ ਅਤੇ ਭਗਵਾਨ ਸਿੰਘ ਨੇ ਜਹਾਜ਼ ਉੱਤੇ ਆ ਕੇ ਮੁਸਾਫਰਾਂ ਨੂੰ 'ਗ਼ਦਰ' ਅਖ਼ਬਾਰ ਪੁਚਾਇਆ ਸੀ ਅਤੇ ਗ਼ਦਰ ਦਾ ਪਰਚਾਰ ਕੀਤਾ ਸੀ। ਜਹਾਜ਼ ਦੇ ਵੈਨਕੂਵਰ ਦੇ ਪਾਣੀਆਂ ਵਿਚ ਖਲੋਤੇ ਹੋਣ ਦੌਰਾਨ ਗ਼ਦਰ ਪਾਰਟੀ ਨੇ ਦੇਸ਼ ਬਦੇਸ਼ ਵਿਚ ਇਸ ਦੇ ਮੁਸਾਫਰਾਂ ਦੇ ਹੱਕ ਵਿਚ ਪਰਚਾਰ ਲਾਮਬੰਦ ਕੀਤਾ ਸੀ ਅਤੇ 'ਗ਼ਦਰ' ਅਖ਼ਬਾਰ ਦਾ ਵਿਸ਼ੇਸ਼ ਕਾਮਾਗਾਟਾ ਮਾਰੂ ਅੰਕ ਪ੍ਰਕਾਸ਼ਤ ਕੀਤਾ ਗਿਆ ਸੀ। 'ਸ਼ੋਰ ਕਮੇਟੀ' ਵੱਲੋਂ ਰਾਸ਼ਨ ਦੇ ਬੋਰਿਆਂ ਵਿਚ ਲੁਕੋ ਕੇ 'ਗ਼ਦਰ' ਅਖ਼ਬਾਰ ਤੇ ਹੋਰ ਗ਼ਦਰ ਲਿਟਰੇਚਰ ਜਹਾਜ਼ ਉੱਤੇ ਪੁਚਾਇਆ ਜਾਂਦਾ ਰਿਹਾ ਸੀ। ਵਾਪਸੀ ਸਫਰ ਉੱਤੇ ਜਹਾਜ਼ ਦੇ ਨਿਰਾਸ ਮੁਸਾਫਰਾਂ ਨੂੰ ਉਹਨਾਂ ਦੀ ਹੋਣੀ ਲਈ ਬਰਤਾਨਵੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਗ਼ਦਰੀਆਂ ਦੀਆਂ ਸਫਾਂ ਵਿਚ ਸ਼ਾਮਲ ਹੋਣ ਵਾਸਤੇ ਪ੍ਰੇਰਣ ਲਈ ਰਾਹ ਵਿਚ ਹੀ ਮਿਲਣ ਦੇ ਉਦੇਸ਼ ਨਾਲ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਨੇ ਚੁੱਪ ਚੁਪੀਤੇ ਅਮਰੀਕਾ ਤੋਂ ਚਾਲੇ ਪਾ ਦਿੱਤੇ ਸਨ। ਇਸ ਲਈ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਅਤੇ ਗ਼ਦਰ ਪਾਰਟੀ ਦੇ ਸੰਬੰਧ ਨੂੰ ਜੋੜਨਾ ਕੋਈ ਬਹੁਤਾ ਨਿਰਾਧਾਰ ਨਹੀਂ ਸੀ।

ਏਸੇ ਸੰਬੰਧ ਦੀ ਇਕ ਕੜੀ ਸੀ ਜਹਾਜ਼ ਦੇ ਮੁਸਾਫਰਾਂ ਨੂੰ ਹਥਿਆਰ ਤੇ ਗੋਲ਼ੀ ਸਿੱਕਾ ਪੁਚਾਉਣ ਦੀ ਕੋਸ਼ਿਸ਼। ਇਸੇ ਲਈ ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ ਭਿਖੀਵਿੰਡ ਅਤੇ ਮੇਵਾ ਸਿੰਘ ਵੈਨਕੂਵਰ ਲਾਗੇ ਸੁਮਾਸ ਦੀ ਬਾਰਡਰ ਪੋਸਟ ਰਾਹੀਂ ਸਰਹੱਦ ਪਾਰ ਕਰ ਕੇ ਤਾਰਕਨਾਥ ਦਾਸ ਅਤੇ ਹਰਨਾਮ ਸਿੰਘ ਸਾਹਰੀ ਨੂੰ ਮਿਲਣ ਗਏ ਸਨ। ਉਹਨਾਂ ਨੇ ਉੱਥੋਂ ਜੋ ਗੋਲ਼ੀ ਸਿੱਕਾ ਤੇ ਪਸਤੌਲ ਖਰੀਦੇ ਸਨ, ਉਹ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਹੀ ਪੁਚਾਉਣੇ ਸਨ। ਪਰ ਬਲਵੰਤ ਸਿੰਘ ਅਤੇ ਭਾਗ ਸਿੰਘ ਜੇ ਅਮਰੀਕਾ ਵਾਲੇ ਪਾਸੇ ਫੜ ਲਏ ਗਏ ਸਨ ਤਾਂ ਮੇਵਾ ਸਿੰਘ ਸਰਹੱਦ ਪਾਰ ਕਰਨ 'ਤੇ ਇਸਦੇ ਕੈਨੇਡਾ ਵਾਲੇ ਪਾਸੇ ਪੁਲਸ ਦੇ ਕਾਬੂ ਆ ਗਿਆ ਸੀ। ਇਸ ਕੋਸ਼ਿਸ਼ ਦੇ ਅਗਾਂਹ ਕੀ ਕੀ ਸਿੱਟੇ ਨਿਕਲੇ, ਇਹ ਅਗਾਂਹ ਵੇਖਿਆ ਜਾ ਸਕੇਗਾ। ਹਾਲ ਦੀ ਘੜੀ ਕਾਮਾਗਾਟਾ ਮਾਰੂ ਦੇ ਵਾਪਸੀ ਸਫਰ ਵੱਲ ਮੁੜਦੇ ਹਾਂ।

23 ਜੁਲਾਈ 1914 ਨੂੰ ਵੈਨਕੂਵਰ ਤੋਂ ਚੱਲਕੇ ਜਹਾਜ਼ 16 ਅਗਸਤ ਨੂੰ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਵਿਚ ਪੁੱਜਾ। ਏਥੇ ਗ਼ਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਨੇ ਪਹਿਲਾਂ ਹੋਟਲ ਦੇ ਕਮਰੇ ਵਿਚ ਹਰਨਾਮ ਸਿੰਘ ਗੁੱਜਰਵਾਲ ਅਤੇ ਰਾਏ ਸਿੰਘ ਨਾਲ ਗੁਪਤ ਮੁਲਾਕਾਤ ਕੀਤੀ ਅਤੇ ਜਹਾਜ਼ ਵਿਚ 200 ਪਸਤੌਲ ਅਤੇ ਦੋ ਹਜ਼ਾਰ ਗੋਲੀਆਂ ਪੁਚਾਉਣ ਦਾ ਪ੍ਰਬੰਧ ਕੀਤਾ। ਮਗਰੋਂ ਖ਼ੁਦ ਆ ਕੇ ਜਹਾਜ਼ ਉੱਤੇ ਗ਼ਦਰ ਦਾ ਪਰਚਾਰ ਕੀਤਾ। ਯੋਕੋਹਾਮਾ ਵਿਚ ਹਾਂਗਕਾਂਗ ਸਰਕਾਰ ਦਾ ਹੁਕਮ ਮਿਲਿਆ ਕਿ ਆਪਣੇ ਵਾਪਸੀ ਸਫਰ 'ਤੇ ਜਹਾਜ਼ ਹਾਂਗਕਾਂਗ ਵਿਚ ਨਹੀਂ ਆ ਸਕਦਾ। ਮੁਸਾਫਰਾਂ ਲਈ ਇਹ ਹੁਕਮ ਹੋਰ ਵੀ ਦੁਖਦਾਈ ਸੀ ਕਿਉਂਕਿ ਉਹ ਖਾਲੀ ਹੱਥੀਂ ਦੇਸ਼ ਨਹੀਂ ਸਨ ਮੁੜਨਾ ਚਾਹੁੰਦੇ। ਜੇ ਦੇਸ਼ ਪਰਤਣਾ ਹੀ ਪੈਣਾ ਸੀ, ਤਦ ਵੀ ਉਹਨਾਂ ਦੀ ਇੱਛਾ ਸੀ ਕਿ ਉਹ ਸ਼ਿੰਘਾਈ, ਸਿੰਘਾਪੁਰ, ਹਾਂਗਕਾਂਗ ਵਿਚ ਰਹਿ ਕੇ ਥੋੜ੍ਹੀ ਬਹੁਤ ਕਮਾਈ ਕਰਨ ਪਿੱਛੋਂ ਹੀ ਪਰਤਣ। ਮਾਲਕਾਂ ਨੇ ਜਹਾਜ਼ ਕੋਬੀ ਮੰਗਵਾ ਲਿਆ ਜਿੱਥੇ ਉਹ 23 ਅਗਸਤ 1914 ਨੂੰ ਪੁੱਜਕੇ ਦੋ ਸਤੰਬਰ ਨੂੰ ਅਗਾਂਹ ਚੱਲਿਆ। ਕੋਬੀ ਵਿਚ ਮੁਸਾਫਰਾਂ ਨੇ ਹਿੰਦ ਸਰਕਾਰ ਦੇ



ਵਿਰੁੱਧ ਮੁਜਾਹਰਾ ਕੀਤਾ, ਜੋ ਉਹਨਾਂ ਨਾਲ ਹੋਰ ਧੱਕਾ ਕਰਦੀ ਹੋਈ ਸਿੱਧਾ ਹਿੰਦੁਸਤਾਨ ਜਾਣ ਲਈ ਮਜਬੂਰ ਕਰ ਰਹੀ ਸੀ। ਕੋਬੀ ਵਿਚ ਤਾਂ ਹਰਨਾਮ ਸਿੰਘ ਕਹੂਟਾ ਅਤੇ ਬੀਰ ਸਿੰਘ ਬੜਿੰਗ ਉਤਰ ਗਏ ਅਤੇ ਗ਼ਦਰ ਪਾਰਟੀ ਦਾ ਪਰਚਾਰ ਕਰਨ ਵਿਚ ਨਿਪੁੰਨ ਜਵਾਹਰ ਮੱਲ ਅਤੇ ਉਸ ਦਾ ਭਰਾ ਨਰਾਇਣ ਦਾਸ ਸਵਾਰ ਹੋ ਗਏ। ਪਰ ਅਗਾਂਹ 16 ਸਤੰਬਰ ਨੂੰ ਸਿੰਘਾਪੁਰ ਪਹੁੰਚਣ 'ਤੇ ਕਿਸੇ ਨੂੰ ਉਤਰਨ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਦੀ ਖ਼ਬਰ ਮਿਲਣ 'ਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਹੋ ਰਹੇ ਨਿਰੰਤਰ ਧੱਕੇ ਵਿਰੁੱਧ ਸ਼ਿੰਘਾਈ ਤੇ ਹਾਂਗਕਾਂਗ ਵਿਚ ਹਿੰਦੀਆਂ ਵਿਚ ਬਹੁਤ ਰੋਹ ਜਾਗਿਆ ਅਤੇ ਉਹਨਾਂ ਨੇ ਸਥਾਨਕ ਗੁਰਦੁਆਰਿਆਂ ਵਿਚ ਕੀਤੇ ਦੀਵਾਨਾਂ ਵਿਚ ਸਰਕਾਰ ਵਿਰੁੱਧ ਮਤੇ ਪਾਸ ਕੀਤੇ।

ਕਾਮਾਗਾਟਾ ਮਾਰੂ ਅਜੇ ਅੱਧ ਵਿਚਕਾਰ ਰਾਹ ਵਿਚ ਹੀ ਸੀ ਕਿ ਇਸ ਦੇ ਵੈਨਕੂਵਰ ਤੋਂ ਚੱਲਣ ਦੇ ਦਸ ਦਿਨ ਮਗਰੋਂ ਚਾਰ ਅਗਸਤ 1914 ਨੂੰ ਇੰਗਲੈਂਡ ਅਤੇ ਜਰਮਨੀ ਵਿਚਕਾਰ ਲੜਾਈ ਛਿੜ ਪਈ। ਇਹ ਲੜਾਈ ਛਿੜਨ ਦੀ ਸੰਭਾਵਨਾ ਕਾਫੀ ਦੇਰ ਤੋਂ ਬਣੀ ਹੋਈ ਸੀ, ਅਤੇ ਗ਼ਦਰ ਪਾਰਟੀ ਵੱਲੋਂ ਹਿੰਦੁਸਤਾਨ ਨੂੰ ਫਰੰਗੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਦੀਆਂ ਯੋਜਨਾਵਾਂ ਵਿਚ ਲੜਾਈ ਦੀ ਇਸ ਸੰਭਾਵਨਾ ਦਾ ਬਹੁਤ ਦਖਲ ਸੀ। ਲਾਲਾ ਹਰਦਿਆਲ ਦੀ ਅਗਵਾਈ ਵਿਚ ਗ਼ਦਰ ਪਾਰਟੀ ਦੇ ਆਗੂ ਇਹ ਸਮਝਦੇ ਰਹੇ ਸਨ ਕਿ ਅੰਗਰੇਜ਼ਾਂ ਦੇ ਜੰਗ ਵਿਚ ਫਸੇ ਹੋਣ ਦੀ ਸੂਰਤ ਵਿਚ ਉਹਨਾਂ ਲਈ ਗ਼ਦਰ ਮਚਾ ਕੇ ਬਦੇਸ਼ੀ ਸਰਕਾਰ ਦਾ ਤਖ਼ਤਾ ਉਲਟਾਉਣ ਦਾ ਇਹ ਬਹੁਤ ਵਧੀਆ ਮੌਕਾ ਹੋਵੇਗਾ। ਆਪਣੀਆਂ ਫੌਜਾਂ ਦੇ ਵਡੇਰੇ ਭਾਗ ਨੂੰ ਯੂਰਪ ਦੀ ਜੰਗ ਵਿਚ ਭੇਜਣ ਦੀ ਵਜਾਹ ਕਰ ਕੇ ਬਸਤੀਵਦੀ ਅੰਗਰੇਜ਼ੀ ਸਰਕਾਰ ਗ਼ਦਰੀਆਂ ਦਾ ਟਾਕਰਾ ਕਰਨ ਦੇ ਮਾਮਲੇ ਵਿਚ ਬਹੁਤ ਕਮਜ਼ੋਰ ਹੋਵੇਗੀ। ਇਸ ਸਮੇਂ ਹਿੰਦੀ ਫੌਜਾਂ ਨੂੰ ਬਗ਼ਾਵਤ ਕਰਨ ਦੇ ਰਾਹ ਵੀ ਤੋਰਿਆ ਜਾ ਸਕੇਗਾ। ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਹਿੰਦੀ ਫੌਜਾਂ ਵਿਚ ਬਗ਼ਾਵਤ ਕਰਾਉਣ ਦਾ ਗ਼ਦਰ ਪਾਰਟੀ ਦਾ ਯਤਨ ਜੰਗ ਸਮੇਂ ਜਰਮਨ ਨੂੰ ਰਾਸ ਆਵੇਗਾ ਅਤੇ ਬਦਲੇ ਵਿਚ ਦੁਸ਼ਮਣ ਦਾ ਦੁਸ਼ਮਣ ਹੋਣ ਦੇ ਨਾਤੇ ਜਰਮਨੀ ਪਾਸੋਂ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਗ਼ਦਰ ਪਾਰਟੀ ਨੂੰ ਸਹਾਇਤਾ ਮਿਲ ਸਕੇਗੀ। ਗ਼ਦਰ ਪਾਰਟੀ ਨੂੰ ਇਹ ਤਾਂ ਖ਼ਿਆਲ ਨਹੀਂ ਸੀ ਕਿ ਲੜਾਈ ਏਨੀ ਛੇਤੀ ਛਿੜ ਪਏਗੀ, ਪਰ ਉਸਦੀਆਂ ਵਿਉਂਤਾਂ ਤੋਂ ਇਹ ਕੋਈ ਬਾਹਰਲੀ ਗੱਲ ਵੀ ਨਹੀਂ ਸੀ। ਇੰਝ ਜਿਉਂ ਹੀ ਲੜਾਈ ਸ਼ੁਰੂ ਹੋਈ ਤਾਂ ਗ਼ਦਰ ਪਾਰਟੀ ਨੇ ਵੀ 'ਐਲਾਨ-ਏ-ਜੰਗ' ਜਾਰੀ ਕਰ ਦਿੱਤਾ, ਅਤੇ ਸਭ ਦੇਸ਼ਵਾਸੀਆਂ ਨੂੰ ਆਜ਼ਾਦੀ ਹਾਸਲ ਕਰਨ ਵਾਸਤੇ ਜੂਝਣ ਲਈ ਹਿੰਦ ਵੱਲ ਵਹੀਰਾਂ ਘੱਤਣ ਦਾ ਸੱਦਾ ਦੇ ਦਿੱਤਾ। ਵੈਨਕੂਵਰ ਤੋਂ ਹਾਪਕਿਨਸਨ ਨੇ 11 ਅਗਸਤ 1914 ਨੂੰ ਵਿਕਟੋਰੀਆ, ਵੈਨਕੂਵਰ, ਪੋਰਟਲੈਂਡ ਅਤੇ ਸੈਕਰਾਮੈਂਟੋ ਵਿਚੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ ਹਿੰਦੁਸਤਾਨ ਦੇ ਖੁਫੀਆਂ ਵਿਭਾਗ ਨੂੰ ਰਿਪੋਰਟ ਭੇਜੀ। ਆਪਣੀ ਇਸ ਰਿਪੋਰਟ ਵਿਚ ਉਸ ਨੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਵੱਡੀ ਪੱਧਰ 'ਤੇ ਗ਼ਦਰ ਕਰਨ ਲਈ ਹਿੰਦੀ ਦੇਸ਼ ਪਰਤਣ ਲਈ ਤਿਆਰ ਹੋ ਰਹੇ ਹਨ। 16 ਸਤੰਬਰ 1914 ਨੂੰ ਜਦੋਂ ਕਾਮਾਗਾਟਾ ਮਾਰੂ ਸਿੰਘਾਪੁਰ ਪਹੁੰਚਿਆ, ਉਦੋਂ ਤਕ 22, 25 ਅਤੇ 29 ਅਗਸਤ ਨੂੰ ਭੇਜੀਆਂ ਹਾਪਕਿਨਸਨ ਦੀਆਂ ਵੱਖ ਵੱਖ ਰਿਪੋਰਟਾਂ ਰਾਹੀਂ ਹਿੰਦ ਸਰਕਾਰ ਨੂੰ ਉਹਨਾਂ 'ਬਗ਼ਾਵਤਕਾਰੀਆਂ' ਦੀ ਚੋਖੀ ਜਾਣਕਾਰੀ ਮਿਲ ਚੁੱਕੀ ਸੀ, ਜੋ ਇਸ ਕੰਮ ਲਈ ਦੇਸ਼ ਨੂੰ ਰਵਾਨਾ ਹੋ ਚੁੱਕੇ ਸਨ। ਇਸ ਤਰ੍ਹਾਂ ਦੀ ਸੂਚਨਾ ਦੇ ਆਧਾਰ 'ਤੇ ਹਿੰਦ ਸਰਕਾਰ ਨੇ ਪੰਜ ਸਤੰਬਰ 1914 ਨੂੰ Ingress into India 'ਹਿੰਦੁਸਤਾਨ ਵਿਚ ਦਾਖਲੇ' ਦਾ ਆਰਡੀਨੈਂਸ ਜਾਰੀ ਕਰ ਦਿੱਤਾ, ਜਿਸ ਰਾਹੀਂ ਪੂਰਬ ਦੇ ਸਭ ਦੇਸ਼ਾਂ ਦੇ ਬਰਤਾਨਵੀ ਦੂਤਾਵਾਸਾਂ ਨੂੰ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਉਹ

ਕਿਸੇ ਵੀ ਯਾਤਰੀ ਨੂੰ ਰਾਹ ਵਿਚ ਨਾ ਉਤਰਨ ਦੇਣ ਅਤੇ ਸਿੱਧਾ ਹਿੰਦੁਸਤਾਨ ਵਿਚ ਭੇਜਣ, ਜਿੱਥੇ ਛਾਣਬੀਣ ਕਰਕੇ, ਖਤਰਨਾਕ ਸਮਝੇ ਜਾਣ ਦੀ ਸੂਰਤ ਵਿਚ, ਉਹਨਾਂ ਨੂੰ ਤਟ ਉੱਤੋਂ ਹੀ ਹਿਰਾਸਤ ਵਿਚ ਲਿਆ ਜਾ ਸਕਦਾ ਸੀ, ਅਤੇ ਬਿਨਾਂ ਮੁਕੱਦਮਾ ਚਲਾਏ ਪਿੰਡ ਵਿਚ ਨਜ਼ਰਬੰਦ ਕੀਤਾ ਜਾ ਸਕਦਾ ਸੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਸੰਬੰਧ ਵਿਚ ਏਸੇ ਆਰਡੀਨੈਂਸ ਦੀ ਵਰਤੋਂ ਕੀਤੀ ਗਈ।

19 ਸਤੰਬਰ ਨੂੰ ਸਿੰਘਾਪੁਰ ਤੋਂ ਚੱਲਕੇ ਜਹਾਜ਼ 26 ਸਤੰਬਰ ਨੂੰ ਕਲਕੱਤੇ ਲਾਗੇ ਪੁੱਜਾ ਜਿੱਥੋਂ ਕੁਝ ਦੂਰੀ 'ਤੇ ਕਲਪੀ ਦੇ ਸਥਾਨ ਉੱਤੇ ਇਸਨੂੰ ਪਾਣੀ ਵਿਚ ਹੀ ਖੜ੍ਹੇ ਹੋਣ ਦਾ ਹੁਕਮ ਹੋਇਆ। ਸਿੰਘਾਪੁਰ ਦੇ ਗਵਰਨਰ ਨੇ ਹਿੰਦ ਸਕਰਾਰ ਨੂੰ ਜਹਾਜ਼ ਦੇ ਚੱਲਣ ਦੀ ਅਗਾਊਂ ਸੂਚਨਾ ਦੇ ਦਿੱਤੀ ਸੀ। ਨਤੀਜੇ ਵਜੋਂ, ਇੰਮੀਗਰੇਸ਼ਨ ਮਹਿਕਮੇ ਅਤੇ ਬੰਗਾਲ ਦੇ ਸਥਾਨਕ ਅਧਿਕਾਰੀਆਂ ਤੋਂ ਬਿਨਾਂ ਹਿੰਦ ਸਰਕਾਰ ਅਤੇ ਪੰਜਾਬ ਸਰਕਾਰ ਦੇ ਉੱਚ ਪੁਲਸ ਅਧਿਕਾਰੀ ਵੀ ਮੁਸਾਫਰਾਂ ਦੇ 'ਸਵਾਗਤ' ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਹਾਜ਼ਰ ਸਨ। ਇਹਨਾਂ ਅਧਿਕਾਰੀਆਂ ਵਿਚ ਪੰਜਾਬ ਤੋਂ ਜਲੰਧਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹਮਫਰੀਜ਼ ਦੇ ਨਾਲ ਸੀ.ਆਈ.ਡੀ. ਦੇ ਡੀ.ਪੈਟਰੀ ਅਤੇ ਸੁੱਖਾ ਸਿੰਘ ਵੀ ਸ਼ਾਮਲ ਸਨ। ਜਹਾਜ਼ ਦੇ ਹਿੰਦੁਸਤਾਨ ਪਹੁੰਚਣ 'ਤੇ ਸਰਕਾਰ ਵੱਲੋਂ ਮੁਸਾਫਰਾਂ ਨਾਲ ਕੀਤੇ ਜਾਣ ਵਾਲੇ ਵਿਹਾਰ ਨੂੰ ਅਗਾਊਂ ਤਾੜਦਿਆਂ ਹੋਇਆਂ ਜਹਾਜ਼ ਵਿਚ ਰੱਖੇ ਗਏ ਹਥਿਆਰਾਂ ਤੇ ਗੋਲੀ ਸਿੱਕੇ ਨੂੰ ਪਹਿਲਾਂ ਹੀ ਸਮੁੰਦਰ ਵਿਚ ਸੁੱਟ ਦਿੱਤਾ ਗਿਆ ਸੀ, ਇਸ ਲਈ ਕਲਪੀ ਵਿਚ ਜਹਾਜ਼ ਦੀ ਕੀਤੀ ਗਈ ਪੂਰੀ ਤਲਾਸ਼ੀ 'ਚੋਂ ਪੁਲਸ ਨੂੰ ਕੁਝ ਨਾ ਲੱਭਾ। ਪੂਰੀ ਛਾਣਬੀਣ ਉਪਰੰਤ ਪੁਲਸ ਦੇ ਪਹਿਰੇ ਵਿਚ ਜਹਾਜ਼ ਨੂੰ 29 ਸਤੰਬਰ 1914 ਨੂੰ ਕਲਕੱਤੇ ਤੋਂ 17 ਮੀਲ ਦੀ ਦੂਰੀ 'ਤੇ ਬਜਬਜ ਘਾਟ ਉੱਤੇ ਲਿਆਂਦਾ ਗਿਆ। ਅਧਿਕਾਰੀਆਂ ਨੇ ਸਲਾਹ ਕਰਕੇ ਗੁਰਦਿੱਤ ਸਿੰਘ ਦੇ ਨਾਲ ਆਗੂ ਤੇ ਖਾੜਕੂ ਸਮਝੇ ਜਾਂਦੇ ਮੁਸਾਫਰਾਂ ਦਲਜੀਤ ਸਿੰਘ, ਅਮੀਰ ਮੁਹੰਮਦ ਖਾਂ, ਪੋਹਲੋ ਰਾਮ, ਜਵਾਹਰ ਮੱਲ, ਨਰਾਇਣ ਦਾਸ ਅਤੇ ਹਰਨਾਮ ਸਿੰਘ ਗੁੱਜਰਵਾਲ ਨੂੰ ਗਰਿਫਤਾਰ ਕਰਨ ਅਤੇ ਬਾਕੀ ਸਭ ਨੂੰ ਉੱਥੋਂ ਹੀ ਰੇਲ ਗੱਡੀ ਵਿਚ ਬੰਦ ਕਰਕੇ ਪੰਜਾਬ ਲਿਜਾਣ ਦਾ ਫੈਸਲਾ ਕੀਤਾ ਸੀ।

ਜਹਾਜ਼ ਤੋਂ ਉਤਰਨ 'ਤੇ ਮੁਸਾਫਰਾਂ ਨੂੰ ਸਟੇਸ਼ਨ ਉੱਤੇ ਖਲੋਤੀ ਰੇਲ ਗੱਡੀ ਵਿਚ ਸਵਾਰ ਹੋਣ ਲਈ ਕਿਹਾ ਗਿਆ। ਉਹਨਾਂ ਨੇ ਗੱਡੀ ਵਿਚ ਚੜ੍ਹਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਏਥੋਂ ਕੋਈ ਰੇਲ ਗੱਡੀ ਪੰਜਾਬ ਨਹੀਂ ਜਾਂਦੀ। ਉਹ ਆਪਣੀ ਮਰਜ਼ੀ ਨਾਲ ਹਾਵੜਾ ਤੋਂ ਗੱਡੀ ਫੜਨਗੇ। ਅਧਿਕਾਰੀਆਂ ਦੇ ਜ਼ੋਰ ਪਾਉਣ ਅਤੇ ਧਮਕਾਉਣ 'ਤੇ ਇਕ ਔਰਤ ਤੇ ਦੋ ਬੱਚਿਆਂ ਸਮੇਤ ਸਿਰਫ 62 ਮੁਸਾਫਰ ਹੀ ਗੱਡੀ ਉੱਤੇ ਚੜ੍ਹੇ। ਬਾਕੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖ ਕੇ ਦੀਵਾਨ ਲਾ ਕੇ ਬੈਠ ਗਏ। ਪੁਲਸ ਨੇ ਦੀਵਾਨ ਵਿਚ ਜੁੜੇ 260 ਮੁਸਾਫਰਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ। ਇਸ 'ਤੇ ਸ਼ਾਮ ਦੇ ਚਾਰ ਕੁ ਵਜੇ ਉਹਨਾਂ ਅਚਾਨਕ ਪੁਲਸ ਦਾ ਘੇਰਾ ਤੋੜ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਸਿਰ 'ਤੇ ਚੁੱਕ ਸ਼ਬਦ ਕੀਰਤਨ ਕਰਦਿਆਂ ਜਲੂਸ ਦੀ ਸ਼ਕਲ ਵਿਚ ਕਲਕੱਤੇ ਵੱਲ ਪੈਦਲ ਚੱਲਣਾ ਸ਼ੁਰੂ ਕਰ ਦਿੱਤਾ। ਪੰਜਾਬ ਤੋਂ ਗੋਰਾ ਪੁਲਸ ਅਫਸਰ ਪੈਟਰੀ ਪਸਤੌਲ ਤਾਣ ਕੇ ਜਲੂਸ ਦੇ ਅੱਗੇ ਹੋ ਗਿਆ ਅਤੇ ਮੁਸਾਫਰਾਂ ਨੂੰ ਧਮਕਾਉਣ ਲੱਗਾ। ਇਸ 'ਤੇ ਦੋ ਮੁਸਾਫਰ, ਅਮਰ ਸਿੰਘ ਨਿਹੰਗ ਅਤੇ ਇੰਦਰ ਸਿੰਘ ਸੀਦੋਂ, ਉਸਦੇ ਅੱਗੇ ਛਾਤੀਆਂ ਤਾਣ ਖਲੋਤੇ, ਜਿਸਤੋਂ ਘਬਰਾ ਕੇ ਉਹ ਪਿਛਾਂਹ ਹਟ ਗਿਆ। ਮੁਸਾਫਰਾਂ ਨੇ ਕਿਹਾ ਕਿ ਉਹ ਬੀੜ ਕਲਕੱਤੇ ਦੇ ਗੁਰਦੁਆਰੇ ਵਿਚ ਰੱਖਣ ਤੋਂ ਪਿੱਛੋਂ ਪੰਜਾਬ ਪਰਤਣਗੇ। ਉਹ ਗਵਰਨਰ ਨੂੰ ਵੀ ਮਿਲਣਾ ਚਾਹੁੰਦੇ ਹਨ, ਤਾਕਿ ਸਰਕਾਰ ਨੂੰ ਆਪਣੇ ਨਾਲ ਹੋਈ-ਬੀਤੀ ਬਾਰੇ ਦੱਸ ਸਕਣ। ਅਫਸਰਾਂ ਵੱਲੋਂ ਤਾਰਾਂ ਖੜਕਾਏ ਜਾਣ 'ਤੇ ਬੰਗਾਲ ਸਰਕਾਰ



ਦੇ ਚੀਫ ਸੈਕਟਰੀ ਦੇ ਨਾਲ ਗਵਰਨਰ ਦੀ ਕੌਂਸਲ ਦਾ ਮੈਂਬਰ ਵਿਲੀਅਮ ਡਿਊਕ ਅੱਗੇ ਹੋ ਕੇ ਜਲੂਸ ਨੂੰ ਮਿਲਿਆ ਅਤੇ ਉਸਨੇ ਮੁਸਾਫਰਾਂ ਨੂੰ ਪਿੱਛੇ ਮੁੜਨ ਅਤੇ ਰੇਲ ਗੱਡੀ ਵਿਚ ਸਵਾਰ ਹੋਣ ਲਈ ਕਿਹਾ। ਇਹ ਜਾਣ ਕੇ ਕਿ ਕਲਕੱਤੇ ਜਾ ਸਕਣਾ ਮੁਸ਼ਕਲ ਹੈ, ਸਾਰੇ ਮੁਸਾਫਰ ਉਵੇਂ ਹੀ ਜਲੂਸ ਦੀ ਸ਼ਕਲ ਵਿਚ ਤੇ ਪੁਲਸ ਦੇ ਪਹਿਰੇ ਵਿਚ ਪਿੱਛੇ ਮੁੜ ਪਏ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਣ ਕਰਕੇ ਮੁੜ ਸ਼ਬਦ ਪੜ੍ਹਨ ਬੈਠ ਗਏ। ਇਸ ਦੌਰਾਨ ਹਨੇਰੇ ਵਿਚ ਕਈ ਮੁਸਾਫਰ ਦਾਅ ਲਾ ਕੇ ਖਿਸਕ ਗਏ। ਸੋਟੀ ਘੁਮਾਉਂਦੇ ਅਤੇ ਗੁਰਦਿੱਤ ਸਿੰਘ ਨੂੰ ਬੁਲਾਉਂਦੇ ਪੁਲਸ ਕਪਤਾਨ ਈਸਟਵੁਡ ਦੀ ਕਿਸੇ ਨੇ ਸੋਟੀ ਖੋਹ ਲਈ, ਜਿਸ 'ਤੇ ਉਸ ਨੇ ਆਪਣੇ ਪਸਤੌਲ ਤੋਂ ਗੋਲੀਆਂ ਚਲਾ ਦਿੱਤੀਆਂ, ਜਿਹਨਾਂ ਵਿਚੋਂ ਇਕ ਹਰਨਾਮ ਸਿੰਘ ਗੁੱਜਰਵਾਲ ਦੀ ਪੱਗ ਅਤੇ ਦੂਸਰੀ ਠਾਕਰ ਸਿੰਘ ਉਧੋਨੰਗਲ ਦੀ ਬਾਂਹ ਵਿਚੋਂ ਲੰਘ ਗਈ। ਇਸ 'ਤੇ ਮੁਸਾਫਰਾਂ ਵਿਚੋਂ ਇਕ ਮੁਣਸ਼ਾ ਸਿੰਘ ਨੇ ਆਪਣਾ ਲੁਕੋਇਆ ਹੋਇਆ ਪਸਤੌਲ ਕੱਢਕੇ ਈਸਟਵੁਡ ਨੂੰ ਮਾਰ ਮੁਕਾਇਆ। ਇਸ ਤਰ੍ਹਾਂ ਹੋਣ 'ਤੇ ਗੋਰੀ ਪੁਲਸ ਦੇ ਦਸਤੇ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਦੋ ਹੋਰ ਮੁਸਾਫਰਾਂ ਨੇ ਵੀ ਆਪਣੇ ਪਸਤੌਲਾਂ ਵਿਚੋਂ ਗੋਲੀਆਂ ਚਲਾਈਆਂ। ਇਸ ਗੋਲੀਬਾਰੀ ਵਿਚ 19 ਮੁਸਾਫਰ ਅਤੇ ਦੋ ਸਾਧਾਰਨ ਸਥਾਨਕ ਬੰਗਾਲੀ ਮਾਰੇ ਗਏ। ਹੋਰ ਮਰਨ ਵਾਲਿਆ ਵਿਚ ਦੋ ਗੋਰੇ ਅਫਸਰ- ਇਕ ਰਿਜ਼ਰਵ ਪੁਲਸ ਦਾ ਸੁਪਰਡੈਂਟ, ਇਕ ਰੇਲਵੇ ਅਫਸਰ ਅਤੇ ਦੋ ਪੰਜਾਬ ਪੁਲਸ ਦੇ ਸਿਪਾਹੀ ਸ਼ਾਮਲ ਸਨ।

ਪੁਲਸ ਅਤੇ ਫੌਜ ਦੇ ਪਹਿਰੇ ਵਿਚੋਂ ਲਗਪਗ 60 ਮੁਸਾਫਰ ਰਾਤੋ ਰਾਤ ਫਰਾਰ ਹੋ ਕੇ ਹਾਵੜਾ, ਹੁਗਲੀ, ਬਰਦਵਾਨ, ਮਿਦਨਾਪੁਰ ਤੇ ਬੰਕੂਰਾ ਦੇ ਜ਼ਿਲ੍ਹਿਆਂ ਤਕ ਪਹੁੰਚ ਗਏ, ਜਿਹਨਾਂ ਵਿਚੋਂ 25 ਅਤੇ 10 ਦੀਆਂ ਦੋ ਟੋਲੀਆਂ ਹਾਵੜਾ ਤੇ ਬੰਕੂਰਾ ਜ਼ਿਲ੍ਹੇ ਵਿਚ ਪੁਲਸ ਦੇ ਕਾਬੂ ਆ ਗਈਆਂ। ਇਹਨਾਂ ਵਿਚੋਂ ਅਮਰ ਸਿੰਘ ਨਿਹੰਗ ਅਤੇ ਸੁਰਾਇਣ ਸਿੰਘ ਸਰਹਾਲੀ ਦੀ ਪਹਿਲੀ ਟੋਲੀ ਵਿਚੋਂ ਅੱਠ ਜਣੇ ਪੁਲਸ ਉੱਤੇ ਇੱਟਾਂ ਪੱਥਰ ਵਰ੍ਹਾ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਏ ਅਤੇ ਸਿਰਫ 17 ਹੀ ਫੜੇ ਗਏ। 24 ਅਕਤੂਬਰ 1914 ਨੂੰ ਗਵਰਨਰ ਬੰਗਾਲ ਦੇ ਹੁਕਮ ਅਨੁਸਾਰ ਨੌਂ ਜ਼ਖ਼ਮੀਆਂ ਸਮੇਤ 214 ਗਰਿਫਤਾਰ ਕੀਤੇ ਗਏ ਸਨ ਅਤੇ 32 ਮਫਰੂਰ ਕਰਾਰ ਦਿੱਤੇ ਗਏ ਸਨ। ਕੁਝ ਮਹੀਨਿਆਂ ਪਿੱਛੋਂ 31 ਮੁਸਾਫਰਾਂ ਤੋਂ ਬਿਨਾਂ, ਜਿਹਨਾਂ ਉੱਤੇ ਮੁਕੱਦਮੇ ਚਲਾਏ ਗਏ, ਬਾਕੀ ਸਭ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਇਹਨਾਂ ਵਿਚੋਂ ਬਹੁਤ ਸਾਰੇ ਮੁਸਾਫਰ ਮਗਰੋਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਤਕੜਾ ਹਿੱਸਾ ਪਾਉਂਦੇ ਰਹੇ। ਮਗਰਲੇ ਸਮੇਂ ਵਿਚ ਪਾਰਟੀ ਦੇ ਪ੍ਰਮੁਖ ਆਗੂ ਵਜੋਂ ਉਭਰਨ ਵਾਲਾ ਬਾਬਾ ਗੁਰਮੁਖ ਸਿੰਘ ਕਾਮਾਗਾਟਾ ਮਾਰੂ ਦੇ ਇਹਨਾਂ ਮੁਸਾਫਰਾਂ ਵਿਚੋਂ ਹੀ ਸੀ।

ਕਾਮਾਗਾਟਾ ਮਾਰੂ ਦੇ ਵੈਨਕੂਵਰ ਤੋਂ ਵਾਪਸ ਪਰਤਾਏ ਜਾਣ ਨਾਲ ਗੱਲ ਮੁੱਕ ਨਹੀਂ ਸੀ ਗਈ, ਸਗੋਂ ਇਸ ਦੇ ਕਾਰਨ ਉਪਰੋ ਥਲੀ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਹਨਾਂ ਨੇ ਕੌਮੀ ਲਹਿਰ ਦੇ ਇਤਿਹਾਸ ਵਿਚ ਸ਼ਹਾਦਤਾਂ ਦੀ ਲੜੀ ਦਾ ਵੀ ਆਰੰਭ ਕੀਤਾ ਅਤੇ ਗ਼ਦਰ ਪਾਰਟੀ ਦੇ ਹਥਿਆਰਬੰਦ ਸੰਘਰਸ਼ ਨੂੰ ਵੀ ਮਜ਼ਬੂਤੀ ਨਾਲ ਅਗਾਂਹ ਤੋਰਿਆ। ਹਿੰਦੀਆਂ ਦੇ ਕੈਨੇਡਾ ਆਵਾਸ ਦਾ ਮਾਮਲਾ ਕਾਮਾਗਾਟਾ ਮਾਰੂ ਦੇ ਪੜਾਅ ਉੱਤੇ ਆ ਕੇ ਕੌਮੀ ਅਣਖ ਅਤੇ ਫਰੰਗੀ ਦੀ ਗੁਲਾਮੀ ਤੋਂ ਮੁਕਤੀ ਦੇ ਸੰਘਰਸ਼ ਦਾ ਪ੍ਰਤੀਕ ਬਣ ਗਿਆ ਸੀ, ਜਿਸਨੂੰ ਸਾਬੋਤਾਜ ਕਰਨ ਲਈ ਬਰਤਾਨਵੀ ਸਰਕਾਰ ਦੀਆਂ ਕੋਸ਼ਿਸ਼ਾਂ ਵਿਚ ਹਾਪਕਿਨਸਨ ਇਕ ਮੋਹਰੀ ਕਾਰਕੁਨ ਸੀ। ਕੈਨੇਡਾ ਵਿਚ ਆ ਕੇ ਇੰਮੀਗਰੇਸ਼ਨ ਵਿਭਾਗ ਵਿਚ ਦੁਭਾਸ਼ੀਏ ਤੋਂ ਸ਼ੁਰੂ ਕਰਕੇ ਹਾਪਕਿਨਸਨ ਨੇ ਆਪਣੇ ਆਪ ਨੂੰ ਬਰਤਾਨਵੀ ਸਲਤਨਤ ਦੇ ਤੰਤਰ ਵਿਚ ਇਸ ਤਰ੍ਹਾਂ ਫਿੱਟ ਕੀਤਾ ਸੀ ਕਿ ਕੈਨੇਡਾ ਤੇ ਅਮਰੀਕਾ ਦੋਹੀਂ ਥਾਈਂ ਹਿੰਦੀ ਦੇਸ਼ ਭਗਤਾਂ ਦੇ ਕਿਸੇ ਵੀ ਮਾਮਲੇ ਵਿਚ ਉਸਦੀਆਂ ਸੇਵਾਵਾਂ ਦੀ ਬੜੀ ਮਹੱਤਤਾ ਸਮਝੀ ਜਾਂਦੀ ਸੀ। ਆਪਣੀ ਯੋਗਤਾ

ਨਾਲ ਉਹ ਆਪਣੇ ਅਹੁਦੇ ਦੀ ਪੱਧਰ ਤੋਂ ਅਗਾਂਹ ਜਾ ਕੇ ਕੈਨੇਡਾ ਦੇ ਗਵਰਨਰ ਜਨਰਲ ਅਤੇ ਬਰਤਾਨਵੀ ਸਰਕਾਰ ਦੇ ਲੰਡਨ ਤੇ ਦਿੱਲੀ ਵਿਚਲੇ ਅਧਿਕਾਰੀਆਂ ਨਾਲ ਨਿੱਜੀ ਤਾਲਮੇਲ ਰੱਖ ਸਕਣ ਦੇ ਸਮਰੱਥ ਸੀ। ਆਪਣੀ ਕੁਸ਼ਲਤਾ ਨਾਲ ਉਸਨੇ ਵੈਨਕੂਵਰ ਵਿਚ ਖਾਸ ਕਰਕੇ ਹਿੰਦੀ ਭਾਈਚਾਰੇ ਦੇ ਧੁਰ ਅੰਦਰ ਤਕ ਚੰਗੀ ਸੰਨ੍ਹ ਲਾਈ ਹੋਈ ਸੀ। ਉਹ ਕਈ ਵਾਰ ਆਪਣੇ ਆਪ ਨੂੰ ਹਿੰਦੀ ਭਾਈਚਾਰੇ ਦੇ ਸ਼ੁਭ ਚਿੰਤਕ ਵਜੋਂ ਪੇਸ਼ ਕਰਨ ਵਿਚ ਵੀ ਸਫਲ ਰਿਹਾ ਸੀ। ਉਸਨੇ ਆਪਣੇ ਏਜੰਟ ਪਾਲ ਰੱਖੇ ਸਨ, ਜਿਹਨਾਂ ਵਿਚੋਂ ਸਭ ਤੋਂ ਪਹਿਲੀ ਥਾਂ ਉੱਤੇ ਸੀ ਬੇਲਾ ਸਿੰਘ। ਕਾਮਾਗਾਟਾ ਮਾਰੂ ਜਹਾਜ਼ ਦੇ ਵੈਨਕੂਵਰ ਦੇ ਪਾਣੀਆਂ ਵਿਚ ਖਲੋਤੇ ਹੋਣ ਦੌਰਾਨ ਉਹ ਆਪਣੀ ਡਿਊਟੀ ਦੀ ਮੰਗ ਅਨੁਸਾਰ ਬਹੁਤ ਸਰਗਰਮ ਰਿਹਾ ਸੀ, ਅਤੇ ਬੇਲਾ ਸਿੰਘ ਨੇ ਉਸ ਦਾ ਪੂਰਾ ਸਾਥ ਦਿੱਤਾ ਸੀ। ਕਦੇ ਕਦੇ ਮੈਲਕਮ ਰੀਡ ਨਾਲ ਆਪਣੇ ਨਿਜੀ ਵਖੇਵੇਂ ਕਰਕੇ ਉਸਨੇ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਵੀ ਦਿੱਤਾ ਸੀ ਜਿਵੇਂ ਉਹ ਹਿੰਦੀ ਮੁਸਾਫਰਾਂ ਦਾ ਹਿਤੈਸ਼ੀ ਹੋਵੇ। ਹਕੀਕਤ ਵਿਚ ਉਹ ਹਿੰਦ ਦੀਆਂ ਹਾਲਤਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਕਰਕੇ ਕਾਮਾਗਾਟਾ ਮਾਰੂ ਦੇ ਕਾਂਡ ਕਾਰਨ ਪੈਦਾ ਹੋਣ ਵਾਲੇ ਹਿੰਦੀਆਂ ਦੇ ਰੋਹ ਬਾਰੇ ਬਾ-ਖਬਰ ਸੀ। ਉਸਨੂੰ ਸੋਝੀ ਸੀ ਕਿ ਰੋਹ ਵਿਚ ਆਏ ਕੌਮਪ੍ਰਸਤਾਂ ਦੀਆਂ ਉਸ ਵਰਗੇ ਅਫਸਰਾਂ ਅਤੇ ਬੇਲਾ ਸਿੰਘ, ਬਾਬੂ ਸਿੰਘ ਤੇ ਗੰਗਾ ਰਾਮ ਵਰਗੇ ਉਹਨਾਂ ਦੇ ਜੋਟੀਦਾਰਾਂ ਨੂੰ ਮਾਰ ਮੁਕਾਉਣ ਦੀਆਂ ਧਮਕੀਆਂ ਐਵੇਂ ਹਵਾ ਵਿਚ ਮਾਰੀਆਂ ਤਲਵਾਰਾਂ ਨਹੀਂ। ਕੌਮਪ੍ਰਸਤਾਂ ਨੇ ਸੱਚਮੁੱਚ ਹੀ ਹਾਪਕਿਨਸਨ ਲਈ ਕੰਮ ਕਰਦੇ ਆਪਣੇ ਭਾਈਚਾਰੇ ਵਿਚਲੇ ਗ਼ਦਾਰ ਸਮਝੇ ਜਾਂਦੇ ਅਨਸਰਾਂ ਨੂੰ ਸੋਧਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। 31 ਅਗਸਤ 1914 ਨੂੰ ਅਜਿਹੇ ਇਕ ਵਿਅਕਤੀ ਹਰਨਾਮ ਸਿੰਘ ਦੀ ਲਾਸ਼ ਜੰਗਲ ਵਿਚੋਂ ਲੱਭੀ। ਚਾਰ ਦਿਨਾਂ ਪਿੱਛੋਂ ਸੂਹੀਆ ਕਾਰਵਾਈਆਂ ਦੇ ਧੰਦੇ ਵਿਚ ਰੁੱਝੇ ਬੇਲਾ ਸਿੰਘ ਦੇ ਇਕ ਨੇੜਲੇ ਸੰਗੀ ਅਰਜਨ ਸਿੰਘ ਨੂੰ ਕੋਈ ਜਣਾ ਉਸਦੇ ਆਪਣੇ ਘਰ ਵਿਚ ਹੀ ਗੋਲੀ ਮਾਰ ਕੇ ਮੁਕਾ ਗਿਆ। ਵੈਨਕੂਵਰ ਦਾ ਗੁਰਦੁਆਰਾ ਕੌਮਪ੍ਰਸਤਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ ਅਤੇ ਬੇਲਾ ਸਿੰਘ ਨੂੰ ਇਸਦੀ ਭਾਰੀ ਤਕਲੀਫ ਸੀ। ਅਰਜਨ ਸਿੰਘ ਦੇ ਕਤਲ ਦਾ ਭਾਵੇਂ ਕੋਈ ਸੁਰਾਗ ਨਹੀਂ ਸੀ ਨਿਕਲਿਆ ਪਰ ਬੇਲਾ ਸਿੰਘ ਦੀ ਨਜ਼ਰ ਵਿਚ ਇਹ ਕਤਲ ਕੌਮਪ੍ਰਸਤ ਧੜੇ ਦੇ ਕਿਸੇ ਵਿਅਕਤੀ ਨੇ ਹੀ ਕੀਤਾ ਸੀ। ਜਦੋਂ ਅਰਜਨ ਸਿੰਘ ਦੇ ਸਸਕਾਰ ਪਿੱਛੋਂ ਸੰਗਤ ਗੁਰਦੁਆਰੇ ਵਿਚ ਜੁੜੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਭਾਈ ਭਾਗ ਸਿੰਘ ਉੱਤੇ ਬੇਲਾ ਸਿੰਘ ਨੇ ਗੋਲ਼ੀਆਂ ਚਲਾ ਦਿੱਤੀਆਂ, ਜਿਸ ਨਾਲ ਭਾਈ ਭਾਗ ਸਿੰਘ ਹੀ ਨਹੀਂ, ਨਾਲ ਬੈਠੇ ਬਤਨ ਸਿੰਘ ਦੀ ਵੀ ਜਾਨ ਚਲੀ ਗਈ। ਇਕ ਪਾਕ ਪਵਿੱਤਰ ਰੂਹ ਵਜੋਂ ਭਾਈ ਭਾਗ ਸਿੰਘ ਦਾ ਭਾਈਚਾਰੇ ਵਿਚ ਬਹੁਤ ਆਦਰ ਸਤਿਕਾਰ ਸੀ। ਜੇ ਉਹ ਕੌਮਪ੍ਰਸਤਾਂ ਨਾਲ ਸੰਬੰਧ ਰਖਦਾ ਸੀ, ਤਾਂ ਇਸਦਾ ਇਹ ਮਤਲਬ ਬਿਲਕੁਲ ਨਹੀਂ ਸੀ ਕਿ ਅਰਜਨ ਸਿੰਘ ਜਾਂ ਕਿਸੇ ਹੋਰ ਨੂੰ ਕਤਲ ਕਰਨ ਲਈ ਉਹ ਜ਼ਿੰਮੇਵਾਰ ਹੋ ਸਕਦਾ ਹੈ। ਜਦੋਂ ਬੇਲਾ ਸਿੰਘ ਨੇ ਗੋਲੀ ਚਲਾਈ ਉਦੋਂ ਗੁਰਦੁਆਰੇ ਵਿਚ ਸੰਗਤ ਵਜੋਂ ਕੇਵਲ 38 ਜਣੇ ਹਾਜ਼ਰ ਸਨ। ਸਭ ਨੇ ਪ੍ਰਤੱਖ ਰੂਪ ਵਿਚ ਬੇਲਾ ਸਿੰਘ ਨੂੰ ਇਹ ਅਪਰਾਧ ਕਰਦਿਆਂ ਵੇਖਿਆ ਸੀ, ਜਿਸਨੂੰ ਕੋਈ ਵੀ ਮੁਆਫ ਨਹੀਂ ਸੀ ਕਰ ਸਕਦਾ। ਪਰ ਅਦਾਲਤ ਨੇ ਉਸਨੂੰ ਬਰੀ ਕਰ ਦਿੱਤਾ ਸੀ, ਉਸਦੇ ਇਸ ਬਿਆਨ ਨੂੰ ਮੰਨ ਕੇ ਕਿ ਉਸ ਨੇ ਆਪਣੇ ਬਚਾਅ ਵਜੋਂ ਗੋਲ਼ੀ ਚਲਾਈ ਸੀ, ਜਦਕਿ ਇਹ ਨਿਰਾ ਝੂਠ ਸੀ। ਬੇਲਾ ਸਿੰਘ ਦੇ ਬਰੀ ਹੋ ਜਾਣ ਬਾਰੇ ਸਮੁੱਚਾ ਭਾਈਚਾਰਾ ਇਹ ਸਮਝਦਾ ਸੀ ਕਿ ਇਹ ਤਦ ਹੀ ਸੰਭਵ ਹੋਇਆ ਹੈ ਕਿ ਬੇਲਾ ਸਿੰਘ ਦੀ ਪਿੱਠ ਉੱਤੇ ਹਾਪਕਿਨਸਨ ਦਾ ਹੱਥ ਸੀ।

ਕਾਮਾਗਾਟਾ ਮਾਰੂ ਦੇ ਵੈਨਕੂਵਰ ਦੇ ਪਾਣੀਆਂ ਵਿਚ ਹੋਣ ਸਮੇਂ ਹੀ ਇਸਦੇ



ਮੁਸਾਫਰਾਂ ਦੀ ਮਦਦ ਲਈ ਹਥਿਆਰ ਪੁਚਾਉਣ ਵਾਸਤੇ ਭਾਈ ਬਲਵੰਤ ਸਿੰਘ ਤੇ ਭਾਗ ਸਿੰਘ ਦੇ ਨਾਲ ਮੇਵਾ ਸਿੰਘ ਸਰਹੱਦ ਪਾਰ ਕਰਕੇ ਅਮਰੀਕਾ ਗਿਆ ਸੀ ਅਤੇ ਵਾਪਸੀ 'ਤੇ ਕੈਨੇਡਾ ਦੀ ਸਰਹੱਦ ਉੱਤੇ ਫੜਿਆ ਗਿਆ ਸੀ। ਉਹ ਬਹੁਤ ਸਾਧਾਰਨ ਮਨੁੱਖ ਸੀ ਜਿਸਦੀ ਕੌਮੀ ਕਾਜ਼ ਨਾਲ ਹਮਦਰਦੀ ਜ਼ਰੂਰ ਸੀ, ਪਰ ਉਹ ਆਗੂਆਂ ਵਿਚ ਸ਼ੁਮਾਰ ਨਹੀਂ ਸੀ ਹੁੰਦਾ। ਗਰਿਫਤਾਰ ਕੀਤੇ ਜਾਣ 'ਤੇ ਉਸ ਨੇ ਪੁਲਸ ਨੂੰ ਸਭ ਕੁਝ ਸਹੀ ਸਹੀ ਦੱਸ ਦਿੱਤਾ ਕਿ ਸਰਹੱਦ ਪਾਰ ਉਸ ਵੱਲੋਂ ਖਰੀਦੇ ਗਏ ਪਸਤੌਲ ਤੇ ਗੋਲੀਆਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਪੁਚਾਏ ਜਾਣੇ ਸਨ, ਅਤੇ ਇਹਨਾਂ ਦੇ ਖਰੀਦਣ ਲਈ ਪੈਸਿਆਂ ਦਾ ਪ੍ਰਬੰਧ ਖਾਲਸਾ ਦੀਵਾਨ ਸੁਸਾਇਟੀ ਨੇ ਕੀਤਾ ਸੀ। ਹਾਪਕਿਨਸਨ ਮੇਵਾ ਸਿੰਘ ਉੱਤੇ ਦਬਾਅ ਪਾ ਕੇ ਉਸ ਤੋਂ ਬਾਕੀ ਸਾਥੀਆਂ ਦੇ ਵਿਰੁੱਧ ਬਿਆਨ ਦੁਆਉਣਾ ਚਾਹੁੰਦਾ ਸੀ, ਜਿਸਨੂੰ ਉਹ ਆਗੂਆਂ ਦੇ ਵਿਰੁੱਧ ਵਰਤ ਸਕੇ। ਹਾਪਕਿਨਸਨ ਨੂੰ ਯਕੀਨ ਸੀ ਕਿ ਉਹ ਮੇਵਾ ਸਿੰਘ ਤੋਂ ਆਪਣੀ ਮਰਜ਼ੀ ਦਾ ਬਿਆਨ ਦੁਆਉਣ ਵਿਚ ਸਫਲ ਰਹੇਗਾ। ਉੱਚ ਅਫਸਰਾਂ ਨੂੰ ਆਪਣੀ ਰਿਪੋਰਟ ਵਿਚ ਉਸਨੇ ਇਸ ਤਰ੍ਹਾਂ ਦੀ ਉਮੀਦ ਜ਼ਾਹਰ ਕੀਤੀ ਸੀ। ਸੰਭਵ ਹੈ ਕਿ ਹਾਪਕਿਨਸਨ ਨੇ ਇੰਮੀਗਰੇਸ਼ਨ ਦੇ ਮਾਮਲੇ ਵਿਚ ਪਹਿਲਾਂ ਕਦੇ ਮੇਵਾ ਸਿੰਘ ਦੀ ਕੋਈ ਮਦਦ ਕੀਤੀ ਹੋਵੇ। ਪਰ ਹਾਪਕਿਨਸਨ ਦੇ ਦਬਾਅ ਵਿਚ ਆ ਕੇ ਆਪਣੇ ਸਾਥੀਆਂ ਦੇ ਵਿਰੁੱਧ ਕੋਈ ਬਿਆਨ ਦੇਣਾ ਉਸ ਦੇ ਚਰਿੱਤਰ ਦੇ ਅਨਕੂਲ ਨਹੀਂ ਸੀ। ਹਾਪਕਿਨਸਨ ਵੱਲੋਂ ਪੈ ਰਹੇ ਲਗਾਤਾਰ ਦਬਾਅ ਤੋਂ ਤੰਗ ਆ ਕੇ ਮੇਵਾ ਸਿੰਘ ਨੇ 21 ਅਕਤੂਬਰ ਨੂੰ ਉਸ ਸਮੇਂ ਅਦਾਲਤ ਵਿਚ ਗੋਲ਼ੀ ਮਾਰ ਕੇ ਹਾਪਕਿਨਸਨ ਨੂੰ ਮੁਕਾ ਦਿੱਤਾ, ਜਦੋਂ ਭਾਈ ਭਾਗ ਸਿੰਘ ਦੇ ਕਤਲ ਦੇ ਕੇਸ ਦੇ ਸੰਬੰਧ ਵਿਚ ਬੇਲਾ ਸਿੰਘ ਵਿਰੁੱਧ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਈ ਸੀ। ਮੇਵਾ ਸਿੰਘ ਨੇ ਹਾਪਕਿਨਸਨ ਨੂੰ ਗੋਲ਼ੀ ਮਾਰ ਕੇ ਚੁੱਪ ਚਾਪ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਆਪਣੇ ਬਚਾਅ ਲਈ ਉਸ ਨੇ ਕੋਈ ਹੋਰ ਗੱਲ ਨਹੀਂ ਕੀਤੀ, ਸਿਵਾਏ ਵਿਸਥਾਰ ਸਹਿਤ ਇਹ ਦੱਸਣ ਦੇ, ਕਿ ਸਰਕਾਰ ਤੇ ਪੁਲਸ ਵੱਲੋਂ ਉਸਦੇ ਹਮਵਤਾਨੀਆਂ ਨਾਲ ਕਿਸ ਤਰ੍ਹਾਂ ਦਾ ਦੁਰ ਵਿਵਹਾਰ ਹੋ ਰਿਹਾ ਹੈ। ਇਸ ਵਿਚ ਜੋ ਰੋਲ ਵਿਲੀਅਮ ਹਾਪਕਿਨਸਨ ਅਦਾ ਕਰਦਾ ਰਿਹਾ ਸੀ, ਅਤੇ ਜਿਸ ਤਰ੍ਹਾਂ ਉਸ ਨੇ ਆਪਣੇ ਚਾਟੜੇ ਤੋਂ ਭਾਈ ਭਾਗ ਸਿੰਘ ਵਰਗੀ ਪਵਿੱਤਰ ਰੂਹ ਦਾ ਕਤਲ ਕਰਵਾਇਆ ਹੈ, ਉਸ ਕਰਕੇ ਕੁਝ ਨਾ ਕੁਝ ਤਾਂ ਕਰਨਾ ਬਣਦਾ ਹੀ ਸੀ। ਏਸ ਲਈ ਉਸ ਨੇ ਹਾਪਕਿਨਸਨ ਨੂੰ ਮਾਰਿਆ ਹੈ। ਬਰਤਾਨਵੀ ਸਰਕਾਰ ਅਤੇ ਕੈਨੇਡਾ ਦੀ ਇੰਮੀਗਰੇਸ਼ਨ ਲਈ ਹਾਪਕਿਨਸਨ ਇਕ ਹੀਰੋ ਸੀ, ਜਿਸਦੇ ਕਤਲ ਲਈ ਭਾਈ ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਫਾਂਸੀ 'ਤੇ ਲਟਕਾਇਆ ਗਿਆ। ਭਾਈ ਭਾਗ ਸਿੰਘ ਦੇ ਕਤਲ ਤੋਂ ਪਿੱਛੋਂ ਫਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਪਹਿਲਾ ਸ਼ਹੀਦ ਸੀ। ਜਿਸ ਸ਼ਾਨ ਨਾਲ ਉਹ ਫਾਂਸੀ ਚੜ੍ਹਿਆ, ਉਸ 'ਤੇ ਕੈਨੇਡਾ ਦੀਆਂ ਅਖਬਾਰਾਂ ਨੇ ਵੀ ਅਚੰਭਾ ਜ਼ਾਹਰ ਕੀਤਾ। ਉਹ ਸੱਚਮੁੱਚ ਮਗਰੋਂ ਲਿਖੇ ਗਏ ਅਤੇ ਬਹੁਤ ਮਸ਼ਹੂਰ ਹੋਏ ਫੈਜ਼ ਅਹਿਮਦ ਫੈਜ਼ ਦੇ ਸ਼ਿਅਰ ਦਾ ਪੂਰਵ ਪ੍ਰਮਾਣ ਸੀ:

**ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੁਹ ਸ਼ਾਨ ਸਲਾਮਤ ਰਹਿਤੀ ਹੈ**
**ਯੇਹ ਜਾਨ ਤੋਂ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ**

ਕੈਨੇਡਾ ਦਾ ਹਿੰਦੀ ਭਾਈਚਾਰਾ ਅਤੇ ਗ਼ਦਰ ਲਹਿਰ ਦੇ ਵਾਰਿਸ ਮੇਵਾ ਸਿੰਘ ਨੂੰ ਸ਼ਹੀਦ ਵਜੋਂ ਮਾਣ ਸਤਿਕਾਰ ਨਾਲ ਚੇਤੇ ਕਰਦੇ ਆ ਰਹੇ ਹਨ। ਵੈਸੇ ਕੈਨੇਡਾ ਸਰਕਾਰ ਅਨੁਸਾਰ ਕਾਮਾਗਾਟਾ ਮਾਰੂ ਕਾਂਡ ਨੇ ਵੈਨਕੂਵਰ ਵਿਚ ਘੱਟੋ ਘੱਟ ਛੇ ਜਾਨਾਂ ਲਈਆਂ ਸਨ। ❑❑

[raghbirssirjana@yahoo.com]

# ਲੇਖਕ ਦਾ ਪਾਤਰਾਂ ਨਾਲ ਰਿਸ਼ਤਾ : ਸਵੈ ਕਥਨ : ਬਲਬੀਰ ਪਰਵਾਨਾ

ਲੇਖਕ ਆਪਣੇ ਪਾਤਰਾਂ ਦਾ ਰੱਬ ਹੁੰਦਾ ਹੈ, ਜਿਹੜਾ ਮਰਜ਼ੀ ਅਨੁਸਾਰ ਆਪਣੇ ਪਾਤਰਾਂ ਦੀ ਚੋਣ ਕਰ ਸਕਦਾ। ਉਸ ਕੋਲ ਕੱਚੇ ਮਾਲ ਦੇ ਰੂਪ 'ਚ ਸਮਾਜ ਦਾ ਸਮੁੱਚ ਪਿਆ ਹੈ, ਜਿਸ 'ਚੋਂ ਉਹ ਆਪਣੇ ਮਨ ਦੀ ਗੱਲ ਕਹਿਣ ਲਈ ਪਾਤਰਾਂ ਦੇ ਕਿਣਕੇ ਚੁਣਦਾ। ਉਹ ਉਹਨਾਂ ਕਿਣਕਿਆਂ ਨੂੰ ਚੁਣਨ ਲਈ ਆਜ਼ਾਦ ਹੈ, ਉਹ ਰੱਬ ਹੈ। ਪਰ ਜਿਉਂ ਹੀ ਉਹ ਉਹਨਾਂ ਨੂੰ ਚੁਣ ਲੈਂਦਾ ਤਾਂ ਉਸ ਦੀ ਮਰਜ਼ੀ ਉੱਥੇ ਹੀ ਖਤਮ ਹੋ ਜਾਂਦੀ ਹੈ। ਫਿਰ ਉਹ ਉਹਨਾਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਨਹੀਂ ਸਕਦਾ। ਉਹ ਆਪਣੇ ਸੁਭਾਅ, ਆਪਣੇ ਪਿਛੋਕੜ, ਆਪਣੇ ਮਾਹੌਲ ਅਨੁਸਾਰ ਮੌਲਣਗੇ, ਆਪਣੇ ਅੰਦਰਲੇ ਅਨੁਸ਼ਾਸਨ ਅਨੁਸਾਰ। ਉਹ ਲੇਖਕ ਦੇ ਮਨ ਦਾ ਸੁਪਨਾ ਹਨ, ਪਰ ਉਸ ਸੁਪਨੇ 'ਚ ਲੇਖਕ ਦਾ ਉਨਾ ਕੁ ਹੀ ਦਖਲ ਹੁੰਦਾ, ਜਿੰਨਾ ਕੁ ਕਿਸੇ ਬੰਦੇ ਦਾ ਆਪਣੇ ਸੁਪਨੇ 'ਚ ਦਖਲ! ਸੁਪਨੇ ਕਿਸੇ ਖਲਾਅ 'ਚੋਂ ਨਹੀਂ ਪਨਪ ਸਕਦੇ। ਦੇਖੇ, ਕਹੇ, ਸੁਣੇ 'ਚੋਂ ਉਹ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਲਿਖਤ ਵੀ ਤਾਂ ਲੇਖਕ ਦਾ ਸੁਪਨਾ ਹੀ ਹੈ, ਜਿਹੜਾ ਪਾਤਰਾਂ ਦੇ ਰਾਹੀਂ ਆਪਣੀ ਹੋਂਦ ਗ੍ਰਹਿਣ ਕਰਦਾ।

ਮੇਰੇ ਮੁੱਢਲੇ ਦੌਰ ਦੇ ਪਾਤਰ, ਮੇਰੇ ਇਲਾਕੇ ਬਚਵਾਹੀ ਦੇ ਲੋਕ ਹਨ। ਇਸ ਇਲਾਕੇ ਦੀ ਇਕ ਖਾਸ ਵਿਸ਼ੇਸ਼ਤਾ ਇਹ ਸੀ (ਹੁਣ ਉਹ ਸਥਾਨਕਤਾ ਬਦਲ ਚੁੱਕੀ ਹੈ) ਕਿ ਇੱਥੇ ਪਾਣੀ ਬਹੁਤ ਹੁੰਦਾ ਸੀ। ਛੰਭ ਵਰਗਾ ਬਣ ਜਾਂਦਾ ਸੀ ਸਾਰਾ ਇਲਾਕਾ ਬਰਸਾਤਾਂ 'ਚ ਆ ਕੇ, ਦਲਦਲ ਜਿਹੀ, ਜਿੱਥੇ ਕੋਈ ਸੁੱਕੀ ਥਾਂ ਜਾਂ ਠੋਸ ਜ਼ਮੀਨ ਨਾ ਦਿਸਦੀ। ਕੱਚੇ ਰਾਹ ਚਿੱਕੜ ਨਾਲ ਭਰ ਜਾਂਦੇ, ਜਿਨ੍ਹਾਂ 'ਤੇ ਖਾਲੀ ਤੁਰਨਾ ਵੀ ਮੁਸ਼ਕਲ ਹੁੰਦਾ। ਸਾਉਣੀ ਦੀ ਫਸਲ ਤਾਂ ਚੰਗੀ ਹੋ ਜਾਂਦੀ ਸੀ, ਪਰ ਹਾੜ੍ਹੀ ਦਾ ਮਾੜਾ ਹਾਲ ਹੀ ਰਹਿੰਦਾ। ਬਹੁਤੀ ਸੇਮ ਵਾਲੀ ਜ਼ਮੀਨ ਤਾਂ ਬੀਜੀ ਹੀ ਨਾ ਜਾਂਦੀ, ਬਾਕੀ ਥਾਵੀਂ ਵੀ ਜੇ ਕੋਈ ਭਾਰਾ ਮੀਂਹ ਪੈ ਜਾਂਦਾ ਤਾਂ ਪਾਣੀ ਮਾਰ ਲੈਂਦਾ। ਇਲਾਕੇ 'ਚ ਆਰਥਿਕ ਤੌਰ 'ਤੇ ਵੀ ਪਛੜੇਵਾਂ ਸੀ ਤੇ ਵਿਦਿਅਕ ਤੌਰ 'ਤੇ ਵੀ। 1967-68 ਤੋਂ, ਇਸ ਇਲਾਕੇ 'ਚ ਵਿਕਾਸ ਦੀਆਂ ਤੰਦਾਂ ਫੈਲਣੀਆਂ ਸ਼ੁਰੂ ਹੋਈਆਂ। ਸੜਕਾਂ ਰਾਹ ਪੱਕੇ ਬਣਨ ਲੱਗੇ, ਟਰੈਕਟਰ ਆਏ, ਨਵੀਆਂ ਨੌਕਰੀਆਂ ਦੇ ਮੌਕੇ ਬਣੇ। 1974-75 'ਚ ਆ ਕੇ ਬਿਜਲੀ ਆਈ। ਇਸਤੋਂ ਪਹਿਲਾਂ ਸਮਾਜਕ ਪਾੜਾ ਇੰਨਾ ਸਪੱਸ਼ਟ ਨਹੀਂ ਸੀ। ਅਮੀਰੀ-ਗ਼ਰੀਬੀ ਤਾਂ ਸੀ ਪਰ ਉਹ ਸਮਾਜ 'ਚ ਬਹੁਤ ਤਿੱਖੇ ਰੂਪ 'ਚ ਦਿਸਦੀ ਨਾ, ਸਿਵਾਏ ਕੁਝ ਮਹੱਤਵਪੂਰਨ ਮੌਕਿਆਂ ਦੇ, ਜਿਵੇਂ ਮਰਨ-ਜੰਮਣ, ਵਿਆਹ-ਸ਼ਾਦੀਆਂ ਦੇ ਮੌਕੇ ਜਾਂ ਹੋਰ ਅਜਿਹੇ ਸਮਾਜਕ ਉਤਸਵ।

ਇਹੀ ਦੌਰ ਸੀ ਜਦੋਂ ਮੇਰੀ ਲਿਖਤ ਆਪਣਾ ਮੁੱਢਲਾ ਰੂਪ ਗ੍ਰਹਿਣ ਕਰਨ ਲੱਗਦੀ ਹੈ। ਇਸ ਦੇ ਲਗਪਗ ਬਹੁਤੇ ਪਾਤਰ ਇਸੇ ਮਾਹੌਲ 'ਚੋਂ ਉਭਰਦੇ ਹਨ ਕਿ ਵਿਕਾਸ ਦੀ ਉਥਲ-ਪੁੱਥਲ ਲੋਕਾਂ ਦੇ ਮਨਾਂ 'ਚ ਕਿਹੋ ਜਿਹਾ ਤਰਥੱਲ ਮਚਾ ਰਹੀ ਹੈ। ਇਸ ਦੌਰ ਦੀਆਂ ਮੇਰੀਆਂ ਲਿਖਤਾਂ ਦੇ ਪਾਤਰਾਂ ਦੀਆਂ ਪੈੜਾਂ ਇਲਾਕੇ ਦੇ ਪਿੰਡਾਂ ਦੇ ਨਾਲ-ਨਾਲ ਵੱਧ ਤੋਂ ਵੱਧ ਨੇੜੇ ਦੇ ਕਸਬੇ-ਨੁਮਾ ਸ਼ਹਿਰ ਮੁਕੇਰੀਆਂ ਤਕ ਹੀ ਪੁੱਜਦੀਆਂ ਹਨ, ਕਿਉਂਕਿ ਇਸਤੋਂ ਅਗਾਂਹ ਜਾਣ ਦਾ ਮੇਰਾ ਸਬੱਬ ਹੀ ਨਹੀਂ ਸੀ ਬਣਦਾ। ਗ਼ਰੀਬ ਕਿਸਾਨੀ ਪਿਛੋਕੜ 'ਚੋਂ ਹੋਣ ਕਰਕੇ ਘਰ ਦੀ ਜੀਵਨ-ਬਸਰ ਹੀ ਮਸਾਂ ਤੁਰਦੀ ਸੀ। ਵੱਧ ਤੋਂ ਵੱਧ ਜੇ ਅੱਯਾਸ਼ੀ ਸੀ ਤਾਂ ਕਿਤੇ ਫੀਸ ਜਾਂ ਕਿਤਾਬਾਂ, ਕਾਪੀਆਂ ਦੇ ਨਾਂਅ 'ਤੇ ਘਰੋਂ ਪੈਸੇ ਲੈ ਕੇ ਮੁਕੇਰੀਆਂ 'ਅਮਰ



ਪੈਲੇਸ' 'ਚ ਫਿਲਮ ਦੇਖ ਲਈ। ਉਦੋਂ ਇਹੋ ਹੀ ਇਕੋ-ਇਕ ਸਿਨੇਮਾ ਘਰ ਹੁੰਦਾ ਸੀ ਇੱਥੇ। ਇੱਥੇ ਮੰਡੀ ਵੀ ਸੀ, ਬਾਜ਼ਾਰ ਵੀ, ਜਿੱਥੇ ਲੋਕ ਆਪਣੀਆਂ ਫਸਲਾਂ ਵੇਚਦੇ ਤੇ ਆਪਣੀ ਲੋੜ ਦੀਆਂ ਚੀਜ਼ਾਂ ਖਰੀਦ ਕੇ ਲਿਆਉਂਦੇ। ਭੰਗਾਲਾ ਤੇ ਮਾਨਸਰ ਅਜੇ ਪਿੰਡ ਹੀ ਸਨ ਜਿਹੜੇ ਜੀ. ਟੀ. ਰੋਡ ਕੰਢੇ ਹੋਣ ਕਰਕੇ ਕਸਬੇ ਬਣਨ ਵੱਲ ਵਧ ਰਹੇ ਸਨ। ਇੱਥੋਂ ਇਲਾਕੇ ਦੇ ਲੋਕ ਬਾਹਰ ਅੰਦਰ ਜਾਣ ਲੱਗਿਆਂ ਬੱਸਾਂ ਫੜਦੇ ਸਨ।

ਕਾਲਿਜ ਦੀ ਪੜ੍ਹਾਈ ਦੇ ਨਾਲ-ਨਾਲ ਕਮਿਊਨਿਸਟ ਲਹਿਰ 'ਚ ਸਰਗਰਮ ਹੋਇਆ ਤਾਂ ਲਿਖਤ 'ਚ ਪਾਤਰਾਂ ਦੇ ਆਉਣ ਦਾ ਘੇਰਾ ਵਿਸ਼ਾਲ ਹੋਣ ਲੱਗਾ। ਪਾਤਰ ਕਮਿਊਨਿਸਟ ਲਹਿਰ 'ਚੋਂ ਵੀ ਆਉਣ ਲੱਗੇ ਤੇ ਇਸਦੇ ਇਲਾਕੇ 'ਚ ਪੈ ਰਹੇ ਪ੍ਰਭਾਵ 'ਚੋਂ ਵੀ। ਮੈਨੂੰ ਲੱਗਦਾ ਜੇ ਮੈਂ ਕਮਿਊਨਿਸਟ ਲਹਿਰ 'ਚ ਸ਼ਾਮਲ ਨਾ ਹੋਇਆ ਹੁੰਦਾ ਤਾਂ ਜਿਹੋ ਜਿਹਾ ਮੇਰਾ ਪਰਿਵਾਰਕ ਪਿਛੋਕੜ ਸੀ, ਨਾ ਤਾਂ ਮੈਂ ਫਲਸਫੇ ਦੇ ਸੁਆਲਾਂ ਨੂੰ ਸਮਝਣ ਵੱਲ ਤੁਰ ਸਕਣਾ ਸੀ ਤੇ ਨਾ ਹੀ ਸਮਾਜ ਦੇ ਆਰਥਿਕ ਤੇ ਮਨੋਵਿਗਿਆਨਕ ਸੁਆਲਾਂ ਨੂੰ ਸਮਝਣ ਵੱਲ। ਮਾਰਕਸ, ਏਂਗਲਸ ਤੋਂ ਤੁਰ ਕੇ ਡਾਰਵਿਨ, ਫਰਾਇਡ ਦਾ ਅਧਿਐਨ ਕੀਤਾ। ਇਸ ਅਧਿਐਨ ਨੇ ਇਹ ਸਿਖਾਇਆ ਕਿ ਕਿਸੇ ਵੀ ਦੌਰ 'ਚ ਜੀਅ ਰਿਹਾ ਬੰਦਾ ਸਿਰਫ ਉਸ ਸਮਕਾਲ 'ਚ ਹੀ ਨਹੀਂ ਜੀਉਂ ਰਿਹਾ ਹੁੰਦਾ, ਉਸ ਦੇ ਪਿੱਛੇ ਅਤੀਤ ਦੀ ਵੀ ਇਕ ਲੰਮੀ ਪਰੰਪਰਾ ਹੁੰਦੀ ਹੈ। ਨਾਵਲ 'ਬਹੁਤ ਸਾਰੇ ਚੁਰੱਸਤੇ' ਦੇ ਚੌਥੇ ਭਾਗ 'ਚ ਮੁੱਖ-ਪਾਤਰ ਜਗਵਿੰਦਰ ਭਾਰਤੀ ਇਤਿਹਾਸ, ਪਰੰਪਰਾਵਾਂ, ਜੀਵਨ-ਜਾਚ ਬਾਰੇ ਤਰਕ ਪੇਸ਼ ਕਰਦਾ ਹੈ :

"ਮੈਂ ਮੰਡੀ ਦੇ, ਪੂੰਜੀ ਦੇ ਇਸ ਸਮੁੱਚੇ ਵਹਿਣ ਦੇ ਖਿਲਾਫ ਹਾਂ, ਜਿਵੇਂ ਇਹ ਸਾਡੇ ਬੈੱਡਰੂਮ ਤਕ ਪਹੁੰਚ ਚੁੱਕੀ ਹੈ। ਮੈਂ ਮਨੁੱਖਤਾ ਦੀ ਹੋਣੀ ਬਾਰੇ ਫਿਕਰਮੰਦ ਹਾਂ...'ਰਿਗਵੇਦ' ਵਾਲੇ ਦੌਰ 'ਚ, ਲਗਪਗ ਚਾਰ ਹਜ਼ਾਰ ਸਾਲ ਪਹਿਲਾਂ ਦੇ ਆਸ-ਪਾਸ, ਭਾਰਤੀ ਖਿੱਤੇ ਦੀ ਆਬਾਦੀ ਪੌਣੇ ਕਰੋੜ ਦੇ ਲਗਪਗ ਸੀ। ਇਸ ਵਿਚ ਅੱਜੋਕਾ ਪਾਕਿਸਤਾਨ, ਅਫ਼ਗਾਨਿਸਤਾਨ ਵੀ ਸ਼ਾਮਲ ਸਨ...ਤੇ ਅੱਜ ਇਸ ਖਿੱਤੇ ਦੀ ਆਬਾਦੀ...'ਕੱਲੇ ਭਾਰਤ ਦੀ ਆਬਾਦੀ ਇਕ ਸੌ ਪੰਦਰਾਂ ਕਰੋੜ ਨੂੰ ਪੁੱਜ ਗਈ ਹੈ। ਜੰਗਲ ਅਸੀਂ ਤਬਾਹ ਕਰ ਦਿੱਤੇ ਹਨ...ਜਿਹੜੇ ਕੁਝ ਬਚੇ ਹਨ, ਉਹ ਵੀ ਅਫਸਰਸ਼ਾਹੀ, ਠੇਕੇਦਾਰਾਂ, ਰਾਜਨੀਤੀਵਾਨਾਂ ਤੇ ਉਦਯੋਗਪਤੀਆਂ ਦੇ ਨਾਪਾਕ ਗੱਠਜੋੜ ਮੂਹਰੇ ਬਹੁਤਾ ਸਮਾਂ ਬਚ ਨਹੀਂ ਸਕਣ ਲੱਗੇ! ਪਾਣੀ ਦੇ ਸਰੋਤ ਸਾਡੇ ਪਲੀਤ ਹੁੰਦੇ ਜਾ ਰਹੇ ਹਨ। ਸਭ ਕੁਦਰਤੀ ਦਾਤਾਂ ਅਸੀਂ ਅੰਨ੍ਹੇਵਾਹ ਹੜੱਪੀ ਜਾ ਰਹੇ ਹਾਂ...ਅੰਨ੍ਹੀ ਖਪਤ ਦੀ ਹਵਸ ਦੇ ਇਸ ਪਾਗ਼ਲਪਣ ਵਾਲੇ ਦੌਰ ਦੇ ਰਾਜਨੀਤਕ ਆਗੂ, ਇੰਨੇ ਖੁਦਗਰਜ਼ ਤੇ ਬੌਣੇ ਹਨ ਕਿ ਉਹਨਾਂ ਨੂੰ ਆਪਣੀ ਕੁਰਸੀ ਤੋਂ ਅਗਾਂਹ ਕੁਝ ਦਿਸਦਾ ਹੀ ਨਹੀਂ...ਜੇ ਰਾਜਨੀਤੀ ਦਾ, ਅੰਨ੍ਹੀ ਖਪਤ ਦੇ ਜਨੂੰਨ ਦਾ ਤੇ ਵਿਕਾਸ ਦਾ ਵਹਿਣ ਇਹੀ ਰਿਹਾ ਤਾਂ ਕਿੰਨੀਆਂ ਪੀੜ੍ਹੀਆਂ ਹੋਰ ਜੀਅ ਸਕਾਂਗੇ...?...ਅੱਜ ਲੋੜ ਜੀਵਨ-ਸਲੀਕਾ ਬਦਲਣ ਦੀ ਵੀ ਹੈ, ਉਹ ਪਰੰਪਰਾਵਾਂ, ਉਹ ਕਦਰਾਂ-ਕੀਮਤਾਂ, ਵਿਕਾਸ ਦੇ ਉਹ ਮਾਡਲ ਤੇ ਸਭ ਤੋਂ ਵੱਧ ਇਹਨਾਂ ਦੇ ਆਧਾਰ 'ਤੇ ਉਸਰੀ ਹੋਈ ਰਾਜਨੀਤੀ...ਇਹ ਸਭ ਕੁਝ ਮਿਲ ਕੇ ਸਾਨੂੰ ਤਬਾਹੀ ਦੇ ਇਸ ਮੁਹਾਣੇ ਤਕ ਲੈ ਆਇਆ ਹੈ..."। (ਸਫਾ 519)

ਇਹ ਤਰਕ ਜਗਵਿੰਦਰ ਨਾ ਕਰ ਸਕਦਾ, ਜੇ ਮੈਂ 'ਰਿਗਵੇਦ' ਦਾ ਅਨੁਵਾਦ ਨਾ ਪੜ੍ਹਿਆ ਹੁੰਦਾ, ਜਾਂ ਰੋਮਿਲਾ ਥਾਪਰ, ਰਾਮ ਸ਼ਰਣ ਸ਼ਰਮਾ, ਪ੍ਰੋ: ਇਰਫਾਨ ਹਬੀਬ ਦੇ ਪੁਰਾਤਨ ਤੇ ਮੱਧ-ਕਾਲੀਨ ਭਾਰਤ ਦੇ ਵਿਸ਼ਲੇਸ਼ਣ। ਨਾਲ ਮਾਰਕਸ ਤੇ ਏਂਗਲਜ਼ ਦੀਆਂ ਲਿਖਤਾਂ ਵੀ। ਇਸ ਨਾਵਲ ਦੇ ਪਹਿਲੇ ਦੋ ਭਾਗਾਂ ਵਿਚ ਇਹੀ ਜਗਵਿੰਦਰ ਜਿੱਥੇ ਕੱਟੜ ਕਾਮਰੇਡ ਹੈ, ਤੀਜੇ ਭਾਗ ਵਿਚ

ਉਸ ਦੇ ਮਨ 'ਚ ਜਥੇਬੰਦਕ ਲਹਿਰ ਬਾਰੇ ਸੰਸੇ ਉਠਣੇ ਸ਼ੁਰੂ ਹੋ ਜਾਂਦੇ ਹਨ। ਚੌਥੇ ਭਾਗ ਵਿਚ ਉਸ ਦੇ ਇਹ ਸੰਸੇ ਠੋਸ ਰੂਪ ਧਾਰਦੇ ਹਨ। ਇਸ ਪਿੱਛੇ ਮੇਰਾ ਆਪਣਾ ਮਾਨਸਿਕ ਦਵੰਦ ਹੈ। ਇਹ ਮਾਨਸਿਕ ਦਵੰਦ ਤੇ ਗਿਆਨ ਗ੍ਰਹਿਣ ਕਰਨ ਦੀ ਲਲ੍ਹਕ ਹੀ ਲੇਖਕ ਨੂੰ ਆਮ ਲੋਕਾਂ ਤੋਂ ਵਖਰਿਆਉਂਦੀ ਹੈ। ਗਿਆਨ-ਪ੍ਰਾਪਤੀ ਦੀ ਸ਼ਿੱਦਤ ਹੀ ਕਿਸੇ ਲੇਖਕ ਦੀ ਹੋਣੀ ਨਿਸ਼ਚਤ ਕਰਦੀ ਹੈ। ਅਨੁਭਵ ਤੇ ਕਲਪਨਾਵਾਂ ਨੂੰ ਗਿਆਨ ਦਾ ਤੜਕਾ ਨਵੀਆਂ ਉਚਾਈਆਂ ਬਖਸ਼ਦਾ ਹੈ। ਜਿੰਨੀ ਇਹ ਗਿਆਨ ਗ੍ਰਹਿਣ ਕਰਨ ਦੀ ਸ਼ਿੱਦਤ ਸਹੀ ਦਿਸ਼ਾ 'ਚ ਹੋਵੇਗੀ, ਲਿਖਤ ਉਨੀ ਹੀ ਸਮਰੱਥ ਹੋਵੇਗੀ। ਪਰ ਇਹ ਗਿਆਨ ਦਾ ਪ੍ਰਗਟਾਵਾ ਖੰਡੇ ਦੀ ਧਾਰ 'ਤੇ ਤੁਰਨ ਬਰਾਬਰ ਵੀ ਹੁੰਦਾ। ਇਸ 'ਚ ਰਤਾ ਕੁ ਵੀ ਝੋਲ ਲਿਖਤ ਨੂੰ ਸਾਹਿਤਕ ਕ੍ਰਿਤ ਦੀ ਥਾਂ ਜਾਣਕਾਰੀ ਵਾਲੀ ਲਿਖਤ 'ਚ ਬਦਲ ਸਕਦੀ ਹੈ। ਗਿਆਨ ਤਾਂ ਖਾਦ ਹੈ, ਜਿਸ ਨੇ ਮਿੱਟੀ 'ਚ ਮਿਲਕੇ ਬੂਟੇ ਨੂੰ ਮੌਲਣ ਲਈ ਖੁਰਾਕ ਦੇਣੀ ਹੈ। ਲੋੜੋਂ ਬਹੁਤੀ ਖਾਦ ਬੂਟੇ ਨੂੰ ਸਾੜ ਵੀ ਦਿੰਦੀ ਹੈ।

ਲੇਖਕ ਦੀਆਂ ਮੁੱਢਲੀਆਂ ਰਚਨਾਵਾਂ ਦੇ ਪਾਤਰ ਵਧੇਰੇ ਅਨੁਭਵ ਮੁਖੀ ਹੁੰਦੇ ਹਨ। ਇਸ ਅਨੁਭਵ ਦੀ ਪੇਸ਼ਕਾਰੀ ਇਕ ਹੱਦ ਤਕ ਹੀ ਹੋ ਸਕਦੀ ਹੈ। ਜੇ ਕੋਈ ਲੇਖਕ ਯਤਨ ਕਰਕੇ ਗਿਆਨ-ਪ੍ਰਾਪਤੀ ਦੇ ਰਾਹ ਨਹੀਂ ਤੁਰਦਾ ਤਾਂ ਅਨੁਭਵ ਦੀ ਵਾਰ-ਵਾਰ ਪੇਸ਼ਕਾਰੀ ਲੇਖਕ ਨੂੰ ਦੁਹਰਾਅ ਦੇ ਰਾਹ ਤੋਰ ਦਿੰਦੀ ਹੈ, ਇਸ ਨਾਲ ਲਿਖਤ 'ਚ ਪੇਤਲਾਪਣ ਆਉਣਾ ਸ਼ੁਰੂ ਹੋ ਜਾਂਦਾ।

ਮੇਰੀਆਂ ਦੋ ਪਾਤਰ ਹਨ : ਨਾਵਲੈੱਟ 'ਅੱਗ ਦੀ ਉਮਰ' ਦੀ ਰੇਸ਼ਮੋ ਤੇ ਨਾਵਲ 'ਅੰਬਰ ਵੱਲ ਉਡਾਣ' ਦੀ ਪਾਲੀ। ਦੋਵੇਂ ਸਰੀਰ ਦੇ ਵੇਗ ਦੇ ਕਹੇ ਚੜ੍ਹਦੀ ਵਰੇਸ 'ਚ ਸਰੀਰਕ ਸੰਬੰਧਾਂ ਵੱਲ ਤੁਰਦੀਆਂ ਹਨ, ਪਰ ਦੋਹਾਂ ਨੂੰ ਚਿਤਰੇ ਜਾਣ ਦੇ ਵਿਚਾਲੇ ਲਗਪਗ ਤਿੰਨ ਦਹਾਕਿਆਂ ਦਾ ਫਰਕ ਹੈ। ਰੇਸ਼ਮੋ ਦੇ ਘੜੇ ਜਾਣ ਦਾ ਸਮਾਂ ਹਰੇ ਇਨਕਲਾਬ ਦੇ ਡਿੱਗ ਰਹੇ ਗਰਾਫ ਦਾ ਸਮਾਂ ਹੈ, ਭਾਵੇਂ ਉਸਦੇ ਨਾਂਹ-ਪੱਖੀ ਪ੍ਰਭਾਵ ਅਜੇ ਬਹੁਤੇ ਉਭਰਨੇ ਨਹੀਂ ਸਨ ਸ਼ੁਰੂ ਹੋਏ। ਕੰਢੀ ਦੇ ਖੇਤੀ-ਖੇਤਰ 'ਚ ਨਵਾਂ ਢਾਂਚਾ ਉਸਰ ਰਿਹਾ ਸੀ। ਕੰਢੀ ਨਹਿਰ ਕੱਢੀ ਜਾ ਰਹੀ ਸੀ, ਡੂੰਘੇ ਟਿਊਬਵੈੱਲ ਲਾਏ ਜਾ ਰਹੇ ਸਨ। ਇਹ ਉਸਾਰੀ ਰਵਾਇਤੀ ਭਾਈਚਾਰੇ 'ਚ ਤਰੇੜਾਂ ਵੀ ਪਾ ਰਹੀ ਸੀ। ਇਹਨਾਂ ਤਰੇੜਾਂ/ਵਿਕਾਸ ਦੇ ਰਾਹ, ਨਵੇਂ ਲੋਕ ਪਿੰਡ 'ਚ ਦਾਖਲ ਹੋ ਰਹੇ ਸਨ, ਜਿਨ੍ਹਾਂ ਦੇ ਪ੍ਰਭਾਵ ਅਧੀਨ ਰੇਸ਼ਮੋ ਦੀ ਚਾਹਤ ਉਸ ਨੂੰ ਉਸ ਦੇ ਹਾਣੀ ਕੈਲੇ ਕੋਲ ਲੈ ਜਾਂਦੀ ਹੈ। ਪਰ ਇਹ ਦੇਹਿਕ-ਸੁੱਖ ਉਸ ਲਈ ਸੰਤਾਪ ਬਣ ਜਾਂਦਾ। ਉਸਦਾ ਮਨ ਤਾਂ ਰਵਾਇਤ ਤੋਂ ਬਗ਼ਾਵਤ ਕਰ ਦਿੰਦਾ, ਪਰ ਉਸ ਬਗ਼ਾਵਤ ਨੂੰ ਸਾਹ ਦੇਣ ਵਾਸਤੇ ਅਗਾਂਹ ਕੋਈ ਆਧਾਰ ਨਹੀਂ। ਬਗ਼ਾਵਤ ਦੀ ਕਰੂੰਬਲ ਉਸਦੇ ਸੰਬੰਧ ਨਸ਼ਰ ਹੁੰਦਿਆਂ ਹੀ ਮਸਲ ਦਿੱਤੀ ਜਾਂਦੀ ਹੈ ਅਤੇ ਉਹ ਇਕ ਸਿੱਧੜ ਜਿਹੇ ਅਨਜੋੜ ਵਿਆਹ 'ਚ ਸਾਰੀ ਉਮਰ ਧੁਖਣ ਲਈ ਧੱਕ ਦਿੱਤੀ ਜਾਂਦੀ ਹੈ। 'ਅੰਬਰ ਵੱਲ ਉਡਾਣ' ਦੀ ਪਾਲੀ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ 'ਚ ਜੀਊਂ ਰਹੀ ਹੈ। ਇਹ ਉਹ ਸਮਾਂ ਹੈ ਜਦੋਂ ਪੰਜਾਬ ਰਵਾਇਤੀ ਜੀਵਨ-ਜਾਚ ਤੋਂ ਟੁੱਟਕੇ, ਇਕ ਨਵੀਂ ਜੀਵਨ-ਜਾਚ ਦੀ ਉਸਾਰੀ ਕਰ ਰਿਹਾ ਹੈ। ਸ਼ਹਿਰ ਤਾਂ ਕੀ, ਕਸਬਿਆਂ, ਪਿੰਡਾਂ ਤਕ ਮਾਡਲ ਸਕੂਲ, ਕਿੱਤਾ ਮੁਖੀ ਕਾਲਿਜ, ਇੰਗਲਿਸ਼ ਸਪੀਕਿੰਗ ਸੰਸਥਾਵਾਂ ਖੁੱਲ੍ਹ ਰਹੀਆਂ ਹਨ। ਕੇਬਲ ਟੀ. ਵੀ., ਇੰਟਰਨੈੱਟ ਨੇ ਹਰ ਬੰਦੇ ਨੂੰ ਸਿੱਧਾ ਸੰਸਾਰ ਸਭਿਆਚਾਰ ਨਾਲ ਜੋੜ ਦਿੱਤਾ ਹੈ। ਯੋਰਪੀ ਮੁਲਕਾਂ, ਕੈਨੇਡਾ, ਅਮਰੀਕਾ 'ਚ ਪਰਵਾਸ ਇਕ ਆਮ ਰੁਝਾਨ ਬਣ ਗਿਆ ਹੈ। ਮਲਟੀਨੈਸ਼ਨਲ ਕੰਪਨੀਆਂ ਨਾਲ ਜੁੜੇ ਕਿੱਤਿਆਂ 'ਚ ਰੁਜ਼ਗਾਰ ਦੇ ਅਨੇਕਾਂ ਮੌਕੇ ਹੋਂਦ 'ਚ ਆ ਰਹੇ ਹਨ। ਇਸ ਮਾਹੌਲ 'ਚ ਜਦੋਂ ਪਾਲੀ ਮਨ ਦੀ ਚਾਹਤ ਦੇ ਆਖੇ ਲੱਗ ਰਵਾਇਤੀ ਜੀਵਨ-ਜਾਚ ਤੋਂ ਬਗ਼ਾਵਤ ਕਰਦੀ ਹੈ ਤਾਂ ਉਸ ਸਾਹਮਣੇ ਇਹ ਨਵਾਂ ਸੰਸਾਰ



ਉਸ ਦੀ ਬਗ਼ਾਵਤ ਨੂੰ ਆਧਾਰ ਮੁਹੱਈਆ ਕਰਨ ਲਈ ਮੌਜੂਦ ਹੈ। ਉਹ ਨੌਕਰੀ ਦੇ ਰਾਹ ਤੁਰਦੀ ਹੈ ਤੇ ਪੈਰਾਂ ਸਿਰ ਖੜ੍ਹੀ ਹੋ ਕੇ ਦੁਨੀਆ ਨੂੰ ਟਿੱਚ ਜਾਣਦੀ ਹੋਈ ਮਨਮਰਜ਼ੀਆਂ ਕਰਦੀ ਹੈ। ਭਾਵੇਂ ਇੱਥੇ ਵੀ ਉਹ ਠੱਗੀ ਜਾ ਰਹੀ ਹੈ, ਪਰ ਇੱਥੇ ਉਸ ਨੂੰ ਪੂੰਜੀ ਵਰਤ ਰਹੀ ਹੈ। ਖਪਤ ਸਭਿਆਚਾਰ ਨੇ ਉਸਦੀ ਦੇਹ ਨੂੰ ਵਸਤ 'ਚ ਬਦਲ ਦਿੱਤਾ ਹੈ, ਪਰ ਉਸ ਦੀ ਜ਼ਿੰਦਗੀ ਨੂੰ ਕੋਈ ਖਤਰਾ ਨਹੀਂ। ਸੁਚੇਤ ਤੌਰ 'ਤੇ ਉਸ ਨੂੰ ਇਹ ਵੀ ਲੱਗਦਾ ਹੈ ਕਿ ਉਹ ਅਗਾਂਹ ਵਧ ਰਹੀ ਹੈ। ਰੇਸ਼ਮੋ ਤੇ ਪਾਲੀ ਦੀਆਂ ਚਾਹਤਾਂ ਇਕ ਹੀ ਹਨ, ਹੋਣੀ ਵੀ ਲਗਪਗ ਇਕ ਹੀ ਹੈ, ਪਰ ਵਿਚਾਲੇ ਤਿੰਨ ਦਹਾਕਿਆਂ ਦਾ ਫਾਸਲਾ ਹੈ ਜਿਹੜਾ ਇਕ ਨੂੰ ਜੀਉਂਦੀ ਲਾਸ਼ 'ਚ ਬਦਲ ਦਿੰਦਾ ਤੇ ਦੂਸਰੀ ਨੂੰ ਖਪਤ ਸਭਿਆਚਾਰ ਦੀ ਉਪਭੋਗੀ ਵਸਤ 'ਚ। 2012 ਦੇ ਸੰਦਰਭ 'ਚ ਰੇਸ਼ਮੋ ਨਹੀਂ ਚਿਤਰੀ ਜਾ ਸਕਦੀ, ਨਾ ਹੀ 1982 'ਚ ਪਾਲੀ।

ਅੱਜ ਰਿਸ਼ਤਿਆਂ ਦੀ ਹੰਢਣਸਾਰਤਾ ਦਾ ਆਧਾਰ ਵਧੇਰੇ ਪੂੰਜੀਮੁਖੀ ਹੋ ਗਿਆ ਹੈ। 'ਪਹਿਲੀ ਨਜ਼ਰ ਦਾ ਪਿਆਰ' ਵਰਗੀਆਂ ਧਾਰਨਾਵਾਂ ਮੌਜ-ਮੇਲੇ ਤਕ ਸੀਮਤ ਹੋ ਕੇ ਰਹਿ ਗਈਆਂ ਹਨ। ਰਿਸ਼ਤੇ ਅਕਸਰ ਪੂੰਜੀ ਨੂੰ ਦੇਖ ਕੇ ਜੁੜਦੇ ਹਨ ਤੇ ਪੂੰਜੀ ਦੇ ਸਿਰ 'ਤੇ ਖੜ੍ਹੇ ਰਹਿੰਦੇ ਹਨ ਜਾਂ ਜੀਵੇ ਜਾਂਦੇ ਹਨ। 'ਖੇਤਾਂ ਦਾ ਰੁਦਨ' ਦੀ ਮਾਲਤੀ ਲਈ 'ਦੇਹ ਸੁਖ' ਤੇ 'ਵਿਆਹ' ਦੋ ਵੱਖ-ਵੱਖ ਚੀਜ਼ਾਂ ਹਨ। ਉਹ ਰਵੀ ਨਾਲ ਪਿਆਰ ਦੇ ਨਾਂਅ 'ਤੇ 'ਦੇਹ ਸੁਖ' ਮਾਣਦੀ ਹੈ, ਉਸ ਨੂੰ ਚਾਹੁੰਦੀ ਹੈ ਪਰ ਜਦੋਂ 'ਬਾਹਰਲਾ ਰਿਸ਼ਤਾ' ਆਉਂਦਾ ਤਾਂ ਪਲ ਦੀ ਵੀ ਦੁਬਿਧਾ ਨਹੀਂ ਰੱਖਦੀ, ਝੱਟ ਵਿਆਹ ਕਰਵਾ ਲੈਂਦੀ ਹੈ। ਇਸ ਵਿਆਹ ਦੀ ਹੰਢਣਸਾਰਤਾ ਕੀ ਹੋਵੇਗੀ? ਜਾਂ ਇਸ ਦਾ ਭਵਿੱਖ ਕੀ ਹੋ ਸਕਦਾ ਹੈ? ਇਹਨਾਂ ਗੱਲਾਂ 'ਤੇ ਕਿੰਤੂ ਤਾਂ ਉੱਠਣੇ ਸ਼ੁਰੂ ਹੋ ਗਏ ਹਨ, ਪਰ ਇਹ ਕਿੰਤੂ ਅਜੇ ਸਰਬਵਿਆਪੀ ਨਹੀਂ ਹੋਏ। ਜੇ ਵਿਆਹ ਦੀ ਪ੍ਰਸੰਗਕਤਾ ਅਜੇ ਭਾਈਚਾਰਕ ਆਧਾਰ 'ਤੇ ਬਣੀ ਹੋਈ ਹੈ ਤਾਂ ਇਸ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ, ਨਾ ਹੀ ਉੱਠਦੇ ਕਿੰਤੂਆਂ ਨੂੰ ਹੀ। ਅੱਜ ਪੰਜਾਬ ਦੇ ਹਰ ਜਵਾਨ ਹੁੰਦੇ ਮੁੰਡੇ ਕੁੜੀ ਦੀ ਖਾਹਸ਼ ਬਦੇਸ਼ ਵਸਣਾ ਹੈ। ਕਾਲਿਜ ਜਾਂ ਯੂਨੀਵਰਸਿਟੀ 'ਚ ਪਹੁੰਚਦਿਆਂ ਉਹ ਇਸ ਖਾਹਸ਼ ਦੀ ਪੂਰਤੀ ਹਿਤ ਜੀਅ-ਜਾਨ ਨਾਲ ਜੁਟ ਜਾਂਦੇ ਹਨ। ਪੜ੍ਹਾਈ ਤਾਂ ਹੁੰਦੀ ਹੈ ਇਕ ਬਹਾਨਾ ਤੇ ਲਲ੍ਹਕ ਹਰ ਪਲ ਬਾਹਰ ਜਾਣ ਦੀ। ਕਿਸੇ ਕਿਸੇ ਦੀ ਇਹ ਖਾਹਸ਼ ਪੜ੍ਹਦਿਆਂ ਪੂਰੀ ਵੀ ਹੋ ਜਾਂਦੀ ਹੈ ਤੇ ਕਿਸੇ ਦੀ ਬਾਅਦ 'ਚ। ਤਕਰੀਬਨ ਅਠਾਈ, ਤੀਹ ਸਾਲਾਂ ਤਕ ਵਿਆਹ ਇਸ ਲਈ ਟਲ਼ਦੇ ਰਹਿੰਦੇ ਹਨ ਕਿ ਹੋਰ ਨਹੀਂ ਤਾਂ ਸ਼ਾਇਦ ਵਿਆਹ ਦੇ ਆਧਾਰ 'ਤੇ ਹੀ ਬਾਹਰ ਨਿਕਲਿਆ ਜਾ ਸਕੇ। ਪਰ ਕੀ ਇਹ ਸੁਪਨਿਆਂ ਨਾਲ ਭਰੇ ਮੁੰਡੇ-ਕੁੜੀਆਂ ਇੰਨੀ ਉਮਰ ਤਕ ਦੇਹਿਕ-ਸੁਖ ਤੋਂ ਵਾਂਝੇ ਰਹਿੰਦੇ ਹਨ ਜਾਂ ਕਿਸੇ ਨਾਲ ਭਾਵੁਕ ਪਿਆਰ 'ਚ ਨਹੀਂ ਪੈਂਦੇ? ਤੇ ਜੇ ਇਹ ਦੇਹਿਕ-ਸੰਬੰਧ ਜਾਂ ਭਾਵੁਕ ਪਿਆਰ ਉਹਨਾਂ ਦੀ ਅੰਤਮ ਮੰਜ਼ਲ ਨਹੀਂ ਇਕੱਠਿਆਂ ਰਹਿਣ ਦੀ, ਬਸ ਸਿਰਫ ਇਕ ਸਮਾਂ ਬਿਤਾਉਣ ਦਾ ਸਾਧਨ ਮਾਤਰ ਹੈ, ਤਾਂ ਇਸ ਨੂੰ ਕੀ ਕਿਹਾ ਜਾ ਸਕਦਾ! ਇਸ ਪਿਛੋਕੜ 'ਚੋਂ ਹੋਂਦ ਗ੍ਰਹਿਣ ਕਰਦੀ ਹੈ ਮਾਲਤੀ। ਦੂਜੇ ਪਾਸੇ ਰਵੀ ਹੈ ਜਿਸ ਲਈ ਜ਼ਿੰਦਗੀ ਦੀ ਸਾਰਥਿਕਤਾ ਸਮਾਜੀ ਸਰੋਕਾਰਾਂ ਨਾਲ ਜੁੜਕੇ ਹੈ। ਉਸ ਦੇ ਇਹ ਸਰੋਕਾਰ ਮਾਰਕਸਵਾਦੀ ਦ੍ਰਿਸ਼ਟੀ 'ਚੋਂ ਆਉਂਦੇ ਹਨ। ਜਦੋਂ ਦ੍ਰਿਸ਼ਟੀ ਜੀਵਨ-ਜਾਚ ਬਣ ਜਾਵੇ ਤਾਂ ਇਹ ਪਲ ਪਲ ਦੀ ਜੀਵਨ-ਜਾਚ ਹੁੰਦੀ ਹੈ। ਇਹ ਨਹੀਂ ਕਿ ਕਿਸੇ ਵੇਲ਼ੇ ਹੋਰ ਤੇ ਕਿਸੇ ਹੋਰ ਵੇਲ਼ੇ ਹੋਰ, ਜਿਵੇਂ ਕਿ ਸਮਕਾਲ ਦੇ ਬਹੁਤੇ ਕਾਮਰੇਡ ਕਰਦੇ ਹਨ। ਇਹਨਾਂ 'ਚ 'ਬਹੁਤ ਸਾਰੇ ਚੁਰੱਸਤੇ' ਦਾ ਕਾਮਰੇਡ ਗੁਰਮੇਲ ਸਿੰਘ ਵੀ ਹੈ, ਕਾਮਰੇਡ ਭੀਮਾ ਸਿੰਘ ਵੀ ਤੇ ਹੋਰ ਵੀ ਬਹੁਤ ਸਾਰੇ। ਇਹਨਾਂ ਲਈ ਮਾਰਕਸਵਾਦ ਜੀਵਨ-ਦ੍ਰਿਸ਼ਟੀ ਨਹੀਂ, ਬਸ ਰਾਜਨੀਤਕ ਰੁਝੇਵਾਂ ਹੈ। ਦੂਸਰੇ ਪਾਸੇ ਇਸੇ ਨਾਵਲ 'ਚ ਕਾਮਰੇਡ ਦਸੌਂਧਾ

ਸਿੰਘ ਲਈ ਮਾਰਕਸਵਾਦ ਜੀਵਨ-ਦ੍ਰਿਸ਼ਟੀ ਹੈ। ਇਸ ਲਈ ਉਹ ਇਸ ਰੁਝਾਨ 'ਤੇ ਉਸਰੀਆਂ ਪਾਰਟੀਆਂ ਦੇ ਵੀ ਫਿੱਟ ਨਹੀਂ ਤੇ ਨਾ ਹੀ ਜਗਵਿੰਦਰ। 'ਖੇਤਾਂ ਦਾ ਰੁਦਨ' ਦਾ ਰਵੀ ਵੀ ਅਜਿਹਾ ਹੀ ਪਾਤਰ ਹੈ। ਖਾਣ-ਪੀਣ, ਰਹਿਣ-ਸਹਿਣ ਤੋਂ ਲੈ ਕੇ ਦੇਹਿਕ-ਸੰਬੰਧਾਂ ਤਕ...ਉਹ ਬਰਾਬਰੀ 'ਤੇ ਖੜ੍ਹਾ ਹੈ, ਬਰਾਬਰੀ ਚਾਹੁੰਦਾ ਹੈ। ਉਹ ਇਸਤੋਂ ਵੱਖਰਾ ਸੋਚ ਹੀ ਨਹੀਂ ਸਕਦਾ! ਸਮਕਾਲ ਦੀਆਂ ਕਮਿਊਨਿਸਟ ਪਾਰਟੀਆਂ 'ਚ ਭਾਵੇਂ ਅਜਿਹੇ ਬੰਦੇ ਵਿਕੋਲਤਰੇ ਰਹਿ ਗਏ ਹਨ, ਪਰ ਹਨ ਜ਼ਰੂਰ, ਜਿਨ੍ਹਾਂ ਦੇ ਸਿਰ 'ਤੇ ਲਹਿਰ ਦੀ ਅਜੇ ਵੀ ਕੁਝ ਕੁ ਵੱਖਰੀ ਪਛਾਣ ਬਾਕੀ ਹੈ। ਧੁੰਦਲੀ ਭਾਵੇਂ ਹੋ ਗਈ ਹੈ ਪਰ ਖਤਮ ਨਹੀਂ ਹੋਈ। 'ਖੇਤਾਂ ਦੇ ਰੁਦਨ' 'ਚ ਚਿੰਤਨੀ ਧੁੰਦਲਕਾ, ਲਹਿਰ ਦੇ ਇਸ ਸਮਕਾਲ ਦਾ ਧੁੰਦਲਕਾ ਹੈ।

ਕੀ ਕਿਸੇ ਬੰਦੇ ਦੀ ਓਨੀ ਹੀ ਸ਼ਖ਼ਸੀਅਤ ਹੁੰਦੀ ਹੈ, ਜਿੰਨੀ ਕਿਸੇ ਲਿਖਤ 'ਚ ਪਾਤਰ ਬਣਨ 'ਤੇ ਉਭਰਦੀ ਹੈ। ਨਹੀਂ, ਲਿਖਤ 'ਚ ਤਾਂ ਉਸ ਦੇ ਸਮੁੱਚ ਦਾ ਇਕ ਨਮੂਨਾ ਹੁੰਦਾ ਹੈ ਜਿਸ 'ਚੋਂ ਉਸ ਬਾਰੇ, ਉਸ ਦੇ ਸਮਕਾਲ ਦੇ ਵਰਤਾਰਿਆਂ ਬਾਰੇ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹੁੰਦੀਆਂ ਹਨ। ਪਰ ਇਹ ਰੇਖਾਵਾਂ ਇੰਝ ਦੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਕਿ ਸਮੁੱਚ ਦੇ ਚਿਤਰ ਦੇ ਅਕਸ ਨਾਲ ਵਿਰੋਧਾਭਾਸ ਨਾ ਪੈਦਾ ਕਰ ਰਹੀਆਂ ਹੋਣ, ਜਿਵੇਂ 'ਰਾਤ ਬਾਕੀ ਹੈ' ਦਾ ਚਰਨ ਹੈ। ਇਹ ਉਸ ਦੌਰ 'ਚ ਕਮਿਊਨਿਸਟ ਆਦਰਸ਼ਾਂ ਲਈ ਕੁਰਬਾਨ ਹੁੰਦੇ ਪੰਜਾਬੀ ਕਾਮਰੇਡਾਂ ਦੀ ਕੁਰਬਾਨੀ ਦਾ ਪ੍ਰਤੀਕ ਹੈ। ਉਸ ਦੌਰ 'ਚ ਕਿੰਨੇ ਕਾਮਰੇਡਾਂ ਨੇ ਸ਼ਹੀਦੀਆਂ ਪਾਈਆਂ, ਜੇਲ੍ਹਾਂ ਦੀਆਂ ਕਾਲ-ਕੋਠੜੀਆਂ 'ਚ ਜ਼ਿੰਦਗੀ ਦੇ ਹੁਸੀਨ ਵਰ੍ਹੇ ਗੁਜ਼ਾਰੇ, ਪਰਿਵਾਰਾਂ ਨੂੰ ਬਲ਼ਦੀ ਦੇ ਬੂਥੇ ਧੱਕੀ ਰੱਖਿਆ, 'ਚਰਨ' ਉਸ ਦੀ ਝਲਕ ਹੈ। ਲਹਿਰ ਲਈ ਇੰਝ ਦੀ ਕੁਰਬਾਨੀ ਵਾਲਾ ਪਾਤਰ ਚਿਤਰਨਾ ਅੱਜ ਸਹਿਜ ਨਹੀਂ ਹੋ ਸਕਦਾ! ਇਹ ਨਹੀਂ ਕਿ ਅੱਜ ਆਦਰਸ਼ਾਂ ਲਈ ਕੁਰਬਾਨੀਆਂ ਦਾਅ 'ਤੇ ਨਹੀਂ ਲਾਈਆਂ ਜਾ ਰਹੀਆਂ, ਪਰ ਉਹਨਾਂ ਦਾ ਰੂਪ ਬਦਲ ਗਿਆ ਹੈ। 'ਖੇਤਾਂ ਦਾ ਰੁਦਨ' ਦਾ ਰਵੀ ਇਸ ਬਦਲੇ ਸਮੇਂ ਦਾ 'ਚਰਨ' ਹੈ। ਬਦਲਦੇ ਹਾਲਾਤ 'ਚ, ਇਸ ਬਦਲਦੇ ਸਮਾਜਕ ਯਥਾਰਥ ਦੀ ਸਮਝ ਲੇਖਕ ਨੂੰ ਹੋਣੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਉਹ ਬੀਤੇ ਦੇ ਹੇਰਵੇ 'ਚ ਉਲਝ ਸਕਦਾ।

ਮੇਰੇ ਪਾਤਰਾਂ ਨੂੰ ਬੀਤੇ ਦਾ ਕੋਈ ਹੇਰਵਾ ਨਹੀਂ। ਉਹਨਾ ਨੂੰ ਪਤਾ ਹੈ, ਜਿਸ ਬਿੰਦੂ ਤਕ ਉਹ ਤੁਰ ਆਏ ਹਨ, ਉੱਥੋਂ ਪਿਛਾਂਹ ਮੁੜਨ ਦਾ ਰਾਹ ਸੰਭਵ ਨਹੀਂ। ਵਿਕਾਸ ਜਿਸ ਪੜਾਅ ਤਕ ਪਹੁੰਚ ਚੁੱਕਾ ਹੁੰਦਾ, ਇਸਤੋਂ ਅਗਾਂਹ ਤਾਂ ਯਤਨ ਕਰਕੇ ਮਨਚਾਹੀ ਦਿਸ਼ਾ ਦਿੱਤੀ ਜਾ ਸਕਦੀ ਹੁੰਦੀ ਹੈ ਪਰ ਪਿਛਲੇ ਬਾਰੇ ਸਿਰਫ ਵਿਸ਼ਲੇਸ਼ਣ ਹੀ ਕੀਤਾ ਜਾ ਸਕਦਾ। ਭੂਤ ਵਾਲੀ ਜੀਵਨ-ਜਾਚ ਚਾਹ ਕੇ ਵੀ ਨਹੀਂ ਅਪਣਾ ਸਕਦੇ!

ਲਗਪਗ ਚਾਲ਼ੀ ਵਰ੍ਹੇ ਹੋ ਗਏ ਹਨ ਲਿਖਦਿਆਂ। ਇਹਨਾਂ ਚਾਲ਼ੀ ਵਰ੍ਹਿਆਂ 'ਚ ਅਨੇਕਾਂ ਪਾਤਰ ਆਏ ਹਨ ਮਿੰਨੀ ਕਹਾਣੀਆਂ, ਕਹਾਣੀਆਂ, ਨਾਵਲੈੱਟ ਤੇ ਨਾਵਲਾਂ 'ਚ। ਪਰ ਜਦੋਂ ਵੀ ਮੈਂ ਇਹਨਾਂ ਚਿਤਰੇ ਪਾਤਰਾਂ ਬਾਰੇ ਸੋਚਦਾ ਹਾਂ ਇਹਨਾਂ ਦੇ ਕਾਲਕ੍ਰਮ ਦੀ ਤਸਵੀਰ 'ਚ, ਤਾਂ ਜਿਵੇਂ-ਜਿਵੇਂ ਇਹ ਸਿਰਜੇ ਗਏ ਹਨ, ਉਹਨਾਂ 'ਚੋਂ ਸਮਾਜਕ ਵਿਕਾਸ ਦੀ ਤਸਵੀਰ ਦੇ ਪਰਛਾਵਿਆਂ ਨੂੰ ਲੱਭਿਆ ਜਾ ਸਕਦਾ ਤੇ ਮੇਰੇ ਚਿੰਤਨ-ਵਿਕਾਸ ਨੂੰ ਵੀ ਜਾਂ ਜਿਵੇਂ-ਜਿਵੇਂ ਸਮਾਜ ਤੇ ਖੁਦ ਮੈਂ ਬਦਲਿਆ ਹਾਂ, ਇਹ ਉਸੇ ਦੀ ਸਿੱਧੀ ਉਪਜ ਹਨ।□□

[ਸਾਹਿਤ ਸੰਪਾਦਕ, ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ]



# ਕਿਸਾਨੀ-ਸੰਸਕ੍ਰਿਤੀ ਤੇ ਅਵਤਾਰ ਸਿੰਘ ਬਿਲਿੰਗ ਦੀ ਨਾਵਲੀ-ਚੇਤਨਾ: ਨਿਬੰਧ: ਮਨਜੀਤ ਕੌਰ

ਅਵਤਾਰ ਸਿੰਘ ਬਿਲਿੰਗ ਪੰਜਾਬੀ ਗਲਪ-ਜਗਤ ਦਾ ਅਜਿਹਾ ਹਸਤਾਖ਼ਰ ਹੈ, ਜਿਸਨੇ ਆਪਣੇ ਨਿਵੇਕਲੀ ਸ਼ੈਲੀ ਤੇ ਵਸਤੂ ਕਰਕੇ ਵਿਲੱਖਣ ਪਛਾਣ ਬਣਾਈ ਹੈ। ਗਲਪ-ਜਗਤ ਵਿਚ ਉਸ ਨੇ ਕਹਾਣੀ ਲਿਖਣ ਨਾਲ ਪ੍ਰਵੇਸ਼ ਕੀਤਾ ਸੀ। 'ਮੌਤ ਦੇ ਸਾਏ ਹੇਠ', 'ਆਪਣਾ ਖ਼ੂਨ', 'ਨਿਆਜ਼', 'ਪੱਛੋਂ ਦੀ ਹਵਾ', 'ਤਿਉਹਾਰ ਦਾ ਦਿਨ' ਕਹਾਣੀ-ਸੰਗ੍ਰਹਿ ਲਿਖ ਕੇ ਉਸ ਨੇ ਆਪਣੇ ਅਨੁਭਵ ਨੂੰ ਦ੍ਰਿਸ਼ਟੀਗੋਚਰ ਕੀਤਾ। 'ਨਰੰਜਣ ਮਸ਼ਾਲਚੀ' ਬਿਲਿੰਗ ਦੀ ਪਹਿਲੀ ਨਾਵਲੀ-ਰਚਨਾ ਸੀ। ਇਸ ਨਾਵਲ ਨਾਲ ਹੀ ਉਸ ਨੇ ਨਾਵਲੀ-ਜਗਤ ਵਿਚ ਆਪਣੀ ਭਰਵੀਂ ਹਾਜ਼ਰੀ ਲਵਾਈ। ਉਸ ਤੋਂ ਬਾਅਦ ਉਹ ਨਾਵਲ-ਰਚਨਾ ਦੇ ਖੇਤਰ ਵਿਚ ਨਿਰੰਤਰ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਪ੍ਰਮਾਣ ਦਿੰਦਾ ਆ ਰਿਹਾ ਹੈ। 'ਖੇੜੇ ਸੁੱਖ ਵਿਹੜੇ ਸੁੱਖ', 'ਇਹਨਾਂ ਰਾਹਾਂ ਉਤੇ', 'ਪੱਤ ਕੁਮਲਾ ਗਏ', 'ਦੀਵੇ ਜਗਦੇ ਰਹਿਣਗੇ' ਅਤੇ 'ਖ਼ਾਲੀ ਖੂਹਾਂ ਦੀ ਕਥਾ' ਉਸਦੀਆਂ ਲਗਪਗ ਸਾਰੀਆਂ ਨਾਵਲੀ-ਰਚਨਾਵਾਂ ਪਾਠਕ-ਜਗਤ ਦਾ ਧਿਆਨ ਖਿੱਚਦੀਆਂ ਆਈਆਂ ਹਨ। ਸੰਨ 2014 ਵਿਚ ਨਾਵਲ 'ਖ਼ਾਲੀ ਖੂਹਾਂ ਦੀ ਕਥਾ' ਉਪਰ ਉਸ ਨੂੰ ਮਿਲਿਆ ਅੰਤਰ-ਰਾਸ਼ਟਰੀ 'ਢਾਹਾਂ ਪਰਾਈਜ਼ ਫ਼ਾਰ ਪੰਜਾਬੀ ਲਿਟਰੇਚਰ' ਦਾ ਸਨਮਾਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਸਦੀ ਸਿਰਜਣਾਤਮਕ ਪ੍ਰਤਿਭਾ ਦਾ ਮਿਆਰ ਨਿੱਗਰ ਅਤੇ ਪ੍ਰੋੜ੍ਹ ਹੈ। ਇਹ ਸਨਮਾਨ ਮਿਲਣ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਬਿਲਿੰਗ ਨੇ ਕਿਹਾ ਹੈ, "ਇਹ ਐਵਾਰਡ ਮੇਰੇ ਵਾਸਤੇ ਬੜਾ ਉਸਾਰੂ ਪ੍ਰਭਾਵ ਰੱਖਦਾ ਹੈ। ਇਸ ਨਾਲ ਮੇਰਾ ਆਪਣੇ ਆਪ ਉਪਰ ਅਤੇ ਮੇਰੀ ਲੇਖਣੀ ਵਿਚ ਵਿਸ਼ਵਾਸ ਵਧਿਆ ਹੈ। ਨਾਲ ਹੀ ਮੈਨੂੰ ਆਪਣੀਆਂ ਲਿਖਤਾਂ ਪ੍ਰਤੀ ਹੋਰ ਵਡੇਰੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਜਾਗਿਆ ਹੈ।"[1]

ਨਾਵਲੀ-ਸਿਰਜਣਾ ਵਿਚ ਬਿਲਿੰਗ ਕਿਸਾਨੀ ਸਭਿਆਚਾਰ ਦੇ ਵਸਤੂ-ਯਥਾਰਥ ਦੇ ਦ੍ਰਿਸ਼ਟਮਾਨ ਨੂੰ ਪ੍ਰਾਥਮਿਕਤਾ ਦਿੰਦਾ ਹੈ। ਕਿਸਾਨੀ ਸੰਸਕ੍ਰਿਤੀ ਦੀ ਵਾਸਤਵਿਕਤਾ ਨੂੰ ਗਲਪੀ ਬਿੰਬ ਰਾਹੀਂ ਪ੍ਰਗਟਾਉਣ ਵਿਚ ਬਿਲਿੰਗ ਵਿਸ਼ੇਸ਼ ਮੁਹਾਰਤ ਰੱਖਦਾ ਹੈ। ਬਿਲਿੰਗ ਦੇ ਨਾਵਲਾਂ ਦਾ ਗਲਪੀ ਸੰਸਾਰ ਕਿਸਾਨੀ ਸੰਸਕ੍ਰਿਤੀ ਦੇ ਧਰਾਤਲ ਦੀਆਂ ਗੁੱਝੀਆਂ ਪਰਤਾਂ ਨੂੰ ਫਰੋਲਦਾ ਹੈ। 'ਬਿਲਿੰਗ ਨੇ ਆਪਣੀ ਲੇਖਣੀ ਵਿਚ ਪੰਜਾਬ ਦੇ ਵਿਸ਼ੇਸ਼ ਭੂ-ਖੰਡ, ਜਿਸਨੂੰ 'ਢਾਹੇ' ਦਾ ਇਲਾਕਾ ਕਿਹਾ ਜਾਂਦਾ ਹੈ, ਨੂੰ ਆਧਾਰ ਬਣਾਇਆ ਹੈ। ਇਸ ਖਿੱਤੇ ਦੇ ਲੋਕਾਂ ਦੀਆਂ ਮੁੱਖ ਆਰਥਿਕ, ਸਮਾਜਕ, ਧਾਰਮਿਕ , ਰਾਜਨੀਤਕ ਅਤੇ ਸੱਭਿਆਚਾਰਕ ਤਬਦੀਲੀਆਂ ਨੂੰ ਬੜੀ ਨੀਝ ਨਾਲ ਅਗਰਭੂਮੀ ਵਿਚ ਲਿਆਂਦਾ ਹੈ।"[2] 'ਨਰੰਜਣ ਮਸ਼ਾਲਚੀ' ਨਾਵਲ ਤੋਂ ਆਪਣਾ ਨਾਵਲੀ-ਸਫ਼ਰ ਆਰੰਭ ਕਰਕੇ 'ਖ਼ਾਲੀ ਖੂਹਾਂ ਦੀ ਕਥਾ' ਤਕ ਪਹੁੰਚਦਾ ਹੋਇਆ ਉਹ ਕਿਸਾਨੀ ਯਥਾਰਥ-ਬੋਧ ਦੀਆਂ ਅਜਿਹੀਆਂ ਛੁਪੀਆਂ ਗੁੰਝਲਾਂ ਨੂੰ ਸਾਹਵੇਂ ਲਿਆਉਂਦਾ ਹੈ, ਜਿਹੜੀਆਂ ਇਸ ਸੰਸਕ੍ਰਿਤੀ ਦੇ ਪੱਖ/ਵਿਪੱਖ ਨਾਲ ਜੁੜੀਆਂ ਹੋਈਆਂ ਹਨ। ਖੇਤੀ ਦਾ ਕਿੱਤਾ ਕਿਸਾਨੀ ਸੰਸਕ੍ਰਿਤੀ ਦੀ ਆਰਥਿਕਤਾ ਦਾ ਆਧਾਰ ਹੈ। ਬਿਲਿੰਗ ਦੇ ਸਾਰੇ ਨਾਵਲਾਂ ਵਿਚ ਜ਼ਮੀਨ ਨੂੰ ਕੇਂਦਰੀ ਇਕਾਈ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਿੱਥੇ ਇਹ ਜ਼ਮੀਨ ਕਿਸਾਨੀ ਹਉਂ ਤੇ ਇੱਜ਼ਤ ਦਾ ਪ੍ਰਤੀਕ ਹੈ ਉੱਥੇ ਰੋਜ਼ੀ-ਰੋਟੀ

ਦਾ ਸਾਧਨ ਵੀ ਹੈ। ਜੱਟ-ਮਾਨਸਿਕਤਾ ਵਿਚ ਜ਼ਮੀਨ-ਜਾਇਦਾਦ ਦੀ ਬਾਬਤ ਤਰ੍ਹਾਂ-ਤਰ੍ਹਾਂ ਦੇ ਬਿੰਬ ਉਸਰੇ ਹੋਏ ਹਨ। ਆਰਥਿਕ ਪੱਖ ਤੋਂ ਕਮਜ਼ੋਰ ਜਾਂ ਬੇਜ਼ਮੀਨੇ ਹੋਣਾ ਕਿਸਾਨੀ ਸੰਸਕ੍ਰਿਤੀ ਵਿਚ ਹੇਠੀ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। ਇਸ ਸੰਸਕ੍ਰਿਤੀ ਨਾਲ ਸੰਬੰਧਤ ਯਥਾਰਥ-ਬੋਧ ਦੀ ਪੇਸ਼ਕਾਰੀ ਆਪਣੇ ਨਾਵਲਾਂ ਵਿਚ ਗਲਪੀ-ਬਿੰਬ ਉਸਾਰ ਕੇ ਕਰਦਾ ਹੈ। 'ਨਰੰਜਣ ਮਸ਼ਾਲਚੀ ' ਨਾਵਲ ਵਿਚ ਆਰਥਿਕ ਸਮੱਸਿਆ ਨੂੰ ਅਨੇਕ ਸਮੱਸਿਆਵਾਂ/ਗੁੰਝਲਾਂ ਦੀ ਜੜ੍ਹ ਦੇ ਰੂਪ ਵਿਚ ਵਿਖਾਇਆ ਗਿਆ ਹੈ। ਨਰੰਜਣ ਅਤੇ ਉਸਦੀ ਪਤਨੀ ਆਰਥਿਕ ਤੰਗੀਆਂ ਕਾਰਨ ਘਰ ਦੀ ਕਬੀਲਦਾਰੀ ਦੇ ਫ਼ਿਕਰ ਵਿੱਚ ਗ੍ਰੱਸੇ ਹੋਏ ਹਨ। ਛੋਟੀ ਕਿਸਾਨੀ ਲਈ ਘਰ ਦਾ ਲੂਣ-ਤੇਲ ਚਲਾਉਣਾ ਵੱਡਾ ਹੰਭਲਾ ਹੈ: “ਫਿਰ ਘਰ ਦਾ ਲੂਣ-ਤੇਲ ਕਿਵੇਂ ਚੱਲੂ? ਵੀਹ ਖਰਚੇ ਸਿਰ 'ਤੇ ਖੜ੍ਹੇ ਨੇ, ਬੌਲਦਾਂ ਦੀਆਂ ਖੁਰੀਆਂ ਲਗਾਉਣੀਆਂ ਐ, ਮੁੰਡੇ ਨੂੰ ਸੁਆਟਰ ਵੀ ਚਾਹੀਦਾ, ਜੇ ਹੋਰ ਨਹੀਂ ਤਾਂ ਪਲਾਸਟਿਕ ਦੇ ਬੂਟ ਹੀ ਪਵਾ ਦੇਈਏ, ਮੇਰੀ ਜਾੜ੍ਹ ਵੀ ਚਸਕਦੀ ਰਹਿੰਦੀ ਐ, ਜੇ ਧੜੀ ਧੌਣ ਰੂੰ ਦਾ ਬੰਦੋਬਸਤ ਹੋ ਜਾਏ ਤਾਂ ਆਏ-ਗਏ ਲਈ ਇੱਕ-ਦੋ ਰਜ਼ਾਈਆਂ ਵੀ ਭਰਵਾ ਲਈਏ ।”[3]

ਇਹਨਾਂ ਕੁਝ ਸਤਰਾਂ ਵਿਚੋਂ ਹੀ ਗੰਭੀਰ ਆਰਥਿਕ ਪਰੇਸ਼ਾਨੀਆਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਨਰੰਜਣ ਦੇ ਭਰਾ ਜੈਮਲ ਅਤੇ ਪਾਖਰ ਦੇ ਜੀਵਨ ਦੀਆਂ ਗੁੰਝਲਾਂ ਦਾ ਕਾਰਨ ਵੀ ਆਰਥਿਕ ਕਮਜ਼ੋਰੀ ਹੈ। ਇਸ ਕਮਜ਼ੋਰੀ ਕਾਰਨ ਜੈਮਲ ਅਤੇ ਪਾਖਰ ਨੂੰ ਆਪਣੇ ਭਾਈਚਾਰੇ ਵਿਚੋਂ ਮਨ-ਭਾਉਂਦੇ ਰਿਸ਼ਤੇ ਨਹੀਂ ਮਿਲਦੇ, ਜਿਸ ਕਰਕੇ ਜੈਮਲ ਇਕ ਵਿਕੀ ਹੋਈ ਔਰਤ ਨਾਲ ਵਿਆਹ ਕਰਾਉਂਦਾ ਹੈ, ਜਿਹੜੀ ਬਾਅਦ ਵਿਚ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ। ਫਿਰ ਉਹ ਚੰਦ ਕੌਰ ਨੂੰ ਘਰ ਲੈ ਆਉਂਦਾ ਹੈ ਪਰ ਇਸ ਤਰ੍ਹਾਂ ਕਰਕੇ ਵੀ ਉਸਨੂੰ ਆਪਣਾ ਘਰ ਵੱਸਦਾ ਪ੍ਰਤੀਤ ਨਹੀਂ ਹੁੰਦਾ। ਪਾਖਰ ਦਾ ਸਮੇਂ ਸਿਰ ਵਿਆਹ ਨਾ ਹੋਣਾ ਉਸਦੇ ਦੁਖਾਂਤ ਦਾ ਕਾਰਨ ਬਣਦਾ ਹੈ। ਉਹ ਆਪਣੀਆਂ ਕਾਮੁਕ ਭਾਵਨਾਵਾਂ ਦੀ ਤ੍ਰਿਪਤੀ ਲਈ ਜੈਮਲ ਦੀ ਪਤਨੀ ਗੁਰਮੀਤ ਕੌਰ ਨਾਲ ਜਿਨਸੀ-ਸੰਬੰਧ ਬਣਾਉਣੇ ਚਾਹੁੰਦਾ ਹੈ। ਕਿਸਾਨੀ ਸੱਭਿਆਚਾਰ ਵਿਚ ਛੜੇ-ਛਟਾਂਗ ਦੀ ਕੋਈ ਇੱਜ਼ਤ ਨਹੀਂ, ਉਸਨੂੰ ਹਿਕਾਰਤ ਭਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਇਸ ਲਈ ਆਰਥਿਕ ਥੁੜ੍ਹ ਕਾਰਨ ਛੜੇ ਰਹਿ ਜਾਣ ਦੇ ਡਰੋਂ ਮਰਦ ਜਾਂ ਤਾਂ ਮੁੱਲ ਦੀਆਂ ਪੂਰਬਣਾਂ ਲਿਆਉਂਦੇ ਹਨ ਜਾਂ ਛੁੱਟੜ ਇਸਤਰੀਆਂ ਨੂੰ ਘਰ ਵਸਾ ਲੈਂਦੇ ਹਨ। ਇਸ ਤਰ੍ਹਾਂ ਇਸ ਥੁੜ੍ਹ ਕਰਕੇ ਪੰਜਾਬੀ ਸਮਾਜ ਵਿਚ ਵੀ ਕਰੇਵੇ ਦੀ ਰਸਮ ਪ੍ਰਚਲਤ ਰਹੀ ਹੈ। ਇਹ ਦੁਖਾਂਤ ਸਿਰਫ਼ ਜੈਮਲ ਜਾਂ ਪਾਖਰ ਦਾ ਹੀ ਨਹੀਂ, ਬਲਕਿ ਅਨੇਕ ਬੇਜ਼ਮੀਨੇ ਜਾਂ ਸੀਮਾਂਤ ਕਿਸਾਨਾਂ ਦੀ ਹੋਣੀ ਬਣਦਾ ਹੈ ।

'ਖੇੜੇ ਸੁੱਖ ਵਿਹੜੇ ਸੁੱਖ' ਨਾਵਲ ਵਿਚ ਵੀ ਇਹ ਸਮੱਸਿਆ ਕਈ ਮਰਦ ਪਾਤਰਾਂ ਦੀ ਹੈ। ਇਸ ਨਾਵਲ ਵਿਚ ਜਗਤਾ ਇਸ ਕਿਸਮ ਦੀ ਹੋਣੀ ਭੋਗਦਾ ਹੈ। ਉਸਦੇ ਪਿਉ ਰਾਮ ਬਖਸ਼ ਨੇ ਸਾਰੀ ਜ਼ਮੀਨ ਨਸ਼ਿਆਂ ਵਿਚ ਰੋੜ੍ਹ ਦਿੱਤੀ, ਜਿਸ ਕਰਕੇ ਜਗਤੇ ਦਾ ਵਿਆਹ ਆਪਣੇ ਸੰਬੰਧਤ ਭਾਈਚਾਰੇ ਵਿਚ ਨਹੀਂ ਹੁੰਦ। ਇਸ ਤਰ੍ਹਾਂ ਨਾ ਹੋ ਸਕਣਾ ਘਰੇਲੂ ਕਲੇਸ਼ ਦਾ ਕਾਰਨ ਵੀ ਬਣਦਾ ਹੈ ਅਤੇ ਜਗਤਾ ਮਾਨਸਿਕ ਪਰੇਸ਼ਾਨੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤੋਂ ਬਚਣ ਲਈ ਉਹ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ ਪਰ ਫੇਰ ਵੀ ਉਸ ਦੇ ਪਰਿਵਾਰ 'ਤੇ ਲੱਗੀ ਗ਼ਰੀਬੀ ਅਤੇ ਨਸ਼ੇ ਦੀ ਊਜ ਕਾਰਨ ਉਸ ਨੂੰ ਕੋਈ ਵੀ ਸਾਕ ਦੇਣ ਨੂੰ ਤਿਆਰ ਨਹੀਂ ਹੁੰਦਾ। ਅਖ਼ੀਰ ਉਸ ਨੂੰ ਕਰੇਵੇ ਦੇ ਰੂਪ ਵਿਚ ਮੁੱਲ ਦੀ ਤੀਵੀਂ ਲਿਆਉਣੀ ਪੈਂਦੀ ਹੈ। ਉਹ ਮੁੱਲ ਦੀ ਤੀਵੀਂ ਭਾਗੋ ਨੂੰ ਲਿਆ ਕੇ ਆਪਣੀ ਘਰ-ਵਸੇਬੇ ਦੀ ਚਾਹਤ ਨਾਲ ਸਮਝੌਤਾ ਕਰਦਾ ਹੈ।



ਆਪਣੇ ਨਾਵਲਾਂ ਵਿਚ ਬਿਲਿੰਗ ਨੇ ਜ਼ਮੀਨ ਸੰਬੰਧੀ ਇਕ ਹੋਰ ਨੁਕਤੇ ਨੂੰ ਉਭਾਰਿਆ ਹੈ ਜੋ ਆਰਥਿਕਤਾ ਨਾਲ ਸੰਬੰਧਤ ਹੈ। ਆਰਥਿਕ ਪੱਖੋਂ ਸੰਪੰਨ ਹੋਣ ਲਈ ਜੱਟ-ਮਾਨਸਿਕਤਾ ਵਿਚ ਜ਼ਮੀਨ ਦਾ ਲਾਲਚ ਇਸ ਕਦਰ ਭਾਰੂ ਹੈ ਕਿ ਜ਼ਮੀਨ ਵਧਾਉਣ ਲਈ ਉਹ ਹਰ ਤਰ੍ਹਾਂ ਦੇ ਸਿੱਧੇ-ਅਸਿੱਧੇ ਹੱਥ-ਕੰਡੇ ਅਪਣਾਉਂਦੇ ਹਨ। ਪੇਂਡੂ ਕਿਸਾਨੀ ਸੰਸਕ੍ਰਿਤੀ ਵਿਚ ਜਾਇਦਾਦ ਉਪਰ ਸਿਰਫ਼ ਪੁੱਤਰਾਂ ਦਾ ਹੱਕ ਮੰਨਿਆ ਗਿਆ ਹੈ। ਕੁੜੀ ਦੇ ਸਹੁਰੇ ਘਰ ਨੂੰ ਜ਼ਮੀਨ ਦੇਣੀ ਕਿਸਾਨੀ ਹਉਂ ਦੇ ਉਲਟ ਹੈ। ਇਸੇ ਤਰ੍ਹਾਂ ਛੜੇ ਮਰਦ ਦੀ ਜ਼ਮੀਨ ਹਥਿਆਉਣ ਲਈ ਅਨੇਕ ਕਿਸਮ ਦੇ ਹੀਲੇ ਕੀਤੇ ਜਾਂਦੇ ਹਨ। ਬਿਲਿੰਗ ਢਾਹੇ ਦੇ ਵਿਸ਼ੇਸ਼ ਇਲਾਕੇ ਦੇ ਕਿਸਾਨੀ ਸੱਭਿਆਚਾਰ ਦਾ ਗਲਪੀ-ਬਿੰਬ ਉਸਾਰਦਾ ਹੋਇਆ ਜ਼ਮੀਨ ਦੇ ਲਾਲਚ ਵਾਲੀ ਥੀਮਕ ਇਕਾਈ ਨੂੰ ਲਗਪਗ ਆਪਣੇ ਹਰ ਨਾਵਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਸਤੁਤ ਕਰਦਾ ਹੈ।

'ਨਰੰਜਣ ਮਸ਼ਾਲਚੀ' ਨਾਵਲ ਵਿਚ ਜ਼ਮੀਨ ਹਥਿਆਉਣ ਲਈ ਯਤਨ ਕਰਦੇ ਪਾਤਰਾਂ ਦੀ ਮਾਨਸਿਕਤਾ ਨੂੰ ਬਿਲਿੰਗ ਨੇ ਬਾਖ਼ੂਬੀ ਚਿਤਰਿਆ ਹੈ। ਇਸ ਨਾਵਲ ਵਿਚਲਾ ਪਾਤਰ ਦਲੀਪੂ ਹਲ ਚਲਾਉਂਦਿਆਂ ਵੱਟਾਂ ਵੱਢ ਕੇ ਹੀ ਜ਼ਮੀਨ ਵਧਾਉਣ ਦੇ ਆਪਣੇ ਲਾਲਚ ਦੀ ਸੰਤੁਸ਼ਟੀ ਕਰਦਾ ਹੈ। ਕੁਝ ਪਾਤਰ ਜ਼ਮੀਨ ਵਧਾਉਣ ਦੀ ਲਾਲਸਾ ਵਸ ਵਿਆਹ-ਬਾਹਰੇ ਜਿਨਸੀ ਸੰਬੰਧ ਬਣਾਉਣ ਲਈ ਵੀ ਤਿਆਰ ਹੋ ਜਾਂਦੇ ਹਨ, ਜਿਵੇਂ ਜੈਮਲ ਦੀ ਪਤਨੀ ਚੰਦ ਕੌਰ ਆਪਣੇ ਦਿਉਰ ਪਾਖਰ ਨਾਲ ਜਿਨਸੀਸੰਬੰਧ ਉਸਦੀ ਜ਼ਮੀਨ ਹਥਿਆਉਣ ਲਈ ਹੀ ਬਣਾਉਂਦੀ ਹੈ ਅਤੇ ਇਨ੍ਹਾਂ ਸੰਬੰਧਾਂ ਬਾਬਤ ਸਫ਼ਾਈ ਵੀ ਦਿੰਦੀ ਹੈ: “ਬੇਬੇ ਜੀ ! ਤੁਸੀ ਸਿਆਣੇ-ਬਿਆਣੇ ਔਂ, ਹੁਣ ਜੇ ਮਾੜੇ ਭਾਗਾਂ ਨੂੰ ਉਹ ਛੜਾ ਰਹਿ ਗਿਐ, ਤਾਂ ਕਿਤੇ ਉਸ ਨੂੰ ਆਪਾਂ ਘਰੋਂ ਕੱਢਣਾ, ਜੇ ਦਿਉਰਾਣੀ ਨੇ ਨਹੀਂ ਸੰਘੀਲਿਆ ਤਾਂ ਹੀ ਮੈਨੂੰ ਅੱਕ ਚੱਬਣਾ ਪਿਆ।”[4]

ਇਸ ਨਾਵਲ ਵਿਚਲੇ ਪਾਤਰ ਜਾਗਰ ਸਿੰਘ ਅਤੇ ਸੁਰਮੁੱਖ ਸਿੰਘ ਵੀ ਜ਼ਮੀਨ ਦੇ ਲਾਲਚ ਨਾਲ ਜੁੜੇ ਹੋਏ ਹਨ। ਜ਼ਮੀਨ ਨੂੰ ਕਿਸਾਨੀ ਮਾਨਸਿਕਤਾ ਵਿਚ ਸਮਾਜਕ ਰੁਤਬੇ ਦਾ ਪ੍ਰਤੀਕ ਮੰਨਿਆ ਗਿਆ ਹੈ। ਜਿੱਥੇ ਕਿਤੇ ਵੀ ਇਹ ਜ਼ਮੀਨ ਹੱਥੋਂ ਫਿਸਲਦੀ ਦਿੱਸਦੀ ਹੈ ਤਾਂ ਇਹ ਮਾਨਸਿਕਤਾ ਉਸ ਦੀ ਸਲਾਮਤੀ ਲਈ ਕਿਸੇ ਹੱਦ ਤਕ ਵੀ ਗਿਰ ਜਾਂਦੀ ਹੈ। 'ਇਹਨਾਂ ਰਾਹਾਂ ਉਤੇ' ਨਾਵਲ ਵਿਚ ਜੀਤੇ ਦੀ ਮੌਤ ਹੋਣ ਤੋਂ ਬਾਅਦ ਉਸਦੀ ਮਾਂ ਲਾਭ ਕੌਰ ਨੂੰ ਇਹ ਫ਼ਿਕਰ ਸਤਾਉਣ ਲੱਗਦਾ ਹੈ ਕਿ ਜੀਤੇ ਦੀ ਪਤਨੀ ਸਰਬੋ ਕਿਤੇ ਜ਼ਮੀਨ ਨੂੰ ਹੂੰਝਾ ਮਾਰ ਕੇ ਅਗਾਂਹ ਨਾ ਤੁਰਦੀ ਬਣੇ। ਉਹ ਇਸ ਫ਼ਿਕਰ ਕਾਰਨ ਮਾਨਸਿਕ ਤੌਰ ਤੇ ਪਰੇਸ਼ਾਨ ਹੈ: “ਸੁਣ ਲੈ ਜੱਟਾ, ਮੇਰੀ ਗੱਲ ਕਪਾਟ ਖੋਲ੍ਹ ਕੇ, ਤੇਰੀ ਲਹੂਰੀਂ ਬਣਾਈ ਜ਼ਮੀਨ ਨੂੰ ਹੁਣ ਪਹੀਏ ਲੱਗ ਜਾਣੇ ਨੇ, ਅਰ ਇਹਦੇ 'ਚੋਂ ਅੱਧੀ ਨੇ ਰੁੜ੍ਹ ਕੇ ਰਾਜੇ ਵਾਲੇ ਜਾ ਵੜਨਾਂ ਸਰਬੋ ਦੇ ਪਿੰਡ।”[5] ਆਪਣਾ ਇਹ ਤੌਖਲਾ ਉਹ ਆਪਣੇ ਪਤੀ ਬਖਤੌਰ ਸਿੰਘ ਦੀ ਫੋਟੋ ਨਾਲ ਜ਼ਾਹਿਰ ਕਰਦੀ ਹੈ। ਜ਼ਮੀਨ ਬਚਾਉਣ ਖਾਤਰ ਲਾਭ ਕੌਰ ਆਪਣੀ ਨੂੰਹ ਸਰਬੋ ਨੂੰ ਆਪਣੇ ਪੁੱਤਰ ਲੱਛੂ ਦੇ ਘਰ ਵਸਾਉਣਾ ਚਾਹੁੰਦਾ ਹੈ। ਲੱਛੂ ਦੀ ਪਤਨੀ ਜਦੋਂ ਇਸ ਲਈ ਤਿਆਰ ਨਹੀਂ ਹੁੰਦੀ ਤਾਂ ਲਾਭ ਕੌਰ ਉਸ ਨੂੰ ਜ਼ਮੀਨ ਦਾ ਵਾਸਤਾ ਪਾਉਂਦੀ ਹੈ: “ਮੇਰੇ ਆਖੇ ਲੱਗ ਜਾਏਂ ਤਾਂ ਥੋਡੇ ਡਲੇ ਬਚੇ ਰਹਿਣਗੇ।”[6] ਜਦ ਇੱਥੇ ਉਸਦਾ ਚਾਰਾ ਨਾ ਚੱਲਿਆ ਤਾਂ ਲਾਭ ਕੌਰ ਨੇ ਆਪਣੇ ਪੋਤਰੇ ਸੁੱਖੇ ਨਾਲ ਸਰਬੋ ਦਾ ਵਿਆਹ ਕਰ ਦਿੱਤਾ ਜੋ ਸਰਬੋ ਨਾਲੋਂ ਉਮਰ ਵਿਚ ਬਹੁਤ ਛੋਟਾ ਸੀ। ਜਿਸ ਕਰਕੇ ਉਨ੍ਹਾਂ ਦੇ ਸੰਬੰਧਾਂ ਵਿਚ ਅਨੇਕ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ। ਇਨ੍ਹਾਂ ਸਮੱਸਿਆਂ ਦੇ ਪਿਛੋਕੜ ਵਿਚ ਜ਼ਮੀਨ ਦਾ ਮੋਹ ਕਾਰਨ ਬਣਦਾ ਹੈ। ਸਰਬੋ ਦੇ ਪੇਕੇ-ਪਰਿਵਾਰ ਨੂੰ ਵੀ ਸਰਬੋ ਦੇ ਹਿੱਸੇ ਆਉਂਦੀ ਜ਼ਮੀਨ ਦਾ ਲਾਲਚ ਹੈ। ਉਸਦਾ ਭਰਾ ਸੁਰਮੁੱਖ ਸਿੰਘ ਉਸ ਨੂੰ ਜ਼ਮੀਨ ਵੇਚਣ ਲਈ ਮਜਬੂਰ ਕਰਦਾ ਹੈ। ਇੱਥੇ ਸਰਬੋ ਦਾ ਭਰਾ ਭੈਣ ਤੇ ਪਈ ਮੁਸੀਬਤ ਬਾਰੇ ਚਿੰਤਿਤ ਨਹੀਂ ਹੁੰਦਾ, ਸਗੋਂ ਨਿੱਜਵਾਦੀ-ਸੋਚ ਉਸ ਉਪਰ ਏਨੀ ਭਾਰੂ ਹੋ

ਜਾਂਦੀ ਹੈ ਕਿ ਆਪਣੀ ਭੈਣ ਨੂੰ ਕਹਿੰਦਾ ਹੈ: "ਦੇਖ ਭੈਣ! ਚੁੱਪ ਕਰਕੇ ਮੇਰੇ ਪਲਾਟ ਦੇ ਨਾਲ ਹੀ ਖੁਸ਼ਕ ਜਗ੍ਹਾ ਖਰੀਦ ਲੈਂਦੇ ਹਾਂ, ਇਕ ਦਿਨ ਇਕੱਠਿਆਂ ਕੋਠੀਆਂ ਛੱਤ ਲਵਾਂਗੇ। ਤੂੰ ਮੀਰਪੁਰ ਵਾਲੀ ਜ਼ਮੀਨ ਦਾ ਫਾਹਾ ਵੱਢ ਪਰੇ।"[7]

ਏਸੇ ਤਰ੍ਹਾਂ ਲੱਛੂ ਦੀ ਭੈਣ ਵੀ ਜ਼ਮੀਨ 'ਚੋਂ ਹਿੱਸਾ ਮੰਗਦੀ ਹੈ। ਜ਼ਮੀਨ ਪ੍ਰਾਪਤ ਕਰਨ ਲਈ ਉਹ ਅਦਾਲਤ ਤਕ ਪਹੁੰਚ ਜਾਂਦੀ ਹੈ ਅਤੇ ਆਪਣੇ ਪੇਕਿਆਂ ਤੋਂ ਹਮੇਸ਼ਾ ਲਈ ਟੁੱਟ ਜਾਂਦੀ ਹੈ। 'ਦੀਵੇ ਜਗਦੇ ਰਹਿਣਗੇ' ਨਾਵਲ ਵਿਚ ਨਾਵਲਕਾਰ ਨੇ ਦਰਸਾਇਆ ਹੈ ਕਿ ਜੱਟ-ਮਾਨਸਿਕਤਾ ਵਿਚ ਜ਼ਮੀਨ ਦਾ ਲਾਲਚ ਏਨਾ ਵਧ ਗਿਆ ਹੈ ਕਿ ਉਹ ਨੇੜਲੇ ਰਿਸ਼ਤੇ-ਨਾਤਿਆਂ ਤੋਂ ਵੀ ਬੇਮੁੱਖ ਹੋ ਰਹੇ ਹਨ। ਇਸ ਨਾਵਲ ਦਾ ਪਾਤਰ ਦਿਆਲਾ ਆਪਣੇ ਚਾਚੇ ਦੇ ਪੁੱਤ ਜੱਗੇ ਦੀ ਜ਼ਮੀਨ ਹਥਿਆਉਣ ਲਈ ਕਈ ਹੀਲੇ ਕਰਦਾ ਹੈ ਤੇ ਅੰਤ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦਾ ਹੈ: "ਹਾੜ੍ਹੀ ਆਈ, ਤਿੰਨ ਥਾਂ ਇੰਤਕਾਲ ਚੜ੍ਹ ਗਿਆ। ਨਿਮਾਣੀ ਇਕਾਦਸ਼ੀ ਮਗਰੋਂ ਦਿਆਲੇ-ਪਾਲੇ ਨੇ ਆਪਣੇ ਚਾਚੇ ਵਾਲੀ ਅੱਧੀ ਢੇਰੀ ਸੰਭਾਲ ਲਈ। ਜਗਤੀ ਦਾ ਹਿੱਸਾ ਵੀ ਉਨ੍ਹਾਂ ਠੇਕੇ ਉੱਤੇ ਲੈ ਲਿਆ ਸੀ।"[8]

ਇਹ ਸਭ ਕੁਝ ਵਾਪਰਨ ਦੇ ਬਾਵਜੂਦ ਜੱਗੇ ਦੀ ਭੈਣ ਜਗਤੀ ਅਤੇ ਉਸਦੇ ਭਣਵੱਈਏ ਨੂੰ ਦਿਆਲੇ ਵੱਲੋਂ ਜੱਗੇ ਦੀ ਜ਼ਮੀਨ ਹਥਿਆ ਲੈਣ ਦਾ ਬਹੁਤ ਦੁੱਖ ਨਹੀਂ ਹੁੰਦਾ ਕਿਉਂਕਿ ਦਿਆਲੇ ਦੀ ਚਤੁਰਾਈ ਨਾਲ ਜ਼ਮੀਨ ਦਾ ਚੌਥਾ ਹਿੱਸਾ ਜਗਤੀ ਹੋਰਾਂ ਦੇ ਹਿੱਸੇ ਵੀ ਆ ਜਾਂਦਾ ਹੈ। ਇਸੇ ਤਰ੍ਹਾਂ ਮਾਰਖੁੰਡਿਆਂ ਦੇ ਦੋਵੇਂ ਫੌਜੀ ਭਰਾ ਵੀ ਦੂਜਿਆਂ ਦੀ ਜ਼ਮੀਨ 'ਤੇ ਅੱਖ ਰੱਖਦੇ ਹਨ ਅਤੇ ਆਪਣੇ ਭਰਾ ਪਿਆਰੇ ਦੀ ਆਰਥਿਕ ਮੱਦਦ ਕਰਨ ਤੋਂ ਕੋਰੀ ਨਾਂਹ ਕਰ ਦਿੰਦੇ ਹਨ। ਏਸੇ ਤਰ੍ਹਾਂ 'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਚ ਵੀ ਜ਼ਮੀਨ ਦੇ ਲਾਲਚ ਵਾਲੀ ਜੱਟ-ਮਾਨਸਿਕਤਾ ਵਾਲੀਆਂ ਡੂੰਘੀਆਂ ਤਹਿਆਂ ਨੂੰ ਫਰੋਲਿਆ ਗਿਆ ਹੈ। ਇਹ ਨਾਵਲੀ ਬਿਰਤਾਂਤ ਬਚਨੇ ਅਤੇ ਚਰਨੇ ਦੇ ਪਰਿਵਾਰ ਨਾਲ ਸੰਬੰਧਤ ਹੈ। ਬਚਨੇ ਦੀ ਇਕੋ-ਇਕ ਧੀ ਹੋਣ ਕਰਕੇ ਉਸਦੇ ਭਤੀਜੇ ਮਾਨਸਿਕ ਪੱਖੋਂ ਉਸਨੂੰ ਇਸ ਤਰ੍ਹਾਂ ਟੁੰਬਦੇ ਹਨ ਕਿ ਉਹ ਆਪਣੀ ਜ਼ਮੀਨ ਆਪਣੀ ਧੀ ਗਿਆਨੋ ਦੇ ਨਾਂ ਕਰਨ ਦੀ ਬਜਾਇ ਆਪਣੇ ਭਤੀਜਿਆਂ ਦੇ ਨਾਂ ਕਰ ਦੇਵੇ ਕਿਉਂਕਿ ਧੀ ਦੇ ਸਹੁਰਿਆਂ ਨੂੰ ਜ਼ਮੀਨ ਦੇਣਾ ਖ਼ਾਨਦਾਨੀ ਬੇਇੱਜ਼ਤੀ ਮੰਨੀ ਜਾਂਦੀ ਹੈ। ਜ਼ਮੀਨ ਹਥਿਆਉਣ ਲਈ ਬਚਿੱਤਰ ਸਿੰਘ ਆਪਣੇ ਚਾਚੇ ਬਚਨ ਸਿੰਘ ਨਾਲ ਪੁੱਤਰ ਵਰਗਾ ਅਤੇ ਗਿਆਨੋ ਨਾਲ ਸਕੇ ਭਰਾ ਵਰਗਾ ਮੋਹ ਜਤਾਉਂਦਾ ਹੈ। ਇਸੇ ਤਰ੍ਹਾਂ ਬਚਨੇ ਦੇ ਆਪਣੀ ਭਰਜਾਈ ਪ੍ਰੀਤਮ ਕੌਰ ਨਾਲ ਸੰਬੰਧਾਂ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਉਭਰਦੀਆਂ ਹਨ, ਜਿਹੜੀ ਕਿਸਾਨੀ ਸੰਸਕ੍ਰਿਤੀ ਦੀ ਇਕ ਹੋਰ ਘੁੰਡੀ ਖੋਲ੍ਹਦੀਆਂ ਹਨ। ਹਰਨਾਮਾ ਉਂਗਲੀਵੱਢ ਤੇ ਕਾਲੂ ਬ੍ਰਾਹਮਣ ਬਚਨ ਸਿੰਘ ਬਾਰੇ ਅਕਸਰ ਏਹੋ ਜਿਹੀਆਂ ਟਿੱਪਣੀਆਂ ਕਰਦੇ ਹਨ: "ਏਸੇ ਨੂੰ ਮੋਹਣੀ ਮੰਤਰ ਕਹਿੰਦੇ ਨੇ ਚੌਂਕੀਦਾਰਾ। ਅਪਸਰਾਂ ਵੱਲੋਂ ਪੜ੍ਹ ਕੇ ਮਾਰਿਆ ਪਾਣੀ ਆਖ ਲੈ ਜਾਂ ਅੰਮ੍ਰਿਤ। ਬੰਦੇ ਨੂੰ ਜੇ ਤੀਮੀਂ ਕੇਰਾਂ ਭਰਮਾ ਲਵੇ, ਮੁੜ ਕੇ ਨਾ ਉਹ ਉਹਦਾ ਪਿੱਛਾ ਛੱਡ ਗਿਆ।"[9]

ਇਹ ਖੁੰਢ-ਚਰਚਾ ਨਿੱਤ ਚਲਦੀ। ਜਾਇਦਾਦ ਦਾ ਲਾਲਚ ਬਚਿੱਤਰ ਸਿੰਘ ਉਪਰ ਇਸ ਕਦਰ ਭਾਰੂ ਹੋ ਜਾਂਦਾ ਹੈ ਕਿ ਉਹ ਆਪਣੇ ਚਾਚੇ ਬਚਨੇ ਕੋਲੋਂ ਧੋਖੇ ਨਾਲ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ। ਇਹ ਸਦਮਾ ਬਚਨੇ ਨੂੰ ਡੂੰਘੀ ਉਦਾਸੀ ਵਿਚ ਲੈ ਜਾਂਦਾ ਹੈ ਅਤੇ ਅਖ਼ੀਰਲੀ ਉਮਰ ਵਿਚ ਉਹ ਘਰ ਛੱਡ ਜਾਂਦਾ ਹੈ। ਜ਼ਮੀਨ ਦੇ ਲਾਲਚ ਵਾਲੀ ਮਾਨਸਿਕਤਾ ਗਿਆਨੋ ਦੇ ਸਹੁਰੇ ਪਰਿਵਾਰ ਦੇ ਕਾਰ-ਵਿਹਾਰ ਵਿਚੋਂ ਵੀ ਝਲਕਦੀ ਹੈ। ਦਿਆਲ ਸਿੰਘ ਠੀਕਰੀਵਾਲੀਆ ਚੰਗੀ ਜ਼ਮੀਨ ਦਾ ਮਾਲਕ ਹੋਣ ਦੇ ਬਾਵਜੂਦ ਆਪਣੇ ਪੁੱਤਰ



ਕੇਵਲ ਦਾ ਰਿਸ਼ਤਾ ਗਿਆਨੋ ਨਾਲ ਜ਼ਮੀਨ ਦੇ ਲਾਲਚ ਲਈ ਜੋੜਦਾ ਹੈ। ਇੱਥੇ ਨਾਵਲਕਾਰ ਗਲਪੀ ਬਿੰਬ ਉਸਾਰ ਕੇ ਮਨੁੱਖੀ ਮਾਨਸਿਕਤਾ ਦੇ ਅਜਿਹੇ ਖੋਖਲੇਪਣ ਨੂੰ ਸਾਹਮਣੇ ਲਿਆਉਂਦਾ ਹੈ, ਜਿਹੜੀ ਬਰਕਤਾਂ ਦੇ ਲਾਲਚ ਵਿਚ ਥੋਥੀ ਹੁੰਦੀ ਜਾ ਰਹੀ ਹੈ। ਗਿਆਨੋ ਦਾ ਅਸਤਿੱਤਵ ਜਾਇਦਾਦ ਦੀ ਛਾਇਆ ਹੇਠ ਗੁਆਚ ਜਾਂਦਾ ਹੈ। ਦਿਆਲ ਸਿੰਘ ਦਾ ਇਹ ਲਾਲਚ ਯੂਸਫ਼ ਨਾਲ ਕੀਤੀ ਵਾਰਤਾਲਾਪ ਵਿਚੋਂ ਪਹਿਲੇ ਦਿਨ ਹੀ ਝਲਕ ਪੈਂਦਾ ਹੈ: "ਸਾਡੇ ਸਿੱਧੇ ਸਕੇ ਬਚਨ ਸਿੰਘ ਨੂੰ ਕੁੱਲ ਬਟਾ ਕੁੱਲ ਕਿੰਨੇ ਸਿਆੜ ਆਉਂਦੇ ਨੇ...ਤੂੰ ਹਿੱਸੇ ਬਹਿੰਦੇ ਸਿਆੜਾਂ ਦੀ ਗਿਣਤੀ ਮੈਨੂੰ ਵਿੱਘਿਆ ਕਨਾਲਾਂ 'ਚ ਦੱਸ।"[10] ਦਿਆਲ ਸਿੰਘ ਨੂੰ ਪੁੱਤਰ ਵਿਆਹੁਣ ਦੀ ਖੁਸ਼ੀ ਨਹੀਂ ਸਗੋਂ ਜ਼ਮੀਨ ਹਥਿਆਉਣ ਦੀ ਖੁਸ਼ੀ ਹੈ। ਆਪਣੀ ਪਤਨੀ ਕੋਲ ਉਹ ਜੱਟ-ਮਾਨਸਿਕਤਾ ਦੀ ਇਸ ਹਉਂ ਦਾ ਪ੍ਰਗਟਾਵਾ ਕਰਦਾ ਹੈ: "ਅੱਜ ਤੇਰਾ ਕੇਵਲ ਸਿਉਂ ਡੇਢ ਮੁਰੱਬੇ ਦਾ ਮਾਲਕ ਬਣ ਗਿਆ ਸੂਬੇਦਾਰਨੀਏ।"[11]

ਏਹੋ ਜਿਹੀ ਸੋਚ ਦਾ ਮਾਲਕ ਹੀ ਕੇਵਲ ਸਿੰਘ ਹੈ ਜਿਹੜਾ ਸਹੁਰੇ ਪਿੰਡ ਆ ਕੇ ਹਮੇਸ਼ਾ ਲੁਕਵਾਂਵਿਰੋਧ, ਤਲਖ਼ੀ ਤੇ ਵਿਅੰਗਮਈ ਸੁਰ ਬਰਕਰਾਰ ਰੱਖਦਾ ਹੈ। ਗਿਆਨੋ ਦੀ ਜ਼ਮੀਨ ਪ੍ਰਾਪਤ ਕਰਨ ਵਿਚ ਜਦ ਕੇਵਲ ਸਫ਼ਲ ਨਹੀਂ ਹੁੰਦਾ ਤਾਂ ਉਹ ਪਤਨੀ ਵਰਗੇ ਰਿਸ਼ਤੇ ਦੀ ਪਰਵਾਹ ਨਾ ਕਰ ਕੇ ਉਸ ਨੂੰ ਮਾਰਕੁੱਟ ਕੇ ਘਰੋਂ ਕੱਢ ਦਿੰਦਾ ਹੈ ਤੇ ਨਾਲ ਹੀ ਉਸਨੂੰ ਚਿਤਾਵਨੀ ਦਿੰਦਾ ਹੈ: "ਆਪਣਾ ਹੱਕ ਲਏ ਬਗੈਰ ਉੱਥੋਂ ਮੁੜਨ ਦੀ ਲੋੜ ਨਹੀਂ। ਸਾਡੀ ਦੇਹਲੀ ਨਾ ਚੜ੍ਹੀਂ, ਜੇ ਕਿਸੇ ਅਸਲੇ ਦੀ ਹੈਂ।"[12] ਇਸ ਚਿਤਾਵਨੀ ਦੇ ਡਰੋਂ ਗਿਆਨੋ ਮਾਪਿਆਂ ਤੋਂ ਆਪਣਾ ਹੱਕ ਮੰਗਣ ਲਈ ਮਜਬੂਰ ਹੋ ਜਾਂਦੀ ਹੈ। ਇਹ ਮਾਨਸਿਕਤਾ ਅਜੋਕੇ ਯਥਾਰਥ ਦੇ ਸਵੈ-ਕੇਂਦਰਤ ਸੁਭਾਅ ਵਿਚੋਂ ਉੱਭਰੀ ਹੈ, ਜਿਹੜੀ ਰਿਸ਼ਤਿਆਂ ਦੀਆਂ ਪੀਡੀਆਂ ਕੜੀਆਂ ਨੂੰ ਵੀ ਤੋੜ ਰਹੀ ਹੈ, ਜੋ ਕਿਸਾਨੀ ਸੰਸਕ੍ਰਿਤੀ ਦੇ ਧਰਾਤਲ ਵਿਚ ਔਰਤ-ਮਰਦ ਸੰਬੰਧਾਂ ਦੀਆਂ ਵਿਭਿੰਨ ਇਕਾਈਆਂ ਦੇ ਰੂਪ ਵਿਚ ਵੇਖਣ ਨੂੰ ਮਿਲਦੀਆਂ ਹਨ।

ਬਿਲਿੰਗ ਦੀ ਨਾਵਲਕਾਰੀ ਵਿਚ ਇਨ੍ਹਾਂ ਸੰਬੰਧਾਂ ਦੀਆਂ ਅਨੇਕ ਸਮੀਕਰਨਾਂ ਗੁੱਝੀਆਂ ਅਤੇ ਜਟਿਲ ਹਨ। ਨਾਵਲਕਾਰ ਨੇ ਔਰਤ-ਮਰਦ ਦੇ ਸੰਬੰਧਾਂ ਖਾਸ ਕਰ ਵਿਆਹ-ਬਾਹਰੇ ਜਿਨਸੀ ਸੰਬੰਧਾਂ ਦੇ ਯਥਾਰਥ ਦੀ ਪੇਸ਼ਕਾਰੀ ਕੀਤੀ ਹੈ। 'ਨਰੰਜਣ ਮਸ਼ਾਲਚੀ' ਨਾਵਲ ਵਿਚ ਜਿੱਥੇ ਵਿਆਹ-ਬਾਹਰੇ ਜਿਨਸੀ ਸੰਬੰਧਾਂ ਦੀ ਪੇਸ਼ਕਾਰੀ ਹੋਈ ਹੈ, ਉੱਥੇ ਪਤੀ-ਪਤਨੀ ਦੇ ਸੰਬੰਧਾਂ ਵਿਚਲੇ ਤਨਾਉ ਅਤੇ ਟਕਰਾਉ ਨੂੰ ਵੀ ਨਰੰਜਣ ਅਤੇ ਉਸਦੀ ਪਤਨੀ ਗੁਰਮੀਤ ਕੌਰ ਦੇ ਹਵਾਲੇ ਨਾਲ ਬਿਆਨਿਆਂ ਗਿਆ ਹੈ। ਇਹ ਦੋਵੇਂ ਕਬੀਲਦਾਰੀ ਦੇ ਬੋਝ ਕਾਰਨ ਕਾਮੁਕ ਪ੍ਰਵਿਰਤੀ ਨੂੰ ਦਬਾਈ ਰੱਖਦੇ ਹਨ। ਨਰੰਜਣ ਅੱਧ-ਖੜ ਉਮਰ ਵਿਚ ਆ ਕੇ ਵਧੇਰੇ ਕਾਮੁਕ ਹੋ ਜਾਂਦਾ ਹੈ ਅਤੇ ਆਪਣੀ ਪਤਨੀ ਤੋਂ ਇਸ ਤਰ੍ਹਾਂ ਦਾ ਸਾਥ ਚਾਹੁੰਦਾ ਹੈ। ਇਸ ਭੁੱਖ ਕਾਰਨ ਉਹ ਮਾਨਸਿਕ ਰੋਗੀ ਬਣ ਜਾਂਦਾ ਹੈ ਅਤੇ ਆਪਣੀ ਪਤਨੀ ਦਾ ਕਤਲ ਕਰਕੇ ਖੁਦ ਆਤਮ-ਹੱਤਿਆ ਕਰ ਲੈਂਦਾ ਹੈ। ਕੁਝ ਪਾਤਰ ਕਾਮੁਕ ਤ੍ਰਿਪਤੀ ਲਈ ਵਿਆਹ-ਬਾਹਰੇ ਸੰਬੰਧ ਬਣਾਉਂਦੇ ਹਨ। ਜੈਮਲ ਦਾ ਭਰਾ ਪਾਖਰ ਪਹਿਲਾਂ ਨਰੰਜਣ ਦੀ ਪਤਨੀ ਉਪਰ ਅੱਖ ਰੱਖਦਾ ਹੈ। ਬਾਅਦ ਵਿਚ ਉਹ ਜੈਮਲ ਦੀ ਪਤਨੀ ਚੰਦ ਕੌਰ ਨਾਲ ਸੰਬੰਧ ਬਣਾਉਂਦਾ ਹੈ। ਇਹਨਾਂ ਸੰਬੰਧਾਂ ਦੇ ਪਿੱਛੇ ਜ਼ਮੀਨ ਦਾ ਲਾਲਚ ਵੀ ਲੁਕਿਆ ਹੋਇਆ ਨਜ਼ਰ ਆਉਂਦਾ ਹੈ ਜਿਵੇਂ ਗੁਰਮੀਤ ਕੌਰ ਦਾ ਸਹੁਰਾ ਉਸ ਨੂੰ ਪਾਖਰ ਨਾਲ ਸੰਬੰਧ ਬਣਾਉਣ ਦੇ ਸੰਕੇਤ ਕਰਦਾ ਹੈ: "ਦੇਖ ਧੀਏ, ਜੇ ਉਸ ਕੁਜੈਲ ਨੂੰ ਤੂੰ ਵੀ ਰੋਟੀ ਨਹੀਂ ਦੇਵੇਂਗੀ ਤਾਂ ਉਹਦਾ ਲਾਂਘਾ ਕੀਕਣ ਲੰਘੂ, ਅੱਕ ਕੇ ਉਹ ਕਿਸੇ ਸ਼ਰੀਕ ਦੇ ਧੱਕੇ ਜਾ ਚੜੂ।"[13]

ਭਾਵੇਂ ਕਿ ਪਾਖਰ ਬਾਅਦ ਵਿਚ ਪੂਰਬਣ ਲੈ ਆਉਂਦਾ ਹੈ। ਨਰੰਜਣ ਵੀ ਆਪਣੀ ਪਤਨੀ ਦੇ ਹੁੰਦਿਆਂ ਚੰਦ ਕੌਰ ਨਾਲ ਸੰਬੰਧ ਬਣਾਉਂਦਾ ਹੈ। 'ਖੇੜੇ ਸੁੱਖ ਵਿਹੜੇ ਸੁੱਖ' ਨਾਵਲ ਵਿਚ ਇਹਨਾਂ ਸੰਬੰਧਾਂ ਦੀ ਇਕ ਹੋਰ ਪਰਤ ਉਘੜਦੀ ਹੈ। ਇਸ ਵਿਚਲਾ ਪਾਤਰ ਪ੍ਰੇਮ ਸਿੰਘ ਮੀਰਕੋਟੀਆ ਚੰਗੀ ਜ਼ਮੀਨ-ਜਾਇਦਾਦ ਦਾ ਮਾਲਕ ਹੈ। ਉਸਦਾ ਦੂਸਰਾ ਵਿਆਹ ਭਾਗੋ ਨਾਲ ਹੁੰਦਾ ਹੈ, ਜੋ ਉਸ ਨਾਲੋਂ ਉਮਰ ਵਿੱਚ ਬਹੁਤ ਛੋਟੀ ਹੈ। ਕਾਮੁਕ-ਅਤ੍ਰਿਪਤੀ ਕਾਰਨ ਉਹ ਉਸ ਨੂੰ ਛੱਡ ਕੇ ਜਗਤੇ ਨਾਲ ਚਲੀ ਜਾਂਦੀ ਹੈ ਕਿਉਂਕਿ ਭਾਗੋ ਦਾ ਵਿਚਾਰ ਹੈ: "ਮਨ-ਭਾਉਂਦਾ ਸਾਥੀ ਮਿਲ ਜਾਏ ਵੀਰਨਾ, ਰੋਜ਼ੀ-ਰੋਟੀ ਤਾਂ ਮੁਸ਼ੱਕਤ ਨਾਲ ਵੀ ਕਮਾ ਲੈਂਦੇ ਆਂ।"

ਨਾਵਲ ਦੀ ਪਾਤਰ ਦਇਆ ਕੌਰ ਦੀ ਵੀ ਇਹੀ ਸਮੱਸਿਆ ਹੈ। ਉਸ ਦਾ ਪਤੀ ਰਾਮ ਰੱਖਾ ਉਸ ਤੋਂ ਉਮਰ ਵਿਚ ਬਹੁਤ ਵੱਡਾ ਹੈ। ਉਹ ਆਪਣੇ ਮਨ-ਭਾਉਂਦੇ ਸਾਥੀ ਨਾਲ ਜੀਵਨ ਗੁਜ਼ਾਰਨ ਦੀ ਇੱਛਾ ਰੱਖਦੀ ਹੈ। ਵੀਰੋ ਪੀਜ਼ਣ ਕਾਮੁਕ ਅਤ੍ਰਿਪਤੀ ਕਾਰਨ ਸ਼ੇਰ ਮੁਹੰਮਦ ਨਾਲ ਜਿਨਸੀ ਸੰਬੰਧ ਬਣਾਉਂਦੀ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਭਾਗੋ, ਦਇਆ ਕੌਰ, ਵੀਰੋ ਪੀਜ਼ਣ ਅਤੇ ਆਇਸ਼ਾ ਵਰਗੀਆਂ ਔਰਤਾਂ ਦਾ ਦੁਖਾਂਤ ਹਾਣ ਦਾ ਪਤੀ ਨਾ ਮਿਲਣ ਕਰਕੇ ਅਤੇ ਕਾਮੁਕ ਅਤ੍ਰਿਪਤੀ ਕਰਕੇ ਵਿਆਹੇ-ਬਾਹਰੇ ਜਿਨਸੀ ਸੰਬੰਧ ਬਣਾਉਣ ਨੂੰ ਸਰੋਕਾਰਕ ਇਕਾਈ ਵਜੋਂ ਲਿਆ ਹੈ। ਇਸੇ ਤਰ੍ਹਾਂ ਪਤੀ ਦੀ ਮੌਤ ਤੋਂ ਬਾਅਦ ਚਿੰਤੋ ਆਪਣੇ ਦਿਉਰ ਇੰਦਰ ਸਿੰਘ ਨਾਲ ਜਿਨਸੀ ਸੰਬੰਧ ਬਣਾਉਂਦੀ ਹੈ। ਨੱਥੂ ਜੱਟ ਸ਼ੋਭੀ ਨਾਲ ਜਿਨਸੀਸੰਬੰਧ ਬਣਾਉਂਦਾ ਹੈ। ਨਾਵਲਕਾਰ ਨੇ ਇਨ੍ਹਾਂ ਸੰਬੰਧਾਂ ਕਰਕੇ ਇਸ ਸੰਸਕ੍ਰਿਤੀ ਦੀ ਮਾਨਸਿਕਤਾ ਦੇ ਨੀਵੇਂਪਣ ਨੂੰ ਪੇਸ਼ ਕੀਤਾ ਹੈ ਜਿਵੇਂ ਸੰਬੰਧਿਤ ਨਾਵਲ ਦਾ ਪਾਤਰ ਕੂਲ਼ੂ ਹਕੀਮ ਆਪਣੀ ਭਤੀਜ-ਨੂੰਹ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ। ਇਸੇ ਤਰ੍ਹਾਂ ਦੀ ਸਮੱਸਿਆ 'ਇਹਨਾਂ ਰਾਹਾਂ ਉੱਤੇ' ਨਾਵਲ ਵਿਚ ਦੇਖਣ ਨੂੰ ਮਿਲਦੀ ਹੈ। ਸਰਬੋ ਦੇ ਪਤੀ ਦੀ ਮੌਤ ਤੋਂ ਬਾਅਦ ਉਸਦਾ ਵਿਆਹ ਸੁੱਖੇ ਨਾਲ ਕਰ ਦਿੱਤਾ ਜਾਂਦਾ ਹੈ ਜੋ ਉਸ ਦੇ ਪਤੀ ਦਾ ਭਤੀਜਾ ਹੈ ਅਤੇ ਉਮਰੋਂ ਉਸ ਤੋਂ ਬਹੁਤ ਛੋਟਾ ਹੈ। ਜਿਸ ਕਰਕੇ ਸੁੱਖਾ ਮਾਨਸਿਕ ਪੱਖ ਤੋਂ ਸਰਬੋ ਨੂੰ ਪਤਨੀ ਸਵੀਕਾਰ ਨਾ ਕਰ ਸਕਿਆ, ਉਸ ਨੇ ਚੋਰੀ ਵਿਸ਼ਵਪ੍ਰੀਤ ਨਾਲ ਵਿਆਹ ਕਰਵਾ ਲਿਆ। ਅਜਿਹੀ ਮਾਨਸਿਕ ਪਰੇਸ਼ਾਨੀ ਸਰਬੋ ਅਤੇ ਸੁੱਖੇ ਵਰਗੇ ਕਈ ਪਾਤਰ ਭੋਗਦੇ ਹਨ। ਇਨ੍ਹਾਂ ਸੰਬੰਧਾਂ ਕਰਕੇ ਉਪਜੀਆਂ ਪ੍ਰਤੀਕੂਲ ਪਰਿਸਥਿਤੀਆਂ ਕਿਸਾਨੀ ਸੰਸਕ੍ਰਿਤੀ ਦੇ ਮਾਪ-ਦੰਡਾਂ ਨੂੰ ਢਹਿ-ਢੇਰੀ ਕਰ ਰਹੀਆਂ ਹਨ। ਬਚਿੱਤਰ ਤੇ ਦਲਬੀਰੋ ਦੇ ਰਿਸ਼ਤੇ ਵਿਚ ਤਕਰਾਰ ਦਾ ਕਾਰਨ ਜਿੱਥੇ ਜੱਟ-ਹਉਂ ਹੈ, ਉੱਥੇ ਵਿਆਹ-ਬਾਹਰੇ ਜਿਨਸੀ ਸੰਬੰਧ ਵੀ ਹਨ। ਬਚਿੱਤਰ ਕਈ ਔਰਤਾਂ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ। ਉਹ ਉਸਦੀ ਖੇਤੀ ਦਾ ਕੰਮ ਕਰਨ ਵਾਲੇ ਹੁਕਮੇ ਦੀ ਪਤਨੀ ਰੇਸ਼ਮਾ ਨਾਲ ਰਾਤਾਂ ਗੁਜ਼ਾਰਦਾ ਹੈ। ਗੁੱਜਰਨਾਂ ਨਾਲ ਮੇਲ-ਮਿਲਾਪ ਉਸਦਾ ਨਿੱਤ ਦਾ ਕੰਮ ਬਣ ਗਿਆ ਹੈ। ਉਹ ਕਦੇ ਪਾਲੋ ਦੇ ਘਰ ਚਾਹ ਪੀਂਦਾ ਤੇ ਕਦੇ ਸੀਤੋ ਦੇ। ਦਲਬੀਰੋ ਇਸ ਸੰਤਾਪ ਨੂੰ ਪੂਰੀ ਉਮਰ ਹੰਢਾਉਂਦੀ ਹੈ। ਇਸੇ ਤਰ੍ਹਾਂ ਅਮਰੋ ਅਤੇ ਕਿਰਨਬੀਰ ਵਰਗੀਆਂ ਔਰਤਾਂ ਵੀ ਇਸ ਤਰ੍ਹਾਂ ਦਾ ਸੰਤਾਪ ਹੰਢਾਉਂਦੀਆਂ ਹਨ। ਇਹ ਇਸਤਰੀ ਪਾਤਰ ਆਪਣੇ ਅਸਤਿੱਤਵ ਨੂੰ ਤਲਾਸ਼ਦੀਆਂ ਅੰਤਰੀਵੀ ਜਟਿਲ ਸੰਕਟਾਂ ਵਿਚੋਂ ਗੁਜ਼ਰਦੀਆਂ ਹਨ, ਜਿਹੜਾ ਉਨ੍ਹਾਂ ਨੂੰ ਮਾਨਸਿਕ ਪੱਧਰ 'ਤੇ ਡਾਵਾਂਡੋਲ ਕਰ ਦਿੰਦਾ ਹੈ। ਕਿਰਨਬੀਰ ਦਾ ਪਤੀ ਅਨੂਪਾ ਵੀ ਬਚਿੱਤਰ ਦੇ ਪੈਰਾਂ 'ਤੇ ਪੈਰ ਰੱਖਦਾ ਹੈ। ਉਸਦੇ ਇਨ੍ਹਾਂ ਸੰਬੰਧਾਂ ਕਰਕੇ ਕਈ ਅਲਾਮਤਾਂ ਉਸਨੂੰ ਹੋਰ ਚਿੰਬੜ ਗਈਆਂ। ਨਾਵਲਕਾਰ ਇਸ ਸੰਬੰਧੀ ਲਿਖਦਾ ਹੈ: "ਅਨੂਪੇ ਨਾਲ ਕੋਈ ਸਖੀ-ਸਹੇਲੀ ਆਈ ਹੁੰਦੀ ਤਾਂ ਹੁਕਮਾ ਤੇ ਰੇਸ਼ਮਾ ਆਪਣੇ ਆਪ ਪਾਸਾ ਵੱਟ ਲੈਂਦੇ। ਉਨ੍ਹਾਂ ਨੂੰ ਪਹਿਲਾਂ ਖੁੜਕ ਜਾਂਦੀ, ਜਦੋਂ



ਕਾਲੇ ਸ਼ੀਸ਼ਿਆਂ ਵਾਲੀ ਕਾਰ ਸਿੱਧੀ ਧੁੱਸ ਦਿੰਦੀ ਆਉਂਦੀ ਅਤੇ ਪੋਲਟਰੀ ਫਾਰਮ ਦੀਆਂ ਪੌੜੀਆਂ ਕੋਲ ਆ ਕੇ ਰੁਕਦੀ। ਸਾਰਾ ਬੰਦੋਬਸਤ ਸ਼ਹਿਰੋਂ ਕਰਕੇ ਲਿਆਇਆ ਜਾਂਦਾ। ਹੁਕਮੇ ਨੂੰ ਸਗੋਂ ਚੁਬਾਰੇ ਵਿਚ ਰਚੇ ਸਮਾਗਮ ਮਗਰੋਂ ਉੱਤਮ ਕਿਸਮ ਦੀ ਦਾਰੂ ਲਿਸ਼ਕਵੇਂ ਲੇਬਲ ਵਾਲੀ ਬਕਾਇਆ ਬਚੀ ਬੋਤਲ ਸਮੇਤ ਮਿਲ ਜਾਂਦੀ।"[15] ਬਚਿੱਤਰ ਦੀ ਧੀ ਰੂਪਾਂ ਕਦੇ ਸੰਤਾਂ ਦੇ ਡੇਰੇ 'ਤੇ ਰਾਤਾਂ ਗੁਜ਼ਾਰਦੀ ਹੈ ਅਤੇ ਕਦੇ ਉਸਦੇ ਬਿਜ਼ਨੈੱਸ ਦੇ ਸਾਥੀ ਉਸਦੀ ਕੋਠੀ 'ਤੇ ਰਹਿੰਦੇ ਹਨ। ਕਾਮ-ਵਾਸਨਾ ਨੂੰ ਮਨੁੱਖੀ ਮਾਨਸਿਕਤਾ ਉਪਰ ਇਸ ਤਰ੍ਹਾਂ ਭਾਰੂ ਹੁੰਦੇ ਦਿਖਾਇਆ ਗਿਆ ਹੈ ਕਿ ਬਚਨ ਸਿੰਘ ਵਰਗਾ ਬੰਦਾ ਜਿਹੜਾ ਬਚਿੱਤਰ ਨੂੰ ਰੇਸ਼ਮਾ ਤੇ ਗੁੱਜਰਨਾਂ ਕੋਲ਼ ਜਾਣੋ ਰੋਕਦਾ ਹੈ, ਅਖ਼ੀਰਲੀ ਉਮਰੇ ਖੁਦ ਰੇਸ਼ਮਾ ਦੇ ਘਰ ਰਾਤਾਂ ਗੁਜ਼ਾਰਦਾ ਹੈ। ਇਸ ਤਰ੍ਹਾਂ ਇਨ੍ਹਾਂ ਨਾਵਲਾਂ ਵਿਚ ਜਿਨਸੀ ਸੰਬੰਧਾਂ ਦੀਆਂ ਉਲਝੀਆਂ ਤੰਦਾਂ ਸਮੁੱਚੇ ਵਰਤਾਰੇ ਵਿਚ ਟਕਰਾਵੀਂ ਸਥਿਤੀ ਪੈਦਾ ਕਰਦੀਆਂ ਵਿਖਾਈਆਂ ਗਈਆਂ ਹਨ।

ਬਿਲਿੰਗ ਦੇ ਨਾਵਲਾਂ ਵਿਚ ਧਰਮ ਦੀ ਆੜ ਵਿਚ ਚੱਲ ਰਹੇ ਪਾਖੰਡ ਦੇ ਘਨੌਣੇ ਯਥਾਰਥ ਦੀਆਂ ਵਿਭਿੰਨ ਪਰਤਾਂ ਦੀ ਤਰਜਮਾਨੀ ਵੀ ਹੋਈ ਹੈ। ਨਾਵਲਕਾਰ ਨੇ ਕੁਝ ਪਾਖੰਡੀ ਸਾਧਾਂ ਦੇ ਪਾਜ ਇਸ ਤਰ੍ਹਾਂ ਫਰੋਲੇ ਹਨ ਕਿ ਡੇਰਾਵਾਦ ਦਾ ਕੌੜਾ ਸੱਚ ਸਾਹਮਣੇ ਆ ਜਾਂਦਾ ਹੈ। ਮਾਨ ਸਿੰਘ ਮਕਸੂਦੜਾ, ਜੋ ਚੰਗੀ ਜ਼ਮੀਨ-ਜਾਇਦਾਦ ਦਾ ਮਾਲਕ ਹੈ, ਦਾ ਮੁੰਡਾ ਨਾਜਰ ਸਿੰਘ, ਸੰਤ ਗੱਜਣ ਸਿੰਘ ਨਾਲ ਮਿਲ ਕੇ ਨਸ਼ੇ ਦਾ ਵਪਾਰ ਕਰਦਾ ਹੈ। ਡੇਰੇ ਦੀ ਆੜ ਵਿਚ ਸੰਤਾਂ/ਸਾਧਾਂ ਵੱਲੋਂ ਅਨੇਕ ਔਰਤਾਂ ਨਾਲ ਜਿਨਸੀ ਸੰਬੰਧ ਸਥਾਪਤ ਕੀਤੇ ਜਾਂਦੇ ਹਨ। ਮਾਨ ਸਿੰਘ ਦੁਖੀ ਹੋ ਕੇ ਦੱਸਦਾ ਹੈ: "ਸੁਆਹ ਤੇ ਖੇਹ ਚਾਲੀਸਾ ਕੱਟਦੈ, ਰਾਮਸਰੀਆ ਪੂਪਨਾ। ਦੂਏ ਚੌਥੇ ਦਿਨ ਅਠਾਰਾਂ-ਵੀਹਾਂ ਸਾਲਾ ਕੁੜੀਆਂ ਨੂੰ ਭੋਰੇ ਵਿੱਚ ਲਿਆ ਕੇ ਮੰਦਾ ਕਰਮ ਕਰਦੈ ਧਲੈਟ ਕਿਸੇ ਥਾਉਂ ਦਾ...ਸਾਡੇ ਟੱਬਰ ਤੇ ਸਾੜ੍ਹ-ਸਤੀ ਕਿਉਂ ਨੀ ਚੜ੍ਹੇਗੀ।"[16]

ਅੱਜੋਕਾ ਨਸ਼ਿਆ ਦਾ ਧੰਦਾ ਇਨ੍ਹਾਂ ਡੇਰਿਆਂ ਵਿਚ ਚੱਲ ਰਿਹਾ ਹੈ ਜਿਹੜਾ ਨੌਜਵਾਨ ਪੀੜ੍ਹੀ ਨੂੰ ਗਰਕ ਕਰ ਰਿਹਾ ਹੈ । ਸੱਜਣ ਸਿੰਘ ਸਾਧ ਦੇ ਡੇਰੇ 'ਤੇ ਜਦੋਂ ਸੀ.ਆਈ.ਡੀ ਦਾ ਛਾਪਾ ਪੈਂਦਾ ਹੈ ਤਾਂ ਇਸ ਵਿਚੋਂ ਬਰਾਮਦ ਹੋਏ ਨਸ਼ੇ ਅਤੇ ਦੇਹ-ਵਪਾਰ ਦੇ ਧੰਦੇ ਬਾਰੇ ਸੱਚ ਸਾਹਮਣੇ ਆ ਜਾਂਦਾ ਹੈ। ਨਸ਼ਿਆਂ ਦਾ ਇਹ ਰੁਝਾਨ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਹੈ। ਜਿਵੇਂ ਕੇਵਲ ਸ਼ਰਾਬ ਪੀ-ਪੀ ਕੇ ਮਰਦਾ ਹੈ। ਸਾਹਿਬਪ੍ਰੀਤ ਨਸ਼ਿਆਂ ਦੇ ਸੇਵਨ ਕਰਕੇ ਮੌਤ ਦੇ ਮੂੰਹ ਵਿਚ ਜਾ ਡਿੱਗਦਾ ਹੈ। ਰੂਪਾਂ ਵੱਲੋਂ ਨਸ਼ੇ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਅੱਜੋਕੇ ਯਥਾਰਥ ਵਿਚ ਲੜਕੀਆਂ ਵੀ ਨਸ਼ਿਆਂ ਦੀਆਂ ਆਦੀ ਹੋ ਰਹੀਆਂ ਹਨ ਤੇ ਰੂਪਾਂ ਵਰਗੀਆਂ ਆਤਮ-ਹੱਤਿਆ ਦੇ ਰਾਹ ਪੈਂਦੀਆਂ ਹਨ। ਨਸ਼ਿਆਂ ਦਾ ਇਹ ਕਾਰੋਬਾਰ ਧਰਮ ਅਤੇ ਸਿਆਸਤ ਦੀ ਆੜ ਹੇਠ ਚੱਲਦਾ ਦਿਖਾਇਆ ਗਿਆ ਹੈ: "ਡਰਨ ਦੀ ਲੋੜ ਨਹੀਂ ਪਾਸ਼ੀ ਪੁੱਤਰਾ! ਇੱਥੇ ਚੋਰਾਂ ਨਾਲ ਕੁੱਤੀ ਰਲੀ ਫਿਰਦੀ ਐ। ਉਪਰੋਂ ਥੱਲੇ, ਸਭ ਮਿਲ ਮਿਲਾ ਕੇ ਹੁੰਦੈ। ਸਾਰਾ ਕਾਰੋਬਾਰ ਧਰਮ ਤੇ ਸਿਆਸਤ ਦੇ ਚੋਲ਼ੇ ਹੇਠਾਂ ਸਹੀ ਸਲਾਮਤ ਚੱਲਦਾ ਹੀ ਨਹੀਂ ਸਗੋਂ ਵੱਧ ਫੁੱਲ ਵੀ ਰਿਹਾ ਹੈ।"[17] ਇਹਨਾਂ ਨਸ਼ਿਆਂ ਕਾਰਨ ਤਬਾਹ ਹੋ ਰਹੀਆਂ ਜਿੰਦਾਂ ਦਾ ਤੌਖਲਾ ਪੁਰਾਣੀ-ਪੀੜ੍ਹੀ ਦੀ ਚੇਤਨਾ ਨੂੰ ਮੂਲੋਂ ਫਿਕਰਮੰਦ ਕਰ ਰਿਹਾ ਹੈ। ਬਚਿੱਤਰ ਸਿੰਘ ਨੂੰ ਭਵਿੱਖ ਦੀ ਚਿੰਤਾ ਹੈ ਕਿ ਜਿਸ ਕਿਸਮ ਦਾ ਅੱਜ ਵਰਤਾਰਾ ਹੈ, ਇਹ ਸਭ ਕੁਝ ਨਸ਼ਟ ਕਰ ਦੇਵੇਗਾ। ਉਹ ਸਮਾਜ ਨੂੰ ਨਸ਼ਟ ਕਰਨ ਵਾਲੀਆਂ ਗੁੱਝੀਆਂ ਗਿਰਝਾਂ ਵੱਲੋਂ ਕੀਤੀ ਜਾਣ ਵਾਲੀ ਤਬਾਹੀ ਲਈ ਫ਼ਿਕਰਮੰਦ ਹੈ: "ਏਥੇ ਤਾਂ ਲੁੱਟ ਮੱਚੀ ਲਿਓ, ਹੱਡਵਾਰ ਸੁੰਘਦੇ ਹੱਡਾ ਰੋੜੀ ਦੇ ਕੁੱਤੇ ਤਾਂ ਸਾਰੇ ਪਿੰਡ ਵਿਚ ਹਰਲ-ਹਰਲ ਕਰਦੇ, ਜੀਭਾਂ ਲਟਕਾਈ ਫਿਰਦੇ ਨੇ। ਉਨ੍ਹਾਂ ਦਰਿੰਦਿਆਂ ਦਾ ਮੁਕਾਬਲਾ ਤਾਂ ਮਰਦ ਬਣੀ ਮੇਰੀ ਰੂਪਾਂ

ਨ੍ਹੀ ਕਰ ਸਕੀ, ਅਨੂਪਾ ਮੁਚੜੂ ਜਿਹਾ ਕਿੱਥੇ ਕਰਲੂ...ਸਾਰੀਓ ਹਰੇਵਾਈ ਮੜ੍ਹੱਛੀ ਲਿਓ, ਟਿੱਡੀ ਦਲ ਵਾਂਗੂੰ ਚੱਟ ਜਾਣਗੇ, ਸਾਰਾ ਕੁਝ ਉੱਜੜ ਜਾਣਾ ਏ ਕਿਸੇ ਦਿਨ।"[18] ਬਚਿੱਤਰ ਸਿੰਘ ਵਰਗੇ ਪਾਤਰਾਂ ਨੂੰ ਕੁਰਾਹੇ ਪਈ ਨੌਜਵਾਨ ਪੀੜ੍ਹੀ ਦੀ ਇਹ ਹਾਲਤ ਦੇਖ ਕੇ ਭਵਿੱਖ ਵਿਚ ਬਣਨ ਵਾਲੀ ਸਥਿਤੀ ਦੀ ਚਿੰਤਾ ਸਤਾਉਂਦੀ ਹੈ।

ਬਿਲਿੰਗ ਨੇ ਆਪਣੇ ਨਾਵਲਾਂ ਵਿਚ ਉਪਰੋਕਤ ਵਰਣਿਤ ਵਿਸ਼ਿਆਂ ਦਾ ਸੰਬੰਧ ਸਮੇਂ-ਸਮੇਂ ਵਾਪਰੇ ਸਮਾਜਕ ਪਰਿਵਰਤਨਾਂ ਨਾਲ ਜੋੜ ਕੇ ਦਰਸਾਇਆ ਹੈ। ਇਨ੍ਹਾਂ ਪਰਿਵਰਤਨਾਂ ਦੇ ਵਾਪਰਨ ਪਿੱਛੇ ਹਰੀ ਕ੍ਰਾਂਤੀ ਨੇ ਅਹਿਮ ਭੂਮਿਕਾ ਨਿਭਾਈ। ਹਰੀ ਕ੍ਰਾਂਤੀ ਦੇ ਪ੍ਰਭਾਵ ਨੇ ਕਿਸਾਨੀ ਨੂੰ ਆਪਣੇ ਉਜਵਲ ਭਵਿੱਖ ਦੀ ਆਸ ਮਹਿਸੂਸ ਕਰਵਾਈ ਪਰ ਜਲਦੀ ਹੀ ਇਹ ਆਸ ਕਿਸਾਨੀ ਨੂੰ ਨਿਰਾਸ਼ ਕਰਦੀ ਹੈ ਜਦ ਖੇਤੀ ਦੇ ਮਸ਼ੀਨੀਕਰਨ ਨਾਲ ਉਤਪਾਦਨ ਦੇ ਵਧਣ ਕਰਕੇ ਆਮਦਨ ਵਿਚ ਵਾਧਾ ਹੋਇਆ। ਪਰ ਕੁਝ ਸਮੇਂ ਬਾਅਦ ਉਤਪਾਦਨ ਵਿਚਲੀ ਖੜੋਤ ਕਰਕੇ ਆਮਦਨ ਵਿਚ ਵੀ ਖੜੋਤ ਆਈ ਪਰ ਉਤਪਾਦਨ ਲਈ ਖਰਚਿਆਂ ਵਿਚ ਕਈ ਗੁਣਾਂ ਵਾਧਾ ਹੋ ਜਾਂਦਾ ਹੈ। ਜਿਸ ਨਾਲ ਕਿਸਾਨੀ ਦੀ ਹਾਲਤ ਸੁਧਰਨ ਦੀ ਬਜਾਇ ਵਿਗੜਦੀ ਹੈ। 'ਦੀਵੇ ਜਗਦੇ ਰਹਿਣਗੇ' ਨਾਵਲ ਵਿਚ ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਵਾਪਰੇ ਪਰਿਵਰਤਨ ਨੂੰ ਮੁੱਖ ਸਰੋਕਾਰ ਵਜੋਂ ਪੇਸ਼ ਕੀਤਾ ਹੈ। ਆਰਥਿਕ ਸਥਿਤੀ ਦੇ ਡਾਵਾਂਡੋਲ ਹੋਣ ਨਾਲ ਰਿਸ਼ਤੇ-ਨਾਤੇ, ਵਿਭਿੰਨ ਵਰਗਾਂ ਦੇ ਆਪਸੀ ਸੰਬੰਧ ਵਿਗੜ ਗਏ ਹਨ। ਇਸ ਬਾਰੇ ਡਾ.ਸਾਕ ਮੁਹੰਮਦ ਦਾ ਕਥਨ ਹੈ, "ਨਾਵਲੀ-ਬਿਰਤਾਂਤ ਵਿਚ ਹਰੀ ਕ੍ਰਾਂਤੀ ਮੂਜਬ ਆਏ ਸਮਾਜਕ ਪਰਿਵਰਤਨਾਂ ਨੂੰ ਉਚੇਚਾ ਦਰਸਾਇਆ ਗਿਆ ਹੈ।ਨਾਵਲ ਵਿਚ ਹਰੀ ਕ੍ਰਾਂਤੀ ਆਉਣ ਨਾਲ ਲਾਗੀ-ਜਜਮਾਨੀ ਸੰਬੰਧਾਂ ਨੂੰ ਝਿਉਰ ਅਤੇ ਤਰਖਾਣ ਜਾਤੀ ਦੇ ਹਵਾਲਿਆਂ ਨਾਲ ਤਿੜਕਦੇ ਅਤੇ ਖ਼ਤਮ ਹੁੰਦੇ ਵਿਖਾਇਆ ਗਿਆ ਹ ।"[19]

ਇਸੇ ਤਰ੍ਹਾਂ ਲੇਖਕ ਨੇ ਕਿਸਾਨ-ਮਜਦੂਰ ਸੰਬੰਧਾਂ, ਕਿਰਤੀਆਂ ਦਾ ਰੁਜ਼ਗਾਰ ਲਈ ਖੇਤਾਂ ਤੋਂ ਸ਼ਹਿਰਾਂ ਵੱਲ ਰੁਝਾਨ ਅਤੇ ਪੂੰਜੀਵਾਦੀ ਪ੍ਰਭਾਵਾਂ ਸਦਕਾ ਕਿਰਤੀ ਵਰਗ ਵਿਚ ਆਈ ਚੇਤਨਾ ਨੂੰ 'ਦੀਵੇ ਜਗਦੇ ਰਹਿਣਗੇ' ਨਾਵਲ ਵਿਚ ਦੇਖਿਆ ਜਾ ਸਕਦਾ ਹੈ: "ਦਿਆਲਾ ਹੈਰਾਨ ਵੀ ਹੋਇਆ। ਸਾਰੇ ਲਾਗੀਆਂ-ਕਮੀਣਾਂ ਦੀ ਹਵਾ ਖ਼ਰਾਬ ਹੋ ਚੁੱਕੀ ਸੀ। ਸਾਰੀਆਂ ਨਿੱਕੀਆਂ ਜਾਤਾਂ ਭੂਏ ਚੜ੍ਹੀਆਂ ਫਿਰਦੀਆਂ। ਵਿਹੜੇ ਵਾਲਿਆਂ ਨੇ ਵੱਖਰੀ ਅਹਿ ਚੁੱਕੀ ਸੀ। ਉਹ ਆਪਣੀ ਦਿਹਾੜੀ ਵਧਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਮੁਰਦਾ ਪਸ਼ੂਆਂ ਨੂੰ ਚੁਕਾ ਕੇ ਹੱਡਾ ਰੋੜੀ ਸਿੱਟਣ ਬਦਲੇ ਦਾਣੇ ਵਧਾਉਣੇ ਲੋਚਦੇ। ਕਣਕ ਦੀਆਂ ਘੁੰਡੀਆਂ ਨਾਲ ਉਨ੍ਹਾਂ ਨੂੰ ਸਬਰ ਨਾ ਆਉਂਦਾ। ...ਸਭ ਨੂੰ ਹਵਾ ਲੱਗ ਚੁੱਕੀ ਸੀ।"[20]

ਇਨ੍ਹਾਂ ਨਾਵਲਾਂ ਵਿਚ ਲੇਖਕ ਨੇ ਨੌਜਵਾਨ ਪੀੜ੍ਹੀ ਦੀ ਅਸੰਤੁਸ਼ਟ ਮਾਨਸਿਕਤਾ ਕਰਕੇ ਵਿਦੇਸ਼ਾਂ ਵੱਲ ਵਧਦੇ ਰੁਝਾਨ ਨੂੰ ਵੀ ਸਰੋਕਾਰਕ ਇਕਾਈ ਵਜੋਂ ਪੇਸ਼ ਕੀਤਾ ਹੈ, ਜੋ ਹਰ ਹੀਲਾ ਵਰਤ ਕੇ ਵਿਦੇਸ਼ਾਂ ਵਿਚ ਜਾ ਕੇ ਆਪਣੀ ਆਰਥਿਕ ਹਾਲਤ ਸੁਧਾਰਨ ਦੀ ਇੱਛੁਕ ਹੈ। 'ਦੀਵੇ ਜਗਦੇ ਰਹਿਣਗੇ' ਵਿਚ ਦਿਆਲੇ ਦੇ ਪੁੱਤਰ ਨਰਿੰਦਰ ਦਾ ਵਿਦੇਸ਼ ਜਾਣ ਦਾ ਵਰਨਣ ਮਿਲਦਾ ਹੈ, ਜੋ ਲੋੜ ਸਮੇਂ ਆਪਣੇ ਪਿਤਾ ਦੀ ਆਰਥਿਕ ਮੱਦਦ ਕਰਦਾ ਹੈ, ਜਿਸ ਕਰਕੇ ਪਿੰਡ ਵਿਚ ਉਨ੍ਹਾਂ ਦੀ ਭੱਲ ਬਣਦੀ ਹੈ।

ਸਾਰਾਂਸ਼ ਰੂਪ ਵਿਚ ਬਿਲਿੰਗ ਦੇ ਨਾਵਲ ਕਿਸਾਨੀ ਸੰਸਕ੍ਰਿਤੀ ਦੀ ਵਾਸਤਵਿਕਤਾ ਨੂੰ ਗਲਪੀ ਬਿੰਬ ਰਾਹੀਂ ਪੇਸ਼ ਕਰਦੇ ਹਨ। ਸੰਬੰਧਤ ਸੰਸਕ੍ਰਿਤੀ ਦੀਆਂ ਵਿਭਿੰਨ ਸਮੱਸਿਆਵਾਂ, ਇਹਨਾਂ ਸਮੱਸਿਆਵਾਂ ਦੇ ਕਾਰਨ ਤੇ ਗੁੰਝਲਾਂ ਬਿਲਿੰਗ ਦੇ ਨਾਵਲਾਂ ਦੀਆਂ



ਪ੍ਰਮੁੱਖ ਥੀਮਕ ਇਕਾਈਆਂ ਹਨ। ਜ਼ਮੀਨ ਦੀ ਥੁੜ੍ਹ, ਜ਼ਮੀਨ ਦਾ ਲਾਲਚ, ਵਿਆਹ ਦੀ ਸਮੱਸਿਆ, ਅਣਜੋੜਤਾ, ਵਿਆਹ ਬਾਹਰੇ ਜਿਨਸੀ ਸੰਬੰਧ, ਵਿਦੇਸ਼ ਜਾਣ ਦੀ ਸਿੱਕ, ਧਾਰਮਿਕ ਪਾਖੰਡ, ਨੌਜਵਾਨ ਪੀੜ੍ਹੀ ਵਿਚ ਨਸ਼ਿਆਂ ਦਾ ਰੁਝਾਨ, ਕਿਰਤ ਦੀ ਮਹੱਤਤਾ ਦਾ ਘਟ ਜਾਣਾ, ਔਰਤ ਦਾ ਅਸਤਿਤਵ ਆਦਿ ਅਨੇਕ ਅਜਿਹੀਆਂ ਉਪ-ਇਕਾਈਆਂ ਹਨ ਜਿਹੜੀਆਂ ਕਿਸਾਨੀ ਸਾਂਸਕ੍ਰਿਤਕ ਧਰਾਤਲ ਨੂੰ ਪ੍ਰਭਾਵਤ ਕਰ ਰਹੀਆਂ ਹਨ। ਬਿਲਿੰਗ ਨੇ 'ਮੈਂ ਕਿਉਂ ਲਿਖਦਾ ਹਾਂ' ਨਾਂ ਦੇ ਲੇਖ ਵਿਚ ਆਪਣੇ ਨਾਵਲਾਂ ਦੇ ਸਰੋਕਾਰਕ ਪੱਖ ਬਾਰੇ ਲਿਖਦਿਆਂ ਕਿਹਾ ਹੈ: "ਮੇਰੀ ਪਹਿਲੀ ਨਾਵਲ-ਰਚਨਾ 'ਨਰੰਜਣ ਮਸ਼ਾਲਚੀ' ਚਾਰਲਸ ਡਿੱਕਨਜ਼ ਦੇ 'ਡੇਵਿਡ ਕੌਪਰਫੀਲਡ' ਵਾਂਗ ਮੇਰੇ ਮੁੱਢਲੇ ਜੀਵਨ, ਮੇਰੇ ਨਿੱਜੀ ਤਜਰਬੇ ਅਨੁਭਵ ਉਪਰ ਆਧਾਰਤ ਹੈ। 'ਖੇੜੇ ਸੁੱਖ ਵਿਹੜੇ ਸੁੱਖ'- ਜੋ ਮੇਰੇ, ਜਨਮ ਤੋਂ ਪੰਜ ਦਹਾਕੇ ਪਹਿਲਾਂ ਦੇ ਸਾਂਝੇ ਪੰਜਾਬ ਦੇ ਜੀਵਨ ਤੇ ਸਭਿਆਚਾਰ ਨੂੰ ਚਿਤਰਦਾ ਹੈ। ਇਸ ਤੋਂ ਪਿੱਛੋਂ 'ਇਹਨਾਂ ਰਾਹਾਂ ਤੇ', 'ਪੱਤ ਕੁਮਲਾ ਗਏ' ਅਤੇ 'ਦੀਵੇ ਜਗਦੇ ਰਹਿਣਗੇ' ਸਮੁੱਚੀ ਪੰਜਾਬੀ ਕਿਰਸਾਨੀ ਦੇ ਜੀਵਨ, ਮੇਰੇ ਹੱਡੀਂ ਹੰਢਾਏ ਜਾਂ ਸਾਹਮਣੇ ਦੇਖੇ ਯਥਾਰਥ ਉਪਰ ਆਧਾਰਤ ਗਲਪ-ਕਿਰਤਾਂ ਹਨ, ਜੋ ਭਾਰਤੀ ਪੰਜਾਬੀ ਖਿੱਤੇ ਵਿਚਲੀ ਕਾਸ਼ਤਕਾਰ ਤੇ ਗ਼ੈਰ-ਕਾਸ਼ਤਕਾਰ ਜਮਾਤ ਦੇ ਵਿਕਾਸ ਤੇ ਪਤਨ ਨੂੰ ਚਿਤਰਦੀਆਂ ਹਨ। 'ਖ਼ਾਲੀ ਖੂਹਾਂ ਦੀ ਕਥਾ' ਤਕ ਦੇ ਸੌ ਸਾਲਾਂ ਦੌਰਾਨ ਸਾਡਾ ਉਹੀ ਸਮਾਜ ਪਦਾਰਥਕ ਪੱਖ ਤੋਂ ਕਈ ਗੁਣਾਂ ਤਰੱਕੀ ਕਰ ਚੁੱਕਾ ਹੈ ਪਰ ਸਰਮਾਏਦਾਰੀ ਦੇ ਘਿਨਾਉਣੇ ਪੱਖ ਤੋਂ ਲੋੜੋਂ ਵਧੇਰੇ ਪ੍ਰਭਾਵਤ ਹੋਇਆ ਹੈ। ਇਹ ਮੂਲੋਂ ਨਿੱਜਵਾਦੀ ਬਣਦਾ ਜਾ ਰਿਹਾ ਹੈ। ਸਿੱਟੇ ਵਜੋਂ ਇਹ ਭਰਿਆ ਭਕੁੰਨਾ ਜੀਵਨ ਸਭ ਕੁਝ ਹੁੰਦੇ-ਸੁੰਦੇ ਸਦਾ ਖ਼ਾਲੀ ਤੇ ਅਤ੍ਰਿਪਤ ਜਾਪਦਾ ਹੈ।"[21] ਢਾਹੇ ਦੇ ਵਿਸ਼ੇਸ਼ ਇਲਾਕੇ ਦੀਆਂ ਸਮੱਸਿਆਵਾਂ ਨੂੰ ਚਿਤਰਨ ਵਿਚ ਇਸ ਨਾਵਲਕਾਰ ਨੇ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਹੈ, ਜੋ ਉਸਦੀ ਨੀਝ ਭਰਪੂਰ ਸਿਰਜਣਾਤਮਕ ਪ੍ਰਤਿਭਾ ਦੀ ਗਵਾਹੀ ਹੈ ।

**ਟਿੱਪਣੀਆਂ ਅਤੇ ਹਵਾਲੇ**

(1) ਮੈ ਕਿਉਂ ਲਿਖਦਾ ਹਾਂ? ਅਵਤਾਰ ਸਿੰਘ ਬਿਲਿੰਗ, (2) ਪੇਂਡੂ ਕਿਰਸਾਨੀ ਦਾ ਸੰਤਾਪ 'ਦੀਵੇ ਜਗਦੇ ਰਹਿਣਗੇ' ਡਾ.ਹਰਮਿੰਦਰ ਸਿੰਘ, ਮੁਹਾਂਦਰਾ, ਅਪ੍ਰੈਲ-ਜੂਨ 2014, (3) 'ਨਰੰਜ਼ਣ ਮਸ਼ਾਲਚੀ', ਅਵਤਾਰ ਸਿੰਘ ਬਿਲਿੰਗ, ਪੰਨਾ 33, (4) ਉਹੀ, ਪੰਨਾ 41, (5) 'ਇਹਨਾਂ ਰਾਹਾਂ ' ਤੇ', ਅਵਤਾਰ ਸਿੰਘ ਬਿਲਿੰਗ, ਪੰਨਾ 18 (6) ਉਹੀ, ਪੰਨਾ, 21 (7) ਉਹੀ, ਪੰਨਾ, 79 (8) 'ਦੀਵੇ ਜਗਦੇ ਰਹਿਣਗੇ', ਅਵਤਾਰ ਸਿੰਘ ਬਿਲਿੰਗ, ਪੰਨਾ 124 (9) 'ਖ਼ਾਲੀ ਖੂਹਾਂ ਦੀ ਕਥਾ', ਪੰਨਾ 117 (10) ਉਹੀ, ਪੰਨਾ 45 (11) ਉਹੀ, ਪੰਨਾ 47 (12) ਉਹੀ, ਪੰਨਾ 117 (13) 'ਨਰੰਜਣ ਮਸ਼ਾਲਚੀ', ਅਵਤਾਰ ਸਿੰਘ ਬਿਲਿੰਗ, ਪੰਨਾ 39 (14) 'ਖੇੜੇ ਸੁੱਖ ਵਿਹੜੇ ਸੁੱਖ', ਅਵਤਾਰ ਸਿੰਘ ਬਿਲਿੰਗ, ਪੰਨਾ 353 (15) 'ਖ਼ਾਲੀ ਖੂਹਾਂ ਦੀ ਕਥਾ', ਅਵਤਾਰ ਸਿੰਘ ਬਿਲਿੰਗ, ਪੰਨਾ 200 (16) ਉਹੀ, ਪੰਨਾ 126 (17) ਉਹੀ, ਪੰਨਾ 193 (18) ਉਹੀ, ਪੰਨਾ 273 (19) ਅਜ਼ਾਦੀ ਉਪਰੰਤ ਬਦਲਦੇ ਪੇਂਡੂ ਸਮਾਜ ਦੀ ਗਾਥਾ 'ਦੀਵੇ ਜਗਦੇ ਰਹਿਣਗੇ, ਡਾ. ਸਾਕ ਮੁਹੰਮਦ, ਨਵਾਂ ਜ਼ਮਾਨਾ, ਐਤਵਾਰ,13-11-2011 (20) 'ਦੀਵੇ ਜਗਦੇ ਰਹਿਣਗੇ', ਅਵਤਾਰ ਸਿੰਘ ਬਿਲਿੰਗ, ਪੰਨਾ 106 (21) 'ਮੇਰੇ ਨਾਵਲ ਤੇ ਢਾਹਾਂ ਪੰਜਾਬੀ ਸਾਹਿਤ ਐਵਾਰਡ', ਅਵਤਾਰ ਸਿੰਘ ਬਿਲਿੰਗ ❑❑

**{ਪੋਸਟ-ਗਰੈਜੂਏਟ ਪੰਜਾਬੀ ਵਿਭਾਗ, ਆਰ.ਐੱਸ.ਡੀ ਕਾਲਿਜ,ਫ਼ਿਰੋਜ਼ਪੁਰ ਸ਼ਹਿਰ**

**ਫੋਨ: 9417326415}**

## ਛਬੀਲ (ਕਵਿਤਾ) ਗੁਰਨਾਇਬ ਸਿੰਘ

ਲੰਮੀ ਕਵਿਤਾ 'ਕਉਨੁ ਮੂਆ ਰੇ ਕਉਨੁ ਮੂਆ' ਤੋਂ ਪਿੱਛੋਂ 'ਛਬੀਲ' ( ਸੰਗਮ ਪਬਲੀਕੇਸ਼ਨਜ਼, ਪਟਿਆਲਾ, ਪੰਨੇ 66, ਮੁੱਲ 125 ਰੁਪਏ) ਡਾ. ਗੁਰਨਾਇਬ ਸਿੰਘ ਦੀ ਕਾਵਿਕ ਮਨ-ਬਚਨੀ ਕਹੀ ਜਾ ਸਕਦੀ ਹੈ। ਇਹ ਵੀ ਛੋਟੇ ਆਕਾਰ ਦੀ ਨਹੀਂ। ਭਾਈ ਮਰਦਾਨੇ ਦੀ ਰਬਾਬ, ਗੁਰੁ ਅਰਜਨ ਦੇਵ ਦੀ ਤੱਤੀ ਤਵੀ, ਗੁਰੁ ਤੇਗ਼ ਬਹਾਦਰ ਦੇ ਸੀਸ ਗੰਜ, ਬਾਬਾ ਦੀਪ ਸਿੰਘ ਦੀ ਸ਼ਹੀਦੀ, ਸਰਹੰਦ ਦੀਆਂ ਕੰਧਾਂ, ਛੋਟੇ ਸਾਹਿਬਜ਼ਾਦਿਆਂ, ਸੰਨ ਸੰਤਾਲੀ ਦੇ ਦੇਸ਼-ਬਟਵਾਰੇ ਤੇ ਚੁਰਾਸੀ ਦੇ ਦੰਗਿਆਂ ਨੂੰ ਕਾਵਿਕ ਪ੍ਰਗਟਾਅ ਦਿੰਦੀ ਇਹ ਪੁਸਤਕ ਹੰਝੂਆਂ ਦੀ ਛਬੀਲ ਵਰਤਾਉਂਦੀ ਮਨ ਮੰਦਰ ਦੇ ਧੁਰ ਅੰਦਰ ਨੂੰ ਹਲੂਣ ਜਾਂਦੀ ਹੈ। ਵੱਡੇ ਛੋਟੇ 13 ਕਾਂਡਾਂ ਵਿਚ ਵੰਡੀ ਇਸ ਰਚਨਾ ਦੀ ਉੱਤਮਤਾਈ ਨੂੰ ਵਾਰਤਕ ਵਿਚ ਬਿਆਨਣਾ ਸਹਿਲ ਨਹੀਂ। ਏਥੇ ਸਿਮਰਨ ਦੇ ਤੀਰਾਂ ਨਾਲ ਸ਼ਬਦਾਂ ਦਾ ਸ਼ਿਕਾਰ ਪ੍ਰਧਾਨ ਹੈ। ਚੰਗਾ ਇਹੀਉ ਹੈ ਕਿ ਮੈਂ ਕਵੀ ਤੇ ਉਸਦੇ ਪਾਠਕਾਂ ਵਿਚੋਂ ਹਟ ਕੇ ਫੈਸਲਾ ਪਾਠਕਾਂ ਉੱਤੇ ਹੀ ਛੱਡ ਦਿਆਂ:

ਗੁਜਰੀ ਦਾ ਮਾਹੀ, ਪਤੀ, ਪ੍ਰੀਤਮ, ਧੜਕਣ, ਸਾਹ, ਤੇਗ਼ ਬਹਾਦਰ
ਅੱਖ ਝਪਕ ਲਈ ਵੀ ਮੁੱਖ ਉਸਦਾ
ਨਜ਼ਰਾਂ ਤੋਂ ਉਹਲੇ ਨਾ ਹੋਣ ਦੇਂਦੀ ਗੁਜਰੀ
ਪਲਕਾਂ ਮੁੰਦ ਮੁਗਧ ਬੈਠਾ ਰਹਿੰਦਾ ਤੇਗ਼ ਬਹਾਦਰ
ਗੁਰੂ ਦੀ ਯਾਦ ਵਿਚ
ਨੈਣ ਖੋਲ੍ਹਦਾ ਤਾਂ ਹੱਥ ਨਾਮ ਦਾ ਬਾਣ ਵੱਟਣ ਲਗਦੇ
ਕਿਰਤ ਸੁੱਚੀ ਕਮਾਈ ਉਸ ਇਕ ਦੀ
ਅਮਲ ਰੱਬ ਦੇ ਨਾਮ ਦਾ ਖਾ ਕੇ ਝੂਮਦਾ ਰਹਿੰਦਾ
ਬਕਾਲ਼ੇ ਦੀ ਧਰਤੀ ਉੱਤੇ

ਹੰਝੂਆਂ ਦੀ ਇਸ ਛਬੀਲ ਵਿਚ ਰੋਸਾ ਤੇ ਖੁਸ਼ੀ ਇਕ-ਮਿੱਕ ਹਨ। ਇਹ ਹੰਝੂ ਸਿੱਖ ਮੱਤ ਦੇ ਧੁਰੇ ਦੁਆਲ਼ੇ ਘੁੰਮਦੇ ਹਨ। ਕਵੀ ਨੇ ਕੱਚ ਤੇ ਸੱਚ ਦੋਹਾਂ ਦੀ ਓਟ ਲਈ ਹੈ। ਸੁਪਨੇ ਤੇ ਸੱਚ ਦੇ ਪੀਹੜੇ ਉੱਤੇ ਬੈਠ ਕੇ। ਏਥੇ ਹਿੰਦ ਦੇ ਤਖਤ ਦਾ ਅਕਬਰ ਗੁਰੂ ਘਰ ਪਹੁੰਚ ਕੇ ਪੰਗਤ ਵਿਚ ਲੰਗਰ ਛਕਦਾ ਹੈ ਤੇ ਹੰਕਾਰ ਦੀ ਅੱਗ ਨਾਲ ਲਟ ਲਟ ਬਲ਼ੇ ਤਖਤ ਨੂੰ ਤਿਆਗ ਖੁਸਰੋ ਅੰਮ੍ਰਿਤ ਦੀ ਇਕ ਬੂੰਦ ਪੀਣ ਲਈ ਗੁਰੂ ਦੇ ਸੱਚੇ ਦੁਆਰ ਪੇਸ਼ ਹੁੰਦਾ ਹੈ। ਐਨ ਓਸੇ ਤਰ੍ਹਾਂ ਜਿਵੇਂ:

ਤਪਦੇ ਤਖਤ ਨੂੰ ਠਾਰਨ ਲਈ ਬੈਠ ਜਾਂਦੇ ਨੈਣ ਮੁੰਦ
ਤੱਤੀ ਤਵੀ ਉੱਤੇ ਗੁਰੁ ਅਰਜਨ ਦੇਵ
ਕੰਬ ਜਾਂਦੇ ਮਹੱਲ ਦਿੱਲੀ ਦੇ
ਉੱਠਦਾ ਡਰ ਡਰ ਨੀਂਦ 'ਚੋਂ ਰਾਤਾਂ ਨੂੰ ਜਹਾਂਗੀਰ
ਅਰਦਾਸ ਕਰਦੀ ਬੇਗ਼ਮ ਹੱਥ ਜੋੜ ਧਿਆਨ ਧਰ ਗੁਰੂ ਦਾ

ਕਵੀ ਦਾ ਇਹ ਸੁਪਨਾ ਟੁੱਟਦਾ ਵੀ ਹੈ ਤੇ ਜੁੜਦਾ ਵੀ। ਪਰ ਉਹ ਸਮੇਂ ਤੇ ਸਥਾਨ ਦੀਆਂ ਹੱਦਾਂ ਉਲਾਂਘਦਾ ਚਲਾ ਜਾਂਦਾ ਹੈ:

ਭਰ ਗਿਆ ਹੈ ਨੂਰ ਨਾਲ, ਪ੍ਰਕਾਸ਼ ਨਾਲ, ਸ਼ਬਦ ਨਾਲ ਭੋਰਾ
ਬਕਾਲ਼ਾ ਸਾਰਾ ਨਿਵਿਆ ਅੰਬਰ ਛੂਹਿਆ ਗੁਰੂ ਨੇ

ਤੇ ਉਹ ਘੜੀ ਵੀ ਆ ਜਾਂਦੀ ਹੈ ਜਦ:



ਉੱਠ ਤੁਰੇ ਗੁਰੂ ਸੀਸ ਆਪਣੇ ਨਾਲ ਭੰਨਣ
ਕੁਫਰ ਹੰਕਾਰ ਜ਼ੋਰ ਜਬਰ ਦਾ ਲਾਲ ਕਿਲ੍ਹਾ

ਏਸ ਤੋਂ ਪਹਿਲਾਂ ਕਿ ਗੁਰੂ ਤੇਗ਼ ਬਹਾਦਰ ਦੇ ਧੜ ਤੋਂ ਵੱਖ ਹੋਏ ਸਰੀਰ ਨੂੰ ਭਾਈ ਜੈਤਾ ਬੁੱਕਲ਼ ਵਿਚ ਲੁਕੋ ਕੇ ਲੱਖੀ ਵਣਜਾਰੇ ਦੇ ਕਪਾਹ ਨਾਲ ਲੱਦੇ ਗੱਡੇ ਵਿਚ ਰੱਖ ਕੇ ਆਨੰਦਪੁਰ ਸਾਹਿਬ ਨੂੰ ਨਹੀਂ ਤੁਰ ਪੈਂਦਾ, ਕਵੀ ਇਸ ਦੁੱਖ ਦੀ ਘੜੀ ਨੂੰ ਸਾਵਾਂਪਨ ਦੇਣ ਕਈ ਸਮਾਨਾਂਤਰ ਘਟਨਾਵਾਂ ਦਾ ਸਹਾਰਾ ਲੈਂਦਾ ਹੈ:

ਚੱਲਿਆ ਆਰਾ ਮਤੀ ਦਾਸ ਦੇ ਸੀਸ ਉੱਤੇ
ਫੂਕਿਆ ਰੂੰ ਵਿਚ ਲਪੇਟ ਸਤੀ ਦਾਸ ਨੂੰ
ਅਤੇ ਉਬਾਲ਼ਿਆ ਦਿਆਲਾ ਪਾ ਦੇਗ਼ ਅੰਦਰ

ਆਨੰਦਪੁਰ ਸਾਹਿਬ ਵਿਚ ਖਾਲਸੇ ਦੀ ਸਿਰਜਣਾ ਤੋਂ ਤੁਰੰਤ ਪਿੱਛੋਂ ਦੇ ਕੌਤਕ ਵੀ ਘੱਟ ਉੱਤਮ ਨਹੀਂ:

ਕੰਧ - ਸਰਹੰਦ ਦੀ ਕੰਧ
ਮੁਸਕਰਾਉਂਦੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ
ਕੰਬਦਾ ਸੂਬਾ ਸਰਹੰਦ, ਹਿੱਲ ਜਾਂਦੀ, ਪਾਟ ਜਾਂਦੀ
ਢਹਿ ਪੈਂਦੀ ਕੰਧ ਤੇ ਮਿਟ ਜਾਂਦਾ ਸਰਹੰਦ

ਸਿੱਖ ਮੱਤ ਨੂੰ ਪਰਨਾਇਆ ਕਵੀ ਸਿੱਖੀ ਦੇ ਮਾਣ ਤੇ ਸ਼ਾਨ ਨੂੰ ਬਰਕਰਾਰ ਰੱਖਣ ਦੇ ਅਮਲਾਂ ਤੇ ਘਟਨਾਵਾਂ ਨੂੰ ਵੀ ਸੁਪਨਮਈ ਕਾਵਿਕ ਅੰਦਾਜ਼ ਵਿਚ ਪੇਸ਼ ਕਰਦਾ ਹੈ:

ਜਿਸ ਦਿਨ ਠਰ ਜਾਵੇਗੀ ਲਾਹੌਰ ਦੀ ਤੱਤੀ ਤਵੀ
ਅਤੇ ਥੱਕ ਟੁੱਟ ਜਾਵੇਗੀ ਦਿੱਲੀ ਦੀ ਤਲਵਾਰ
ਫੇਰ ਉਹ ਨਾ ਲਾਹੌਰ ਜਾਵੇਗਾ, ਨਾ ਦਿੱਲੀ
ਉਹ ਕਰਤਾਰਪੁਰ ਵਸਾ ਕੇ ਕਲਮ ਚਲਾਵੇਗਾ/ ਹਲ਼ ਵਾਹਵੇਗਾ
ਰਬਾਬ ਵਜਾਏਗਾ ਤੇ ਜਪੁਜੀ ਗਾਵੇਗਾ

ਸਿੱਖ ਆਤਮਾ ਦੇ ਹੱਡੀਂ ਬੀਤਿਆ ਇਹ ਸਫਰ ਸੰਤਾਲੀ ਦੀ ਦੇਸ਼-ਵੰਡ ਤੇ ਚੁਰਾਸੀ ਦੇ ਦਿੱਲੀ ਦੰਗਿਆਂ ਤਕ ਬਦਲਵੇਂ ਰੂਪ ਵਿਚ ਜਾਰੀ ਰਹਿੰਦਾ ਹੈ। ਪਹਿਲਾਂ ਸੰਤਾਲ਼ੀ:

ਉਹ ਆਏ ਤੇ ਆਖਣ ਲੱਗੇ
ਇੱਥੇ ਪਾਕਿਸਤਾਨ ਬਣਾ ਦਿੱਤਾ ਗਿਆ ਹੈ
ਜੇਕਰ ਤੁਸੀਂ ਇਸ ਧਰਤੀ ਉੱਤੇ ਰਹਿਣਾ ਚਾਹੁੰਦੇ ਹੋ
ਤਾਂ ਤੁਹਾਨੂੰ ਆਪਣਾ ਧਰਮ ਛੱਡਣਾ ਪਵੇਗਾ
ਧਰਮ ਜਾਂ ਧਰਤੀ, ਚੋਣ ਤੁਸੀਂ ਕਰਨੀ ਹੈ
ਅਸੀਂ ਧਰਤੀ ਛੱਡ ਕੇ ਤੁਰ ਆਏ

ਤੇ ਫੇਰ ਜਦੋਂ ਨਵੰਬਰ ਚੁਰਾਸੀ ਵਿਚ ਭਾਰਤ ਦੀ ਜਰਨੈਲੀ ਸੜਕ ਉੱਤੇ ਭੀੜ ਨੇ ਟਰੱਕ ਘੇਰ ਲਏ ਤੇ ਮੱਥੇ ਉੱਤੇ ॥੧ਓ॥ ਉੱਕਰੇ ਟਰੱਕਾਂ ਨੂੰ ਚੁਣ ਲਾਂਬੂ ਲਾ ਦਿੱਤਾ। ਸਿੱਖੀ ਸਰੂਪ ਵਾਲੇ ਵਿਅਕਤੀ ਨੂੰ ਫੜ ਕੇ ਤੇ ਗ਼ਲੇ ਵਿਚ ਟਾਇਰ ਪਾ ਕੇ ਉੱਤੇ ਪਟਰੋਲ ਛਿੜਕ ਦਿੱਤਾ ਤੇ ਉਸਨੂੰ ਜਿਹੜੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਉਹ ਇਹ ਸਨ, 'ਇਹ ਸਿੱਖ ਹੈ, ਕਾਤਲ ਹੈ ਤੇ ਫੂਕਣ ਦੇ ਕਾਬਲ ਹੈ'। ਕਵੀ ਦੇ ਧੁਰ ਅੰਧਰ ਵਸੀ ਸਿੱਖ ਆਤਮਾ ਦੇ ਇਹ ਬੋਲ ਵੀ ਨਕਾਰੇ ਨਹੀਂ ਜਾ ਸਕਦੇ:

ਨਵੰਬਰ 84 : ਮੇਰੇ ਮਾਪਿਆਂ ਨੂੰ ਸਿੱਖ ਹੋਣ ਦੀ

ਤੇ ਮੈਨੂੰ ਉਹਨਾਂ ਦੇ ਘਰ ਜੰਮਣ ਦੀ ਸਜ਼ਾ ਦਿੱਤੀ ਗਈ ਸੀ
ਮੈਨੂੰ ਨਹੀਂ ਪਤਾ ਓਦੋਂ ਕੀ ਹੋਇਆ
ਪਰ ਮੈਨੂੰ ਐਨਾ ਪਤਾ ਹੈ ਕਿ ਮੇਰੇ ਦੁਆਲ਼ੇ ਅੱਗ ਹੀ ਅੱਗ ਸੀ

ਇਸ ਅੱਗ ਨੇ ਉਸ ਦਾ ਘਰ ਬਾਰ ਭੁੰਨ ਛੱਡਿਆ ਸੀ। ਤੇ ਜਦੋਂ ਇਹ ਘਰ ਉਸਦੇ ਸੁਪਨੇ ਵਿਚ ਆਉਂਦਾ ਹੈ ਤਾਂ ਉਹ ਬੇਕਸੂਰ ਘਰ ਨੂੰ ਹੀ ਆਪਣੇ ਦੁੱਖਾਂ ਦਾ ਸੋਮਾ ਦੱਸਦੀ ਹੈ। ਘਰ ਇਹ ਤੁਹਮਤ ਸੁਣਨ ਲਈ ਤਿਆਰ ਨਹੀਂ। ਉਹ ਨਿਸ਼ੰਗ ਬੋਲ ਪੈਂਦਾ ਹੈ:

ਘਰ ਦਾ ਵੀ ਕੋਈ ਮਜ਼ਹਬ ਹੁੰਦਾ ਹੈ?
ਉਸ ਦਾ ਧਰਮ ਤਾਂ ਛੱਤ ਹੁੰਦਾ ਹੈ
ਜਿਹੜਾ ਵੀ ਉਸਦੀ ਦਿਹਲ਼ੀ ਟੱਪ ਆਵੇ
ਉਹ ਹੀ ਉਸ ਦਾ ਦਿਲ ਹੁੰਦਾ ਹੈ

ਜੇ 'ਛਬੀਲ' ਦਾ ਸਾਰੰਸ਼ ਬਿਆਨਣਾ ਹੋਵੇ ਤਾਂ ਪੁਸਤਕ ਵਿਚ ਅੰਕਤ ਮੁੱਢਲੇ ਸੱਤ ਕਾਂਡਾਂ ਦਾ ਤੱਤ ਸਾਰ ਸਪਸ਼ਟ ਹੈ:

ਜੇਠ ਮਹੀਨੇ/ ਛਬੀਲ ਪੀਂਦੇ ਬੱਚਿਆਂ ਨੇ/ ਮਾਂ ਨੂੰ ਪੁੱਛਿਆ
ਮਾਂ/ ਗੁਰੂ ਜੀ ਤੱਤੀ ਤਵੀ ਉੱਤੇ ਕਿਉਂ ਬੈਠ ਗਏ ਸਨ?
ਮਾਂ ਦੱਸਣ ਲੱਗੀ
ਮੇਰੇ ਬੱਚਿਓ/ ਆਦਿ ਗ੍ਰੰਥ ਦੇ ਪ੍ਰਕਾਸ਼ ਸੰਗ/ ਗੁਰੂ ਬੋਲੇ ਸਨ:
॥ ਅਕਾਲ ਪੁਰਖ ਕਦੇ ਵੀ ਕਿਤੇ ਵੀ
ਕਿਸੇ ਵੀ ਬੋਲੀ ਅੰਦਰ ਬੋਲ ਲੈਂਦੇ ਹਨ ॥
ਗੁਰੂ ਦੇ ਇਹ ਬੋਲ ਵੇਲ਼ੇ ਦੇ ਹਾਕਮ ਨੂੰ ਕੁਫਰ ਜਾਪੇ ਸਨ
ਮਾਂ ਮੁੱਖ ਵੱਲ ਟਿਕਟਿਕੀ ਲਗਾ ਸੁਣਦੇ ਬੱਚਿਆਂ ਨੇ
ਆਪਣੇ ਨੈਣਾਂ ਵਿਚ ਛਲਕਦੀ ਛਬੀਲ ਨੂੰ ਡੀਕ ਲਾ ਲਈ

ਏਸ ਵੱਡੀ ਕਵਿਤਾ ਦੇ ਦੂਜੇ ਅੱਧ ਵਿਚ ਬੱਚਿਆਂ ਨੂੰ ਉਪਰੋਕਤ ਉਪਦੇਸ਼ ਦੇਣ ਵਾਲ਼ੀ ਮਾਂ ਨੂੰ ਕਿਸੇ ਬਿਧ ਕੁੱਖ ਅੰਦਰ ਪਲ਼ ਰਹੇ ਭਰੂਣ ਵੱਲੋਂ ਪੁੱਛੇ ਅਣਭੋਲ ਪ੍ਰਸ਼ਨ 'ਮੈਂ ਕੁੜੀ ਹਾਂ ਜਾਂ ਮੁੰਡਾ?' ਦਾ ਵੀ ਉੱਤਰ ਦੇਣਾ ਪੈ ਜਾਂਦਾ ਹੈ:

ਕੁੱਖ ਦਾ ਲਿੰਗ ਤਾਂ ਮਾਂ ਹੁੰਦਾ ਹੈ, ਤੇਰਾ ਲਿੰਗ ਕਿਹੜਾ ਹੋਵੇਗਾ
ਇਹ ਭੇਤ ਅਕਾਲ ਪੁਰਖ ਨੇ, ਤੇਰੇ ਬਾਪੂ ਅੰਦਰ ਲੁਕੋ ਰੱਖਿਆ ਹੈ

ਤੇ ਫੇਰ ਜਦੋਂ ਅਕਾਲ ਪੁਰਖ, ਮਾਤਾ ਪਿਤਾ ਤੇ ਭਰੂਣ ਦੇ ਅਣਲਿਖੇ ਸਮਝੌਤੇ ਅਧੀਨ ਭਰੂਣ ਨੂੰ ਵੀ ਮਾਂ ਲਿੰਗੀ ਹੋ ਜਾਣ ਦਾ ਵਰ ਮਿਲ਼ ਗਿਆ ਤਾਂ:

ਬਾਗੋ ਬਾਗ ਹੋਏ ਭਰੂਣ ਨੇ ਹੌਲ਼ੀ ਜਿਹੀ ਮਾਂ ਨੂੰ ਆਖਿਆ
'ਮਾਂ ਮੈਂ ਦੁਨੀਆਂ ਵੇਖਣੀ ਹੈ'
ਮਾਂ ਦਾ ਦਿਲ ਸ਼ੁਕਰ ਅੰਦਰ ਧੜਕਣ ਲੱਗਾ
ਅਤੇ ਉਹ ਉਸਦੇ ਵਾਸਤੇ ਸੰਪੂਰਨ ਸਵਾਗਤ ਹੋ ਗਈ

ਸਰਹੰਦ ਤੇ ਫਤਿਹਗੜ੍ਹ ਸਾਹਿਬ ਦੀ ਬੁੱਕਲ਼ ਵਿਚ ਪੈਂਦੇ ਗੜਾਂਗਾਂ ਪਿੰਡ ਦੇ ਜੰਮਪਲ਼ ਗੁਰਨਾਇਬ ਸਿੰਘ ਦੀ ਇਸ ਰਚਨਾ ਨੂੰ ਮੈਂ ਆਪਣੇ ਆਪ ਨੂੰ ਆਪਣੇ ਨਾਨਕਾ ਪਿੰਡ ਕੋਟਲਾ ਬਡਲਾ ਵਿਚ ਬਿਠਾ ਕੇ ਪੜ੍ਹਿਆ ਤੇ ਮਾਣਿਆ ਹੈ। ਲੇਖਕ ਦਾ ਜੱਦੀ ਪਿੰਡ ਤੇ ਮੇਰਾ ਨਾਨਕਾ ਪਿੰਡ ਫਤਿਹਗੜ੍ਹ ਸਾਹਿਬ ਤੋਂ ਲਗਪਗ ਇਕੋ ਜਿੰਨੀ ਦੂਰੀ ਉੱਤੇ ਹਨ। ਇਹ ਛੋਟੇ ਸਾਹਿਬਜ਼ਾਦਿਆਂ ਦੀ ਮਿੱਟੀ ਹੈ। ਕੋਟਲ ਬਡਲਾ ਵਿਚ ਮੱਸਾ ਰੰਘੜ ਦੀ ਹੱਤਿਆ ਕਰਨ



ਵਾਲੇ ਬਾਬਾ ਮਹਿਤਾਬ ਸਿੰਘ ਦੇ ਵਾਰਿਸ ਰਹਿੰਦੇ ਹਨ। ਉਹ ਆਪਣੇ ਪੁਰਖਿਆਂ ਦਾ ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ ਮੀਰਕੋਟ ਛੱਡ ਕੇ ਏਥੇ ਆ ਵਸੇ ਸਨ। ਪ੍ਰਸਿੱਧ ਪਿੰਡ ਉੱਚਾ ਪਿੰਡ (ਸੰਘੋਲ਼) ਵੀ ਫਤਿਹਗੜ੍ਹ ਸਾਹਿਬ ਤੋਂ ਓਨੀ ਹੀ ਦੂਰੀ ਉੱਤੇ ਹੈ। 1958 ਵਿਚ ਜਨਮੇ ਗੁਰਨਾਇਬ ਤੋਂ ਦਸ ਸਾਲ ਪਹਿਲਾਂ ਤਕ ਆਪਣੇ ਜੀਵਨ ਦੇ ਪਹਿਲੇ 14 ਸਾਲ ਮੈਂ ਵੀ ਏਸ ਹੀ ਧਰਤੀ ਵਿਚ ਬਿਤਾਏ ਹਨ। ਬਾਲਪਨ ਦੀ ਓਸ ਉਮਰੇ ਮੈਨੂੰ 'ਉੱਚੇ ਖੜ੍ਹ ਕੇ ਗੁਰਾਂ ਨੇ ਤੀਰ ਮਾਰਿਆ, ਧਰਤੀ ਨੂੰ ਭਾਗ ਲੱਗ ਗੇ' ਗੁਣਗੁਣਾਉਣਾ ਬਹੁਤ ਚੰਗਾ ਲਗਦਾ ਸੀ। ਮੇਰਾ ਬਾਲ ਮਾਨ ਗੁਰਾਂ ਨੂੰ ਉੱਚੇ ਪਿੰਡ (ਸੰਘੋਲ਼) ਦੀ ਸਿਖਰ ਉੱਤੇ ਖੜ੍ਹਾ ਚਿਤਵਦਾ ਸੀ। ਗੁਰਨਾਇਬ ਸਿੰਘ ਦਾ ਚਿਤਵਨ ਮੇਰੇ ਓਸ ਚਿਤਵਨ ਦਾ ਉੱਤਮ ਤੇ ਵਿਕਸਤ ਰੂਪ ਹੈ। ਜੇਕਰ ਮੈਂ ਵੀ ਉੱਤਮ ਕਾਵਿਕਤਾ ਦਾ ਸਵਾਮੀ ਹੁੰਦਾ ਤਾਂ ਮੈਂ ਵੀ ਏਸ ਤਰ੍ਹਾਂ ਦੀ ਰਚਨਾ ਕਰ ਸਕਦਾ ਸਾਂ। ਆਪਣੇ ਤੋਂ 24 ਸਾਲ ਛੋਟੇ ਗੁਰਨਾਇਬ ਸਿੰਘ ਨੂੰ ਉਸਦੀ ਕਾਵਿਕ ਉੱਤਮਤਾ ਮੁਬਾਰਕ।❑❑ **-ਗੁਲਜ਼ਾਰ ਸਿੰਘ ਸੰਧੂ**

## ਇਹੁ ਜਨਮੁ ਤੁਮਹਾਰੇ ਲੇਖੇ (ਨਾਵਲ) ਗੁਰਬਚਨ ਸਿੰਘ ਭੁੱਲਰ

ਤਕਰੀਬਨ ਅੱਧੀ ਸਦੀ ਪਹਿਲਾਂ ਜਦੋਂ ਗੁਰਬਚਨ ਸਿੰਘ ਭੁੱਲਰ ਦਾ ਪਲੇਠਾ ਕਹਾਣੀ ਸੰਗ੍ਰਹਿ 'ਓਪਰਾ ਮਰਦ' ਛਪਿਆ ਸੀ ਤਾਂ ਪੈਂਦੀ ਸੱਟੇ ਹੀ ਉਹਦਾ ਸ਼ੁਮਾਰ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿਚ ਹੋ ਗਿਆ ਸੀ। ਅਸਲ ਵਿਚ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਆਪਣੀ ਕਹਾਣੀ ਆਪ ਕਹਿੰਦੀਆਂ ਸਨ ਅਤੇ ਇਨ੍ਹਾਂ ਦਾ ਬਿਰਤਾਂਤ ਜਿਸ ਢੰਗ ਨਾਲ ਮਾਲਵੇ ਦੇ ਪਿੰਡਾਂ ਦੇ ਅਨੁਭਵਾਂ ਤੇ ਵੇਰਵਿਆਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਸੀ, ਉਸ ਨੇ ਸਭ ਦਾ ਧਿਆਨ ਖਿੱਚਿਆ। ਮਗਰੋਂ 'ਓਪਰਾ ਮਰਦ' ਕਹਾਣੀ ਨੂੰ ਤਾਂ ਕਲਾਸਿਕ ਵੀ ਮੰਨਿਆ ਗਿਆ। ਇਸ ਕਹਾਣੀ ਦਾ ਮਿਜ਼ਾਜ ਦੇਖਣ ਹੀ ਵਾਲਾ ਹੈ। ਹੁਣ ਭੁੱਲਰ ਦਾ ਪਹਿਲਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' (ਪੰਨੇ 400, ਮੁੱਲ 495 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਪ੍ਰਕਾਸ਼ਤ ਹੋਇਆ ਹੈ ਤਾਂ ਉਸ ਦੀ ਗਿਣਤੀ ਪਹਿਲੀ ਕਤਾਰ ਦੇ ਨਾਵਲਕਾਰਾਂ ਵਿਚ ਹੋਣ ਲੱਗ ਪਈ ਹੈ। ਅਜਿਹੀਆਂ ਮਿਸਾਲਾਂ ਬੜੀਆਂ ਘੱਟ ਹਨ ਜਦੋਂ ਕਿਸੇ ਕਹਾਣੀ ਲੇਖਕ ਨੇ ਇਉਂ ਸਫਲਤਾਪੂਰਵਕ ਨਾਵਲ ਦੇ ਪਿੜ ਵਿਚ ਪੈਰ ਪਾਏ ਹੋਣ। ਅਕਸਰ ਕਿਹਾ ਜਾਂਦਾ ਹੈ ਕਿ ਲੰਮੀ ਕਹਾਣੀ ਨੂੰ ਰਤਾ ਕੁ ਹੋਰ ਲੰਮੀ ਕਰਨ ਨਾਲ ਇਹ ਨਾਵਲ ਬਣ ਜਾਂਦੀ ਹੈ, ਪਰ 'ਇਹੁ ਜਨਮੁ ਤੁਮਹਾਰੇ ਲੇਖੇ' ਪੜ੍ਹਦਿਆਂ ਕਨਸੋਅ ਮਿਲਦੀ ਹੈ ਕਿ ਇੱਦਾਂ ਅਕਸਰ ਨਹੀਂ ਹੁੰਦਾ, ਕਿਉਂਕਿ ਭੁੱਲਰ ਹਰ ਵਿਧਾ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਤੋਂ ਪੂਰੀ ਤਰ੍ਹਾਂ ਵਾਕਿਫ ਹੀ ਨਹੀਂ, ਉਹਨੂੰ ਇਨ੍ਹਾਂ ਵਿਚਕਾਰਲੇ ਫਰਕ ਦਾ ਵੀ ਇਲਮ ਹੈ। ਉਹਦੀ ਲਿਖੀ ਕਵਿਤਾ, ਕਹਾਣੀ, ਵਾਰਤਕ, ਆਲੋਚਨਾ ਅਤੇ ਜੀਵਨੀਮੂਲਕ ਰਚਨਾਵਾਂ ਇਸ ਦਾ ਪ੍ਰਤੱਖ ਸਬੂਤ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਦਾ ਨਾੜੂਆਂ ਆਪਸ ਵਿਚ ਬੱਝਿਆ ਹੋਣ ਦੇ ਬਾਵਜੂਦ ਇਹ ਇਕ-ਦੂਜੀ ਤੋਂ ਐਨ ਵੱਖਰੀਆਂ ਅਤੇ ਨਿਆਰੀਆਂ ਹਨ।

ਇਸ ਵਿਚ ਹੁਣ ਕੋਈ ਲੁਕੋ ਨਹੀਂ ਕਿ 'ਇਹੁ ਜਨਮੁ ਤੁਮਹਾਰੇ ਲੇਖੇ' ਦੀ ਪਾਤਰ ਜਗਦੀਪ ਪੰਜਾਬੀ ਦੀ ਨਾਮਵਰ ਲੇਖਕਾ ਨਾਲ ਮੇਲ ਖਾਂਦੀ ਹੈ। ਉਸ ਦੇ ਆਲੇ-ਦੁਆਲੇ ਵਿਚਰਦੇ ਹੋਰ ਪਾਤਰ ਵੀ ਸਹਿਜੇ ਹੀ ਪਛਾਣ ਵਿਚ ਆ ਜਾਂਦੇ ਹਨ। ਨਾਵਲ ਵਿਚ ਰਿਸ਼ਤਿਆਂ ਦੀ ਅਜਿਹੀ ਲੜੀ ਸਾਹਮਣੇ ਆਈ ਜਾਂਦੀ ਹੈ ਜੋ ਬਹੁਤੀ ਵਾਰ ਟੁੱਟ-ਟੁੱਟ ਕੇ ਵੀ ਅਟੁੱਟ ਰਹਿੰਦੀ ਹੈ। ਲੋੜ ਮੁਤਾਬਕ ਇਨ੍ਹਾਂ ਰਿਸ਼ਤਿਆਂ ਦੀ ਪਰਿਕਰਮਾ ਕਰਦੀ ਜਗਦੀਪ, ਸਾਹਿਤ ਅਤੇ ਜੀਵਨ ਦੇ ਅੰਬਰ ਵਿਚ ਪੂਰੇ ਤਾਣ ਨਾਲ ਉਡਾਰੀ ਭਰਦੀ ਹੈ। ਇਸ ਤਾਣ

ਪਿੱਛੇ ਜਿਹੜੇ ਵਲਵਲੇ ਹਨ, ਉਨ੍ਹਾਂ ਦੇ ਹਿਸਾਬ ਨਾਲ ਉਹਨੂੰ ਛੇਤੀ ਹੀ ਖੁੱਲ੍ਹਾ ਆਸਮਾਨ ਛੋਟਾ ਜਾਪਣ ਲਗਦਾ ਹੈ। ਇਸੇ ਕਰ ਕੇ ਇਹ ਨਾਇਕਾ ਰਾਹ ਵਿਚ ਆਉਂਦੀ ਹਰ ਮੁਸ਼ਕਿਲ ਨੂੰ ਆਪਣੀ ਸ਼ਖ਼ਸੀਅਤ ਦੀ ਕਟਾਰ ਨਾਲ ਪੱਛਦੀ ਚਲੀ ਜਾਂਦੀ ਹੈ। ਅਸਲ ਵਿਚ ਉਹ ਜਿੱਧਰ ਮੂੰਹ ਕਰਦੀ ਹੈ, ਰਾਹ ਬਣਦੇ ਜਾਂਦੇ ਹਨ। ਸਾਹਿਤ ਨਾਲ ਮਾੜਾ-ਮੋਟਾ ਲਾਗਾ-ਦੇਗਾ ਰੱਖਣ ਵਾਲੇ ਪਾਠਕ ਲਈ ਨਾਇਕਾ ਦੀ ਇਹ ਕਥਾ ਕੋਈ ਓਪਰੀ ਨਹੀਂ। ਪਾਠਕ ਨੂੰ ਨਾਇਕਾ ਦੀ ਹਰ ਕਹਾਣੀ ਦੀ ਕਥਾ ਅਤੇ ਇਸ ਨਾਲ ਜੁੜੇ ਸਭ ਪ੍ਰਸੰਗ ਪਹਿਲੋਂ ਹੀ ਪਤਾ ਹਨ, ਪਰ ਇਹ ਭੁੱਲਰ ਦਾ ਜ਼ੋਰ-ਇ-ਕਲਮ ਹੀ ਹੈ ਕਿ 400 ਪੰਨਿਆਂ ਦੇ ਲੰਮੇ ਨਾਵਲ ਬਾਰੇ ਦਿਲਚਸਪੀ ਬਰਕਰਾਰ ਰਹਿੰਦੀ ਹੈ, ਰਜਾਈ ਦੇ ਨਿੱਘ ਵਿਚ ਸੁਣੀ ਜਾ ਰਹੀ ਬਾਤ ਵਾਂਗ ਇਸ ਕਥਾ ਦੀ ਲੜੀ ਟੁੱਟਦੀ ਨਹੀਂ। ਲੇਖਕ ਇਸ ਪਾਤਰ ਨਾਲ ਵਿਚਰਦੇ ਪਾਤਰਾਂ ਅਤੇ ਇਨ੍ਹਾਂ ਨਾਲ ਜੁੜੀਆਂ ਘਟਨਾਵਾਂ ਦੀਆਂ ਤੰਦਾਂ ਦੀ ਤਾਣੀ ਤਣਦਾ, ਨਿਵੇਕਲਾ ਮਾਹੌਲ ਸਿਰਜਦਾ ਹੈ। ਇਸ ਨਿਵੇਕਲੇ ਮਾਹੌਲ ਦੀ ਤਪਸ਼ ਨਾਵਲ ਦੇ ਹਰ ਪੰਨੇ ਵਿਚੋਂ ਭਾਫਾਂ ਛੱਡਦੀ ਮਹਿਸੂਸ ਹੁੰਦੀ ਹੈ। ਉਹ ਕਿਸੇ ਪਾਤਰ ਦੀ ਧਿਰ ਨਹੀਂ ਬਣਦਾ, ਨਾ ਘਟਨਾਵਾਂ ਬਾਰੇ ਕਿਸੇ ਖਾਸ ਨਜ਼ਰੀਏ ਲਈ ਆਪਣੀ ਕੋਈ ਜ਼ਿਦ ਹੀ ਪੁਗਾਉਂਦਾ ਹੈ, ਸਗੋਂ ਪਾਤਰਾਂ ਤੇ ਘਟਨਾਵਾਂ ਦੇ ਵੇਰਵਿਆਂ ਵਿਚੋਂ ਬਿਰਤਾਂਤ ਸਿਰਜਦਾ ਹੈ। ਇਸੇ ਕਰ ਕੇ ਗੁਰਮੁਖ ਸਿੰਘ ਵਾਲਾ ਪਾਤਰ, ਨਾਵਲ ਦਾ ਹਰ ਪੰਨਾ ਪਲਟਣ ਤੋਂ ਬਾਅਦ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਉਂਦਾ ਹੈ। ਇਸ ਬਿਰਤਾਂਤ ਦੇ ਧੁਰ ਅੰਦਰ ਕਿਤੇ ਉਹਦੀ ਬੇਵਸੀ ਸਹਿਕ ਰਹੀ ਹੈ, ਪਰ ਉਹਦੀ ਇਹ ਬੇਵਸੀ ਆਖਰਕਾਰ ਬੇਵਸੀ ਨਹੀਂ ਰਹਿੰਦੀ, ਬਲਕਿ ਨਾਵਲ ਦੀ ਬਰਕਤ ਹੋ ਨਿਬੜਦੀ ਹੈ ਅਤੇ ਪਾਠਕ ਦੇ ਸਾਹਮਣੇ ਇਕ ਕੱਦਾਵਰ ਪਾਤਰ ਸਾਕਾਰ ਹੋ ਜਾਂਦਾ ਹੈ। ਬੇਵਸੀ ਤੋਂ ਬਰਕਤ ਵਿਚ ਵਟਦਾ ਇਹ ਰੰਗ ਬੜਾ ਮੌਲਿਕ ਅਤੇ ਮੁੱਲਵਾਨ ਹੈ। ਸਮੇਂ ਦਾ ਬੱਸ ਇਹੀ ਗੇੜ ਹੈ ਕਿਉਂਕਿ ਮਗਰੋਂ ਉਮਰ ਦੀਆਂ ਤਰਕਾਲਾਂ ਵੇਲੇ ਜਗਦੀਪ ਦੀਆਂ ਪਹਿਲੀਆਂ ਬਰਕਤਾਂ ਹੌਲੀ-ਹੌਲੀ ਕਰ ਕੇ ਬੇਵਸੀ ਦੀ ਜੂਨੇ ਪੈ ਜਾਂਦੀਆਂ ਹਨ। ਅਸਲ ਵਿਚ ਸਮੁੱਚੇ ਨਾਵਲ ਵਿਚ ਭੁੱਲਰ, ਬਰਕਤ ਤੇ ਬੇਵਸੀ ਦੀ ਇਸੇ ਘੁੰਢੀ ਦੀਆਂ ਗੰਢਾਂ ਪੋਲੀਆਂ ਕਰਨ ਦਾ ਆਹਰ ਕਰਦਾ ਹੈ। ਇਹ ਸੋਚਦਿਆਂ ਲੇਖਕ ਵੱਲੋਂ ਨਾਵਲ ਦੇ ਪੁਸ਼ਾਕੇ ਉਤੇ ਲਿਖੇ ਸ਼ਬਦ ਬਦੋ-ਬਦੀ ਰਾਹ ਡੱਕ ਖਲੋਂਦੇ ਹਨ। ਇਹ ਸ਼ਬਦ ਹਨ: "ਉਹ (ਜਗਦੀਪ) ਸਮਾਜ ਦੇ ਅਸਤਰਾਂ-ਸ਼ਸਤਰਾਂ ਦੇ ਬਾਵਜੂਦ ਆਪਣੀ ਮੁਕਤ ਸੋਚ ਦੇ ਖੰਭਾਂ ਦੇ ਬਲ ਨਾਲ ਸਮਾਜਕ ਪ੍ਰਬੰਧ ਦੀ ਗੁਰੂਤਾ ਸ਼ਕਤੀ ਨੂੰ ਚੀਰ ਜਾਂਦੀ ਹੈ ਅਤੇ ਮਨਚਾਹੇ ਤੇ ਮਨਚਿਤਵੇ ਅੰਬਰਾਂ ਦੀਆਂ ਉੱਚੀਆਂ ਉਡਾਰੀਆਂ ਭਰਨ ਦੇ ਸਮਰੱਥ ਰਹਿੰਦੀ ਹੈ। ਵਿਗਿਆਨ ਅਨੁਸਾਰ, ਧਰਤੀ ਦੀ ਗੁਰੂਤਾ-ਖਿੱਚ ਨੂੰ ਪਾਰ ਕਰ ਕੇ ਉੱਚੇ ਅੰਬਰੀਂ ਪਹੁੰਚੇ ਪੁਲਾੜ ਯਾਤਰੀਆਂ ਦੇ ਤਨ-ਮਨ ਉੱਤੇ ਬੜੇ ਦੀਰਘ ਪ੍ਰਭਾਵ ਪੈਂਦੇ ਹਨ। ਕੀ ਮਨੋਵਿਗਿਆਨ ਅਨੁਸਾਰ, ਸਮਾਜਕ ਗੁਰੂਤਾ ਨੂੰ ਚੀਰ ਕੇ ਸਵੈ-ਸਿਰਜੇ ਅੰਬਰਾਂ ਵਿਚ ਉੱਡੀ ਨਾਬਰ ਨਾਰੀ ਦੇ ਤਨ-ਮਨ ਉੱਤੇ ਵੀ ਕੋਈ ਦੀਰਘ ਪ੍ਰਭਾਵ ਪੈਂਦੇ ਹਨ ਜਾਂ ਨਹੀਂ? ਬੱਸ ਇਹੋ ਸਵਾਲ ਇਸ ਨਾਵਲ ਦਾ ਸਰੋਕਾਰ ਹੈ।" ਭੁੱਲਰ ਨੇ ਨਾਵਲ ਵਿਚ ਇਸ ਸਰੋਕਾਰ ਨੂੰ ਖੂਬ ਜਰਬ ਦਿੱਤੀ ਹੈ।

ਪੰਜਾਬੀ ਸਾਹਿਤ ਦੇ ਕਈ ਨਾਮੀ ਲੇਖਕਾਂ ਬਾਰੇ ਆਮ ਪਾਠਕ ਦੀ ਸ਼ਿਕਾਇਤ ਰਹੀ ਹੈ ਕਿ ਜਿਉਂ-ਜਿਉਂ ਇਨ੍ਹਾਂ ਦੀ ਉਮਰ ਦਾ ਪੰਧ ਅਗਾਂਹ ਵਧਦਾ ਗਿਆ, ਉਵੇਂ-ਉਵੇਂ ਹੀ ਰਚਨਾਵਾਂ ਅੰਦਰਲਾ ਸੇਕ ਤੇ ਸੁਹਜ ਮੱਠਾ ਪੈਂਦਾ ਗਿਆ। ਪਿਛਲੀ ਉਮਰੇ ਜਾ ਕੇ ਇਨ੍ਹਾਂ ਦੀਆਂ ਰਚਨਾਵਾਂ ਮੁਕਾਬਲਤਨ ਪੇਤਲੀਆਂ ਪੈਂਦੀਆਂ ਗਈਆਂ। ਪਰ 'ਇਹੁ ਜਨਮੁ ਤੁਮਹਾਰੇ ਲੇਖੇ' ਲਿਖ ਕੇ ਭੁੱਲਰ ਨੇ ਸਭ ਉਲਾਂਭੇ ਲਾਹ ਦਿੱਤੇ ਹਨ। ਦਰਅਸਲ, ਭੁੱਲਰ ਨੇ ਇਸ ਨਾਵਲ ਦੀ ਸਿਰਜਣਾ ਵੇਲੇ ਬਹੁਤ ਵੱਡੀ ਹਲਾਈਂ ਵਗਲੀ ਹੈ। ਆਮ ਕਰ ਕੇ ਕਿੱਲੇ ਦੀ ਵਾਹੀ ਮੌਕੇ ਹਾਲੀ, ਨਿੱਕੀਆਂ-ਨਿੱਕੀਆਂ ਕਈ ਹਲਾਈਂਆਂ ਵਗਲਦਾ ਹੈ, ਪਰ ਭੁੱਲਰ ਨੇ ਜਾਪਦਾ ਹੈ,



ਜਿਵੇਂ ਅੱਠ-ਦਸ ਕਿੱਲਿਆਂ ਦੀ ਹਲਾਈਂ ਇਕੱਠੀ ਹੀ ਵਗਲ ਲਈ ਹੋਵੇ। ਸਭ ਤੋਂ ਖ਼ੂਬਸੂਰਤ ਗੱਲ ਇਹ ਕਿ ਇਹ ਵਿਰਾਟ ਹਲਾਈਂ ਵਗਲ ਕੇ ਕਿਰਤ ਕਮਾਉਂਦੇ ਲੇਖਕ ਦਾ ਜ਼ਬਤ ਕਮਾਲ ਦਾ ਹੈ ਅਤੇ ਨਿਭਾਅ ਪੱਖੋਂ ਚੂਲਾਂ ਐਨ ਕੱਸੀਆਂ ਹੋਈਆਂ। ਇਹ ਨਾਵਲ ਪੜ੍ਹਦਿਆਂ ਅਹਿਮਦ ਨਦੀਮ ਕਾਸਮੀ ਦਾ ਇਕ ਪਾਪੂਲਰ ਸ਼ਿਅਰ ਜ਼ਿਹਨ ਵਿਚ ਘੁੰਮ ਜਾਂਦਾ ਹੈ: ਸੁਬ੍ਹਾ ਕੇ ਨੂਰ ਮੇਂ ਭੀਗੇ ਹੁਏ ਖੇਤੋਂ ਮੇਂ ਕਿਸਾਨ ਹਲ ਚਲਾਤੇ ਹੈਂ ਤੋਂ ਫਨਕਾਰ ਨਜ਼ਰ ਆਤੇ ਹੈ। ਜਿਨ੍ਹਾਂ ਨੇ ਹਾਲੀ ਦੀ ਇਸ ਕਲਾਕਾਰੀ ਦੇ ਦਰਸ਼ਨ-ਦੀਦਾਰੇ ਕੀਤੇ ਹਨ, ਉਹ ਭੁੱਲਰ ਦੀ ਇਸ ਵਿਰਾਟ ਕਲਾ ਦਾ ਅਨੁਭਵ ਅਤੇ ਅਹਿਸਾਸ ਸਹਿਜੇ ਹੀ ਕਰ ਸਕਦੇ ਹਨ। ਇਸੇ ਕਰ ਕੇ ਇਹ ਨਾਵਲ ਪੰਨਿਆਂ ਪੱਖੋਂ ਹੀ ਵਿਰਾਟ ਨਹੀਂ, ਆਪਣੇ ਅਰਥਾਂ ਤੇ ਬਿਰਤਾਂਤ ਸਿਰਜਣ ਵਿਚ ਵੀ ਵਿਰਾਟਤਾ ਹਾਸਲ ਕਰ ਗਿਆ ਹੈ। ਉਂਝ ਵੀ ਬਕਲਮ ਖੁਦ, ਉਹਨੇ ਇਸ ਨਾਵਲ ਵਿਚ ਕਿਸੇ ਨਾਰੀ ਦੀ ਥਾਂ ਨਾਰੀ-ਸੋਚ ਨੂੰ ਨਾਇਕਾ ਬਣਾਇਆ ਹੈ। ਇਹ ਉਹ ਸੋਚ ਹੈ ਜਿਹੜੀ ਮਨਚਾਹੇ ਆਜ਼ਾਦ ਜੀਵਨ ਦੀ ਕਲਪਨਾ, ਕਾਮਨਾ ਤੇ ਕੋਸ਼ਿਸ਼ ਕਰਦੀ ਅੰਬਰੀ ਉਡਾਣ ਭਰਦੀ ਹੈ। ਇਸੇ ਤਰ੍ਹਾਂ ਨਾਵਲ ਦਾ ਨਾਇਕ ਕੋਈ ਇਕ ਪਾਤਰ ਜਾਂ ਪੁਰਸ਼ ਨਹੀਂ, ਸਗੋਂ ਉਹ ਸਮਾਜ ਹੈ ਜਿਸ ਦੇ ਇਕ ਹੱਥ ਵਿਚ ਮਨੁੱਖ ਨੂੰ ਜੰਗਲ ਤੋਂ ਸਭਿਅਕ ਜੀਵਨ ਤਕ ਲਿਆਉਣ ਵਾਲੀ ਨੇਮਾਂ ਦੀ ਪੱਟ-ਕੂਲੀ ਡੋਰ ਹੈ ਅਤੇ ਦੂਜੇ ਹੱਥ ਵਿਚ ਅਮੋੜ ਮਨੁੱਖ ਨੂੰ ਕਾਬੂ ਵਿਚ ਰੱਖਣ ਵਾਸਤੇ ਬੰਨ੍ਹਣਾਂ-ਵਰਜਨਾਂ ਦੀ ਮੁੰਜ ਦੀ ਰੱਸੀ ਹੈ।

ਇਹ ਨਾਵਲ ਇਸ ਪੱਟ-ਕੂਲੀ ਡੋਰ ਅਤੇ ਮੁੰਜ ਦੀ ਰੱਸੀ ਨਾਲ ਪਾਈਆਂ/ਪੁਆਈਆਂ ਗੰਢਾਂ ਇਕ-ਇਕ ਕਰ ਕੇ ਖੋਲ੍ਹਦਾ ਹੈ। ਇਹ ਗੰਢਾਂ ਖੋਲ੍ਹਦਿਆਂ ਭੁੱਲਰ ਬੜਾ ਬੇਲਿਹਾਜ਼ ਤੇ ਬੇਕਿਰਕ ਹੋ ਕੇ ਟੱਕਰਦਾ ਹੈ। ਉਹ ਦਹਾਕਿਆਂ ਤੋਂ ਮਿੱਥਾਂ ਬਣੀਆਂ ਕਥਾਵਾਂ ਦੇ ਤੂੰਬੇ ਉਡਾ ਦਿੰਦਾ ਹੈ। ਕਈ ਦਹਾਕੇ ਪਹਿਲਾਂ ਲਿਖੀ ਆਪਣੀ ਯਾਦਗਾਰੀ ਕਹਾਣੀ 'ਮੈਂ ਗਜ਼ਨਵੀ ਨਹੀਂ' ਤੋਂ ਐਨ ਉਲਟ, ਉਹ ਇਸ ਨਾਵਲ ਲਈ ਬੇਕਿਰਕ ਗਜ਼ਨਵੀ ਸਾਬਤ ਹੁੰਦਾ ਹੈ। 'ਮੈਂ ਗਜ਼ਨਵੀ ਨਹੀਂ' ਕਹਾਣੀ ਦੀ ਖਿਆਲ-ਉਡਾਰੀ ਵਿਚ ਬਹੁਤ ਤਾਣ ਤੇ ਤੀਬਰਤਾ ਹੈ। ਕਹਾਣੀ ਸਿਰਫ ਇੰਨੀ ਕੁ ਹੈ ਕਿ ਵਰ੍ਹਿਆਂ ਪਿੱਛੋਂ ਮੈਂ ਪਾਤਰ ਆਪਣੀ ਸਖੀ ਨੂੰ ਮਿਲਣ ਜਾ ਰਿਹਾ ਹੈ ਜਿਸ ਦੀ ਖ਼ੂਬਸੂਰਤੀ ਦਾ ਜਾਹੋ-ਜਲਾਲ ਵਰ੍ਹਿਆਂ ਤੋਂ ਉਹਦੇ ਦਿਲ ਦਾ ਕੋਨਾ-ਕੋਨਾ ਮੱਲੀ ਬੈਠਾ ਹੈ। ਇਸ ਚਿਰ-ਮਿਲਣੀ ਦੇ ਐਨ ਨੇੜੇ ਪੁੱਜ ਕੇ ਉਹਦੀ ਮੁਲਾਕਾਤ ਆਪਣੇ ਮਿੱਤਰ ਦੀ ਭੈਣ ਨਾਲ ਹੋ ਜਾਂਦੀ ਹੈ। ਇਹ ਕੁੜੀ ਵੀ ਉਸ ਸਖੀ ਤੋਂ ਕੋਈ ਘੱਟ ਖ਼ੂਬਸੂਰਤ ਨਹੀਂ ਸੀ, ਪਰ ਉਮਰਾਂ ਤਾਂ ਲੰਘ ਚੁੱਕੀਆਂ ਹਨ ਤੇ ਨਾਲ ਹੀ ਖ਼ੂਬਸੂਰਤੀ ਦਾ ਉਹ ਜਾਹੋ-ਜਲਾਲ ਵੀ। ਮੈਂ ਪਾਤਰ ਮਿੱਤਰ ਦੀ ਭੈਣ ਨੂੰ ਦੇਖਦਿਆਂ ਸਾਰ ਆਪਣੀ ਸਖੀ ਨੂੰ ਮਿਲਣ ਦਾ ਵਿਚਾਰ ਤਿਆਗ ਦਿੰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਹਦੇ ਮਨ-ਮੰਦਿਰ ਵਿਚ ਉਹਦੀ ਸਖੀ ਦੀ ਬਣੀ ਖ਼ੂਬਸੂਰਤੀ ਵਾਲੀ ਮੂਰਤੀ ਟੁੱਟੇ; ਉਹ ਕਿਹੜਾ ਕੋਈ ਗਜ਼ਨਵੀ ਸੀ!... 'ਇਹੁ ਜਨਮੁ ਤੁਮਹਾਰੇ ਲੇਖੇ' ਵਿਚ ਭੁੱਲਰ ਨੇ ਜਗਦੀਪ ਦਾ ਬਿੰਬ ਭੰਨ੍ਹ ਹੀ ਸੁੱਟਿਆ ਹੈ। ਇਸ ਬਿੰਬ ਦੇ ਤਿੜਕਣ ਬਾਰੇ ਕਹਾਣੀਆਂ ਤਾਂ ਸਮੁੱਚੇ ਪੰਜਾਬੀ ਸਾਹਿਤ-ਜਗਤ ਵਿਚ ਆਮ ਤੁਰੀਆਂ ਰਹਿੰਦੀਆਂ ਹਨ, ਪਰ ਜਿਸ ਢੰਗ ਨਾਲ ਭੁੱਲਰ ਨੇ ਇਸ ਲਿਖਤ ਵਿਚ ਮੁੱਖ ਪਾਤਰ ਜਗਦੀਪ ਦੀਆਂ ਪਰਤਾਂ ਫਰੋਲੀਆਂ ਹਨ, ਉਨ੍ਹਾਂ ਹਿਸਾਬ ਨਾਲ ਲੇਖਕ ਮੁੱਖ ਪਾਤਰ ਲਈ ਗਜ਼ਨਵੀ ਹੀ ਹੋ ਨਿਬੜਿਆ ਹੈ।

ਗੱਲ 'ਓਪਰਾ ਮਰਦ' ਤੋਂ ਸ਼ੁਰੂ ਹੋਈ ਸੀ। 'ਇਹੁ ਜਨਮੁ ਤੁਮਹਾਰੇ ਲੇਖੇ' ਦਾ ਸਵਾਗਤ ਅਤੇ ਚਰਚਾ 'ਓਪਰਾ ਮਰਦ' ਨਾਲੋਂ ਦੂਣ-ਸਵਾਈ ਹੈ। ਇਹ ਅਸਲ ਵਿਚ 'ਕਰਤਾਰੀ ਪਲਾਂ' ਨਾਲ ਖਹਿ-ਖਹਿ ਲੰਘਦੇ ਗੁਰਬਚਨ ਸਿੰਘ ਭੁੱਲਰ ਦੀ ਸ਼ਬਦ-ਜੜਤ ਦੀਆਂ ਬਰਕਤਾਂ ਹਨ ਅਤੇ ਪੰਜਾਬੀ ਸਾਹਿਤ ਜਗਤ ਦਾ ਧੰਨਭਾਗ।□□

**-ਜਸਬੀਰ**

## ਰੁਪਏ ਪੈਸੇ (ਨਾਵਲ) ਪਿਆਰਾ ਸਿੰਘ ਭੋਗਲ

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਪਿਆਰਾ ਸਿੰਘ ਭੋਗਲ ਇਕ ਸਨਮਾਨਯੋਗ ਸਾਹਿਤਕ ਹਸਤੀ ਹੈ। ਲਗਪਗ ਛੇ ਸੱਤ ਦਹਾਕਿਆਂ ਦੇ ਆਪਣੇ ਸਾਹਿਤਕ ਸਫਰ ਦੌਰਾਨ ਪਿਆਰਾ ਸਿੰਘ ਭੋਗਲ ਨੇ ਸਿਰਜਣਾ ਤੇ ਸਮੀਖਿਆ ਦੇ ਨਾਲ ਨਾਲ ਅਧਿਆਪਨ ਤੇ ਪੱਤਰਕਾਰਤਾ ਨੂੰ ਵੀ ਬਹੁਤ ਹੀ ਸੰਜੀਦਗੀ ਨਾਲ ਲਿਆ ਹੈ। ਐਪਰ ਗਲਪ ਉਸਦਾ ਪਸੰਦੀਦਾ ਸਿਰਜਣਾਤਮਕ ਖੇਤਰ ਰਿਹਾ ਹੈ। ਜਿਸਦੇ ਫਲਸਰੂਪ ਉਸਨੇ ਕਹਾਣੀਆਂ ਤੇ ਨਾਵਲਾਂ ਦੀਆਂ ਕ੍ਰਮਵਾਰ ਪੰਜ-ਪੰਜ ਪੁਸਤਕਾਂ ਰਚ ਕੇ ਪੰਜਾਬੀ ਗਲਪ ਨੂੰ ਅਮੀਰ ਬਣਾਇਆ ਹੈ।

'ਰੁਪਏ ਪੈਸੇ' (ਪੰਨੇ 279, ਮੁੱਲ 300, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਉਸਦਾ ਨਵਾਂ-ਨਕੋਰ ਪੰਜਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਹ 'ਸ਼ੇਰ ਦੀ ਸਵਾਰੀ' (1995), 'ਸ਼ਹਿਰ' (1998), 'ਸੰਸਾਰ' (2003) ਤੇ 'ਪਰਿਵਾਰ' (2007) ਨਾਵਲਾਂ ਦੀ ਸਿਰਜਣਾ ਕਰ ਚੁੱਕਾ ਹੈ। ਉਸਦੀਆਂ ਵੱਖ-ਵੱਖ ਵੰਨਗੀ ਦੀਆਂ ਸਾਹਿਤਕ ਕਿਰਤਾਂ ਅਤੇ ਖਾਸਕਰ ਨਾਵਲਾਂ ਦੇ ਪ੍ਰਕਾਸ਼ਨ ਸਾਲਾਂ ਤੋਂ ਪਤਾ ਚਲਦਾ ਹੈ ਕਿ ਭੋਗਲ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਆਪਣੇ ਰਚਣਈ ਵੇਗ ਦਾ ਜ਼ਿਆਦਾ ਜ਼ੋਰ ਨਾਵਲ ਰਚਣ ਉੱਤੇ ਲਗਾ ਦਿੱਤਾ ਹੈ। ਇਸਦੇ ਕਈ ਕਾਰਣ ਹੋ ਸਕਦੇ ਹਨ। ਜਿਹਨਾਂ ਵਿਚ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਅੱਜੋਕੇ ਦੌਰ ਵਿਚ ਹਰ ਪੱਖ ਤੋਂ ਪਲੀਤ ਹੋ ਰਹੇ ਸਮਾਜਕ ਜੀਵਨ ਨੂੰ ਸਮਝਣ ਤੇ ਇਸਨੂੰ ਸਹੀ ਦਿਸ਼ਾ ਦੇਣ ਲਈ ਦੂਸਰੇ ਸਾਹਿਤ-ਰੂਪਾਂ ਦੇ ਮੁਕਾਬਲੇ ਨਾਵਲੀ ਸਾਹਿਤ-ਰੂਪ ਹੀ ਵਧੇਰੇ ਕਾਰਗਰ ਸਿੱਧ ਹੋ ਸਕਦਾ ਹੈ।

ਹੱਥਲੇ ਨਾਵਲ ਵਿਚ ਪਾਤਰਾਂ ਦੇ ਕਾਰਜ, ਵਿਹਾਰ ਤੇ ਸੋਚ-ਪ੍ਰਣਾਲੀ ਪੰਜਾਬੀ ਜਨ-ਜੀਵਨ ਦੇ ਵਸਤੂਗਤ ਯਥਾਰਥ ਨੂੰ ਉਘਾੜਦੇ ਹੋਏ ਇਕ ਅਜਿਹੇ ਕਲਾਤਮਕ ਜੁਜ਼ ਦੇ ਤੌਰ ਉੱਤੇ ਉਭਰਦੇ ਹਨ ਜਿਸਦਾ ਮਕਸਦ ਯਥਾਰਥਵਾਦ ਦੀ ਹੱਦਬੰਦੀ ਦੇ ਅੰਦਰ ਰਹਿ ਕੇ ਮਨੁੱਖੀ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਾ ਹੈ। ਇਕ ਵਿਲੱਖਣ ਭਾਂਤ ਦੀ ਸਿਰਜਣਈ ਗਲਪ ਜੁਗਤ ਦੇ ਇਸਤੇਮਾਲ ਰਾਹੀਂ ਇਸ ਨਾਵਲ ਦੇ ਰੂਪ ਨੂੰ ਸ਼ਿੰਗਾਰਿਆ ਗਿਆ ਹੈ। "ਮੁੱਖ ਬੰਦ" ਵਿਚ ਪ੍ਰਗਟਾਏ ਗਲਪਕਾਰ ਭੋਗਲ ਦੇ ਅਗਾਂਹਲਿਖਤ ਵਿਚਾਰ ਵੀ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ: " 'ਰੁਪਏ ਪੈਸੇ' ਨਾਵਲ ਕਿਰਦਾਰਾਂ ਦੀ ਗੈਲਰੀ ਹੈ। ਹਰ ਪਾਤਰ ਦੀ ਵਿਥਿਆ ਆਪਣੇ ਆਪ ਵਿਚ ਛੋਟਾ ਜਿਹਾ ਨਾਵਲ ਹੈ।...ਇਹ ਨਾਵਲ ਹੈ ਤਾਂ ਇਕ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਦੀ ਕਹਾਣੀ, ਪਰ ਇਹ ਕਹਾਣੀ ਸਮੁੱਚੇ ਪੰਜਾਬ ਦਾ 1947 ਤੋਂ 1980 ਤਕ ਦਾ ਰਾਜਨੀਤਕ, ਆਰਥਿਕ ਤੇ ਸਮਾਜਕ ਇਤਿਹਾਸ ਵੀ ਚਿਤਰਦੀ ਹੈ।"

ਸਰੂਪ ਸਿੰਘ ਇਸ ਨਾਵਲ ਦਾ ਆਦਿ-ਗਲਪ-ਪਾਤਰ ਹੈ ਜਿਸਦਾ ਸੰਬੰਧ ਲਹਿੰਦੇ ਪੰਜਾਬ ਵਿਚੋਂ ਉੱਖੜ ਕੇ ਆਈ ਚੱਢਾ-ਬਰਾਦਰੀ ਨਾਲ ਹੈ। ਉੱਨੀ ਸੌ ਸੰਤਾਲੀ ਵਿਚ ਗੁਜਰਾਂਵਾਲੇ ਤੋਂ ਉੱਠ ਕੇ ਪੂਰਬੀ ਪੰਜਾਬ ਦੇ ਇਕ ਸ਼ਹਿਰ ਵਿਚ ਆਬਾਦ ਹੋਏ ਇਸ ਪਾਤਰ ਦੀਆਂ ਦੋ ਪੀੜ੍ਹੀਆਂ ਦਾ ਰੋਜ਼ੀ ਰੋਟੀ ਕਮਾਉਣ ਵਾਲਾ ਸੰਘਰਸ਼ਮਈ ਜੀਵਨ ਪੰਜਾਬ ਦੇ ਵਿਸ਼ੇਸ਼ ਕਾਲ-ਖੰਡ ਦੇ ਸਮਾਜਕ, ਆਰਥਿਕ ਤੇ ਰਾਜਨੀਤਕ ਸਮਾਚਾਰਾਂ ਸਹਿਤ ਬੜੇ ਹੀ ਕਲਾਤਮਕ ਤਰੀਕੇ ਨਾਲ ਨਾਵਲੀ ਕਹਾਣੀ ਦੀ ਬਿਰਤਾਂਤਕ ਚਾਸ਼ਣੀ ਵਿਚ ਕਾਸ਼ਣੀ ਰੰਗ ਵਾਂਗ ਚਮਕਦਾ ਹੈ। ਪੰਝੀ ਸਿਰਲੇਖਾਂ ਅਥਵਾ ਕਾਂਡਾਂ ਅਧੀਨ ਸਿਰਜੀ ਗਈ ਨਾਵਲ ਦੀ ਕਹਾਣੀ ਕਈ ਕਹਾਣੀਆਂ ਦਾ ਜੋੜ ਜਾਪਦੀ ਹੈ। ਐਪਰ ਭੋਗਲ ਨੇ ਇਹਨਾਂ ਕਹਾਣੀ-ਨੁਮਾ ਕਾਂਡਾਂ ਨੂੰ ਨਾਵਲੀ ਵਿਧਾ ਦੀ ਡੋਰ ਨਾਲ ਅਜਿਹੀ ਨਾਗਵਲ਼ੀ ਕੱਸ ਪਾਈ ਹੈ ਕਿ ਨਾਵਲ 'ਰੁਪਏ ਪੈਸੇ' ਦਾ ਨਾਵਲੀ ਸਰੂਪ ਆਪ-ਮੁਹਾਰੇ ਸਾਕਾਰ ਹੋ ਜਾਂਦਾ ਹੈ।



ਇਸ ਨਾਵਲੀ ਸਰੂਪ 'ਚੋਂ ਸਾਕਾਰ ਹੁੰਦੀਆਂ ਹਨ ਇਹ ਰਾਜਨੀਤਕ ਤੇ ਆਰਥਿਕ ਪਰਿਸਥਿਤੀਆਂ: 1965 ਤੇ 1971 ਵਿਚ ਹਿੰਦ-ਪਾਕਿ ਯੁੱਧਾਂ ਸਮੇਂ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਸੜਕਾਂ ਤੇ ਪੁਲਾਂ ਦੀ ਹੋਈ ਬਰਬਾਦੀ ਨੂੰ ਠੀਕ ਕਰਨ ਲਈ ਕੇਂਦਰ ਤੋਂ ਧੜਾ ਧੜ ਆਉਂਦੇ ਫੰਡਾਂ ਨੂੰ ਜਿੱਥੇ ਪੰਜ ਸਾਲਾ ਯੋਜਨਾਵਾਂ ਅਧੀਨ ਰਾਜਨੀਤਕ ਦਾਬਾ ਅਲੋਪ ਕਰੀ ਜਾਂਦਾ ਸੀ, ਉੱਥੇ ਰਾਮ ਸਿੰਘ ਤੇ ਅਵਤਾਰ ਸਿੰਘ ਵਰਗੇ ਪ੍ਰਸ਼ਾਸਨਕ ਅਫਸਰ ਵੀ ਇਹਨਾਂ ਫੰਡਾਂ ਨੂੰ ਛਕਣ ਤੋਂ ਪਿੱਛੇ ਨਹੀਂ ਸਨ ਰਹੇ। ਆਮਦਨ ਕਰ ਮਹਿਕਮੇ ਦੇ ਛਾਪੇ ਵੀ ਭ੍ਰਿਸ਼ਟ ਅਫਸਰਾਂ ਉੱਤੇ ਪੈਂਦੇ ਵਿਖਾਏ ਗਏ ਹਨ। ਐਮਰਜੈਂਸੀ ਦੇ ਦੌਰ ਅਤੇ ਜਨਤਾ ਪਾਰਟੀ ਦੇ ਰਾਜ ਦੇ ਸੰਕੇਤਕ ਹਵਾਲਿਆਂ ਰਾਹੀਂ ਇਹ ਤਰਕ ਦਿੱਤਾ ਗਿਆ ਹੈ ਕਿ ਏਸੇ ਸਮੇਂ ਦੌਰਾਨ ਸਿੱਕੇ ਦਾ ਪਾਸਾਰ ਵਧਿਆ ਤੇ ਦੇਸ ਅੰਦਰ ਮਹਿੰਗਾਈ ਨੂੰ ਲਗਾਮ ਪਾਉਣੀ ਔਖੀ ਹੋ ਗਈ। ਕਾਲ਼ਾ ਧਨ ਵਧਿਆ। ਰਿਸ਼ਵਤਖੋਰੀ ਦਾ ਦੈਂਤ ਨੌਕਰਸ਼ਾਹੀ ਦਾ ਗਲ਼ਾ ਕੱਟਣ ਲੱਗਾ। ਰਾਜਨੀਤਕ ਵਿਵਸਥਾ ਕਰੂਪ ਹੋ ਗਈ। ਰਾਜਨੀਤਕ ਟਕਰਾਅ ਤੇ ਬੇਚੈਨੀ ਦਿਨੋਂ-ਦਿਨ ਵਧਦੀ ਗਈ। ਰਾਜਨੀਤਕ ਸਥਾਪਤੀ ਨੇ ਆਪਣੇ ਲੋਕਾਂ ਦੀਆਂ ਤਕਲੀਫ਼ਾਂ ਸਮਝਣ ਤੇ ਉਹਨਾਂ ਦਾ ਹੱਲ ਲੱਭਣ ਦੀ ਥਾਂ ਹੋ ਰਹੇ ਅੰਦੋਲਨਾਂ ਦਾ ਦੋਸ਼ ਵਿਰੋਧੀ ਪਾਰਟੀਆਂ ਦੇ ਸਿਰ ਮੜ੍ਹਨਾ ਸ਼ੁਰੂ ਕਰ ਦਿੱਤਾ। ਦੇਸ ਅੰਦਰ ਅਮੀਰੀ ਤੇ ਗਰੀਬੀ ਦਾ ਪਾੜਾ ਵਧ ਗਿਆ। ਦੋਸ਼ ਇਨਸਾਨੀ-ਕਿਰਦਾਰ ਦੇ ਵਿਗਾੜ ਦਾ ਹੈ, ਜਿਸਦਾ ਪ੍ਰਤੀਨਿੱਧ ਪਾਤਰ ਤੇਜਾ ਸਿੰਘ ਹੈ। ਤੇਜਾ ਸਿੰਘ ਬਾਰੇ ਬੋਲੇ ਗੁਰਿੰਦਰ ਦੇ ਇਹ ਬੋਲ ਸਮੁੱਚੇ ਸਮਾਜਕ ਢਾਂਚੇ ਦੇ ਵਿਗਾੜ ਦਾ ਕਾਰਨ ਸਮਝਾਉਂਦੇ ਹਨ: " ਭਾਪਾ ਜੀ! ਉਹ ਬੰਦਾ ਹਰ-ਦੋ-ਲਾਅਨਤ ਐ। ਅਸੀਂ ਉਸਨੂੰ ਕੋਰਾ ਜਵਾਬ ਵੀ ਨਹੀਂ ਦੇ ਸਕਦੇ। ਉਹ ਖੱਖਰ ਐ। ਉਹਦੇ ਨਾਲ ਅਸੀਂ ਸ਼ਾਂਤੀ ਤੇ ਸਨਮਾਨ ਨਾਲ ਨਿਭਾਅ ਵੀ ਨਹੀਂ ਸਕਦੇ। ਦੁੱਖ ਇਹ ਹੈ ਕਿ ਇਹੋ ਜਿਹੇ ਲੋਕ ਦੁਨੀਆਂ ਵਿਚ ਬਹੁਤ ਹੈਨ। ਅਮੀਰਾਂ ਵਿਚ ਵੀ, ਸੱਤਾਧਾਰੀਆਂ ਵਿਚ ਵੀ, ਆਮ ਲੋਕਾਂ ਵਿਚ ਵੀ।"

ਅਸਲ ਵਿਚ ਗਲਪਕਾਰ ਭੋਗਲ ਨੇ ਇਹ ਨਾਵਲੀ ਵਿਵੇਕ ਸਿਰਜਿਆ ਹੈ ਕਿ ਸੁਤੰਤਰਤਾ ਪ੍ਰਾਪਤੀ ਨੇ ਭਾਵੇਂ ਭਾਰਤੀ ਲੋਕਾਂ ਨੂੰ ਆਪਣੇ ਹਾਲਾਤ ਬਦਲਣ ਦੇ ਮੌਕੇ ਦਿੱਤੇ ਹਨ ਪਰ ਇਹਨਾਂ ਮੌਕਿਆਂ ਦਾ ਜ਼ਿਆਦਾ ਫਾਇਦਾ ਆਜ਼ਾਦੀ ਤੋਂ ਪਹਿਲਾਂ ਦੇ ਧਨਵਾਨ ਵਿਅਕਤੀਆਂ ਨੇ ਹੀ ਉਠਾ ਕੇ ਇਕ ਤਰੀਕੇ ਨਾਲ ਸੱਤਾ ਤੇ ਸਿਆਸਤ ਨੂੰ ਵੀ ਹਥਿਆਇਆ ਹੈ। ਭਾਰਤੀ ਲੋਕਤੰਤਰਕ ਰਾਜ ਦੀ ਸਥਾਪਨਾ ਅਹਿਜੇ ਹੀ ਵਿਅਕਤੀਆਂ ਨੇ ਕੀਤੀ ਹੈ। ਅਜਿਹੇ ਵਿਅਕਤੀਆਂ ਨੇ ਲੋਕਤੰਤਰ ਨੂੰ ਸਰਮਾਏਦਾਰੀ ਦਾ ਖਿਡੌਣਾ ਬਣਾ ਕੇ ਰੱਖ ਦਿੱਤਾ ਹੈ। ਇੰਝ ਭਾਰਤੀ ਲੋਕਤੰਤਰਕ ਰਾਜ ਸਰਮਾਏਦਾਰ ਜਮਾਤ ਦਾ ਪਾਖੰਡ ਬਣ ਕੇ ਰਹਿ ਗਿਆ ਹੈ। ਆਜ਼ਾਦੀ ਆਉਣ ਤੋਂ ਬਾਅਦ ਵੀ ਇਹ ਸਰਮਾਏਦਾਰੀ ਵਰਗਾਂ ਦਾ ਹੀ ਗ਼ੁਲਾਮ ਹੈ। ਰਾਜਨੀਤਕ ਦਲ ਤੇ ਰਾਜਨੀਤਕ ਨੇਤਾ ਨਿਕੰਮੇ ਸਾਬਤ ਹੋਏ ਹਨ। ਰਾਜਨੀਤੀ ਦੇ ਮੈਦਾਨ ਵਿਚ ਇਹ ਦੋਵੇਂ ਸਾਧਨ ਸੰਪੰਨ ਵਰਗਾਂ ਦੀਆਂ ਕਠਪੁਤਲੀਆਂ ਬਣ ਕੇ ਨੱਚ ਰਹੇ ਹਨ ਤੇ ਸੱਤਾਧਾਰੀ ਬਣ ਕੇ ਆਮ ਲੋਕਾਂ ਨੂੰ ਕਠਪੁਤਲੀਆਂ ਵਾਂਗ ਨਚਾ ਰਹੇ ਹਨ।

ਉਪਰੋਕਤ ਰਾਜਸੀ ਪ੍ਰਕਰਣ ਨੂੰ 'ਰੁਪਏ ਪੈਸੇ' ਨਾਵਲ ਵਿਚ ਇਕ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਦੇ ਜੀਵਨ ਦੀ ਸੰਘਰਸ਼ ਗਾਥਾ ਰਾਹੀਂ ਜ਼ੁਬਾਨ ਦਿੱਤੀ ਗਈ ਹੈ। ਪਹਿਲੀ ਪੀੜ੍ਹੀ ਦੀ ਪ੍ਰਤੀਨਿੱਧਤਾ ਸਰੂਪ ਸਿੰਘ ਤੇ ਬਿਮਲਾ ਦੇਵੀ ਕਰਦੇ ਹਨ। ਦੂਸਰੀ ਪੀੜ੍ਹੀ ਦੀ ਮੋਹਨ ਸਿੰਘ ਗ੍ਰੰਥੀ ਤੇ ਜੀਤੋ, ਮਹਿੰਦਰ ਸਿੰਘ ਤੇ ਸੀਤੋ ਅਤੇ ਦਿਲਬਾਗ਼ ਸਿੰਘ ਤੇ ਚੰਦ ਕੌਰ ਕਰਦੇ ਹਨ। ਤੀਸਰੀ ਪੀੜ੍ਹੀ ਦੀ ਪ੍ਰਤੀਨਿੱਧਤਾ ਗੁਰਿੰਦਰ ਤੇ ਜਿਉਤੀ, ਪ੍ਰਕਾਸ਼ੋ ਤੇ ਹਰਦਾਸ ਸਿੰਘ, ਗੁਰਦਿਆਲ ਸਿੰਘ ਤੇ ਨਰਿੰਦਰ ਕੌਰ, ਹਰਦਿਆਲ ਸਿੰਘ ਤੇ ਸੁਖਦੀਪ ਕੌਰ, ਗੁਰਬਖਸ਼ ਸਿੰਘ ਤੇ ਸਲੋਨੀ ਅਤੇ ਹਰਬਖਸ਼ ਸਿੰਘ ਕਰਦੇ ਹਨ। ਇਹ ਸਾਰੇ ਪਾਤਰ ਆਪਣੇ ਆਪਣੇ ਕਿਰਦਾਰਾਂ ਪ੍ਰਤਿ ਨਿਸ਼ਠਾਵਾਨ ਹਨ। ਜੋ ਵੀ ਕੰਮ ਕਰਦੇ

ਹਨ, ਪੂਰੀ ਲਗਨ ਤੇ ਇਮਾਨਦਾਰੀ ਨਾਲ ਕਰਦੇ ਹਨ। ਆਪਣੇ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਨੂੰ ਮਾਨਵੀ ਸੰਬੰਧਾਂ ਦੀ ਭੱਠੀ ਦੇ ਨਿੱਘੇ ਸੇਕ ਨਾਲ ਤਪਾਈ ਰੱਖਦੇ ਹਨ। ਇਸੇ ਲਈ ਉਹ ਗ਼ਰੀਬੀ ਦੀ ਡੈਣ ਨੂੰ ਆਪਣੇ ਨੇੜੇ ਨਹੀਂ ਢੁਕਣ ਦਿੰਦੇ, ਰਿਸ਼ਵਤਖੋਰੀ ਦੀ ਚੁੜੇਲ ਤੋਂ ਵੀ ਬਚੇ ਰਹਿੰਦੇ ਹਨ, ਮਹਿੰਗਾਈ ਦੇ ਡੰਗਾਂ ਦਾ ਮੂੰਹ ਮੁਸ਼ੱਕਤ ਭਰੇ ਮਿਹਨਤੀ ਹੱਥਾਂ ਨਾਲ ਤੋੜ-ਮਰੋੜ ਦਿੰਦੇ ਹਨ, ਧਾਰਮਿਕ ਪਾਖੰਡਬਾਜ਼ੀ ਦਾ ਪਰਦਾ ਫਾਸ਼ ਕਰ ਜਾਂਦੇ ਹਨ, ਜ਼ਾਤ-ਗੋਤ ਦੇ ਬੰਧਨਾਂ ਨੂੰ ਵੀ ਨੱਥ ਪਾਉਣ ਦੀ ਮਾਨਸਿਕ ਸਮਰੱਥਾ ਹੈ ਇਹਨਾਂ ਵਿਚ, ਬੇਈਮਾਨ ਤੇ ਭ੍ਰਿਸ਼ਟ ਰਾਜਨੀਤਕ ਆਗੂਆਂ ਦੀਆਂ ਚਾਲਾਂ ਨੂੰ ਵੀ ਜਾਣਦੇ ਹਨ, ਵਿੱਦਿਆ-ਪ੍ਰਾਪਤੀ ਦੇ ਵੀ ਸ਼ੌਕੀਨ ਹਨ, ਗਿਆਨਵਾਨ ਬਣਨ ਦੇ ਅਭਿਲਾਸ਼ੀ ਵੀ ਹਨ, ਹਿੰਦੂ ਨੂੰ ਸਿੱਖ ਤੇ ਸਿੱਖ ਨੂੰ ਹਿੰਦੂ ਦੀ ਦ੍ਰਿਸ਼ਟੀ ਰਾਹੀਂ ਵੇਖਣ ਵਿਚ ਵੀ ਮਾਹਿਰ ਹਨ ਇਹ।

ਇਹ ਦੰਪਤੀ ਪਾਤਰ ਜਦੋਂ ਦੂਸਰੇ ਪਾਤਰਾਂ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਨਾਵਲ ਦੀ ਕਹਾਣੀ ਆਪਣੇ ਪੂਰੇ ਜਲੌਅ ਵਿਚ ਸਮਾਜਕ, ਆਰਥਿਕ ਤੇ ਰਾਜਸੀ ਪਰਿਸਥਿਤੀਆਂ ਦੇ ਵਿਭਿੰਨ ਰੰਗਾਂ ਦੀ ਪਛਾਣ ਦੇਣ ਲੱਗ ਪੈਂਦੀ ਹੈ। ਕਿਉਂਕਿ ਪਾਤਰ ਇਕ ਦੂਸਰੇ ਦੀ ਸਰੀਰਕ, ਮਾਨਸਿਕ ਤੇ ਬੌਧਿਕ ਸ਼ਕਤੀ ਵਿਚ ਵਾਧਾ ਕਰਕੇ ਪਾਤਰ-ਵਿਸ਼ੇਸ਼ ਨੂੰ ਹੋਰ ਵਧੇਰੇ ਸ਼ਕਤੀਸ਼ਾਲੀ ਰੂਪ ਪ੍ਰਦਾਨ ਕਰਦੇ ਹਨ। ਵੱਖ ਵੱਖ ਕਿੱਤਿਆਂ ਤੇ ਵਿਚਾਰਾਂ ਨਾਲ ਜੁੜੇ ਇਹਨਾਂ ਪਾਤਰਾਂ ਦਾ ਸੰਬੰਧ-ਜਾਲ 'ਰੁਪਏ ਪੈਸੇ' ਨਾਵਲ ਦੀ ਕਾਇਆ ਨੂੰ ਮੁਲਾਇਮ ਰੱਖਦਾ ਹੈ। ਇਹ ਕਾਇਆ ਏਨੀ ਮੁਲਾਇਮ ਤੇ ਖ਼ੁਸ਼ਬੂਦਾਰ ਹੈ ਕਿ ਇਸ ਵਿਚੋਂ ਪੰਜਾਬੀਅਤ ਦੀ ਖੁਸ਼ਬੋ ਲਪਟਾਂ ਮਾਰਦੀ ਹੈ। ਭੋਗਲ ਨੇ ਇਸਨੂੰ ਪੰਜਾਬੀ ਸਭਿਆਚਾਰਕ ਚੇਤਨਾ ਦੇ ਪਾਣੀ ਨਾਲ ਨੁਹਾਅ ਕੇ ਇਸ ਉੱਤੇ ਦਾਰਸ਼ਨਿਕ ਚਿੰਤਨ ਦੇ ਤੇਲ ਦੀ ਮਾਲਸ਼ ਕੀਤੀ ਹੋਈ ਹੈ।

ਪਿਆਰਾ ਸਿੰਘ ਭੋਗਲ ਮਨੁੱਖੀ ਰਿਸ਼ਤਿਆਂ ਨੂੰ ਸਿਰਜਣ ਵਾਲਾ ਗਲਪਕਾਰ ਹੈ। ਉਸਦੀ ਦ੍ਰਿਸ਼ਟੀ ਇਕੋ ਸਮੇਂ ਪਾਤਰਾਂ ਦੀ ਸਮਾਜਕ ਹੋਂਦ ਨੂੰ ਉਹਨਾਂ ਦੀ ਮਨੋ-ਅਵਸਥਾ ਰਾਹੀਂ ਤਰਾਸ਼ ਕੇ ਉਹਨਾਂ ਦਾ ਸਮਾਜ ਵਿਚ ਬਣਦਾ ਯਥਾਰਥਕ ਸਥਾਨ ਨਿਸਚਤ ਕਰਵਾਉਂਦੀ ਹੈ। ਪਾਤਰਾਂ ਨੂੰ ਸਿਰਜਣ ਸਮੇ ਭੋਗਲ਼ ਉਹਨਾਂ ਦੀਆਂ ਮਾਨਸਿਕ ਗੰਢਾਂ ਦਾ ਪੂਰਾ ਪੂਰਾ ਖਿਆਲ ਰੱਖਦਾ ਹੈ। ਬਜਾਜੀ ਦਾ ਕਾਰੋਬਾਰ ਕਰਦੇ ਨਿੱਕੇ ਵੱਡੇ ਵਪਾਰੀਆਂ, ਛੋਟੇ ਮੋਟੇ ਉਦਯੋਗਪਤੀਆਂ, ਠੇਕੇਦਾਰਾਂ, ਸਰਕਾਰੀ ਬਾਬੂਆਂ ਤੇ ਅਫਸਰਾਂ, ਅਧਿਆਪਕਾਂ ਤੇ ਅਧਿਆਪਕਾਵਾਂ, ਟੀਚਿੰਗ ਟਰੇਨਿੰਗ ਕਰਦੇ ਵਿਦਿਆਰਥੀਆਂ, ਈਵਨਿੰਗ ਕਲਾਸਾਂ ਵਿਚ ਪੜ੍ਹਦੇ ਕੰਮਕਾਰੀ ਵਿਦਿਆਰਥੀਆਂ, ਮੁਨਸ਼ੀਗੀਰੀ ਕਰਦੇ ਵਿਅਕਤੀਆਂ, ਗੁਰਦੁਆਰਿਆਂ ਵਿਚ ਪਾਠ ਕਰਦੇ ਗ੍ਰੰਥੀਆਂ ਤੇ ਸ਼ਰਧਾਲੂਆਂ, ਵਿਧਵਾਵਾਂ ਅਤੇ ਦੇਸ ਦੀ ਰਾਜਨੀਤੀ ਤੇ ਆਰਥਿਕ ਸਥਿਤੀ ਬਾਰੇ ਵਿਚਾਰ-ਚਰਚਾ ਕਰਦੇ ਸੂਝਵਾਨ ਵਿਅਕਤੀਆਂ ਦੇ ਅਸਲ ਦੀਦਾਰੇ ਭੋਗਲ ਦੀ ਗਲਪ-ਕਲਾ ਨਾਲ ਸ਼ਿੰਗਾਰੇ ਗਲਪੀ ਝਲਕਾਰਿਆਂ ਵਿਚੋਂ ਮੂਰਤੀਮਾਨ ਹੁੰਦੇ ਹਨ। ਹਰ ਪਾਤਰ ਦੀ ਵਿੱਥਿਆ ਇਕ ਵਿਲੱਖਣ ਸੰਸਾਰ ਸਮੋਈ ਬੈਠੀ ਹੈ। ਅਜਿਹੇ ਵਿਲੱਖਣ ਸੰਸਾਰ ਨੂੰ ਭੋਗਲ ਨੇ ਪਾਤਰਾਂ ਦੀਆਂ ਮਾਨਸਿਕ ਗੰਢਾਂ ਵਿਚ ਢਲੇ ਰੁਪਏ ਪੈਸੇ ਦੇ ਬਿੰਬ ਨੂੰ ਜੋੜ-ਜੋੜ ਕੇ ਤੇ ਤੋੜ-ਤੋੜ ਕੇ ਸਿਰਜਿਆ ਹੈ। ਮਕਸਦ ਉਸਦਾ ਸਾਫ ਹੈ ਕਿ ਮਨੁੱਖੀ ਜੀਵਨ ਲਈ ਰੁਪਏ ਪੈਸੇ ਦੀ ਲੋੜ ਲੋਭ ਵਿਚ ਪਰਿਵਰਤਿਤ ਨਾ ਹੋਵੇ। ਮਿਹਨਤ ਮੁਸ਼ੱਕਤ ਦੀ ਭਾਵਨਾ ਹੀ ਰੁਪਏ ਪੈਸੇ ਨੂੰ ਸੰਚਤ ਕਰਨ ਦਾ ਪ੍ਰਬਲ ਆਧਾਰ ਬਣੇ। ਨਰ-ਨਾਰੀ ਇਕ ਦੂਸਰੇ ਦਾ ਸਤਿਕਾਰ ਕਰਨ। ਉਹਨਾਂ ਦੇ ਪਾਕਿ-ਪਵਿੱਤਰ ਪਿਆਰ ਵਿਚ ਵਾਧਾ ਹੋਵੇ। ਹਰ ਵਿਅਕਤੀ ਅੰਦਰ ਪੀੜਤ ਤੇ ਗ਼ਰੀਬ ਵਰਗ ਦੀ ਬਾਂਹ ਫੜਨ ਦਾ ਸਾਹਸ ਹੋਵੇ। ਪੰਜਾਬੀ ਭਾਈਚਾਰੇ ਵਿਚ ਮੋਹ-ਪਿਆਰ ਦੀਆਂ ਤੰਦਾਂ ਕਸ਼ੀਦੀਆਂ ਰਹਿਣ। ਐਪਰ ਪੂੰਜੀਵਾਦੀ ਵਰਤਾਰੇ ਦੇ ਪ੍ਰਭਾਵ ਸਦਕਾ ਪੰਜਾਬੀ ਭਾਈਚਾਰੇ ਵਿਚ ਲੱਗੀ ਪੈਸੇ ਇਕੱਠੇ ਕਰਨ ਦੀ ਦੌੜ ਨੇ ਸਮਾਜਕ ਰਿਸ਼ਤਿਆਂ ਨੂੰ ਵੀ ਮਨੁੱਖੀ ਨਹੀਂ ਰਹਿਣ ਦਿੱਤਾ ਤੇ ਮਨੁੱਖੀ ਰਿਸ਼ਤੇ ਕਿਸ ਵਿਅਕਤੀ ਤੇ ਕਿਸ ਵਿਵਸਥਾ ਕੋਲ ਜਾ ਕੇ ਫਰਿਆਦ ਕਰਨ? ਇਹ ਪ੍ਰਸ਼ਨ ਹੀ ਨਾਵਲ ਦੀ ਪ੍ਰਾਪਤੀ ਹੈ। ◻◻

**-ਚੰਦਰ ਮੋਹਨ**



## ਖੋਜ (ਕਹਾਣੀ ਸੰਗ੍ਰਹਿ) ਹਰਮਹਿੰਦਰ ਚਹਿਲ

ਹਰਮਹਿੰਦਰ ਚਹਿਲ ਅਮਰੀਕਾ ਵਿਚ ਵਸਦਾ ਪੰਜਾਬੀ ਗਲਪਕਾਰ ਹੈ। 'ਬਲੀ' ਨਾਂ ਦਾ ਨਾਵਲ ਲਿਖ ਕੇ ਉਸ ਨੇ ਪੰਜਾਬ ਦੇ ਨਿਕਟ ਕਾਲੀ ਇਤਿਹਾਸ ਵਿਚ ਉੱਠੀ ਅਤਿਵਾਦੀ ਲਹਿਰ ਅਤੇ ਇਸ ਤੋਂ ਉਪਜੇ ਦੁਖਾਂਤ ਨੂੰ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਪੰਜਾਬ ਸੰਕਟ ਤੋਂ ਪੀੜਤ ਪੰਜਾਬੀ ਮਨੁੱਖ ਦੇ ਪਰਵਾਸ ਧਾਰਨ ਅਤੇ ਪਰਵਾਸ ਦੀ ਨਵੀਂ ਹੋਣੀ ਦੇ ਸਨਮੁਖ ਹੋਣ ਦੇ ਵਸਤੂ-ਵੇਰਵੇ ਉਸਦੇ ਦੂਜੇ ਨਾਵਲ 'ਹੋਣੀ' ਵਿਚ ਦਰਜ ਹਨ। ਇਸ ਨਾਵਲੀ ਦੋ-ਲੜੀ ਨਾਲ ਹਰਮਹਿੰਦਰ ਚਹਿਲ ਦੀ ਪਛਾਣ ਭਰਵੀਂ ਸਮਰੱਥਾ ਵਾਲੇ ਨਾਵਲਕਾਰ ਵਜੋਂ ਬਣੀ ਹੈ। ਚਹਿਲ ਕੋਲ ਮੂਲਵਾਸ (ਪੰਜਾਬ) ਅਤੇ ਪਰਵਾਸ (ਅਮਰੀਕਾ) ਦੇ ਵਸਤੂ-ਯਥਾਰਥ ਨੂੰ ਗਲਪੀ ਸੰਗਠਨ ਵਿਚ ਪੇਸ਼ ਕਰਨ ਦਾ ਹੁਨਰ ਹੈ। ਵਿਚਾਰਧਾਰਕ ਦ੍ਰਿਸ਼ਟੀ ਪੱਖੋਂ ਉਹ ਤਰੱਕੀਪਸੰਦ ਤੇ ਮਾਨਵੀ ਚੇਤਨਾ ਵਾਲਾ ਲੇਖਕ ਹੈ। ਇਸ ਦਾ ਇਕ ਪ੍ਰਮਾਣ ਉਸਦੇ ਤੀਜੇ ਨਾਵਲ 'ਆਫੀਆ ਸਦੀਕੀ ਦਾ ਜੇਹਾਦ' ਵਿਚ ਵੀ ਮਿਲਦਾ ਹੈ। ਹਰਮਹਿੰਦਰ ਚਹਿਲ ਦੀ ਗਲਪਕਾਰੀ ਦੇ ਹੋਰ ਮੌਲਿਕ ਪਛਾਣ-ਚਿੰਨ੍ਹ ਵੀ ਹਨ। ਉਹ ਨਾਵਲੀ ਸੰਰਚਨਾ ਵਿਚ ਵਿਸਥਾਰ ਦੇਣ, ਪਾਤਰਾਂ ਨੂੰ ਚੰਗੇ ਮੰਦੇ ਦਾਇਰਿਆਂ ਵਿਚ ਰੱਖਣ, ਭਾਸ਼ਾ ਦੀ ਸਹਿਜ ਸੁਭਾਵਕ ਵਰਤੋਂ ਅਤੇ ਪਾਤਰਾਂ ਦੀ ਗੱਲਬਾਤ ਵਿਚੋਂ ਬਿਰਤਾਂਤ ਨੂੰ ਗਤੀ ਦੇਣ ਦੀ ਵਿਸ਼ੇਸ਼ ਗਲਪੀ ਕਲਾ ਵਾਲਾ ਲੇਖਕ ਹੈ।

ਨਾਵਲ ਦੀ ਵਿਧਾ ਦੇ ਨਾਲ ਨਾਲ ਕਹਾਣੀ ਖੇਤਰ ਵਿਚ ਵੀ ਚਹਿਲ ਦਾ ਗੌਲਣਯੋਗ ਯੋਗਦਾਨ ਹੈ। ਵਿਚਾਰ ਅਧੀਨ ਪੁਸਤਕ ਉਸਦੀ ਕਹਾਣੀ-ਰਚਨਾ ਨਾਲ ਸੰਬੰਧਤ ਹੈ। ਇਸ ਕਹਾਣੀ ਸੰਗ੍ਰਹਿ (ਖੋਜ, ਪੰਨੇ 144, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਵਿਚ ਗਿਆਰਾਂ ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਦੀ ਲੋਕੇਲ ਪੰਜਾਬ ਤੇ ਅਮਰੀਕਾ ਦੀ ਧਰਤੀ ਹੈ। ਪੰਜਾਬ ਦੀ ਸਮਾਜਕ-ਸਭਿਆਚਾਰਕ ਰਹਿਤਲ ਵਿਚ ਆ ਰਹੇ ਬਦਲਾਅ, ਪੰਜਾਬ ਸੰਕਟ, ਸਮਾਜਕ ਸੰਸਥਾਵਾਂ ਦੀ ਟੁੱਟ-ਭੱਜ, ਰਿਸ਼ਤਿਆਂ ਦਾ ਵਿਗਠਨ ਆਦਿ ਸਰੋਕਾਰਾਂ ਨੂੰ ਲੇਖਕ ਨੇ 'ਫੁਲਕਾਰੀ', 'ਮਮਤਾ', 'ਪੁੰਨ', 'ਨਕਾਬਪੋਸ਼', 'ਚਸਕ' ਤੇ 'ਵਾਪਸੀ' ਆਦਿ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਫੁਲਕਾਰੀ' ਤੇ 'ਮਮਤਾ' ਕਹਾਣੀ ਵਿਚ ਮਾਂ ਦੀ ਸੰਸਥਾ ਪ੍ਰਤੀ ਔਲਾਦ ਦੀ ਭਾਵੁਕ ਤੇ ਕੁਦਰਤੀ ਖਿੱਚ ਦਾ ਮਾਰਮਿਕ ਬਿਰਤਾਂਤ ਪੇਸ਼ ਹੋਇਆ ਹੈ। 'ਫੁਲਕਾਰੀ' ਕਹਾਣੀ ਵਿਚ ਗ਼ਰੀਬੀ ਦੇ ਮਾਹੌਲ ਵਿਚ ਵੱਡੇ ਹੋਏ ਮਿੰਦਾ ਤੇ ਨਿੰਦਾ ਭਰਾਵਾਂ ਦੇ ਪਰਸਪਰ ਪਿਆਰ ਪਰ ਪਿੱਛੋਂ ਆਪਣੇ ਆਪਣੇ 'ਘਰ' ਨਾਲ ਜੁੜਨ ਦੇ ਸਬੱਬ ਪੇਸ਼ ਕਰਦਿਆਂ ਲੇਖਕ ਨੇ ਬੱਚਿਆਂ ਦੇ ਮਾਂ ਪ੍ਰਤੀ ਮੋਹ ਦਾ ਪ੍ਰਗਟਾਵਾ ਕੀਤਾ ਹੈ। ਨਿੰਦਾ ਆਪਣੀ ਮਾਂ ਦੀ ਯਾਦ ਵਜੋਂ ਉਸਦੀ ਕੱਢੀ ਫੁਲਕਾਰੀ ਲੈਣ ਮਿੰਦੇ ਦੇ ਘਰ ਦਾਖਲ ਹੁੰਦਾ ਹੈ ਪਰ ਪਿੰਡ ਦੇ ਲੋਕ ਉਸਨੂੰ ਚੋਰ ਸਮਝ ਕੇ ਕੁੱਟ ਦਿੰਦੇ ਹਨ। ਕਹਾਣੀ ਦਾ ਪਿੱਛਲਝਾਤੀ ਘਟਨਾਕ੍ਰਮ ਤਣਾਅ ਤੋਂ ਤਣਾਅ ਤਕ ਫੈਲਿਆ ਹੋਇਆ ਹੈ। ਪੇਂਡੂ ਸਮਾਜ ਵਿਚ ਭਰਾਵਾਂ ਦੀ ਆਪਸੀ ਫਿੱਕ ਦੇ ਰਵਾਇਤੀ ਤਰਕ ਵੀ ਕਥਾ ਦਾ ਹਿੱਸਾ ਹਨ। ਕਹਾਣੀ ਦਾ ਰੌਚਕ ਕਥਾ-ਸੰਗਠਨ ਪਾਠਕਾਂ ਨੂੰ ਭਾਵੁਕ ਕਰਦਾ ਹੈ। ਅਜਿਹੀ ਭਾਵੁਕਤਾ ਦਾ ਦੂਜਾ ਅਧਿਆਇ 'ਮਮਤਾ' ਕਹਾਣੀ ਵਿਚ ਪੇਸ਼ ਹੋਇਆ ਹੈ। ਕਹਾਣੀ ਦਾ ਉੱਤਮਪੁਰਖੀ ਬਿਰਤਾਂਤਕਾਰ ਨਹਿਰੀ ਮਹਿਕਮੇ ਦੀ ਨੌਕਰੀ ਕਾਰਨ ਘਰ ਤੋਂ ਦੂਰ ਰਹਿੰਦਾ ਹੈ। ਕਈ ਵਾਰ ਉਸਦਾ ਬੱਚਾ (ਬੱਬੂ) ਵੀ ਉਸਦੇ ਨਾਲ ਹੁੰਦਾ ਹੈ। ਕਥਾ ਦਾ ਉਪ-ਬਿਰਤਾਂਤ ਇਕ ਮਿਰਗ ਦੇ ਆਪਣੇ ਬੱਚੇ ਪ੍ਰਤੀ ਮੋਹ ਨਾਲ ਜੁੜਿਆ ਹੈ, ਜਿੱਥੋਂ ਲੇਖਕ ਆਪਣੇ ਬੱਚੇ ਦੀ ਮਾਂ ਨਾਲੋਂ ਵਿੱਥ ਕਾਰਨ ਉਪਜੀ ਉਦਾਸੀ ਨੂੰ ਪਛਾਣਦਾ ਹੈ।

ਚਹਿਲ ਦੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਰਿਸ਼ਤਿਆਂ ਦੇ ਨਿੱਘ ਤੋਂ ਵਾਂਝੇ ਪਾਤਰਾਂ ਦੀ ਸੰਵੇਦਨਾ ਫੜਨ ਵਿਚ ਹੈ। ਇੰਝ ਕਰਦਿਆਂ ਉਹ ਆਵਾਸ ਤੇ ਪਰਵਾਸ ਦੀਆਂ

ਅਸਲੋਂ ਭਿੰਨ ਸਮਾਜਕ ਹਾਲਤਾਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। 'ਖੋਜ', 'ਪਛਾਣ', 'ਘੁੰਮਣਘੇਰ', 'ਗਰੀਨ ਕਾਰਡ' ਨਾਂ ਦੀਆਂ ਕਹਾਣੀਆਂ ਵਿਚਲੇ ਗਲਪੀ ਸੰਕਟ ਇਸਦਾ ਪ੍ਰਮਾਣ ਹਨ। 'ਪਛਾਣ' ਕਹਾਣੀ ਅਮਰੀਕਾ ਦੀ ਆਰਥਿਕ ਮੰਦੀ ਕਾਰਣ ਜੈਕ ਨਾਂ ਦੇ ਗੋਰੇ ਪਾਤਰ ਦੀ ਵਿਗੜੀ ਵਿਤੀ ਸਥਿਤੀ ਦਾ ਬਿਰਤਾਂਤ ਹੈ। ਮੰਦਵਾੜੇ ਦੇ ਪਿਛੋਕੜ ਵਿਚ ਜੈਕ ਦੀ ਪਤਨੀ ਪੈਗੀ ਉਸਨੂੰ ਛੱਡ ਦਿੰਦੀ ਹੈ। ਉਕਤ ਦੰਪਤੀ ਦਾ ਪੁੱਤਰ ਹੋਮਲ਼ੈੱਸ ਸ਼ੈਲਟਰ ਭੇਜਿਆ ਜਾਂਦਾ ਹੈ ਤੇ ਮਾਂ-ਪਿਉ ਸੀਨੀਅਰ ਸਿਟੀਜ਼ਨ ਹੋਮ ਵਿਚ ਦਿਨ-ਕਟੀ ਕਰਦੇ ਹਨ। ਲੇਖਕ ਦੀ ਪ੍ਰਾਪਤੀ ਅਮਰੀਕਾ ਦੇ ਪਰਿਵਾਰਕ ਹਾਲਾਤ, ਅਰਥਿਕ ਮੰਦੀ, ਰਿਸ਼ਤਿਆਂ ਦੀ ਟੁੱਟ-ਭੱਜ ਦੇ ਨਾਲ ਨਾਲ ਅਮਰੀਕੀ ਜੀਵਨ-ਜਾਚ ਵਿਚ ਵਰਤਮਾਨ ਨੂੰ 'ਜਿਉਣ' ਦੀ ਭਾਵਨਾ ਸੰਯੁਕਤ ਰੂਪ ਵਿਚ ਪੇਸ਼ ਕਰਨ ਵਿਚ ਹੈ। ਪੈਗੀ ਤੇ ਜੈਕ ਦੀ ਰਿਸ਼ਤਾਗਤ ਟੁੱਟ-ਭੱਜ ਨੂੰ ਪੇਸ਼ ਕਰਦਾ ਲੇਖਕ ਕਈ ਵਿਚਾਰ-ਪ੍ਰਬੰਧਾਂ ਨੂੰ ਪੇਸ਼ ਕਰਦਾ ਹੈ: "ਉਹ ਕਹਿਣ ਲੱਗ ਪਈ ਕਿ ਮੈਂ ਉਸਦੀ ਜ਼ਿੰਦਗੀ ਬਰਬਾਦ ਕਰ ਦਿੱਤੀ", "ਬਰਬਾਦ! ਪਰ ਤੂੰ ਤਾਂ ਉਸਨੂੰ ਪੜ੍ਹਾ ਕੇ ਉਸਦੀ ਜ਼ਿੰਦਗੀ ਬਣਾਈ ਸੀ", "ਨਹੀਂ, ਇਹ ਗੱਲ ਨਹੀਂ ਸੀ ਸਿੰਘ! ਇਸ ਦਾ ਤਾਂ ਉਹ ਹਮੇਸ਼ਾ ਅਹਿਸਾਨ ਮੰਨਦੀ ਸੀ। ਪਰ ਉਸਦਾ ਕਹਿਣਾ ਸੀ ਕਿ ਜੇ ਮੈਂ ਉਸਨੂੰ ਨਾ ਮਿਲਿਆ ਹੁੰਦਾ ਤਾਂ ਉਸਨੇ ਇਕੱਲਿਆਂ ਰਹਿੰਦਿਆਂ ਅਜੇ ਹੋਰ ਇਨਜੁਆਏ ਕਰਨਾ ਸੀ"।

'ਖੋਜ' ਕਹਾਣੀ ਦਾ ਵਿਸ਼ਾ ਸਪਰਮ ਬੈਂਕ ਦੁਆਰਾ ਪ੍ਰਾਪਤ ਹੋਏ ਵੀਰਜ ਨਾਲ ਗਰਭ ਧਾਰਨ ਕਰਨ ਅਤੇ ਬੱਚਾ ਪੈਦਾ ਕਰਨ ਦੇ ਸੰਕਟ ਨਾਲ ਸੰਬੰਧਤ ਹੈ। ਇਸ ਵਿਧੀ ਨਾਲ ਕੈਟਰੀਨਾ ਦੇ ਘਰ ਜੰਮੀ ਸੈਫੀ ਨਾਂ ਦੀ ਧੀ-ਪਾਤਰ ਪਿਤਾ-ਪਿਆਰ ਤੋਂ ਵਾਂਝੇ ਰਹਿਣ ਦੀ ਹਕੀਕਤ ਅਤੇ ਆਪਣੀ ਪਛਾਣ ਦੇ ਸੰਕਟਾਂ ਨਾਲ ਜੂਝਦੀ ਹੈ। ਇਹ ਕਹਾਣੀ ਵੀਰਜ-ਦਾਨ ਨਾਲ ਜੰਮੇ ਬੱਚਿਆਂ ਦੀ ਮਨੋ-ਵੇਦਨਾ ਫੜਨ ਦੀ ਪਹਿਲ ਕਰਦੀ ਹੈ। ਨਾਲ ਹੀ ਅਮਰੀਕੀ ਸਮਾਜ ਵਿਚ ਸਮਲਿੰਗੀ ਸੰਬੰਧਾਂ, ਬੱਚਿਆਂ ਤੇ ਮਾਪਿਆਂ ਦੀ ਵਿੱਥ ਅਤੇ ਕਈ ਸਭਿਆਚਾਰਕ ਖੁਲ੍ਹਾਂ ਕਾਰਨ ਉਪਜਦੇ ਤਣਾਵਾਂ ਨੂੰ ਵੀ ਫੜਦੀ ਹੈ। ਕਹਾਣੀ ਵਿਚ ਸੈਫੀ ਵੱਲੋਂ ਸਪਰਮ ਡੋਨਰ (ਪਿਤਾ) ਨੂੰ ਲੱਭ ਲੈਣ ਦੇ ਜਾਸੂਸੀ ਵੇਰਵੇ ਪਾਠਕਾਂ ਨੂੰ ਖਟਕਦੇ ਹਨ।

ਕੁਝ ਕਹਾਣੀਆਂ ਅਮਰੀਕਾ ਵਿਚ ਕੱਚੇ ਪਰਵਾਸੀਆਂ ਲਈ 'ਟੀਸੀ ਦਾ ਬੇਰ' ਬਣਦੇ ਗਰੀਨ ਕਾਰਡ ਨੂੰ ਪ੍ਰਾਪਤ ਕਰਨ ਦੀ ਹੋੜ ਨਾਲ ਜੁੜੀਆਂ ਹਨ। 'ਘੁੰਮਣਘੇਰ' ਕਹਾਣੀ ਵਿਚ ਹਰੀ ਨਾਂ ਦਾ ਪੰਜਾਬੀ ਮੁੰਡਾ ਪੱਕੀ ਨਾਗਰਿਕਤਾ ਲੈਣ ਲਈ ਕੈਰਲ ਨਾਂ ਦੀ ਗਰਭਵਤੀ ਅਮਰੀਕਨ ਕੁੜੀ ਨਾਲ ਵਿਆਹ ਕਰਵਾਂਦਾ ਹੈ। ਪਰ ਕਹਾਣੀ ਦੇ ਅੰਤ ਵਿਚ ਕੈਰਲ ਆਪਣੀ ਨਵਜੰਮੀ ਬੱਚੀ ਨੂੰ ਹਰੀ ਕੋਲ਼ ਛੱਡ ਕੇ ਭੱਜ ਜਾਂਦੀ ਹੈ ਅਤੇ ਹਰੀ ਲਈ ਛੱਡੀ ਚਿੱਠੀ ਕਥਾ ਦੇ ਸਾਰੇ ਭੇਦ ਖੋਲ੍ਹ ਦਿੰਦੀ ਹੈ: "ਹਰੀ, ਹੁਣ ਮੈਂ ਇਹ ਘਰ ਛੱਡ ਦਿੱਤਾ ਐ। ਮੈਂ ਆਪਣੇ ਬੁਆਏ ਫਰੈਂਡ ਨਾਲ ਪੱਕੇ ਤੌਰ 'ਤੇ ਨਿਊਯਾਰਕ ਜਾ ਰਹੀ ਆਂ... ਰਹੀ ਗੱਲ ਰੋਸ਼ੀ ਦੀ। ਮੈਂ ਇਸ ਬੱਚੀ ਪਿੱਛੇ ਆਪਣਾ ਜੀਵਨ ਤਬਾਹ ਨਹੀਂ ਕਰ ਸਕਦੀ। ਅਜੇ ਤਾਂ ਮੈਂ ਆਪਣੀ ਜ਼ਿੰਦਗੀ ਦਾ ਆਨੰਦ ਮਾਨਣਾ ਆ"।

'ਗਰੀਨ ਕਾਰਡ' ਕਹਾਣੀ ਵਿਚ ਪੰਜਾਬ ਦੀ ਅਖੌਤੀ ਸਰਦਾਰੀ ਵਿਚੋਂ ਨਿਕਲ ਕੇ ਗਏ ਭੈਣ ਭਰਾ ( ਪਰਮਜੀਤ, ਅਮਰੀਕ) ਅਮਰੀਕਾ ਦੇ ਗਰੀਨ ਕਾਰਡ ਲਈ ਜਬ੍ਹਕਦੇ ਹਰ ਹੀਲਾ ਵਰਤਦੇ ਹਨ। ਅਮਰੀਕ ਕਿਸੇ ਗੇਅ ਨਾਲ ਵਿਆਹ ਕਰਵਾਂਦਾ ਹੈ ਜਦਕਿ ਪਰਮਜੀਤ ਸੰਘਰਸ਼ ਕਰਦੀ ਹੋਈ ਨਮੋਸ਼ੀ ਹੰਢਾਂਦੀ ਹੈ। ਕਹਾਣੀ ਦਾ ਸਮੁੱਚਾ ਮਾਹੌਲ਼ ਪੰਜਾਬ ਦੀ 'ਸਰਦਾਰੀ' ਦੇ ਅਮਰੀਕਾ ਵਿਚ ਖੇਰੂੰ ਖੇਰੂੰ ਹੋ ਕੇ ਸੜਕਾਂ 'ਤੇ ਖਿੰਡ ਪੁੰਡ ਜਾਣ ਤਕ ਫੈਲਿਆ ਹੈ। 'ਕਰਜ਼' ਕਹਾਣੀ ਵਿਚ ਸਪੈਨਿਸ਼ ਕੁੜੀ ਜੈਸਿਕਾ ਦੇ ਗ਼ੈਰ-ਕਾਨੂੰਨੀ ਪਰਵਾਸ ਹੰਢਾਉਂਦੇ



ਪਰਿਵਾਰ 'ਤੇ ਪੁਲਸ ਵੱਲੋਂ ਮਾਰੀ ਰੇਡ ਦਾ ਬਿਰਤਾਂਤ ਹੈ। ਉੱਤਮਪੁਰਖੀ ਬਿਰਤਾਂਤਕਾਰ ਖੁਦ ਭਾਰਤੀ ਹੈ ਜਿਹੜਾ ਪੁਲਸ ਵਿਚ ਹੈ। ਉਸਦੇ ਮਾਮੇ ਦੇ ਪੁੱਤਰ ਨੂੰ ਪੱਕੀ ਨਾਗਰਿਕਤਾ ਲੈਣ ਵਿਚ ਸਹਾਈ ਹੁੰਦੀ ਹੋਈ ਜੈਸਿਕਾ ਉਸ ਨਾਲ ਕੱਚਾ ਵਿਆਹ ਕਰਵਾਂਦੀ ਹੈ, ਪਰ ਬਿਰਤਾਂਤਕਾਰ ਫਰਜ਼ਾਂ ਦਾ ਬੱਝਾ ਹੋਇਆ ਹੋਣ ਕਰਕੇ ਜੈਸਿਕਾ ਦੇ 'ਕਰਜ਼' ਨੂੰ ਉਤਾਰ ਨਹੀਂ ਪਾਉਂਦਾ।

'ਚਸਕ' ਨਾਉਂ ਦੀ ਕਹਾਣੀ ਵਿਚ ਖੁਸਰਾ ਸਮਾਜ ਦਾ ਅੰਗ ਬਣੀ ਰਾਣੀ ਦੇ ਹਾਸ਼ੀਅਤ ਜੀਵਨ-ਯਥਾਰਥ ਦੀ ਪੇਸ਼ਕਾਰੀ ਹੋਈ ਹੈ। ਕਥਾਕਾਰ ਤੇ ਰਾਣੀ ਪ੍ਰੇਮੀ ਪਾਤਰ ਹਨ ਪਰ ਹਾਰਮੋਨਾਂ ਦੇ ਬਦਲਾਅ ਕਾਰਨ ਰਾਣੀ ਖੁਸਰਾ ਸਮਾਜ ਦਾ ਹਿੱਸਾ ਬਣ ਜਾਂਦੀ ਹੈ। ਕਹਾਣੀ ਦੇ ਕਥਾ-ਤਰਕ ਤੇ ਕਥਾ-ਵਿਵੇਕ ਕਮਜ਼ੋਰ ਹਨ ਪਰ ਅਸਫਲ ਪ੍ਰੇਮ-ਪ੍ਰਸੰਗਾਂ ਦਾ ਪ੍ਰਗਟਾਵਾ ਬਹੁਤ ਭਾਵੁਕ ਹੈ। 'ਪੁੰਨ' ਕਹਾਣੀ 1947 ਦੇ ਉਜਾੜੇ ਕਾਰਨ ਭੰਨੇ ਪੰਜਾਬੀ ਮਨੁੱਖ ਦਾ ਤ੍ਰਾਸਦਕ ਬਿਰਤਾਂਤ ਹੈ। ਇਹ ਕਹਾਣੀ ਮਜ਼ਹਬੀ ਫਿਰਕਾਪ੍ਰਸਤੀ ਵਿਚ 'ਪੁੰਨ' ਦੀ ਬਦਲੀ ਪਰਿਭਾਸ਼ਾ ਦਾ ਪ੍ਰਗਟਾਵਾ ਹੈ। 'ਨਕਾਬਪੋਸ਼' ਕਹਾਣੀ ਵਿਚ ਅਤਿਵਾਦ ਦੇ ਦੌਰ ਦੌਰਾਨ ਸਟੇਟ ਅਤੇ ਮੂਲ਼ਵਾਦੀ ਤਾਕਤਾਂ ਵਿਚਕਾਰ ਪਿਸੀ ਲੋਕਾਈ ਦੀ ਵੇਦਨਾ ਫੜੀ ਗਈ ਹੈ।

ਚਹਿਲ ਕੋਲ਼ ਕਹਾਣੀ ਬੀੜਨ ਦਾ ਹੁਨਰ ਹੈ। ਉਹ ਪਾਤਰਾਂ ਨੂੰ ਟਿਪੀਕਲ ਰੂਪ ਵਿਚ ਪੇਸ਼ ਕਰਕੇ ਵੀ ਕਹਾਣੀ ਵਿਚ ਕਲਾਤਮਕ ਦੋਸ਼ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦਾ। ਲਕੀਰੀ ਬਿਰਤਾਂਤ ਕ੍ਰਮ, ਪਿੱਛਲਝਾਤ ਘਟਨਾਵਾਂ, ਟੋਟਕੇ, ਸਿਆਣਪਾਂ ਤੇ ਨਾਟਕੀ ਅੰਦਾਜ਼ ਵਰਗੇ ਕਲਾ ਲੱਛਣ ਉਸਦੀਆਂ ਕਹਾਣੀਆਂ ਦਾ ਅੰਗ ਹਨ। ਕਥਾ ਮਾਹੌਲ ਦੀ ਸਜੀਵ ਪੇਸ਼ਕਾਰੀ ਨਾਲ ਉਹ ਪਾਠਕਾਂ ਨੂੰ ਆਪਣੇ ਮਨ-ਭਾਉਂਦੇ ਯਥਾਰਥ ਦੀ ਭਿਣਕ ਨਹੀਂ ਪੈਣ ਦਿੰਦਾ। ਉਸਦੀਆਂ ਕਹਾਣੀਆ ਰਵਾਇਤੀ ਕਹਾਣੀ ਦੀ ਯਾਦ ਦੁਆਉਂਦੀਆਂ ਹੋਈਆਂ ਆਪਣੀ ਪੜ੍ਹਨਯੋਗਤਾ ਬਰਕਰਾਰ ਰੱਖਦੀਆਂ ਹਨ।□□

**-ਜੇ.ਬੀ.ਸੇਖੋਂ**

## ਸੰਵਾਦ ਦੇ ਪਲ (ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ) ਰਮਨ

ਪ੍ਰੋਫੈਸਰ ਰਮਨ ਇਕ ਗਹਿਰ-ਗੰਭੀਰ ਸ਼ਖ਼ਸੀਅਤ ਦਾ ਨਾਂ ਹੈ। ਉਸਦਾ ਜਵਾਨੀ 'ਚ ਪੈਰ ਰੱਖਦਿਆਂ ਹੀ ਪੰਜਾਬੀ ਸਾਹਿਤ-ਜਗਤ ਦੇ 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਦੇ ਘਰ ਆਉਣ-ਜਾਣ ਹੋ ਗਿਆ, ਜਿੱਥੇ ਉਹ ਸੇਖੋਂ ਸਾਹਿਬ ਦੇ ਪੁੱਤਰ ਕਾਕੂ ਨੂੰ ਪੜ੍ਹਾਉਣ ਜਾਂਦਾ। ਪ੍ਰਿੰਸੀਪਲ ਸੇਖੋਂ ਕੋਲ਼ ਗਿਆਨ-ਗੋਸ਼ਿਟ ਲਈ ਆਉਂਦੀਆਂ ਜਿਹੜੀਆਂ ਹਸਤੀਆਂ ਨਾਲ ਉਸਦਾ ਅਕਸਰ ਮੇਲ ਹੁੰਦਾ, ਉਹਨਾਂ ਵਿਚੋਂ ਡਾ.ਤੇਜਵੰਤ ਸਿੰਘ ਗਿੱਲ ਪ੍ਰਮੁੱਖ ਸੀ ਜੋ ਸੇਖੋਂ ਸਾਹਿਬ ਦਾ ਭਾਣਜਾ ਹੋਣ ਦੀ ਹੈਸੀਅਤ ਵਿਚ ਅਤੇ ਗਿਆਨ-ਅਭਿਲਾਸ਼ੀ ਹੋਣ ਕਰਕੇ ਅਕਸਰ ਉੱਥੇ ਗੇੜਾ ਮਾਰਦਾ। 'ਸੰਵਾਦ ਦੇ ਪਲ' ( ਸਫ਼ੇ 135, ਮੁੱਲ 100 ਰੁਪਏ, ਨਵੀਂ ਦੁਨੀਆਂ ਪਬਲੀਕੇਸ਼ਨਜ਼, ਦੋਧਨਾ-ਪਟਿਆਲਾ) ਪੁਸਤਕ ਵਿਚ ਰਮਨ ਨੇ ਸਾਹਿਤਕ ਆਲੋਚਨਾ ਨਾਲ ਸੰਬੰਧਤ ਵੱਖੋ ਵੱਖਰੇ ਵਿਸ਼ਿਆਂ ਬਾਰੇ ਡਾਕਟਰ ਗਿੱਲ ਨਾਲ ਉਸ ਸਮੇਂ ਤੋਂ ਲੈ ਕੇ ਅੱਜ ਤਕ ਹੋਏ ਨਿੱਗਰ ਵਾਰਤਾਲਾਪ ਨੂੰ ਅੱਠ ਮੁਲਾਕਾਤਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਪੰਜਾਬੀ ਸਾਹਿਤ-ਚਿੰਤਨ, ਸਾਹਿਤਕ ਆਲੋਚਨਾ ਦੇ ਅਲੱਗ ਅਲੱਗ ਪੱਖਾਂ ਅਤੇ ਸਮੇਂ-ਸਮੇਂ 'ਤੇ ਸਾਹਿਤ-ਚਿੰਤਕਾਂ ਵਿਚਕਾਰ ਉੱਠੇ ਵਿਵਾਦਾਂ ਜਾਂ ਲਹਿਰਾਂ ਦਾ ਭਰਪੂਰ ਮੁੱਲਾਂਕਣ ਸਹਿਜ ਸੁਭਾਅ ਹੋਇਆ ਪ੍ਰਤੀਤ ਹੁੰਦਾ ਹੈ।

ਪ੍ਰੋ. ਰਮਨ ਵੱਲੋਂ ਲਿਖੀ ਭਾਵਪੂਰਤ ਭੂਮਿਕਾ ਅਨੁਸਾਰ- "ਇਹਨਾਂ ਮੁਲਾਕਾਤਾਂ ਤੋਂ ਡਾ. ਤੇਜਵੰਤ ਸਿੰਘ ਗਿੱਲ ਦੀ ਆਲੋਚਨਾ ਦ੍ਰਿਸ਼ਟੀ ਦੇ ਨਾਲ-ਨਾਲ ਉਸ ਅਥਾਹ ਗਿਆਨ ਦੇ

ਵੀ ਸਹਿਜ ਦੀਦਾਰ ਹੁੰਦੇ ਹਨ, ਜਿਸ ਨੂੰ ਹਾਸਲ ਕਰਨ ਲਈ ਸਾਹਿਤ ਦਾ ਸਿਧਾਂਤ-ਅਧਿਐਨ ਕਰਨ ਦੀ ਜੀਵਨ ਭਰ ਦੀ ਘਾਲਣਾ ਵੀ ਥੋੜ੍ਹੀ ਹੁੰਦੀ ਹੈ। ਡਾ. ਗਿੱਲ ਹੋਰਾਂ ਨੇ ਭਾਵੇਂ ਵਧੇਰੇ ਪ੍ਰਭਾਵ ਅਤਾਲਵੀ ਮਾਰਕਸਵਾਦੀ ਬੁੱਧੀਜੀਵੀ ਅਨਤਾਨਿਓ ਗ੍ਰਾਮਸ਼ੀ ਦਾ ਕਬੂਲਿਆ, ਪਰੰਤੂ ਉਹਨਾਂ ਦੀਆਂ ਲਿਖਤਾਂ ਵਿਚ ਵਿਸ਼ਵ ਦੇ ਲਗਪਗ ਸਾਰੇ ਵੱਡੇ ਚਿੰਤਕਾਂ ਦੀ ਚਰਚਾ ਕੀਤੀ ਹੋਈ ਮਿਲਦੀ ਹੈ। ਉਹਨਾਂ ਦੇ ਸਮੁੱਚੇ ਸੰਪਾਦਨ, ਸਮੀਖਿਆ ਅਤੇ ਅਨੁਵਾਦ ਕਾਰਜ ਤੋਂ ਜੋ ਗੱਲ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਪ੍ਰਮਾਣਿਕ ਚਿੰਤਨ ਅਤੇ ਸੰਕੀਰਣਤਾ ਦਾ ਆਪਸ ਵਿਚ ਕੋਈ ਸੰਬੰਧ ਨਹੀਂ ਹੈ।"

ਮੈਨੂੰ ਡਾਕਟਰ ਸਾਹਿਬ ਦੀਆਂ ਗ੍ਰਾਮਸ਼ੀ ਅਤੇ ਵਾਲਟਰ ਬੈਂਜਾਮਨ ਬਾਰੇ ਦੋ ਵੱਖ ਵੱਖ ਨਵੀਆਂ ਪ੍ਰਕਾਸ਼ਤ ਹੋਈਆਂ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਚਿੰਤਨ ਅਤੇ ਸਿਧਾਂਤ ਦੇ ਖੇਤਰ ਵਿਚ ਉਹਨਾਂ ਗ੍ਰਾਮਸ਼ੀ ਦਾ ਵਧੇਰੇ ਪ੍ਰਭਾਵ ਕਬੂਲਿਆ ਹੈ ਜਦੋਂ ਕਿ ਬੋਲੀ ਸ਼ੈਲੀ ਦੀ ਪਰਖ ਮੌਕੇ ਉਹ ਵਾਲਟਰ ਬੈਂਜਾਮਨ ਤੋਂ ਪ੍ਰਭਾਵਤ ਜਾਪਦੇ ਹਨ। ਚਿੰਤਨ ਕੀ ਹੈ, ਚਿੰਤਨ ਦਾ ਸਾਹਿਤ ਉੱਤੇ ਕੀ ਪ੍ਰਭਾਵ ਹੈ, ਸਨਾਤਨੀ ਮਾਰਕਸਵਾਦ ਦੀ ਨਵ ਮਾਰਕਸਵਾਦ ਵਿਚ ਤਬਦੀਲ ਹੋਣ ਦੀ ਕਿਰਿਆ, ਪੰਜਾਬੀ ਸਾਹਿਤ ਅਤੇ ਮਾਰਕਸਵਾਦ, ਨਵ-ਮਾਰਕਸਵਾਦ ਦੇ ਸਿਰਕੱਢ ਚਿੰਤਕਾਂ ਬਾਰੇ ਮੁੱਢਲੀ ਜਾਣਕਾਰੀ ਪਹਿਲੇ ਚੈਪਟਰ 'ਪੰਜਾਬੀ ਸਾਹਿਤ ਦੀ ਨਵ-ਮਾਰਕਸਵਾਦੀ ਪੜ੍ਹਤ' ਵਿਚੋਂ ਮਿਲਦੀ ਹੈ, ਜਿਸ ਵਿਚ ਡਾ. ਤੇਜਵੰਤ ਸਿੰਘ ਗਿੱਲ ਦਾ ਐਲਾਨ ਹੈ ਕਿ 'ਨਵ-ਮਾਰਕਸਵਾਦੀ ਹੋਣਾ ਮੇਰੇ ਲਈ ਗੌਰਵ ਵਾਲੀ ਗੱਲ ਹੈ'। ਮੱਧਕਾਲੀ ਕਾਵਿ-ਚਿੰਤਨ ਬਨਾਮ ਸੱਤਾ, ਉੱਤਮ ਮੱਧਕਾਲੀ ਸਾਹਿਤ ਧਾਰਾ-ਗੁਰਬਾਣੀ, ਮੱਧਕਾਲੀ ਪਾਠ ਸੰਬੰਧੀ ਉਪਜੇ ਵਾਦ-ਵਿਵਾਦ, ਸਮੁੱਚੇ ਪੰਜਾਬੀ ਸਾਹਿਤ ਵਿਚ ਉਭਰੇ ਸਿਧਾਂਤਕ ਵਿਵਾਦ (ਸੰਤ ਸਿੰਘ ਸੇਖੋਂ ਬਨਾਮ ਕਿਸ਼ਨ ਸਿੰਘ ਵਿਵਾਦ, ਸੰਰਚਨਾਵਾਦ ਬਨਾਮ ਪੰਜਾਬੀ ਮਾਰਕਸਵਾਦ, ਉੱਤਰ ਆਧੁਨਿਕਤਾਵਾਦ ਬਨਾਮ ਨਵ-ਮਾਰਕਸਵਾਦ ਵਿਵਾਦ) ਅਦਿ ਦਾ ਭਰਪੂਰ ਵਰਨਣ 'ਮੱਧਕਾਲੀ ਸਾਹਿਤ ਦਾ ਸਮਕਾਲੀ ਪਾਠ' ਨਾਮਕ ਅਧਿਆਇ ਵਿਚ ਕੀਤਾ ਗਿਆ ਹੈ। ਪੂਰਬੀ ਤੇ ਪੱਛਮੀ ਕਲਾ ਦਾ ਸੁਮੇਲ-ਅੰਮ੍ਰਿਤਾ ਸ਼ੇਰਗਿੱਲ, ਪੰਜਾਬੀ ਭਾਸ਼ਾ ਦੀ ਹੋਂਦ ਤੇ ਭਵਿੱਖ ਦਾ ਸਵਾਲ, ਗਦਰ ਲਹਿਰ ਦੀ ਕਵਿਤਾ ਵਿਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵਰ, ਭਾਈ ਸੰਤੋਖ ਸਿੰਘ ਬਾਰੇ ਗੱਲਬਾਤ-ਇਸ ਪੁਸਤਕ ਵਿਚ ਵੱਖਰਾ ਮੁਲਾਕਾਤ ਜੁੱਟ ਹੈ। ਜਿੱਥੇ ਪਹਿਲੀਆਂ ਚਾਰ ਵਿਚ ਸਿਧਾਂਤ, ਠੋਸ ਫਿਲਾਸਫੀ ਅਤੇ ਗਹਿਨ ਚਿੰਤਨ ਪ੍ਰਧਾਨ ਹੈ ਉੱਥੇ ਇਸ ਚਹੁੰ- ਮੁੱਖੀ ਜੁੱਟ ਵਿਚਲੀ ਭਾਸ਼ਾ ਸੁਖੈਨ ਅਤੇ ਸਰਲ ਹੈ। ਅੰਮ੍ਰਿਤਾ ਸ਼ੇਰਗਿੱਲ ਦੇ ਜੀਵਨ, ਵਿਆਹ-ਸੰਬੰਧਾਂ ਬਾਰੇ ਬੜੇ ਚਸਕੇ ਨਾਲ ਸਵਾਲ ਕਰਦਿਆਂ ਪ੍ਰੋ ਰਮਨ ਨੇ ਉਸਦੀ ਭਾਰਤੀ ਚਿੱਤਰ ਕਲਾ ਨੂੰ ਦੇਣ, ਪੰਜਾਬੀ ਪਿਤਾ ਦੀ ਧੀ ਹੋਣ ਕਰਕੇ ਸ਼ੁੱਧ ਪੰਜਾਬੀ ਰਹਿਣ ਸਹਿਣ ਵਿਚ ਉਸਦੀ ਇਕ ਕਲਾਕਾਰ ਵਜੋਂ ਵਿਸ਼ੇਸ਼ ਦਿਲਚਸਪੀ ਅਤੇ ਉਸਦੇ ਪਰਿਵਾਰਕ ਪਿਛੋਕੜ ਬਹਾਨੇ ਸਿੱਖ ਰਾਜ ਦੇ ਪਤਨ ਪਿੱਛੋਂ ਬਾਕੀ ਬਚੇ ਅਹਿਲਕਾਰਾਂ ਦੇ ਸ਼ਾਹੀ ਠਾਠ-ਬਾਠ ਬਾਰੇ ਭਰਪੂਰ ਜਾਣਕਾਰੀ ਡਾ. ਗਿੱਲ ਤੋਂ ਹਾਸਲ ਕੀਤੀ ਹੈ। 'ਪੰਜਾਬੀ ਭਾਸ਼ਾ ਦੀ ਹੋਂਦ ਤੇ ਭਵਿੱਖ ਦਾ ਸਵਾਲ' ਵਿਚ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਮੁੱਢ, ਵਿਕਾਸ ਅਤੇ ਭਵਿੱਖ ਸੰਬੰਧੀ ਲਗਪਗ ਸਾਰੇ ਪਹਿਲੂ ਵਿਚਾਰੇ ਗਏ ਹਨ। ਅਗਲੀ ਮੁਲਾਕਾਤ ਤੋਂ ਗਦਰ ਲਹਿਰ ਦੀ ਕਵਿਤਾ ਵਿਚ ਭਾਰਤੀ ਆਜ਼ਾਦੀ ਦੇ ਤਸੱਵਰ, ਗਦਰੀ ਬਾਬਿਆਂ ਅਤੇ ਇਸ ਲਹਿਰ ਬਾਰੇ ਮੁੱਲਵਾਨ ਜਾਣਕਾਰੀ ਮਿਲਦੀ ਹੈ। ਇੰਝ ਹੀ ਗਦਰ ਲਹਿਰ ਨੂੰ ਸਮਰਪਤ ਅਤੇ 'ਕਿਰਤੀ' ਅਖ਼ਬਾਰ ਦੇ ਸੰਪਾਦਕ ਭਾਈ ਸੰਤੋਖ ਸਿੰਘ ਸੰਬੰਧੀ ਇਸ ਸੰਗ੍ਰਹਿ ਦੀ ਆਖ਼ਰੀ ਮੁਲਾਕਾਤ ਵਿਚ ਬੜੀ ਦੁਰਲੱਭ ਅਤੇ ਰੌਚਿਕ ਜਾਣਕਾਰੀ ਦਿੱਤੀ ਗਈ ਹੈ।



## ਖੋਜ (ਕਹਾਣੀ ਸੰਗ੍ਰਹਿ) ਹਰਮਹਿੰਦਰ ਚਹਿਲ

ਹਰਮਹਿੰਦਰ ਚਹਿਲ ਅਮਰੀਕਾ ਵਿਚ ਵਸਦਾ ਪੰਜਾਬੀ ਗਲਪਕਾਰ ਹੈ। 'ਬਲੀ' ਨਾਂ ਦਾ ਨਾਵਲ ਲਿਖ ਕੇ ਉਸ ਨੇ ਪੰਜਾਬ ਦੇ ਨਿਕਟ ਕਾਲੀ ਇਤਿਹਾਸ ਵਿਚ ਉੱਠੀ ਅਤਿਵਾਦੀ ਲਹਿਰ ਅਤੇ ਇਸ ਤੋਂ ਉਪਜੇ ਦੁਖਾਂਤ ਨੂੰ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਪੰਜਾਬ ਸੰਕਟ ਤੋਂ ਪੀੜਤ ਪੰਜਾਬੀ ਮਨੁੱਖ ਦੇ ਪਰਵਾਸ ਧਾਰਨ ਅਤੇ ਪਰਵਾਸ ਦੀ ਨਵੀਂ ਹੋਣੀ ਦੇ ਸਨਮੁਖ ਹੋਣ ਦੇ ਵਸਤੂ-ਵੇਰਵੇ ਉਸਦੇ ਦੂਜੇ ਨਾਵਲ 'ਹੋਣੀ' ਵਿਚ ਦਰਜ ਹਨ। ਇਸ ਨਾਵਲੀ ਦੋ-ਲੜੀ ਨਾਲ ਹਰਮਹਿੰਦਰ ਚਹਿਲ ਦੀ ਪਛਾਣ ਭਰਵੀਂ ਸਮਰੱਥਾ ਵਾਲੇ ਨਾਵਲਕਾਰ ਵਜੋਂ ਬਣੀ ਹੈ। ਚਹਿਲ ਕੋਲ ਮੂਲਵਾਸ (ਪੰਜਾਬ) ਅਤੇ ਪਰਵਾਸ (ਅਮਰੀਕਾ) ਦੇ ਵਸਤੂ-ਯਥਾਰਥ ਨੂੰ ਗਲਪੀ ਸੰਗਠਨ ਵਿਚ ਪੇਸ਼ ਕਰਨ ਦਾ ਹੁਨਰ ਹੈ। ਵਿਚਾਰਧਾਰਕ ਦ੍ਰਿਸ਼ਟੀ ਪੱਖੋਂ ਉਹ ਤਰੱਕੀਪਸੰਦ ਤੇ ਮਾਨਵੀ ਚੇਤਨਾ ਵਾਲਾ ਲੇਖਕ ਹੈ। ਇਸ ਦਾ ਇਕ ਪ੍ਰਮਾਣ ਉਸਦੇ ਤੀਜੇ ਨਾਵਲ 'ਆਫੀਆ ਸਦੀਕੀ ਦਾ ਜੇਹਾਦ' ਵਿਚ ਵੀ ਮਿਲਦਾ ਹੈ। ਹਰਮਹਿੰਦਰ ਚਹਿਲ ਦੀ ਗਲਪਕਾਰੀ ਦੇ ਹੋਰ ਮੌਲਿਕ ਪਛਾਣ-ਚਿੰਨ੍ਹ ਵੀ ਹਨ। ਉਹ ਨਾਵਲੀ ਸੰਰਚਨਾ ਵਿਚ ਵਿਸਥਾਰ ਦੇਣ, ਪਾਤਰਾਂ ਨੂੰ ਚੰਗੇ ਮੰਦੇ ਦਾਇਰਿਆਂ ਵਿਚ ਰੱਖਣ, ਭਾਸ਼ਾ ਦੀ ਸਹਿਜ ਸੁਭਾਵਕ ਵਰਤੋਂ ਅਤੇ ਪਾਤਰਾਂ ਦੀ ਗੱਲਬਾਤ ਵਿਚੋਂ ਬਿਰਤਾਂਤ ਨੂੰ ਗਤੀ ਦੇਣ ਦੀ ਵਿਸ਼ੇਸ਼ ਗਲਪੀ ਕਲਾ ਵਾਲਾ ਲੇਖਕ ਹੈ।

ਨਾਵਲ ਦੀ ਵਿਧਾ ਦੇ ਨਾਲ ਨਾਲ ਕਹਾਣੀ ਖੇਤਰ ਵਿਚ ਵੀ ਚਹਿਲ ਦਾ ਗੌਲਣਯੋਗ ਯੋਗਦਾਨ ਹੈ। ਵਿਚਾਰ ਅਧੀਨ ਪੁਸਤਕ ਉਸਦੀ ਕਹਾਣੀ-ਰਚਨਾ ਨਾਲ ਸੰਬੰਧਤ ਹੈ। ਇਸ ਕਹਾਣੀ ਸੰਗ੍ਰਹਿ (ਖੋਜ, ਪੰਨੇ 144, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਵਿਚ ਗਿਆਰਾਂ ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਦੀ ਲੋਕੇਲ ਪੰਜਾਬ ਤੇ ਅਮਰੀਕਾ ਦੀ ਧਰਤੀ ਹੈ। ਪੰਜਾਬ ਦੀ ਸਮਾਜਕ-ਸਭਿਆਚਾਰਕ ਰਹਿਤਲ ਵਿਚ ਆ ਰਹੇ ਬਦਲਾਅ, ਪੰਜਾਬ ਸੰਕਟ, ਸਮਾਜਕ ਸੰਸਥਾਵਾਂ ਦੀ ਟੁੱਟ-ਭੱਜ, ਰਿਸ਼ਤਿਆਂ ਦਾ ਵਿਗਠਨ ਆਦਿ ਸਰੋਕਾਰਾਂ ਨੂੰ ਲੇਖਕ ਨੇ 'ਫੁਲਕਾਰੀ', 'ਮਮਤਾ', 'ਪੁੰਨ', 'ਨਕਾਬਪੋਸ਼', 'ਚਸਕ' ਤੇ 'ਵਾਪਸੀ' ਆਦਿ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਫੁਲਕਾਰੀ' ਤੇ 'ਮਮਤਾ' ਕਹਾਣੀ ਵਿਚ ਮਾਂ ਦੀ ਸੰਸਥਾ ਪ੍ਰਤੀ ਔਲਾਦ ਦੀ ਭਾਵੁਕ ਤੇ ਕੁਦਰਤੀ ਖਿੱਚ ਦਾ ਮਾਰਮਿਕ ਬਿਰਤਾਂਤ ਪੇਸ਼ ਹੋਇਆ ਹੈ। 'ਫੁਲਕਾਰੀ' ਕਹਾਣੀ ਵਿਚ ਗ਼ਰੀਬੀ ਦੇ ਮਾਹੌਲ ਵਿਚ ਵੱਡੇ ਹੋਏ ਮਿੰਦਾ ਤੇ ਨਿੰਦਾ ਭਰਾਵਾਂ ਦੇ ਪਰਸਪਰ ਪਿਆਰ ਪਰ ਪਿੱਛੋਂ ਆਪਣੇ ਆਪਣੇ 'ਘਰ' ਨਾਲ ਜੁੜਨ ਦੇ ਸਬੱਬ ਪੇਸ਼ ਕਰਦਿਆਂ ਲੇਖਕ ਨੇ ਬੱਚਿਆਂ ਦੇ ਮਾਂ ਪ੍ਰਤੀ ਮੋਹ ਦਾ ਪ੍ਰਗਟਾਵਾ ਕੀਤਾ ਹੈ। ਨਿੰਦਾ ਆਪਣੀ ਮਾਂ ਦੀ ਯਾਦ ਵਜੋਂ ਉਸਦੀ ਕੱਢੀ ਫੁਲਕਾਰੀ ਲੈਣ ਮਿੰਦੇ ਦੇ ਘਰ ਦਾਖਲ ਹੁੰਦਾ ਹੈ ਪਰ ਪਿੰਡ ਦੇ ਲੋਕ ਉਸਨੂੰ ਚੋਰ ਸਮਝ ਕੇ ਕੁੱਟ ਦਿੰਦੇ ਹਨ। ਕਹਾਣੀ ਦਾ ਪਿੱਛਲਝਾਤੀ ਘਟਨਾਕ੍ਰਮ ਤਣਾਅ ਤੋਂ ਤਣਾਅ ਤਕ ਫੈਲਿਆ ਹੋਇਆ ਹੈ। ਪੇਂਡੂ ਸਮਾਜ ਵਿਚ ਭਰਾਵਾਂ ਦੀ ਆਪਸੀ ਫਿੱਕ ਦੇ ਰਵਾਇਤੀ ਤਰਕ ਵੀ ਕਥਾ ਦਾ ਹਿੱਸਾ ਹਨ। ਕਹਾਣੀ ਦਾ ਰੌਚਕ ਕਥਾ-ਸੰਗਠਨ ਪਾਠਕਾਂ ਨੂੰ ਭਾਵੁਕ ਕਰਦਾ ਹੈ। ਅਜਿਹੀ ਭਾਵੁਕਤਾ ਦਾ ਦੂਜਾ ਅਧਿਆਇ 'ਮਮਤਾ' ਕਹਾਣੀ ਵਿਚ ਪੇਸ਼ ਹੋਇਆ ਹੈ। ਕਹਾਣੀ ਦਾ ਉੱਤਮਪੁਰਖੀ ਬਿਰਤਾਂਤਕਾਰ ਨਹਿਰੀ ਮਹਿਕਮੇ ਦੀ ਨੌਕਰੀ ਕਾਰਨ ਘਰ ਤੋਂ ਦੂਰ ਰਹਿੰਦਾ ਹੈ। ਕਈ ਵਾਰ ਉਸਦਾ ਬੱਚਾ (ਬੱਬੂ) ਵੀ ਉਸਦੇ ਨਾਲ ਹੁੰਦਾ ਹੈ। ਕਥਾ ਦਾ ਉਪ-ਬਿਰਤਾਂਤ ਇਕ ਮਿਰਗ ਦੇ ਆਪਣੇ ਬੱਚੇ ਪ੍ਰਤੀ ਮੋਹ ਨਾਲ ਜੁੜਿਆ ਹੈ, ਜਿੱਥੋਂ ਲੇਖਕ ਆਪਣੇ ਬੱਚੇ ਦੀ ਮਾਂ ਨਾਲੋਂ ਵਿੱਥ ਕਾਰਨ ਉਪਜੀ ਉਦਾਸੀ ਨੂੰ ਪਛਾਣਦਾ ਹੈ।

ਚਹਿਲ ਦੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਰਿਸ਼ਤਿਆਂ ਦੇ ਨਿੱਘ ਤੋਂ ਵਾਂਝੇ ਪਾਤਰਾਂ ਦੀ ਸੰਵੇਦਨਾ ਫੜਨ ਵਿਚ ਹੈ। ਇੰਝ ਕਰਦਿਆਂ ਉਹ ਆਵਾਸ ਤੇ ਪਰਵਾਸ ਦੀਆਂ

ਅਸਲੋਂ ਭਿੰਨ ਸਮਾਜਕ ਹਾਲਤਾਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। 'ਖੋਜ', 'ਪਛਾਣ', 'ਘੁੰਮਣਘੇਰ', 'ਗਰੀਨ ਕਾਰਡ' ਨਾਂ ਦੀਆਂ ਕਹਾਣੀਆਂ ਵਿਚਲੇ ਗਲਪੀ ਸੰਕਟ ਇਸਦਾ ਪ੍ਰਮਾਣ ਹਨ। 'ਪਛਾਣ' ਕਹਾਣੀ ਅਮਰੀਕਾ ਦੀ ਆਰਥਿਕ ਮੰਦੀ ਕਾਰਣ ਜੈਕ ਨਾਂ ਦੇ ਗੋਰੇ ਪਾਤਰ ਦੀ ਵਿਗੜੀ ਵਿਤੀ ਸਥਿਤੀ ਦਾ ਬਿਰਤਾਂਤ ਹੈ। ਮੰਦਵਾੜੇ ਦੇ ਪਿਛੋਕੜ ਵਿਚ ਜੈਕ ਦੀ ਪਤਨੀ ਪੈਗੀ ਉਸਨੂੰ ਛੱਡ ਦਿੰਦੀ ਹੈ। ਉਕਤ ਦੰਪਤੀ ਦਾ ਪੁੱਤਰ ਹੋਮਲੈੱਸ ਸ਼ੈਲਟਰ ਭੇਜਿਆ ਜਾਂਦਾ ਹੈ ਤੇ ਮਾਂ-ਪਿਉ ਸੀਨੀਅਰ ਸਿਟੀਜ਼ਨ ਹੋਮ ਵਿਚ ਦਿਨ-ਕਟੀ ਕਰਦੇ ਹਨ। ਲੇਖਕ ਦੀ ਪ੍ਰਾਪਤੀ ਅਮਰੀਕਾ ਦੇ ਪਰਿਵਾਰਕ ਹਾਲਾਤ, ਅਰਥਿਕ ਮੰਦੀ, ਰਿਸ਼ਤਿਆਂ ਦੀ ਟੁੱਟ-ਭੱਜ ਦੇ ਨਾਲ ਨਾਲ ਅਮਰੀਕੀ ਜੀਵਨ-ਜਾਚ ਵਿਚ ਵਰਤਮਾਨ ਨੂੰ 'ਜਿਉਣ' ਦੀ ਭਾਵਨਾ ਸੰਯੁਕਤ ਰੂਪ ਵਿਚ ਪੇਸ਼ ਕਰਨ ਵਿਚ ਹੈ। ਪੈਗੀ ਤੇ ਜੈਕ ਦੀ ਰਿਸ਼ਤਾਗਤ ਟੁੱਟ-ਭੱਜ ਨੂੰ ਪੇਸ਼ ਕਰਦਾ ਲੇਖਕ ਕਈ ਵਿਚਾਰ-ਪ੍ਰਬੰਧਾਂ ਨੂੰ ਪੇਸ਼ ਕਰਦਾ ਹੈ: "ਉਹ ਕਹਿਣ ਲੱਗ ਪਈ ਕਿ ਮੈਂ ਉਸਦੀ ਜ਼ਿੰਦਗੀ ਬਰਬਾਦ ਕਰ ਦਿੱਤੀ", "ਬਰਬਾਦ! ਪਰ ਤੂੰ ਤਾਂ ਉਸਨੂੰ ਪੜ੍ਹਾ ਕੇ ਉਸਦੀ ਜ਼ਿੰਦਗੀ ਬਣਾਈ ਸੀ", "ਨਹੀਂ, ਇਹ ਗੱਲ ਨਹੀਂ ਸੀ ਸਿੰਘ! ਇਸ ਦਾ ਤਾਂ ਉਹ ਹਮੇਸ਼ਾ ਅਹਿਸਾਨ ਮੰਨਦੀ ਸੀ। ਪਰ ਉਸਦਾ ਕਹਿਣਾ ਸੀ ਕਿ ਜੇ ਮੈਂ ਉਸਨੂੰ ਨਾ ਮਿਲਿਆ ਹੁੰਦਾ ਤਾਂ ਉਸਨੇ ਇਕੱਲਿਆਂ ਰਹਿੰਦਿਆਂ ਅਜੇ ਹੋਰ ਇਨਜੁਆਏ ਕਰਨਾ ਸੀ"।

'ਖੋਜ' ਕਹਾਣੀ ਦਾ ਵਿਸ਼ਾ ਸਪਰਮ ਬੈਂਕ ਦੁਆਰਾ ਪ੍ਰਾਪਤ ਹੋਏ ਵੀਰਜ ਨਾਲ ਗਰਭ ਧਾਰਨ ਕਰਨ ਅਤੇ ਬੱਚਾ ਪੈਦਾ ਕਰਨ ਦੇ ਸੰਕਟ ਨਾਲ ਸੰਬੰਧਤ ਹੈ। ਇਸ ਵਿਧੀ ਨਾਲ ਕੈਟਰੀਨਾ ਦੇ ਘਰ ਜੰਮੀ ਸੈਫੀ ਨਾਂ ਦੀ ਧੀ-ਪਾਤਰ ਪਿਤਾ-ਪਿਆਰ ਤੋਂ ਵਾਂਝੇ ਰਹਿਣ ਦੀ ਹਕੀਕਤ ਅਤੇ ਆਪਣੀ ਪਛਾਣ ਦੇ ਸੰਕਟਾਂ ਨਾਲ ਜੂਝਦੀ ਹੈ। ਇਹ ਕਹਾਣੀ ਵੀਰਜ-ਦਾਨ ਨਾਲ ਜੰਮੇ ਬੱਚਿਆਂ ਦੀ ਮਨੋ-ਵੇਦਨਾ ਫੜਨ ਦੀ ਪਹਿਲ ਕਰਦੀ ਹੈ। ਨਾਲ ਹੀ ਅਮਰੀਕੀ ਸਮਾਜ ਵਿਚ ਸਮਲਿੰਗੀ ਸੰਬੰਧਾਂ, ਬੱਚਿਆਂ ਤੇ ਮਾਪਿਆਂ ਦੀ ਵਿੱਥ ਅਤੇ ਕਈ ਸਭਿਆਚਾਰਕ ਖੁਲ੍ਹਾਂ ਕਾਰਨ ਉਪਜਦੇ ਤਣਾਵਾਂ ਨੂੰ ਵੀ ਫੜਦੀ ਹੈ। ਕਹਾਣੀ ਵਿਚ ਸੈਫੀ ਵੱਲੋਂ ਸਪਰਮ ਡੋਨਰ (ਪਿਤਾ) ਨੂੰ ਲੱਭ ਲੈਣ ਦੇ ਜਾਸੂਸੀ ਵੇਰਵੇ ਪਾਠਕਾਂ ਨੂੰ ਖਟਕਦੇ ਹਨ।

ਕੁਝ ਕਹਾਣੀਆਂ ਅਮਰੀਕਾ ਵਿਚ ਕੱਚੇ ਪਰਵਾਸੀਆਂ ਲਈ 'ਟੀਸੀ ਦਾ ਬੇਰ' ਬਣਦੇ ਗਰੀਨ ਕਾਰਡ ਨੂੰ ਪ੍ਰਾਪਤ ਕਰਨ ਦੀ ਹੋੜ ਨਾਲ ਜੁੜੀਆਂ ਹਨ। 'ਘੁੰਮਣਘੇਰ' ਕਹਾਣੀ ਵਿਚ ਹਰੀ ਨਾਂ ਦਾ ਪੰਜਾਬੀ ਮੁੰਡਾ ਪੱਕੀ ਨਾਗਰਿਕਤਾ ਲੈਣ ਲਈ ਕੈਰਲ ਨਾਂ ਦੀ ਗਰਭਵਤੀ ਅਮਰੀਕਨ ਕੁੜੀ ਨਾਲ ਵਿਆਹ ਕਰਵਾਂਦਾ ਹੈ। ਪਰ ਕਹਾਣੀ ਦੇ ਅੰਤ ਵਿਚ ਕੈਰਲ ਆਪਣੀ ਨਵਜੰਮੀ ਬੱਚੀ ਨੂੰ ਹਰੀ ਕੋਲ ਛੱਡ ਕੇ ਭੱਜ ਜਾਂਦੀ ਹੈ ਅਤੇ ਹਰੀ ਲਈ ਛੱਡੀ ਚਿੱਠੀ ਕਥਾ ਦੇ ਸਾਰੇ ਭੇਦ ਖੋਲ੍ਹ ਦਿੰਦੀ ਹੈ: "ਹਰੀ, ਹੁਣ ਮੈਂ ਇਹ ਘਰ ਛੱਡ ਦਿੱਤਾ ਐ। ਮੈਂ ਆਪਣੇ ਬੁਆਏ ਫਰੈਂਡ ਨਾਲ ਪੱਕੇ ਤੌਰ 'ਤੇ ਨਿਊਯਾਰਕ ਜਾ ਰਹੀ ਆਂ... ਰਹੀ ਗੱਲ ਰੋਸ਼ੀ ਦੀ। ਮੈਂ ਇਸ ਬੱਚੀ ਪਿੱਛੇ ਆਪਣਾ ਜੀਵਨ ਤਬਾਹ ਨਹੀਂ ਕਰ ਸਕਦੀ। ਅਜੇ ਤਾਂ ਮੈਂ ਆਪਣੀ ਜ਼ਿੰਦਗੀ ਦਾ ਆਨੰਦ ਮਾਨਣਾ ਆ"।

'ਗਰੀਨ ਕਾਰਡ' ਕਹਾਣੀ ਵਿਚ ਪੰਜਾਬ ਦੀ ਅਖੌਤੀ ਸਰਦਾਰੀ ਵਿਚੋਂ ਨਿਕਲ ਕੇ ਗਏ ਭੈਣ ਭਰਾ ( ਪਰਮਜੀਤ, ਅਮਰੀਕ) ਅਮਰੀਕਾ ਦੇ ਗਰੀਨ ਕਾਰਡ ਲਈ ਜਝੂਕਦੇ ਹਰ ਹੀਲਾ ਵਰਤਦੇ ਹਨ। ਅਮਰੀਕ ਕਿਸੇ ਗੇਅ ਨਾਲ ਵਿਆਹ ਕਰਵਾਂਦਾ ਹੈ ਜਦਕਿ ਪਰਮਜੀਤ ਸੰਘਰਸ਼ ਕਰਦੀ ਹੋਈ ਨਮੋਸ਼ੀ ਹੰਢਾਂਦੀ ਹੈ। ਕਹਾਣੀ ਦਾ ਸਮੁੱਚਾ ਮਾਹੌਲ ਪੰਜਾਬ ਦੀ 'ਸਰਦਾਰੀ' ਦੇ ਅਮਰੀਕਾ ਵਿਚ ਖੇਰੂੰ ਖੇਰੂੰ ਹੋ ਕੇ ਸੜਕਾਂ 'ਤੇ ਖਿੰਡ ਪੁੰਡ ਜਾਣ ਤਕ ਫੈਲਿਆ ਹੈ। 'ਕਰਜ਼' ਕਹਾਣੀ ਵਿਚ ਸਪੈਨਿਸ਼ ਕੁੜੀ ਜੈਸਿਕਾ ਦੇ ਗ਼ੈਰ-ਕਾਨੂੰਨੀ ਪਰਵਾਸ ਹੰਢਾਉਂਦੇ



ਪਰਿਵਾਰ 'ਤੇ ਪੁਲਸ ਵੱਲੋਂ ਮਾਰੀ ਰੇਡ ਦਾ ਬਿਰਤਾਂਤ ਹੈ। ਉੱਤਮਪੁਰਖੀ ਬਿਰਤਾਂਤਕਾਰ ਖੁਦ ਭਾਰਤੀ ਹੈ ਜਿਹੜਾ ਪੁਲਸ ਵਿਚ ਹੈ। ਉਸਦੇ ਮਾਮੇ ਦੇ ਪੁੱਤਰ ਨੂੰ ਪੱਕੀ ਨਾਗਰਿਕਤਾ ਲੈਣ ਵਿਚ ਸਹਾਈ ਹੁੰਦੀ ਹੋਈ ਜੈਸਿਕਾ ਉਸ ਨਾਲ ਕੱਚਾ ਵਿਆਹ ਕਰਵਾਂਦੀ ਹੈ, ਪਰ ਬਿਰਤਾਂਤਕਾਰ ਫਰਜ਼ਾਂ ਦਾ ਬੱਝਾ ਹੋਇਆ ਹੋਣ ਕਰਕੇ ਜੈਸਿਕਾ ਦੇ 'ਕਰਜ਼' ਨੂੰ ਉਤਾਰ ਨਹੀਂ ਪਾਉਂਦਾ।

'ਚਸਕ' ਨਾਉਂ ਦੀ ਕਹਾਣੀ ਵਿਚ ਖੁਸਰਾ ਸਮਾਜ ਦਾ ਅੰਗ ਬਣੀ ਰਾਣੀ ਦੇ ਹਾਸ਼ੀਅਤ ਜੀਵਨ-ਯਥਾਰਥ ਦੀ ਪੇਸ਼ਕਾਰੀ ਹੋਈ ਹੈ। ਕਥਾਕਾਰ ਤੇ ਰਾਣੀ ਪ੍ਰੇਮੀ ਪਾਤਰ ਹਨ ਪਰ ਹਾਰਮੋਨਾਂ ਦੇ ਬਦਲਾਅ ਕਾਰਨ ਰਾਣੀ ਖੁਸਰਾ ਸਮਾਜ ਦਾ ਹਿੱਸਾ ਬਣ ਜਾਂਦੀ ਹੈ। ਕਹਾਣੀ ਦੇ ਕਥਾ-ਤਰਕ ਤੇ ਕਥਾ-ਵਿਵੇਕ ਕਮਜ਼ੋਰ ਹਨ ਪਰ ਅਸਫਲ ਪ੍ਰੇਮ-ਪ੍ਰਸੰਗਾਂ ਦਾ ਪ੍ਰਗਟਾਵਾ ਬਹੁਤ ਭਾਵੁਕ ਹੈ। 'ਪੁੰਨ' ਕਹਾਣੀ 1947 ਦੇ ਉਜਾੜੇ ਕਾਰਨ ਭੰਨੇ ਪੰਜਾਬੀ ਮਨੁੱਖ ਦਾ ਤ੍ਰਾਸਦਕ ਬਿਰਤਾਂਤ ਹੈ। ਇਹ ਕਹਾਣੀ ਮਜ਼ਹਬੀ ਫਿਰਕਾਪ੍ਰਸਤੀ ਵਿਚ 'ਪੁੰਨ' ਦੀ ਬਦਲੀ ਪਰਿਭਾਸ਼ਾ ਦਾ ਪ੍ਰਗਟਾਵਾ ਹੈ। 'ਨਕਾਬਪੋਸ਼' ਕਹਾਣੀ ਵਿਚ ਅਤਿਵਾਦ ਦੇ ਦੌਰ ਦੌਰਾਨ ਸਟੇਟ ਅਤੇ ਮੂਲਵਾਦੀ ਤਾਕਤਾਂ ਵਿਚਕਾਰ ਪਿਸੀ ਲੋਕਾਈ ਦੀ ਵੇਦਨਾ ਫੜੀ ਗਈ ਹੈ।

ਚਹਿਲ ਕੋਲ ਕਹਾਣੀ ਬੀਤਣ ਦਾ ਹੁਨਰ ਹੈ। ਉਹ ਪਾਤਰਾਂ ਨੂੰ ਟਿਪੀਕਲ ਰੂਪ ਵਿਚ ਪੇਸ਼ ਕਰਕੇ ਵੀ ਕਹਾਣੀ ਵਿਚ ਕਲਾਤਮਕ ਦੋਸ਼ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦਾ। ਲਕੀਰੀ ਬਿਰਤਾਂਤ ਕ੍ਰਮ, ਪਿੱਛਲਝਾਤ ਘਟਨਾਵਾਂ, ਟੋਟਕੇ, ਸਿਆਣਪਾਂ ਤੇ ਨਾਟਕੀ ਅੰਦਾਜ਼ ਵਰਗੇ ਕਲਾ ਲੱਛਣ ਉਸਦੀਆਂ ਕਹਾਣੀਆਂ ਦਾ ਅੰਗ ਹਨ। ਕਥਾ ਮਾਹੌਲ ਦੀ ਸਜੀਵ ਪੇਸ਼ਕਾਰੀ ਨਾਲ ਉਹ ਪਾਠਕਾਂ ਨੂੰ ਆਪਣੇ ਮਨ-ਭਾਉਂਦੇ ਯਥਾਰਥ ਦੀ ਭਿਣਕ ਨਹੀਂ ਪੈਣ ਦਿੰਦਾ। ਉਸਦੀਆਂ ਕਹਾਣੀਆ ਰਵਾਇਤੀ ਕਹਾਣੀ ਦੀ ਯਾਦ ਦੁਆਉਂਦੀਆਂ ਹੋਈਆਂ ਆਪਣੀ ਪੜ੍ਹਨਯੋਗਤਾ ਬਰਕਰਾਰ ਰੱਖਦੀਆਂ ਹਨ।❑❑

-ਜੇ.ਬੀ.ਸੇਖੋਂ

## ਸੰਵਾਦ ਦੇ ਪਲ (ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ) ਰਮਨ

ਪ੍ਰੋਫੈਸਰ ਰਮਨ ਇਕ ਗਹਿਰ-ਗੰਭੀਰ ਸ਼ਖ਼ਸੀਅਤ ਦਾ ਨਾਂ ਹੈ। ਉਸਦਾ ਜਵਾਨੀ 'ਚ ਪੈਰ ਰੱਖਦਿਆਂ ਹੀ ਪੰਜਾਬੀ ਸਾਹਿਤ-ਜਗਤ ਦੇ 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਦੇ ਘਰ ਆਉਣ-ਜਾਣ ਹੋ ਗਿਆ, ਜਿੱਥੇ ਉਹ ਸੇਖੋਂ ਸਾਹਿਬ ਦੇ ਪੁੱਤਰ ਕਾਕੂ ਨੂੰ ਪੜ੍ਹਾਉਣ ਜਾਂਦਾ। ਪ੍ਰਿੰਸੀਪਲ ਸੇਖੋਂ ਕੋਲ ਗਿਆਨ-ਗੋਸ਼ਟਿ ਲਈ ਆਉਂਦੀਆਂ ਜਿਹੜੀਆਂ ਹਸਤੀਆਂ ਨਾਲ ਉਸਦਾ ਅਕਸਰ ਮੇਲ ਹੁੰਦਾ, ਉਹਨਾਂ ਵਿਚੋਂ ਡਾ.ਤੇਜਵੰਤ ਸਿੰਘ ਗਿੱਲ ਪ੍ਰਮੁੱਖ ਸੀ ਜੋ ਸੇਖੋਂ ਸਾਹਿਬ ਦਾ ਭਾਣਜਾ ਹੋਣ ਦੀ ਹੈਸੀਅਤ ਵਿਚ ਅਤੇ ਗਿਆਨ-ਅਭਿਲਾਸ਼ੀ ਹੋਣ ਕਰਕੇ ਅਕਸਰ ਉੱਥੇ ਗੇੜਾ ਮਾਰਦਾ। 'ਸੰਵਾਦ ਦੇ ਪਲ' ( ਸਫ਼ੇ 135, ਮੁੱਲ 100 ਰੁਪਏ, ਨਵੀਂ ਦੁਨੀਆਂ ਪਬਲੀਕੇਸ਼ਨਜ਼, ਦੋਧਨਾ-ਪਟਿਆਲਾ) ਪੁਸਤਕ ਵਿਚ ਰਮਨ ਨੇ ਸਾਹਿਤਕ ਆਲੋਚਨਾ ਨਾਲ ਸੰਬੰਧਤ ਵੱਖੋ ਵੱਖਰੇ ਵਿਸ਼ਿਆਂ ਬਾਰੇ ਡਾਕਟਰ ਗਿੱਲ ਨਾਲ ਉਸ ਸਮੇਂ ਤੋਂ ਲੈ ਕੇ ਅੱਜ ਤਕ ਹੋਏ ਨਿੱਗਰ ਵਾਰਤਾਲਾਪ ਨੂੰ ਅੱਠ ਮੁਲਾਕਾਤਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਪੰਜਾਬੀ ਸਾਹਿਤ-ਚਿੰਤਨ, ਸਾਹਿਤਕ ਆਲੋਚਨਾ ਦੇ ਅਲੱਗ ਅਲੱਗ ਪੱਖਾਂ ਅਤੇ ਸਮੇਂ-ਸਮੇਂ 'ਤੇ ਸਾਹਿਤ-ਚਿੰਤਕਾਂ ਵਿਚਕਾਰ ਉੱਠੇ ਵਿਵਾਦਾਂ ਜਾਂ ਲਹਿਰਾਂ ਦਾ ਭਰਪੂਰ ਮੁੱਲਾਂਕਣ ਸਹਿਜ ਸੁਭਾਅ ਹੋਇਆ ਪ੍ਰਤੀਤ ਹੁੰਦਾ ਹੈ।

ਪ੍ਰੋ. ਰਮਨ ਵੱਲੋਂ ਲਿਖੀ ਭਾਵਪੂਰਤ ਭੂਮਿਕਾ ਅਨੁਸਾਰ- "ਇਹਨਾਂ ਮੁਲਾਕਾਤਾਂ ਤੋਂ ਡਾ. ਤੇਜਵੰਤ ਸਿੰਘ ਗਿੱਲ ਦੀ ਆਲੋਚਨਾ ਦ੍ਰਿਸ਼ਟੀ ਦੇ ਨਾਲ-ਨਾਲ ਉਸ ਅਥਾਹ ਗਿਆਨ ਦੇ

ਵੀ ਸਹਿਜ ਦੀਦਾਰ ਹੁੰਦੇ ਹਨ, ਜਿਸ ਨੂੰ ਹਾਸਲ ਕਰਨ ਲਈ ਸਾਹਿਤ ਦਾ ਸਿਧਾਂਤ-ਅਧਿਐਨ ਕਰਨ ਦੀ ਜੀਵਨ ਭਰ ਦੀ ਘਾਲਣਾ ਵੀ ਥੋੜ੍ਹੀ ਹੁੰਦੀ ਹੈ। ਡਾ. ਗਿੱਲ ਹੋਰਾਂ ਨੇ ਭਾਵੇਂ ਵਧੇਰੇ ਪ੍ਰਭਾਵ ਅਤਾਲਵੀ ਮਾਰਕਸਵਾਦੀ ਬੁੱਧੀਜੀਵੀ ਅਨਤਾਨਿਓ ਗ੍ਰਾਮਸ਼ੀ ਦਾ ਕਬੂਲਿਆ, ਪਰੰਤੂ ਉਹਨਾਂ ਦੀਆਂ ਲਿਖਤਾਂ ਵਿਚ ਵਿਸ਼ਵ ਦੇ ਲਗਪਗ ਸਾਰੇ ਵੱਡੇ ਚਿੰਤਕਾਂ ਦੀ ਚਰਚਾ ਕੀਤੀ ਹੋਈ ਮਿਲਦੀ ਹੈ। ਉਹਨਾਂ ਦੇ ਸਮੁੱਚੇ ਸੰਪਾਦਨ, ਸਮੀਖਿਆ ਅਤੇ ਅਨੁਵਾਦ ਕਾਰਜ ਤੋਂ ਜੋ ਗੱਲ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਪ੍ਰਮਾਣਿਕ ਚਿੰਤਨ ਅਤੇ ਸੰਕੀਰਣਤਾ ਦਾ ਆਪਸ ਵਿਚ ਕੋਈ ਸੰਬੰਧ ਨਹੀਂ ਹੈ।"

ਮੈਨੂੰ ਡਾਕਟਰ ਸਾਹਿਬ ਦੀਆਂ ਗ੍ਰਾਮਸ਼ੀ ਅਤੇ ਵਾਲਟਰ ਬੈਂਜਾਮਨ ਬਾਰੇ ਦੋ ਵੱਖ ਵੱਖ ਨਵੀਆਂ ਪ੍ਰਕਾਸ਼ਤ ਹੋਈਆਂ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਚਿੰਤਨ ਅਤੇ ਸਿਧਾਂਤ ਦੇ ਖੇਤਰ ਵਿਚ ਉਹਨਾਂ ਗ੍ਰਾਮਸ਼ੀ ਦਾ ਵਧੇਰੇ ਪ੍ਰਭਾਵ ਕਬੂਲਿਆ ਹੈ ਜਦੋਂ ਕਿ ਬੋਲੀ ਸ਼ੈਲੀ ਦੀ ਪਰਖ ਮੌਕੇ ਉਹ ਵਾਲਟਰ ਬੈਂਜਾਮਨ ਤੋਂ ਪ੍ਰਭਾਵਤ ਜਾਪਦੇ ਹਨ। ਚਿੰਤਨ ਕੀ ਹੈ, ਚਿੰਤਨ ਦਾ ਸਾਹਿਤ ਉੱਤੇ ਕੀ ਪ੍ਰਭਾਵ ਹੈ, ਸਨਾਤਨੀ ਮਾਰਕਸਵਾਦ ਦੀ ਨਵ ਮਾਰਕਸਵਾਦ ਵਿਚ ਤਬਦੀਲ ਹੋਣ ਦੀ ਕਿਰਿਆ, ਪੰਜਾਬੀ ਸਾਹਿਤ ਅਤੇ ਮਾਰਕਸਵਾਦ, ਨਵ-ਮਾਰਕਸਵਾਦ ਦੇ ਸਿਰਕੱਢ ਚਿੰਤਕਾਂ ਬਾਰੇ ਮੁੱਢਲੀ ਜਾਣਕਾਰੀ ਪਹਿਲੇ ਚੈਪਟਰ 'ਪੰਜਾਬੀ ਸਾਹਿਤ ਦੀ ਨਵ-ਮਾਰਕਸਵਾਦੀ ਪੜ੍ਹਤ' ਵਿਚੋਂ ਮਿਲਦੀ ਹੈ, ਜਿਸ ਵਿਚ ਡਾ. ਤੇਜਵੰਤ ਸਿੰਘ ਗਿੱਲ ਦਾ ਐਲਾਨ ਹੈ ਕਿ 'ਨਵ-ਮਾਰਕਸਵਾਦੀ ਹੋਣਾ ਮੇਰੇ ਲਈ ਗੌਰਵ ਵਾਲੀ ਗੱਲ ਹੈ'। ਮੱਧਕਾਲੀ ਕਾਵਿ-ਚਿੰਤਨ ਬਨਾਮ ਸੱਤਾ, ਉੱਤਮ ਮੱਧਕਾਲੀ ਸਾਹਿਤ ਧਾਰਾ-ਗੁਰਬਾਣੀ, ਮੱਧਕਾਲੀ ਪਾਠ ਸੰਬੰਧੀ ਉਪਜੇ ਵਾਦ-ਵਿਵਾਦ, ਸਮੁੱਚੇ ਪੰਜਾਬੀ ਸਾਹਿਤ ਵਿਚ ਉਭਰੇ ਸਿਧਾਂਤਕ ਵਿਵਾਦ (ਸੰਤ ਸਿੰਘ ਸੇਖੋਂ ਬਨਾਮ ਕਿਸ਼ਨ ਸਿੰਘ ਵਿਵਾਦ, ਸੰਰਚਨਾਵਾਦ ਬਨਾਮ ਪੰਜਾਬੀ ਮਾਰਕਸਵਾਦ, ਉੱਤਰ ਆਧੁਨਿਕਤਾਵਾਦ ਬਨਾਮ ਨਵ-ਮਾਰਕਸਵਾਦ ਵਿਵਾਦ) ਅਦਿ ਦਾ ਭਰਪੂਰ ਵਰਨਣ 'ਮੱਧਕਾਲੀ ਸਾਹਿਤ ਦਾ ਸਮਕਾਲੀ ਪਾਠ' ਨਾਮਕ ਅਧਿਆਇ ਵਿਚ ਕੀਤਾ ਗਿਆ ਹੈ। ਪੂਰਬੀ ਤੇ ਪੱਛਮੀ ਕਲਾ ਦਾ ਸੁਮੇਲ-ਅੰਮ੍ਰਿਤਾ ਸ਼ੇਰਗਿੱਲ, ਪੰਜਾਬੀ ਭਾਸ਼ਾ ਦੀ ਹੋਂਦ ਤੇ ਭਵਿੱਖ ਦਾ ਸਵਾਲ, ਗਦਰ ਲਹਿਰ ਦੀ ਕਵਿਤਾ ਵਿਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵਰ, ਭਾਈ ਸੰਤੋਖ ਸਿੰਘ ਬਾਰੇ ਗੱਲਬਾਤ-ਇਸ ਪੁਸਤਕ ਵਿਚ ਵੱਖਰਾ ਮੁਲਾਕਾਤ ਜੁੱਟ ਹੈ। ਜਿੱਥੇ ਪਹਿਲੀਆਂ ਚਾਰ ਵਿਚ ਸਿਧਾਂਤ, ਠੋਸ ਫਿਲਾਸਫੀ ਅਤੇ ਗਹਿਨ ਚਿੰਤਨ ਪ੍ਰਧਾਨ ਹੈ ਉੱਥੇ ਇਸ ਚਹੁੰ- ਮੁੱਖੀ ਜੁੱਟ ਵਿਚਲੀ ਭਾਸ਼ਾ ਸੁਖੈਨ ਅਤੇ ਸਰਲ ਹੈ। ਅੰਮ੍ਰਿਤਾ ਸ਼ੇਰਗਿੱਲ ਦੇ ਜੀਵਨ, ਵਿਆਹ-ਸੰਬੰਧਾਂ ਬਾਰੇ ਬੜੇ ਚਸਕੇ ਨਾਲ ਸਵਾਲ ਕਰਦਿਆਂ ਪ੍ਰੋ ਰਮਨ ਨੇ ਉਸਦੀ ਭਾਰਤੀ ਚਿੱਤਰ ਕਲਾ ਨੂੰ ਦੇਣ, ਪੰਜਾਬੀ ਪਿਤਾ ਦੀ ਧੀ ਹੋਣ ਕਰਕੇ ਸ਼ੁੱਧ ਪੰਜਾਬੀ ਰਹਿਣ ਸਹਿਣ ਵਿਚ ਉਸਦੀ ਇਕ ਕਲਾਕਾਰ ਵਜੋਂ ਵਿਸ਼ੇਸ਼ ਦਿਲਚਸਪੀ ਅਤੇ ਉਸਦੇ ਪਰਿਵਾਰਕ ਪਿਛੋਕੜ ਬਹਾਨੇ ਸਿੱਖ ਰਾਜ ਦੇ ਪਤਨ ਪਿੱਛੋਂ ਬਾਕੀ ਬਚੇ ਅਹਿਲਕਾਰਾਂ ਦੇ ਸ਼ਾਹੀ ਠਾਠ-ਬਾਠ ਬਾਰੇ ਭਰਪੂਰ ਜਾਣਕਾਰੀ ਡਾ. ਗਿੱਲ ਤੋਂ ਹਾਸਲ ਕੀਤੀ ਹੈ। 'ਪੰਜਾਬੀ ਭਾਸ਼ਾ ਦੀ ਹੋਂਦ ਤੇ ਭਵਿੱਖ ਦਾ ਸਵਾਲ' ਵਿਚ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਮੁੱਢ, ਵਿਕਾਸ ਅਤੇ ਭਵਿੱਖ ਸੰਬੰਧੀ ਲਗਪਗ ਸਾਰੇ ਪਹਿਲੂ ਵਿਚਾਰੇ ਗਏ ਹਨ। ਅਗਲੀ ਮੁਲਾਕਾਤ ਤੋਂ ਗਦਰ ਲਹਿਰ ਦੀ ਕਵਿਤਾ ਵਿਚ ਭਾਰਤੀ ਆਜ਼ਾਦੀ ਦੇ ਤਸੱਵਰ, ਗਦਰੀ ਬਾਬਿਆਂ ਅਤੇ ਇਸ ਲਹਿਰ ਬਾਰੇ ਮੁੱਲਵਾਨ ਜਾਣਕਾਰੀ ਮਿਲਦੀ ਹੈ। ਇੰਞ ਹੀ ਗਦਰ ਲਹਿਰ ਨੂੰ ਸਮਰਪਤ ਅਤੇ 'ਕਿਰਤੀ' ਅਖ਼ਬਾਰ ਦੇ ਸੰਪਾਦਕ ਭਾਈ ਸੰਤੋਖ ਸਿੰਘ ਸੰਬੰਧੀ ਇਸ ਸੰਗ੍ਰਹਿ ਦੀ ਆਖ਼ਰੀ ਮੁਲਾਕਾਤ ਵਿਚ ਬੜੀ ਦੁਰਲੱਭ ਅਤੇ ਰੌਚਿਕ ਜਾਣਕਾਰੀ ਦਿੱਤੀ ਗਈ ਹੈ।



ਸਮੁੱਚੀ ਪੁਸਤਕ ਵਿਚੋਂ ਉਹ ਸਤਰਾਂ ਦੇਣੀਆਂ ਚਾਹਾਂਗੇ ਜਿਹੜੀਆਂ ਅਟੱਲ ਸਚਾਈਆਂ ਵਾਂਗ ਸਰਲ ਭਾਵੀ ਹੁੰਦੀਆਂ ਹੋਈਆਂ ਡਾ. ਤੇਜਵੰਤ ਸਿੰਘ ਗਿੱਲ ਦੀ ਬੌਧਿਕ ਗਹਿਰਾਈ ਦੀ ਗਵਾਹੀ ਭਰਦੀਆਂ ਹਨ। "..ਚਿੰਤਨ, ਜੀਵਨ ਦੀ ਕੁੱਲ ਜਟਿਲਤਾ ਨੂੰ ਵਿਚਾਰਾਂ ਦੇ ਰੂਪ ਵਿਚ ਗ੍ਰਹਿਣ ਕਰਨ ਦਾ ਯਤਨ ਹੁੰਦਾ ਹੈ।..ਸਾਹਿਤ ਵਿਚ ਜੀਵਨ ਦਾ ਯਥਾਰਥ ਚਿਹਨਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ ਜਿਸ ਲਈ ਵਿਸ਼ਲੇਸ਼ਣ, ਚਿਤਵਣ ਅਤੇ ਸੰਵਾਦ ਨਾਲੋਂ ਕਿਤੇ ਜ਼ਿਆਦਾ ਸਿਮਰਤੀ, ਕਲਪਨਾ ਅਤੇ ਦ੍ਰਿਸ਼ਟੀ ਦੀ ਲੋੜ ਪੈਂਦੀ ਹੈ।..ਮਾਰਕਸਵਾਦ ਅੰਗਰੇਜ਼ੀ ਆਰਥਿਕਤਾ, ਫਰਾਂਸੀਸੀ ਰਾਜਸੀ ਚੇਤਨਾ ਤੇ ਜਰਮਨ ਚਿੰਤਨ ਪ੍ਰਣਾਲੀ ਦੇ ਪਰਸਪਰ ਸੰਵਾਦ ਵਿਚੋਂ ਪੈਦਾ ਹੋਇਆ।..ਗੁਰਬਾਣੀ ਅਤੇ ਵਾਰ ਕਾਵਿ ਨੇ ਦੇਸੋਂ ਬਦੇਸੋਂ ਜੀਵਨ 'ਤੇ ਭਾਰੂ ਹੋਈ ਸੱਤਾ ਨੂੰ ਬਹੁਤ ਹੀ ਨਿੱਗਰ ਰੂਪ ਵਿਚ ਨਕਾਰ ਦਿੱਤਾ ਜਿਸਦੇ ਤੁਲ ਦੀ ਪ੍ਰਾਪਤੀ ਉਸ ਯੁੱਗ ਦੇ ਕਿਸੇ ਪੱਛਮੀ ਸਾਹਿਤ ਵਿਚ ਵੀ ਦੇਖਣ ਨੂੰ ਨਹੀਂ ਮਿਲਦੀ।..ਮੱਧਕਾਲੀ ਕਾਵਿ ਨੇ ਜਿਵੇਂ ਗੌਰਵ ਅਤੇ ਨਿਆਂ ਦਾ ਪੱਖ ਪੂਰਿਆ, ਉਸਤੋਂ ਅੱਜੋਕੀ ਸਾਹਿਤ-ਰਚਨਾ ਵਾਸਤੇ ਸਿੱਖਣ ਲਈ ਬਹੁਤ ਕੁਝ ਹੈ"। ਕੁਝ ਵਿਅਕਤੀ-ਵਿਸ਼ੇਸ਼ ਟਿੱਪਣੀਆਂ ਵੀ ਗੌਲਣਜੋਗ ਹਨ। "..ਸੇਖੋਂ ਸਾਹਿਬ ਨੂੰ ਕੁਰਾਹੀਆ ਸਿੱਧ ਕਰਨ ਦੇ ਯਤਨ ਵਿਚ ਕਿਸ਼ਨ ਸਿੰਘ ਆਪ ਕੁਰਾਹੇ ਪੈਣ ਤੋਂ ਸੁਚੇਤ ਨਹੀਂ ਸੀ।..ਡਾ.ਹਰਜੀਤ ਸਿੰਘ ਗਿੱਲ ਦੇ ਟਾਕਰੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਨਿਯੁਕਤ ਹੋ ਚੁੱਕੇ ਡਾ. ਹਰਿਭਜਨ ਸਿੰਘ ਨੇ (ਸੰਰਚਨਾਵਾਦ ਦੇ ਸੰਦਰਭ ਵਿਚ) ਵਧੇਰੇ ਸਾਕਾਰਾਤਮਕ ਪੈਂਤੜਾ ਅਪਣਾਇਆ।..ਡਾ.ਸਤਿੰਦਰ ਨੂਰ, ਡਾ. ਗੁਰਭਗਤ ਸਿੰਘ,ਅਮਰਜੀਤ ਗਰੇਵਾਲ, ਡਾ.ਰਾਜਿੰਦਰ ਬਰਾੜ, ਡਾ ਵਨੀਤਾ ਆਦਿ ਨੂੰ ਅਲਪ ਬਿਰਤਾਂਤ, ਇੱਛਾ ਕ੍ਰੀੜਾ, ਦੇਹ ਅਤੇ ਕਾਮ ਨਾਲ ਜੁੜੇ ਨਿਕਟਵਰਤੀ ਸਰੋਕਾਰਾਂ ਵਿਚ ਹੀ ਮਾਨਵੀ ਜੀਵਨ ਦਾ ਸਾਰ ਨਜ਼ਰ ਆਇਆ।..."

ਪੰਜਾਬੀ ਨਾਵਲ-ਰਚਨਾ ਬਾਰੇ ਡਾ. ਗਿੱਲ ਦਾ ਮੱਤ ਹੈ ਕਿ 'ਆਧੁਨਿਕਤਾ ਦੇ ਪ੍ਰਵੇਸ਼ ਨਾਲ ਜੋ ਸੂਝ ਅਤੇ ਸੋਝੀ ਆਉਣੀ ਚਾਹੀਦੀ ਸੀ, ਪੰਜਾਬੀ ਨਾਵਲ ਉਸ ਤਰ੍ਹਾਂ ਦੀ ਸੂਝ ਉਪਜਾਉਣ ਤੋਂ ਅਸਮਰੱਥ ਹੈ। ਪੰਜਾਬੀ ਨਾਵਲਕਾਰਾਂ ਨੂੰ ਅੱਜੋਕੇ ਜੀਵਨ ਦੀਆਂ ਜਟਿਲਤਵਾਂ ਨੂੰ ਸਰਲ ਜਿਹੇ ਢੰਗ ਨਾਲ ਬਿਆਨ ਕਰਨ ਦੀ ਥਾਂ 'ਕੰਪਲੈਕਸ' ਤਕਨੀਕਾਂ ਵੱਲ ਰੁਚਿਤ ਹੋਣਾ ਚਾਹੀਦਾ ਹੈ'। ਸਾਡੇ ਉੱਘੇ ਨਾਵਲਕਾਰਾਂ ਬਾਰੇ ਦਿਲਚਸਪ ਟਿੱਪਣੀ ਹੈ: "ਵੱਖੋ ਵੱਖਰੇ ਧਰਾਤਲਾਂ 'ਤੇ ਵਿਚਰ ਕੇ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ ਅਤੇ ਗੁਰਦਿਆਲ ਸਿੰਘ ਨੇ ਵਧੇਰੇ ਜਟਿਲ ਅਨੁਭਵਾਂ ਵੱਲ ਲਿਜਾਂਦੇ ਪੰਧ ਦੀ ਅਭਿਲਾਸ਼ਾ ਕੀਤੀ। ਆਧੁਨਿਕਤਾ ਜਿਵੇਂ ਨਵੇਂ ਤੋਂ ਨਵੇਂ ਰੂਪ ਵਿਚ ਪ੍ਰਵੇਸ਼ ਕਰ ਰਹੀ ਸੀ, ਉਸਦੀ ਥਾਹ ਪਾਉਣ ਵੱਲ ਉਹਨਾਂ ਰੁਚੀ ਦਿਖਾਈ। ਪਰ ਇਹਨਾਂ ਦੀਆਂ ਤਤਕਾਲੀ ਲਿਖਤਾਂ ਇਸ ਅਭਿਲਾਸ਼ਾ ਨੂੰ ਖੰਡਤ ਕਰਦੀਆਂ ਜਾਪਦੀਆਂ ਹਨ। ਖ਼ੁਦ ਦੇ ਆਤਮ-ਮੋਹ ਵਿਚ ਪੈ ਕੇ ਜਿੱਥੇ ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਮਿਥਿਆ ਵਿਚ ਉਲਝ ਜਾਣ ਨੂੰ ਆਪਣਾ ਆਸ਼ਾ ਬਣਾ ਬੈਠੇ, ਉੱਥੇ ਗੁਰਦਿਆਲ ਸਿੰਘ ਆਪਣੇ ਗਲਪ ਦੇ ਮੋਹ ਅਧੀਨ ਨਾਵਲ ਦੀ ਥਾਂ ਪ੍ਰਾ-ਨਾਵਲ ਲਿਖਣ ਵੱਲ ਮੁੜ ਗਿਆ ਹੈ"। ਬਤੌਰ ਨਾਵਲਕਾਰ ਮੇਰੇ ਮਨ ਵਿਚ ਏਥੇ ਕੁਝ ਸ਼ੰਕੇ ਉਪਜਦੇ ਹਨ। ਪੰਜਾਬੀ ਨਾਵਲ ਵਿਚ ਅਜੇ ਤਕ ਫੈਂਟਸੀ ਦੀ ਰਵਾਇਤ ਨਾ ਹੋਣ ਕਾਰਨ ਕੀ 'ਕੰਪਲੈਕਸ ਤਕਨੀਕਾਂ ਵੱਲ ਰੁਚਿਤ ਹੋਣ' ਦਾ ਤਜਰਬਾ ਕਿਤੇ ਫੇਲ੍ਹ ਤਾਂ ਨਹੀਂ ਹੋ ਜਾਵੇਗਾ? ਜਾਂ ਕਥਾ ਰਸ ਦੇ ਆਦੀ ਹੋਏ ਪੰਜਾਬੀ ਪਾਠਕਾਂ ਨੂੰ ਅਜਿਹਾ 'ਕੰਪਲੈਕਸ' ਤਜਰਬਾ ਰਾਸ ਆ ਸਕੇਗਾ? ਪ੍ਰਯੋਗ ਜ਼ਰੂਰੀ ਹਨ ਪਰ ਮੇਰੇ ਵਿਚਾਰ ਅਨੁਸਾਰ ਨਵੀਨ ਤਜਰਬੇ ਸਹਿੰਦੇ-ਸਹਿੰਦੇ ਹੀ ਕੀਤੇ ਜਾ ਸਕਦੇ ਹਨ। ਜਿਹਨਾਂ ਬਾਰੇ ਨਾਵਲ ਲਿਖਿਆ ਜਾ ਰਿਹਾ ਹੈ, ਜਿਹਨਾਂ ਲਈ ਨਾਵਲ ਲਿਖਿਆ ਜਾਂਦਾ ਹੈ, ਉਹਨਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੋ ਜਾਂਦਾ ਹੈ।

ਕੁਝ ਹੋਰ ਟਿੱਪਣੀਆਂ ਹਾਜ਼ਰ ਹਨ: "ਗਦਰੀ ਜੋ ਵੱਡੀ ਗਿਣਤੀ ਵਿਚ ਸਿੱਖ ਸਨ, ਮੂਲ ਰੂਪ ਵਿਚ ਉਦਾਰ ਚਿੱਤ ਅਤੇ ਮਾਨਵਵਾਦੀ ਬੰਦੇ ਸਨ..ਦੱਬੇ ਕੁਚਲੇ ਲੋਕਾਂ ਦੀ ਸਮਾਜਕ ਮੁਕਤੀ ਦੇ ਮਾਡਲ ਵਜੋਂ ਸਿੱਖ ਇਤਿਹਾਸ ਨੂੰ ਉਭਾਰਨ ਵਾਲੀ ਪਹਿਲੀ ਪੰਜਾਬੀ ਕਵਿਤਾ ਗਦਰ ਲਹਿਰ ਦੀ ਕਵਿਤਾ ਹੀ ਸੀ।..ਕਲਾ ਪੱਖੋਂ ਗਦਰੀ ਕਵਿਤਾ ਕਵੀਸ਼ਰੀ ਪਰੰਪਰਾ ਦੇ ਵਧੇਰੇ ਨਜ਼ਦੀਕ ਹੈ।..ਭਾਈ ਸੰਤੋਖ ਸਿੰਘ ਦੇ ਕਾਰਜ ਦੀ ਤੁਲਨਾ ਗਦਰ ਦੇ ਵਾਪਰਨ ਤੋਂ ਪਹਿਲਾਂ ਉਸ ਖਾਦ ਨਾਲ ਕੀਤੀ ਜਾ ਸਕਦੀ ਹੈ ਜੋ ਬਿਜਾਈ ਤੋਂ ਪਹਿਲਾਂ ਫਸਲ ਦੇ ਉੱਗਣ ਅਤੇ ਪ੍ਰਵਾਨ ਚੜ੍ਹਨ ਲਈ ਬਹੁਤ ਜ਼ਰੂਰੀ ਹੁੰਦੀ ਹੈ।..ਪੰਜਾਹਵਿਆਂ ਦੇ ਅੰਤ ਵੇਲੇ ਸੇਖੋਂ ਸਾਹਿਬ ਦੇ ਨਾਟਕ 'ਕਲਾਕਾਰ' ਦਾ ਚਰਚਾ ਸਿਖਰਾਂ ਨੂੰ ਪਹੁੰਚਿਆ ਹੋਇਆ ਸੀ।.. ਆਜ਼ਾਦੀ ਉਪਰੰਤ ਭਾਰਤ ਵਰਸ਼ ਵਿਚ ਔਰਤ ਜਾਤ ਨੂੰ ਜੋ ਨਵੀਂ ਸੂਝ ਮਿਲੀ, ਵਿੱਦਿਆ ਭਾਸਕਰ ਦਾ ਲੇਖ ਇਸਦਾ ਉਲੇਖ ਕਰਦਾ ਸੀ (ਪਰ) ਕਿਸ਼ਨ ਸਿੰਘ ਨੇ ਇਸ ਵਿਚ ਜੋ ਨੰਗੇਜ ਦੀਆਂ ਗੱਲਾਂ ਸਨ, ਉਹਨਾਂ 'ਤੇ ਵਾਵੇਲਾ ਖੜ੍ਹਾ ਕੀਤਾ ਹੋਇਆ ਸੀ।..ਦੇਹ ਕਾਮ ਅਤੇ ਕਿਰਤ ਦਾ ਵਾਹਨ ਹੁੰਦੀ ਹੈ, ਜੋ ਮੇਲ ਅਤੇ ਕਮਾਈ ਦੇ ਕਾਰਨ ਹੋ ਨਿਬੜਦੇ ਹਨ।..ਮੇਲ ਔਲਾਦ ਦਾ ਸ੍ਰੋਤ ਬਣਦਾ ਹੈ, ਕਮਾਈ ਲੋੜਾਂ ਦੀ ਪੂਰਤੀ ਕਰਦੀ ਹੈ।.. 'ਵਣ' ਭਾਰਤੀ ਅਤੇ 'ਰੋਹੀ' ਅਰਬੀ-ਇਰਾਨੀ ਚਿੰਤਨ-ਧਾਰਾ ਦਾ ਪਛਾਣ-ਪ੍ਰਤੀਕ ਬਣਦਾ ਹੈ ਜਦਕਿ ਪੰਜਾਬੀ ਚਿੰਤਨ-ਧਾਰਾ ਦਾ ਪਛਾਣ-ਚਿੰਨ੍ਹ 'ਖੇਤ' ਹੈ, ਜੋ ਨਾ ਤਾਂ ਵਣ ਵਾਂਗ ਭਰਪੂਰ ਹੈ ਨਾ ਹੀ ਰੋਹੀ ਵਾਂਗ ਅੰਤਹੀਣ ਭਾਸਦਾ ਹੈ"।

ਇਉਂ ਏਸ ਪੁਸਤਕ ਵਿਚ ਵੱਖੋ ਵੱਖਰੇ ਅੱਠ ਵਿਸ਼ਿਆਂ ਦੇ ਹੀਲੇ ਬਹੁਮੁੱਲੀ ਸਿਧਾਂਤਕ ਵਿਚਾਰ ਚਰਚਾ ਨੇਪਰੇ ਚੜ੍ਹ ਜਾਂਦੀ ਹੈ, ਜਿਸ ਨੂੰ ਪੜ੍ਹ ਕੇ ਪ੍ਰੋਫੈਸਰ ਤੇਜਵੰਤ ਸਿੰਘ ਗਿੱਲ ਦੀ ਵਿਸ਼ਵ ਸਾਹਿਤ-ਚਿੰਤਨ ਅਤੇ ਦਰਸ਼ਨ ਵਿਚ ਗੁੰਨ੍ਹੀ ਵਿਚਾਰਧਾਰਾ ਦਾ ਪਾਠਕ ਨੂੰ ਗਿਆਨ ਹੋ ਜਾਂਦਾ ਹੈ। ਖ਼ਾਸ ਕਰਕੇ ਜਿਹੜਾ ਪਾਠਕ ਸੰਸਾਰ ਸਾਹਿਤ, ਚਿੰਤਨ ਅਤੇ ਆਲੋਚਨਾ ਬਾਰੇ ਜਾਨਣ ਦੀ ਜਗਿਆਸਾ ਰੱਖਦਾ ਹੋਵੇ। ਖ਼ੂਬਸੂਰਤ ਦਿੱਖ ਵਾਲੀ ਇਹ ਪੁਸਤਕ ਆਲੋਚਕਾਂ,ਚਿੰਤਕਾਂ ਅਤੇ ਲੇਖਕਾਂ ਲਈ ਬੜੀ ਮੁੱਲਵਾਨ ਸਮੱਗਰੀ ਪੇਸ਼ ਕਰਦੀ ਹੈ। ਪ੍ਰੋ.ਰਮਨ ਦੇ ਇਸ ਉੱਦਮ ਦੀ ਜਿੰਨੀ ਸਿਫ਼ਤ-ਸਾਲਾਹ ਕੀਤੀ ਜਾਵੇ, ਥੋੜ੍ਹੀ ਹੈ।□□

**-ਅਵਤਾਰ ਸਿੰਘ ਬਿਲਿੰਗ**

## ਸਾਊਥਾਲ ਦਾ ਸੂਰਜ (ਵਾਰਤਕ) ਰਣਜੀਤ ਧੀਰ

'ਵਤਨੋਂ ਦੂਰ' (1980) ਅਤੇ 'ਪਰਦੇਸਨਾਮਾ' (1995) ਤੋਂ ਬਾਅਦ 'ਸਾਊਥਾਲ ਦਾ ਸੂਰਜ' ( ਨਵਯੁਗ ਪਬਲਿਸ਼ਰਜ਼, ਦਿੱਲੀ, ਪੰਨੇ 189, ਮੁੱਲ ਤਿੰਨ ਸੌ ਰੁਪਏ) ਰਣਜੀਤ ਧੀਰ ਦੀ ਤੀਜੀ ਸਾਹਿਤਕ ਕਿਰਤ ਹੈ, ਜੋ ਲੇਖਕ ਦੀ ਰਚਨਾਤਮਕਤਾ ਦੀ ਗਤੀ ਅਨੁਸਾਰ ਚੋਖੇ ਵਕਫੇ ਨਾਲ ਪ੍ਰਕਾਸ਼ਤ ਰੂਪ ਵਿਚ ਸਾਹਮਣੇ ਆਈ ਹੈ। ਰਣਜੀਤ ਧੀਰ ਦੀਆਂ ਲਿਖਤਾਂ ਦਾ ਮੁਖ ਵਿਸ਼ਾ ਬਾਹਰ ਵਸਦੇ ਪੰਜਾਬੀ ਲੋਕਾਂ ਦਾ ਜੀਵਨ ਹੀ ਰਿਹਾ ਹੈ। ਹੱਥਲੀ ਪੁਸਤਕ ਵਿਚ ਵੀ ਉਸਨੇ ਪਰਵਾਸੀ ਭਾਰਤੀਆਂ ਦੀ ਵਿਸ਼ੇਸ਼ ਭਾਂਤ ਦੀ ਮਾਨਸਿਕਤਾ ਅਤੇ ਉਹਨਾਂ ਦੀਆਂ ਮਨੋ-ਸਮਾਜਕ ਸਮੱਸਿਆਵਾਂ ਨੂੰ ਵਸਤੂ ਸਮੱਗਰੀ ਬਣਾਇਆ ਹੈ। ਉਪਰੰਤ ਇਹਨਾਂ ਸਮੱਸਿਆਵਾਂ ਦਾ ਸਮਾਧਾਨ ਕਰਨ ਹਿਤ ਯੋਗ ਉਪਰਾਲਿਆਂ ਉਪਰ ਵੀ ਝਾਤ ਪੁਆਈ ਹੈ।

ਕਈ ਦਹਾਕਿਆਂ ਤੋਂ ਬਰਤਾਨੀਆ ਵਿਚ ਰਹਿ ਰਹੇ ਰਣਜੀਤ ਧੀਰ ਵਰਗੇ ਵਿਅਕਤੀ ਭੂ-ਹੇਰਵੇ ਦੀ ਭਾਵੁਕਤਾ ਤੋਂ ਮੁਕਤ ਹੋ ਚੁੱਕੇ ਹਨ ਅਤੇ ਉਹ ਪਰਵਾਸ ਦੇ ਜੀਵਨ ਨੂੰ ਇਕ ਠੋਸ ਹਕੀਕਤ ਵਜੋਂ ਸਵੀਕਾਰਦੇ ਹਨ। ਧੀਰ ਦੀ ਬੇਬਾਕ ਰਾਏ ਹੈ ਕਿ



ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਸਦਕਾ ਪੱਛਮੀ ਮੁਲਕਾਂ ਦੀਆਂ ਸਮਾਜਕ, ਆਰਥਿਕ ਤੇ ਰਾਜਨੀਤਕ ਵਿਵਸਥਾਵਾਂ ਪੂਰਬੀ ਮੁਲਕਾਂ ਨਾਲੋਂ ਕਿਤੇ ਬਿਹਤਰ ਤੇ ਨਿਆਂ ਸੰਗਤ ਹਨ। ਵਿਕਸਤ ਪੱਛਮੀ ਦੇਸ਼ ਵਿਚ ਰਹਿਣ ਤੇ ਉੱਥੇ ਹੀ ਮਰਨ ਦੀ ਹਕੀਕਤ ਨੂੰ ਸਵੀਕਾਰ ਕਰਦਿਆਂ ਆਪਣੇ ਮੂਲ਼ ਦੇਸ਼ ਭਾਰਤ ਵਾਂਗ ਉਹ ਵਰਤਮਾਨ ਵਸੇਬੇ ਵਾਲੇ ਮੁਲਕ ਨੂੰ ਵੀ ਆਪਣਾ ਦੇਸ਼ ਮੰਨਦਾ ਹੈ। ਉਸਨੂੰ ਸਗੋਂ ਉਹਨਾਂ ਪਰਵਾਸੀਆਂ ਨਾਲ ਸ਼ਿਕਾਇਤ ਹੈ ਜਿਹੜੇ ਵਲਾਇਤ ਦੀਆਂ ਸੁਖ-ਸਹੂਲਤਾਂ ਹਾਸਲ ਕਰ ਕੇ ਅਤੇ ਮਾਣ ਕੇ ਵੀ ਅਜੇ ਤਕ ਮੁਖ ਧਾਰਾ ਦੇ ਜੀਵਨ ਨਾਲ ਇਕਸੁਰਤਾ ਬਿਠਾਉਣ ਪ੍ਰਤੀ ਸੰਜੀਦਾ ਨਹੀਂ। ਰਣਜੀਤ ਧੀਰ ਬਹੁਤ ਨਿੱਗਰ ਰੂਪ ਵਿਚ ਇਹ ਵਿਚਾਰ ਪੇਸ਼ ਕਰਦਾ ਹੈ ਕਿ ਪਰਵਾਸੀ ਭਾਰਤੀ ਆਪਣੇ ਆਪ ਨੂੰ ਨਵੇਂ ਆਵਾਸ ਵਾਲੇ ਦੇਸ਼ ਦੇ ਮੁਕੰਮਲ ਸ਼ਹਿਰੀ ਮੰਨ ਕੇ ਹੀ ਅੱਜੋਕੇ ਵਿਸ਼ਾਲ ਵਿਸ਼ਵੀ ਪਿੰਡ ਦੇ ਹਾਣੀ ਹੋ ਸਕਦੇ ਹਨ।

ਪੁਸਤਕ ਵਿਚ ਸਾਊਥਾਲ ਦਾ ਬਿੰਬ ਅਜਿਹੇ ਮਿਸ਼ਰਤ ਤੇ ਬਹੁ-ਸਭਿਆਚਾਰਕ ਮਾਡਲ ਵਜੋਂ ਉਭਰਦਾ ਹੈ ਜਿੱਥੇ ਵੱਖ ਵੱਖ ਬੋਲੀਆਂ, ਧਰਮਾਂ ਤੇ ਕੌਮੀਅਤਾਂ ਵਾਲੇ ਲੋਕ ਬਰਾਬਰੀ ਅਤੇ ਪੁਰਅਮਨ ਸਹਿਹੋਂਦ ਦੇ ਭਾਵ ਨਾਲ ਰਹਿ ਰਹੇ ਹਨ। ਇਸ ਤਰ੍ਹਾਂ ਦੇ ਮਾਡਲ ਭਾਈਚਾਰੇ ਵਿਚ ਵਿਚਰ ਰਹੇ ਲੇਖਕ ਰਣਜੀਤ ਧੀਰ ਦਾ ਬਰਤਾਨੀਆਂ ਦੇ ਰਾਜਸੀ ਗਲਿਆਰਿਆਂ ਵਿਚ ਵੀ ਇਕ ਮੁਹਤਬਰ ਵਾਲਾ ਨਾਂ ਹੈ। ਇਸ ਰੀਵੀਊਕਾਰ ਦਾ ਧੀਰ ਵਰਗੇ ਕਈ ਹੋਰਾਂ ਪਰਵਾਸੀਆਂ ਨਾਲ ਵੀ ਵਾਹ ਪਿਆ ਹੈ. ਜੋ ਸੁਖ ਸਹੂਲਤਾਂ ਤੇ ਸੁਰੱਖਿਅਤ ਭਵਿੱਖ ਦੀ ਗਾਰੰਟੀ ਵਾਲੇ ਆਪਣੇ ਨਵੇਂ ਦੇਸ਼ ਦੀ ਵਿਵਸਥਾ ਦਾ ਪੂਰਾ ਸਤਿਕਾਰ ਕਰਦੇ ਹਨ। ਪੱਛਮੀ ਮੁਲਕਾਂ ਦੇ ਸਿਸਟਮ ਨੂੰ ਸਲਾਹੁੰਦਿਆਂ ਹੋਇਆ ਉਹ ਉਸ ਦੇ ਟਾਕਰੇ ਭਾਰਤੀ ਪ੍ਰਬੰਧ ਦੀ ਆਲੋਚਨਾ ਕਰਦੇ ਹਨ। ਪੂੰਜੀਵਾਦੀ ਵਿਵਸਥਾ ਦੀ ਜਕੜ ਵਾਲੇ ਇਹਨਾਂ ਮੁਲਕਾਂ ਦੀ ਰੱਜ ਕੇ ਤਾਰੀਫ ਕਰਨ ਵਾਲੇ ਇਹ ਪਰਵਾਸੀ ਬਹੁਤੇ ਸਾਡੇ ਏਥੋਂ ਗਏ ਕਾਮਰੇਡ ਹੀ ਹੁੰਦੇ ਹਨ। ਉਹਨਾਂ ਦੀਆਂ ਧਾਰਨਾਵਾਂ ਸੁਣ ਕੇ ਅਤੇ ਪੱਛਮ ਦੀ ਵਿਕਸਤ ਪ੍ਰਣਾਲੀ ਨੂੰ ਜਾਣ ਕੇ ਇਹ ਮਹਿਸੂਸ ਹੁੰਦਾ ਹੈ ਕਿ ਭਾਰਤ ਸੁਯੋਗ ਸਿਸਟਮ ਅਪਨਾਉਣ ਖੁਣੋਂ ਹੀ ਪਛੜ ਰਿਹਾ ਹੈ।

ਪੁਸਤਕ ਦੇ ਸ਼ੁਰੂ ਵਿਚ ਅਤੈ ਸਿੰਘ ਦੀ ਭੂਮਿਕਾ ਵਰਗੀ ਲਿਖਤ 'ਦੇਸੀ ਸਾਹਿਬ ਵਲੈਤੀ ਪਰਜਾ' ਤੋਂ ਬਿਨਾਂ ਬਲਦੇਵ ਸਿੰਘ ਵੱਲੋਂ ਰਣਜੀਤ ਧੀਰ ਨਾਲ ਕੀਤੀ ਗਈ ਮੁਲਾਕਾਤ ਦਰਜ ਹੈ। ਉਪਰੰਤ ਵੱਖ ਵੱਖ ਸਮਿਆਂ ਤੇ ਪ੍ਰਸੰਗਾਂ ਵਿਚ ਲਿਖੇ ਗਏ 19 ਲੇਖ ਸ਼ਾਮਲ ਹਨ, ਜਿਹਨਾਂ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਉਹਨਾਂ ਲੇਖਾਂ ਨੇ ਲੇਖਕ ਦੀਆਂ ਬੌਧਿਕ ਡੂੰਘਾਣਾਂ ਅਤੇ ਸਮਕਾਲੀ ਸਰੋਕਾਰਾਂ ਵਿਚੋਂ ਰੂਪ ਧਾਰਨ ਕੀਤਾ ਹੈ। ਪਰਵਾਸ ਨਾਲ ਜੁੜੇ ਅਨੁਭਵਾਂ ਤੇ ਪਰਵਾਸ ਦੀਆਂ ਸਮੱਸਿਆਵਾਂ ਉੱਤੇ ਝਾਤ ਪੁਆਉਂਦੇ ਇਹਨਾਂ ਲੇਖਾਂ ਵਿਚੋਂ ਰਣਜੀਤ ਧੀਰ ਦੀ ਤਤ੍ਹਾਗੀਵਾਦ ਤੋਂ ਮੁਕਤ ਸਮੁੱਚੇ ਤੌਰ 'ਤੇ ਅਗਾਂਹਵਧੂ ਪਹੁੰਚ ਚੰਗੀ ਤਰ੍ਹਾਂ ਪਛਾਣੀ ਜਾ ਸਕਦੀ ਹੈ। ਏਸੇ ਪਹੁੰਚ ਦਾ ਹੀ ਪ੍ਰਮਾਣ ਹੈ ਕਿ ਜਿੱਥੇ ਉਹ ਇੰਗਲੈਂਡ ਦੀ ਵਿਕਸਤ ਪੂੰਜੀਵਾਦੀ ਵਿਵਸਥਾ ਦੀ ਪ੍ਰਸ਼ੰਸਾ ਕਰਦਾ ਹੈ, ਉੱਥੇ ਉਹ ਚਿਰ ਤੋਂ ਜੜ੍ਹਾਂ ਫੜੀ ਬੈਠੇ ਨਸਲਵਾਦ ਨੂੰ ਉਸ ਸਿਸਟਮ ਉੱਤੇ ਇਕ ਕਾਲ਼ਾ ਧੱਬਾ ਗਰਦਾਨਦਾ ਹੈ ਅਤੇ ਇਸ ਵਿਰੁੱਧ ਸੰਘਰਸ਼ ਦੀ ਪ੍ਰੋੜਤਾ ਕਰਦਾ ਹੈ।

ਪੁਸਤਕ ਵਿਚਲੇ ਬਹੁਤ ਸਾਰੇ ਲੇਖ ਇਕ ਤਰ੍ਹਾਂ ਦੇ ਯਾਤਰਾ ਪ੍ਰਸੰਗ ਹਨ ਜਿਹਨਾਂ ਰਾਹੀਂ ਲੇਖਕ ਨੇ ਤਫਰੀਹ ਵਜੋਂ ਲਾਈਆਂ ਵੱਖ ਵੱਖ ਮੁਲਕਾਂ ਦੀਆਂ ਆਪਣੀਆਂ ਫੇਰੀਆਂ ਦਾ ਵੇਰਵਾ ਦਿੱਤਾ ਹੈ। ਉਸ ਵੱਲੋਂ ਕੀਤੀ ਗਈ ਯਾਤਰਾ ਵਾਲੇ ਇਹਨਾਂ ਮੁਲਕਾਂ

ਵਿਚ ਸਾਬਕਾ ਯੁਗੋਸਲਾਵੀਆ ਅਤੇ ਚੈਕੋਸਲੋਵੇਕੀਆ ਦੇ ਟੁਕੜੇ ਹੋਣ ਉਪਰੰਤ ਬਣੇ ਕਰੋਏਸ਼ੀਆ, ਸਲੋਵੀਨੀਆ, ਸੈਰੀਏਵੇ ਵਰਗੇ ਨਵੀਂ ਰਾਜਨੀਤਕ ਹੋਂਦ ਵਾਲੇ ਮੁਲਕ ਵੀ ਸ਼ਾਮਲ ਹਨ। ਉਪਰੰਤ ਹਾਲੈਂਡ, ਜਰਮਨੀ, ਸਵਿਟਜ਼ਰਲੈਂਡ, ਇਟਲੀ, ਸਵੀਡਨ ਅਤੇ ਪੋਲੈਂਡ ਵਰਗੇ ਯੂਰਪੀ ਮੁਲਕਾਂ ਤੋਂ ਬਿਨਾਂ ਕਿਊਬਾ, ਦੱਖਣੀ ਅਫਰੀਕਾ, ਮਿਸਰ ਅਤੇ ਇਜ਼ਰਾਈਲ ਵਰਗੇ ਮੁਲਕਾਂ ਦੀਆਂ ਯਾਤਰਾਵਾਂ ਸ਼ਾਮਲ ਹਨ।

ਇੰਗਲੈਂਡ ਵਿਚ ਈਲਿੰਗ ਸ਼ਹਿਰ ਦੀ ਕੌਂਸਲ ਦਾ ਮੇਅਰ ਹੋਣ ਦੇ ਨਾਤੇ ਪੋਲੈਂਡ ਦੀ ਯਾਤਰਾ ਤਾਂ ਉਸਨੇ ਇਕ ਸਰਕਾਰੀ ਡੈਲੀਗੇਸ਼ਨ ਦੇ ਮੈਂਬਰ ਵਜੋਂ ਕੀਤੀ ਹੈ। ਜਦਕਿ ਬਾਕੀ ਮੁਲਕਾਂ ਵਿਚ ਉਹ ਕਿਸੇ ਯਾਤਰੂ ਟੋਲੀ ਨਾਲ ਜਾਂ ਆਪਣੇ ਪਰਿਵਾਰ ਸਮੇਤ ਇਕੱਲਿਆਂ ਹੀ ਗਿਆ ਸੀ। ਜਿਸ ਵੀ ਦੇਸ਼ ਦੀ ਉਸਨੇ ਯਾਤਰਾ ਕੀਤੀ, ਭਾਵੇਂ ਬਹੁਤ ਥੋੜ੍ਹੇ ਦਿਨਾਂ ਲਈ ਹੀ, ਉੱਥੋਂ ਦੇ ਰਾਜਨੀਤਕ ਇਤਿਹਾਸ ਅਤੇ ਸਭਿਆਚਾਰਕ ਵਿਲੱਖਣਤਾ ਨੂੰ ਉਘਾੜਨ ਦਾ ਉਸ ਨੇ ਯਤਨ ਕੀਤਾ ਹੈ। ਜਿਵੇਂ ਕਿਊਬਾ ਦੀ ਯਾਤਰਾ ਦੇ ਪ੍ਰਸੰਗ ਵਿਚ ਅਮਰੀਕਾ ਦੀ ਘੇਰਾਬੰਦੀ ਵਿਚ ਉੱਥੋਂ ਦੀ ਸਮਾਜਵਾਦੀ ਵਿਵਸਥਾ ਦਾ ਵੇਰਵਾ ਹੈ, ਜਿਸ ਵਿਚ ਸ਼ੀਗਵੇਰਾ ਵਰਗੇ ਨਾਇਕ ਦਾ ਜ਼ਿਕਰ ਵੀ ਆ ਜਾਂਦਾ ਹੈ। ਹਾਲੈਂਡ, ਪੋਲੈਂਡ, ਇਜ਼ਰਾਈਲ਼ ਅਤੇ ਦੱਖਣੀ ਅਫਰੀਕਾ ਦੇ ਪ੍ਰਸੰਗਾਂ ਵਿਚ ਨੇੜਲੇ ਬੀਤੇ ਦੇ ਇਤਿਹਾਸਕ ਰਾਜਨੀਤਕ ਸਮਾਚਾਰਾਂ ਦਾ ਵੇਰਵਾ ਹੈ, ਜਿਹਨਾਂ ਵਿਚ ਨੈਲਸਨ ਮੰਡੇਲਾ ਦੇ ਲੰਮੇ ਬੰਦੀ ਜੀਵਨ, ਯਹੂਦੀਆਂ ਉੱਤੇ ਹੋਏ ਅਤਿਆਚਾਰ ਅਤੇ ਬਰਲਨ ਦੀ ਕੰਧ ਦੇ ਟੁੱਟਣ ਆਦਿ ਦਾ ਜ਼ਿਕਰ ਆ ਜਾਂਦਾ ਹੈ। ਯੂਰਪ ਦੇ ਛੋਟੇ ਛੋਟੇ ਦੇਸ਼ਾਂ ਦੀਆਂ ਮਾਅਰਕੇ ਦੀਆਂ ਪ੍ਰਾਪਤੀਆਂ ਦਾ ਉਲੇਖ ਕਰਨ ਦੇ ਨਾਲ ਨਾਲ ਉਸਦਾ ਸਮੁੱਚਾ ਪ੍ਰਭਾਵ ਇਹ ਹੈ ਕਿ 'ਯੂਰਪ ਦੇ ਸਾਰੇ ਦੇਸ਼ਾਂ ਵਿਚ ਹੀ ਸੋਹਣੀ ਖੁਸ਼ਹਾਲੀ ਅਤੇ ਬਾਤਰਤੀਬ ਸਮਾਜੀ ਸੰਗਠਨ ਦੀ ਵਿਵਸਥਾ ਹੈ'। ਯੂਰਪ ਦੇ ਲਗਲਪਗ ਸਾਰੇ ਮੁਲਕ ਹੀ ਉਸਨੂੰ ਖਿੱਚ ਪਾਉਂਦੇ ਹਨ। ਸਵੀਡਨ ਦਾ ਸ਼ਹਿਰ ਸਟੌਕਹੋਮ ਜੇ ਬਰਫਾਂ ਦੀ ਦੇਵਨਗਰੀ ਪ੍ਰਤੀਤ ਹੁੰਦਾ ਹੈ ਤਾਂ ਸਵਿਟਜ਼ਰਲੈਂਡ ਦਾ ਸ਼ਹਿਰ ਬਰਨ ਅਤੇ ਇਟਲੀ ਦੇ ਮਿਲਾਨ ਤੇ ਵੀਨਸ ਵੀ ਮੋਹਤ ਕਰਨ ਦੀ ਸਮਰੱਥਾ ਰਖਦੇ ਹਨ। ਉਸਦਾ ਕਹਿਣਾ ਹੈ ਕਿ 'ਬਰਨ ਵਿਚ ਅਸੀਂ ਇਉਂ ਮਹਿਸੂਸ ਕੀਤਾ ਸੀ ਜਿਵੇਂ ਸਾਰਾ ਸਵਿਟਜ਼ਰਲੈਂਡ ਹੀ ਛੁੱਟੀਆਂ 'ਤੇ ਹੋਵੇ ਪਰ ਵੀਨਸ ਵਿਚ ਫਿਰਦਿਆਂ ਇਉਂ ਲਗਦਾ ਸੀ ਜਿਵੇਂ ਇਹ ਕੋਈ ਪਰੀਆਂ ਦੀ ਨਗਰੀ ਹੋਵੇ'।

ਪੱਛਮੀ ਜਗਤ ਵਿਚ ਪੰਜਾਬੀ ਪਰਵਾਸੀਆਂ ਦੀ ਸਥਿਤੀ ਦੇ ਹਵਾਲੇ ਨਾਲ ਰਣਜੀਤ ਧੀਰ ਨੇ ਪੰਜਾਬੀ ਭਾਸ਼ਾ. ਸ਼ਾਹਿਤ ਤੇ ਸਭਿਆਚਾਰ ਨਾਲ ਆਪਣੇ ਲਗਾਉ ਦੀ ਬਾਤ ਵੀ ਇਸ ਪੁਸਤਕ ਦੇ ਲੇਖਾਂ ਵਿਚ ਪਾਈ ਹੈ। ਏਸ ਸੰਬੰਧ ਵਿਚ 'ਪਰਵਾਸੀਆਂ ਦਾ ਸਭਿਆਚਾਰਕ ਸੰਕਟ' ਅਤੇ ਪੰਜਾਬੀ ਸਾਹਿਤ ਅਤੇ ਵਿਰਸੇ ਦੀ ਸਾਂਭ ਸੰਭਾਲ' ਨਾਂ ਦੇ ਲੇਖ ਵਿਸ਼ੇਸ਼ ਰੂਪ ਵਿਚ ਧਿਆਨ ਖਿੱਚਦੇ ਹਨ। ਜਾਣਕਾਰੀ ਭਰਪੂਰ ਵਸਤੂ ਸਮੱਗਰੀ ਦੇ ਨਾਲ ਸਹਿਜ ਸਰਲ ਵਾਰਤਕ ਸ਼ੈਲੀ ਸਦਕਾ ਸਮੁੱਚੇ ਤੌਰ 'ਤੇ 'ਸਾਊਥਾਲ ਦਾ ਸੂਰਜ' ਪੁਸਤਕ ਦੇ ਪੜ੍ਹਨ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।□□

**-ਮਨਦੀਪ ਸਿੰਘ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ : 1 ਜੁਲਾਈ, 2015



ਸਮੁੱਚੀ ਪੁਸਤਕ ਵਿਚੋਂ ਉਹ ਸਤਰਾਂ ਦੇਣੀਆਂ ਚਾਹਾਂਗੇ ਜਿਹੜੀਆਂ ਅਟੱਲ
ਸਚਾਈਆਂ ਵਾਂਗ ਸਰਲ ਭਾਵੀ ਹੁੰਦੀਆਂ ਹੋਈਆਂ ਡਾ. ਤੇਜਵੰਤ ਸਿੰਘ ਗਿੱਲ ਦੀ ਬੌਧਿਕ
ਗਹਿਰਾਈ ਦੀ ਗਵਾਹੀ ਭਰਦੀਆਂ ਹਨ। "..ਚਿੰਤਨ, ਜੀਵਨ ਦੀ ਕੁੱਲ ਜਟਿਲਤਾ ਨੂੰ
ਵਿਚਾਰਾਂ ਦੇ ਰੂਪ ਵਿਚ ਗ੍ਰਹਿਣ ਕਰਨ ਦਾ ਯਤਨ ਹੁੰਦਾ ਹੈ।..ਸਾਹਿਤ ਵਿਚ ਜੀਵਨ ਦਾ
ਯਥਾਰਥ ਚਿਹਨਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ ਜਿਸ ਲਈ ਵਿਸ਼ਲੇਸ਼ਣ, ਚਿਤਵਣ ਅਤੇ
ਸੰਵਾਦ ਨਾਲੋਂ ਕਿਤੇ ਜ਼ਿਆਦਾ ਸਿਮਰਤੀ, ਕਲਪਨਾ ਅਤੇ ਦ੍ਰਿਸ਼ਟੀ ਦੀ ਲੋੜ ਪੈਂਦੀ
ਹੈ।..ਮਾਰਕਸਵਾਦ ਅੰਗਰੇਜ਼ੀ ਆਰਥਿਕਤਾ, ਫਰਾਂਸੀਸੀ ਰਾਜਸੀ ਚੇਤਨਾ ਤੇ ਜਰਮਨ ਚਿੰਤਨ
ਪ੍ਰਣਾਲੀ ਦੇ ਪਰਸਪਰ ਸੰਵਾਦ ਵਿਚੋਂ ਪੈਦਾ ਹੋਇਆ।..ਗੁਰਬਾਣੀ ਅਤੇ ਵਾਰ ਕਾਵਿ ਨੇ ਦੇਸੋਂ
ਬਦੇਸੋਂ ਜੀਵਨ 'ਤੇ ਭਾਰੂ ਹੋਈ ਸੱਤਾ ਨੂੰ ਬਹੁਤ ਹੀ ਨਿੱਗਰ ਰੂਪ ਵਿਚ ਨਕਾਰ ਦਿੱਤਾ ਜਿਸਦੇ ਤੁਲ
ਦੀ ਪ੍ਰਾਪਤੀ ਉਸ ਯੁੱਗ ਦੇ ਕਿਸੇ ਪੱਛਮੀ ਸਾਹਿਤ ਵਿਚ ਵੀ ਦੇਖਣ ਨੂੰ ਨਹੀਂ ਮਿਲਦੀ।..ਮੱਧਕਾਲੀ
ਕਾਵਿ ਨੇ ਜਿਵੇਂ ਗੌਰਵ ਅਤੇ ਨਿਆਂ ਦਾ ਪੱਖ ਪੂਰਿਆ, ਉਸਤੋਂ ਅੱਜੋਕੀ ਸਾਹਿਤ-ਰਚਨਾ ਵਾਸਤੇ
ਸਿੱਖਣ ਲਈ ਬਹੁਤ ਕੁਝ ਹੈ"। ਕੁਝ ਵਿਅਕਤੀ-ਵਿਸ਼ੇਸ਼ ਟਿੱਪਣੀਆਂ ਵੀ ਗੌਲਣਜੋਗ ਹਨ।
"..ਸੇਖੋਂ ਸਾਹਿਬ ਨੂੰ ਕੁਰਾਹੀਆ ਸਿੱਧ ਕਰਨ ਦੇ ਯਤਨ ਵਿਚ ਕਿਸ਼ਨ ਸਿੰਘ ਆਪ ਕੁਰਾਹੇ ਪੈਣ ਤੋਂ
ਸੁਚੇਤ ਨਹੀਂ ਸੀ।..ਡਾ.ਹਰਜੀਤ ਸਿੰਘ ਗਿੱਲ ਦੇ ਟਾਕਰੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ
ਪ੍ਰੋਫੈਸਰ ਨਿਯੁਕਤ ਹੋ ਚੁੱਕੇ ਡਾ. ਹਰਿਭਜਨ ਸਿੰਘ ਨੇ (ਸੰਰਚਨਾਵਾਦ ਦੇ ਸੰਦਰਭ ਵਿਚ) ਵਧੇਰੇ
ਸਾਕਾਰਾਤਮਕ ਪੈਂਤੜਾ ਅਪਣਾਇਆ।..ਡਾ.ਸਤਿੰਦਰ ਨੂਰ, ਡਾ. ਗੁਰਭਗਤ ਸਿੰਘ,ਅਮਰਜੀਤ
ਗਰੇਵਾਲ, ਡਾ.ਰਾਜਿੰਦਰ ਬਰਾੜ, ਡਾ ਵਨੀਤਾ ਆਦਿ ਨੂੰ ਅਲਪ ਬਿਰਤਾਂਤ, ਇੱਛਾ ਕ੍ਰੀੜਾ, ਦੇਹ ਅਤੇ
ਕਾਮ ਨਾਲ ਜੁੜੇ ਨਿਕਟਵਰਤੀ ਸਰੋਕਾਰਾਂ ਵਿਚ ਹੀ ਮਾਨਵੀ ਜੀਵਨ ਦਾ ਸਾਰ ਨਜ਼ਰ ਆਇਆ।..."

ਪੰਜਾਬੀ ਨਾਵਲ-ਰਚਨਾ ਬਾਰੇ ਡਾ. ਗਿੱਲ ਦਾ ਮੱਤ ਹੈ ਕਿ 'ਆਧੁਨਿਕਤਾ ਦੇ
ਪ੍ਰਵੇਸ਼ ਨਾਲ ਜੋ ਸੂਝ ਅਤੇ ਸੋਝੀ ਆਉਣੀ ਚਾਹੀਦੀ ਸੀ, ਪੰਜਾਬੀ ਨਾਵਲ ਉਸ ਤਰ੍ਹਾਂ ਦੀ ਸੂਝ
ਉਪਜਾਉਣ ਤੋਂ ਅਸਮਰੱਥ ਹੈ। ਪੰਜਾਬੀ ਨਾਵਲਕਾਰਾਂ ਨੂੰ ਅੱਜੋਕੇ ਜੀਵਨ ਦੀਆਂ ਜਟਿਲਤਾਵਾਂ
ਨੂੰ ਸਰਲ ਜਿਹੇ ਢੰਗ ਨਾਲ ਬਿਆਨ ਕਰਨ ਦੀ ਥਾਂ 'ਕੰਪਲੈਕਸ' ਤਕਨੀਕਾਂ ਵੱਲ ਰੁਚਿਤ ਹੋਣਾ
ਚਾਹੀਦਾ ਹੈ'। ਸਾਡੇ ਉੱਘੇ ਨਾਵਲਕਾਰਾਂ ਬਾਰੇ ਦਿਲਚਸਪ ਟਿੱਪਣੀ ਹੈ: "ਵੱਖੋ ਵੱਖਰੇ
ਧਰਾਤਲਾਂ 'ਤੇ ਵਿਚਰ ਕੇ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ ਅਤੇ ਗੁਰਦਿਆਲ
ਸਿੰਘ ਨੇ ਵਧੇਰੇ ਜਟਿਲ ਅਨੁਭਵਾਂ ਵੱਲ ਲਿਜਾਂਦੇ ਪੰਧ ਦੀ ਅਭਿਲਾਸ਼ਾ ਕੀਤੀ। ਆਧੁਨਿਕਤਾ
ਜਿਵੇਂ ਨਵੇਂ ਤੋਂ ਨਵੇਂ ਰੂਪ ਵਿਚ ਪ੍ਰਵੇਸ਼ ਕਰ ਰਹੀ ਸੀ, ਉਸਦੀ ਥਾਹ ਪਾਉਣ ਵੱਲ ਉਹਨਾਂ
ਰੁਚੀ ਦਿਖਾਈ। ਪਰ ਇਹਨਾਂ ਦੀਆਂ ਤਤਕਾਲੀ ਲਿਖਤਾਂ ਇਸ ਅਭਿਲਾਸ਼ਾ ਨੂੰ ਖੰਡਤ
ਕਰਦੀਆਂ ਜਾਪਦੀਆਂ ਹਨ। ਖ਼ੁਦ ਦੇ ਆਤਮ-ਮੋਹ ਵਿਚ ਪੈ ਕੇ ਜਿੱਥੇ ਜਸਵੰਤ ਸਿੰਘ ਕੰਵਲ
ਅਤੇ ਦਲੀਪ ਕੌਰ ਟਿਵਾਣਾ ਮਿਥਿਆ ਵਿਚ ਉਲਝ ਜਾਣ ਨੂੰ ਆਪਣਾ ਆਸ਼ਾ ਬਣਾ ਬੈਠੇ,
ਉੱਥੇ ਗੁਰਦਿਆਲ ਸਿੰਘ ਆਪਣੇ ਗਲਪ ਦੇ ਮੋਹ ਅਧੀਨ ਨਾਵਲ ਦੀ ਥਾਂ ਪ੍ਰਾ-ਨਾਵਲ
ਲਿਖਣ ਵੱਲ ਮੁੜ ਗਿਆ ਹੈ"। ਬਤੌਰ ਨਾਵਲਕਾਰ ਮੇਰੇ ਮਨ ਵਿਚ ਏਥੇ ਕੁਝ ਸ਼ੰਕੇ ਉਪਜਦੇ
ਹਨ। ਪੰਜਾਬੀ ਨਾਵਲ ਵਿਚ ਅਜੇ ਤਕ ਫੈਂਟਸੀ ਦੀ ਰਵਾਇਤ ਨਾ ਹੋਣ ਕਾਰਨ ਕੀ
'ਕੰਪਲੈਕਸ ਤਕਨੀਕਾਂ ਵੱਲ ਰੁਚਿਤ ਹੋਣ' ਦਾ ਤਜਰਬਾ ਕਿਤੇ ਫੇਲ੍ਹ ਤਾਂ ਨਹੀਂ ਹੋ ਜਾਵੇਗਾ? ਜਾਂ
ਕਥਾ ਰਸ ਦੇ ਆਦੀ ਹੋਏ ਪੰਜਾਬੀ ਪਾਠਕਾਂ ਨੂੰ ਅਜਿਹਾ 'ਕੰਪਲੈਕਸ' ਤਜਰਬਾ ਰਾਸ ਆ
ਸਕੇਗਾ? ਪ੍ਰਯੋਗ ਜ਼ਰੂਰੀ ਹਨ ਪਰ ਮੇਰੇ ਵਿਚਾਰ ਅਨੁਸਾਰ ਨਵੀਨ ਤਜਰਬੇ ਸਹਿੰਦੇ-ਸਹਿੰਦੇ
ਹੀ ਕੀਤੇ ਜਾ ਸਕਦੇ ਹਨ। ਜਿਹਨਾਂ ਬਾਰੇ ਨਾਵਲ ਲਿਖਿਆ ਜਾ ਰਿਹਾ ਹੈ, ਜਿਹਨਾਂ ਲਈ
ਨਾਵਲ ਲਿਖਿਆ ਜਾਂਦਾ ਹੈ, ਉਹਨਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੋ ਜਾਂਦਾ ਹੈ।

ਕੁਝ ਹੋਰ ਟਿੱਪਣੀਆਂ ਹਾਜ਼ਰ ਹਨ: "ਗਦਰੀ ਜੋ ਵੱਡੀ ਗਿਣਤੀ ਵਿਚ ਸਿੱਖ ਸਨ, ਮੂਲ ਰੂਪ ਵਿਚ ਉਦਾਰ ਚਿੱਤ ਅਤੇ ਮਾਨਵਵਾਦੀ ਬੰਦੇ ਸਨ..ਦੱਬੇ ਕੁਚਲੇ ਲੋਕਾਂ ਦੀ ਸਮਾਜਕ ਮੁਕਤੀ ਦੇ ਮਾਡਲ ਵਜੋਂ ਸਿੱਖ ਇਤਿਹਾਸ ਨੂੰ ਉਭਾਰਨ ਵਾਲੀ ਪਹਿਲੀ ਪੰਜਾਬੀ ਕਵਿਤਾ ਗਦਰ ਲਹਿਰ ਦੀ ਕਵਿਤਾ ਹੀ ਸੀ। ..ਕਲਾ ਪੱਖੋਂ ਗਦਰੀ ਕਵਿਤਾ ਕਵੀਸ਼ਰੀ ਪਰੰਪਰਾ ਦੇ ਵਧੇਰੇ ਨਜ਼ਦੀਕ ਹੈ। ..ਭਾਈ ਸੰਤੋਖ ਸਿੰਘ ਦੇ ਕਾਰਜ ਦੀ ਤੁਲਨਾ ਗਦਰ ਦੇ ਵਾਪਰਨ ਤੋਂ ਪਹਿਲਾਂ ਉਸ ਖਾਦ ਨਾਲ ਕੀਤੀ ਜਾ ਸਕਦੀ ਹੈ ਜੋ ਬਿਜਾਈ ਤੋਂ ਪਹਿਲਾਂ ਫਸਲ ਦੇ ਉੱਗਣ ਅਤੇ ਪ੍ਰਵਾਨ ਚੜ੍ਹਨ ਲਈ ਬਹੁਤ ਜ਼ਰੂਰੀ ਹੁੰਦੀ ਹੈ। ..ਪੰਜਾਹਵਿਆਂ ਦੇ ਅੰਤ ਵੇਲੇ ਸੇਖੋਂ ਸਾਹਿਬ ਦੇ ਨਾਟਕ 'ਕਲਾਕਾਰ' ਦਾ ਚਰਚਾ ਸਿਖਰਾਂ ਨੂੰ ਪਹੁੰਚਿਆ ਹੋਇਆ ਸੀ। .. ਆਜ਼ਾਦੀ ਉਪਰੰਤ ਭਾਰਤ ਵਰਸ਼ ਵਿਚ ਔਰਤ ਜਾਤ ਨੂੰ ਜੋ ਨਵੀਂ ਸੂਝ ਮਿਲੀ, ਵਿੱਦਿਆ ਭਾਸਕਰ ਦਾ ਲੇਖ ਇਸਦਾ ਉਲੇਖ ਕਰਦਾ ਸੀ (ਪਰ) ਕਿਸ਼ਨ ਸਿੰਘ ਨੇ ਇਸ ਵਿਚ ਜੋ ਨੰਗੇਜ ਦੀਆਂ ਗੱਲਾਂ ਸਨ, ਉਹਨਾਂ 'ਤੇ ਵਾਵੇਲਾ ਖੜ੍ਹਾ ਕੀਤਾ ਹੋਇਆ ਸੀ। ..ਦੇਹ ਕਾਮ ਅਤੇ ਕਿਰਤ ਦਾ ਵਾਹਨ ਹੁੰਦੀ ਹੈ, ਜੋ ਮੇਲ ਅਤੇ ਕਮਾਈ ਦੇ ਕਾਰਨ ਹੋ ਨਿਬੜਦੇ ਹਨ। ..ਮੇਲ ਔਲਾਦ ਦਾ ਸ੍ਰੋਤ ਬਣਦਾ ਹੈ, ਕਮਾਈ ਲੋੜਾਂ ਦੀ ਪੂਰਤੀ ਕਰਦੀ ਹੈ। .. 'ਵਣ' ਭਾਰਤੀ ਅਤੇ 'ਰੋਹੀ' ਅਰਬੀ-ਇਰਾਨੀ ਚਿੰਤਨ-ਧਾਰਾ ਦਾ ਪਛਾਣ-ਪ੍ਰਤੀਕ ਬਣਦਾ ਹੈ ਜਦਕਿ ਪੰਜਾਬੀ ਚਿੰਤਨ-ਧਾਰਾ ਦਾ ਪਛਾਣ-ਚਿੰਨ੍ਹ 'ਖੇਤ' ਹੈ, ਜੋ ਨਾ ਤਾਂ ਵਣ ਵਾਂਗ ਭਰਪੂਰ ਹੈ ਨਾ ਹੀ ਰੋਹੀ ਵਾਂਗ ਅੰਤਹੀਣ ਭਾਸਦਾ ਹੈ"।

ਇਉਂ ਏਸ ਪੁਸਤਕ ਵਿਚ ਵੱਖੋ ਵੱਖਰੇ ਅੱਠ ਵਿਸ਼ਿਆਂ ਦੇ ਹੀਲੇ ਬਹੁਮੁੱਲੀ ਸਿਧਾਂਤਕ ਵਿਚਾਰ ਚਰਚਾ ਨੇਪਰੇ ਚੜ੍ਹ ਜਾਂਦੀ ਹੈ, ਜਿਸ ਨੂੰ ਪੜ੍ਹ ਕੇ ਪ੍ਰੋਫੈਸਰ ਤੇਜਵੰਤ ਸਿੰਘ ਗਿੱਲ ਦੀ ਵਿਸ਼ਵ ਸਾਹਿਤ-ਚਿੰਤਨ ਅਤੇ ਦਰਸ਼ਨ ਵਿਚ ਗੁੰਨ੍ਹੀ ਵਿਚਾਰਧਾਰਾ ਦਾ ਪਾਠਕ ਨੂੰ ਗਿਆਨ ਹੋ ਜਾਂਦਾ ਹੈ। ਖ਼ਾਸ ਕਰਕੇ ਜਿਹੜਾ ਪਾਠਕ ਸੰਸਾਰ ਸਾਹਿਤ, ਚਿੰਤਨ ਅਤੇ ਆਲੋਚਨਾ ਬਾਰੇ ਜਾਨਣ ਦੀ ਜਗਿਆਸਾ ਰੱਖਦਾ ਹੋਵੇ। ਖ਼ੂਬਸੂਰਤ ਦਿੱਖ ਵਾਲੀ ਇਹ ਪੁਸਤਕ ਆਲੋਚਕਾਂ, ਚਿੰਤਕਾਂ ਅਤੇ ਲੇਖਕਾਂ ਲਈ ਬੜੀ ਮੁੱਲਵਾਨ ਸਮੱਗਰੀ ਪੇਸ਼ ਕਰਦੀ ਹੈ। ਪ੍ਰੋ.ਰਮਨ ਦੇ ਇਸ ਉੱਦਮ ਦੀ ਜਿੰਨੀ ਸਿਫ਼ਤ-ਸਾਲਾਹ ਕੀਤੀ ਜਾਵੇ, ਥੋੜ੍ਹੀ ਹੈ। □□

**-ਅਵਤਾਰ ਸਿੰਘ ਬਿਲਿੰਗ**

## ਸਾਊਥਾਲ ਦਾ ਸੂਰਜ (ਵਾਰਤਕ) ਰਣਜੀਤ ਧੀਰ

'ਵਤਨੋਂ ਦੂਰ' (1980) ਅਤੇ 'ਪਰਦੇਸਨਾਮਾ' (1995) ਤੋਂ ਬਾਅਦ 'ਸਾਊਥਾਲ ਦਾ ਸੂਰਜ' ( ਨਵਯੁਗ ਪਬਲਿਸ਼ਰਜ਼, ਦਿੱਲੀ, ਪੰਨੇ 189, ਮੁੱਲ ਤਿੰਨ ਸੌ ਰੁਪਏ) ਰਣਜੀਤ ਧੀਰ ਦੀ ਤੀਜੀ ਸਾਹਿਤਕ ਕਿਰਤ ਹੈ, ਜੋ ਲੇਖਕ ਦੀ ਰਚਨਾਤਮਕਤਾ ਦੀ ਗਤੀ ਅਨੁਸਾਰ ਚੋਖੇ ਵਕਫੇ ਨਾਲ ਪ੍ਰਕਾਸ਼ਤ ਰੂਪ ਵਿਚ ਸਾਹਮਣੇ ਆਈ ਹੈ। ਰਣਜੀਤ ਧੀਰ ਦੀਆਂ ਲਿਖਤਾਂ ਦਾ ਮੁਖ ਵਿਸ਼ਾ ਬਾਹਰ ਵਸਦੇ ਪੰਜਾਬੀ ਲੋਕਾਂ ਦਾ ਜੀਵਨ ਹੀ ਰਿਹਾ ਹੈ। ਹੱਥਲੀ ਪੁਸਤਕ ਵਿਚ ਵੀ ਉਸਨੇ ਪਰਵਾਸੀ ਭਾਰਤੀਆਂ ਦੀ ਵਿਸ਼ੇਸ਼ ਭਾਂਤ ਦੀ ਮਾਨਸਿਕਤਾ ਅਤੇ ਉਹਨਾਂ ਦੀਆਂ ਮਨੋ-ਸਮਾਜਕ ਸਮੱਸਿਆਵਾਂ ਨੂੰ ਵਸਤੂ ਸਮੱਗਰੀ ਬਣਾਇਆ ਹੈ। ਉਪਰੰਤ ਇਹਨਾਂ ਸਮੱਸਿਆਵਾਂ ਦਾ ਸਮਾਧਾਨ ਕਰਨ ਹਿਤ ਯੋਗ ਉਪਰਾਲਿਆਂ ਉਪਰ ਵੀ ਝਾਤ ਪੁਆਈ ਹੈ।

ਕਈ ਦਹਾਕਿਆਂ ਤੋਂ ਬਰਤਾਨੀਆ ਵਿਚ ਰਹਿ ਰਹੇ ਰਣਜੀਤ ਧੀਰ ਵਰਗੇ ਵਿਅਕਤੀ ਭੂ-ਹੇਰਵੇ ਦੀ ਭਾਵੁਕਤਾ ਤੋਂ ਮੁਕਤ ਹੋ ਚੁੱਕੇ ਹਨ ਅਤੇ ਉਹ ਪਰਵਾਸ ਦੇ ਜੀਵਨ ਨੂੰ ਇਕ ਠੋਸ ਹਕੀਕਤ ਵਜੋਂ ਸਵੀਕਾਰਦੇ ਹਨ। ਧੀਰ ਦੀ ਬੇਬਾਕ ਰਾਏ ਹੈ ਕਿ



ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਸਦਕਾ ਪੱਛਮੀ ਮੁਲਕਾਂ ਦੀਆਂ ਸਮਾਜਕ,
ਆਰਥਿਕ ਤੇ ਰਾਜਨੀਤਕ ਵਿਵਸਥਾਵਾਂ ਪੂਰਬੀ ਮੁਲਕਾਂ ਨਾਲੋਂ ਕਿਤੇ ਬਿਹਤਰ ਤੇ ਨਿਆਂ
ਸੰਗਤ ਹਨ। ਵਿਕਸਤ ਪੱਛਮੀ ਦੇਸ਼ ਵਿਚ ਰਹਿਣ ਤੇ ਉੱਥੇ ਹੀ ਮਰਨ ਦੀ ਹਕੀਕਤ ਨੂੰ
ਸਵੀਕਾਰ ਕਰਦਿਆਂ ਆਪਣੇ ਮੂਲ਼ ਦੇਸ਼ ਭਾਰਤ ਵਾਂਗ ਉਹ ਵਰਤਮਾਨ ਵਸੇਬੇ ਵਾਲੇ
ਮੁਲਕ ਨੂੰ ਵੀ ਆਪਣਾ ਦੇਸ਼ ਮੰਨਦਾ ਹੈ। ਉਸਨੂੰ ਸਗੋਂ ਉਹਨਾਂ ਪਰਵਾਸੀਆਂ ਨਾਲ
ਸ਼ਿਕਇਤ ਹੈ ਜਿਹੜੇ ਵਲਾਇਤ ਦੀਆਂ ਸੁਖ-ਸਹੂਲਤਾਂ ਹਾਸਲ ਕਰ ਕੇ ਅਤੇ ਮਾਣ ਕੇ
ਵੀ ਅਜੇ ਤਕ ਮੁਖ ਧਾਰਾ ਦੇ ਜੀਵਨ ਨਾਲ ਇਕਸੁਰਤਾ ਬਿਠਾਉਣ ਪ੍ਰਤੀ ਸੰਜੀਦਾ ਨਹੀਂ।
ਰਣਜੀਤ ਧੀਰ ਬਹੁਤ ਨਿੱਗਰ ਰੂਪ ਵਿਚ ਇਹ ਵਿਚਾਰ ਪੇਸ਼ ਕਰਦਾ ਹੈ ਕਿ ਪਰਵਾਸੀ
ਭਾਰਤੀ ਆਪਣੇ ਆਪ ਨੂੰ ਨਵੇਂ ਆਵਾਸ ਵਾਲੇ ਦੇਸ਼ ਦੇ ਮੁਕੰਮਲ ਸ਼ਹਿਰੀ ਮੰਨ ਕੇ ਹੀ
ਅੱਜੋਕੇ ਵਿਸ਼ਾਲ ਵਿਸ਼ਵੀ ਪਿੰਡ ਦੇ ਹਾਣੀ ਹੋ ਸਕਦੇ ਹਨ।

ਪੁਸਤਕ ਵਿਚ ਸਾਊਥਾਲ ਦਾ ਬਿੰਬ ਅਜਿਹੇ ਮਿਸ਼ਰਤ ਤੇ ਬਹੁ-
ਸਭਿਆਚਾਰਕ ਮਾਡਲ ਵਜੋਂ ਉਭਰਦਾ ਹੈ ਜਿੱਥੇ ਵੱਖ ਵੱਖ ਬੋਲੀਆਂ, ਧਰਮਾਂ ਤੇ
ਕੌਮੀਅਤਾਂ ਵਾਲੇ ਲੋਕ ਬਰਾਬਰੀ ਅਤੇ ਪੁਰਅਮਨ ਸਹਿਹੋਂਦ ਦੇ ਭਾਵ ਨਾਲ ਰਹਿ ਰਹੇ
ਹਨ। ਇਸ ਤਰ੍ਹਾਂ ਦੇ ਮਾਡਲ ਭਾਈਚਾਰੇ ਵਿਚ ਵਿਚਰ ਰਹੇ ਲੇਖਕ ਰਣਜੀਤ ਧੀਰ ਦਾ
ਬਰਤਾਨੀਆਂ ਦੇ ਰਾਜਸੀ ਗਲਿਆਰਿਆਂ ਵਿਚ ਵੀ ਇਕ ਮੁਹਤਬਰ ਵਾਲਾ ਨਾਂ ਹੈ।
ਇਸ ਰੀਵੀਊਕਾਰ ਦਾ ਧੀਰ ਵਰਗੇ ਕਈ ਹੋਰਾਂ ਪਰਵਾਸੀਆਂ ਨਾਲ ਵੀ ਵਾਹ ਪਿਆ ਹੈ.
ਜੋ ਸੁਖ ਸਹੂਲਤਾਂ ਤੇ ਸੁਰੱਖਿਅਤ ਭਵਿੱਖ ਦੀ ਗਾਰੰਟੀ ਵਾਲੇ ਆਪਣੇ ਨਵੇਂ ਦੇਸ਼ ਦੀ
ਵਿਵਸਥਾ ਦਾ ਪੂਰਾ ਸਤਿਕਾਰ ਕਰਦੇ ਹਨ। ਪੱਛਮੀ ਮੁਲਕਾਂ ਦੇ ਸਿਸਟਮ ਨੂੰ
ਸਲਾਹੁੰਦਿਆਂ ਹੋਇਆ ਉਹ ਉਸ ਦੇ ਟਾਕਰੇ ਭਾਰਤੀ ਪ੍ਰਬੰਧ ਦੀ ਆਲੋਚਨਾ ਕਰਦੇ
ਹਨ। ਪੂੰਜੀਵਾਦੀ ਵਿਵਸਥਾ ਦੀ ਜਕੜ ਵਾਲੇ ਇਹਨਾਂ ਮੁਲਕਾਂ ਦੀ ਰੱਜ ਕੇ ਤਾਰੀਫ
ਕਰਨ ਵਾਲੇ ਇਹ ਪਰਵਾਸੀ ਬਹੁਤੇ ਸਾਡੇ ਏਥੋਂ ਗਏ ਕਾਮਰੇਡ ਹੀ ਹੁੰਦੇ ਹਨ। ਉਹਨਾਂ
ਦੀਆਂ ਧਾਰਨਾਵਾਂ ਸੁਣ ਕੇ ਅਤੇ ਪੱਛਮ ਦੀ ਵਿਕਸਤ ਪ੍ਰਣਾਲੀ ਨੂੰ ਜਾਣ ਕੇ ਇਹ
ਮਹਿਸੂਸ ਹੁੰਦਾ ਹੈ ਕਿ ਭਾਰਤ ਸੁਯੋਗ ਸਿਸਟਮ ਅਪਨਾਉਣ ਖੁਣੋਂ ਹੀ ਪਛੜ ਰਿਹਾ ਹੈ।

ਪੁਸਤਕ ਦੇ ਸ਼ੁਰੂ ਵਿਚ ਅਤੇ ਸਿੰਘ ਦੀ ਭੂਮਿਕਾ ਵਰਗੀ ਲਿਖਤ 'ਦੇਸੀ
ਸਾਹਿਬ ਵਲੈਤੀ ਪਰਜਾ' ਤੋਂ ਬਿਨਾਂ ਬਲਦੇਵ ਸਿੰਘ ਵੱਲੋਂ ਰਣਜੀਤ ਧੀਰ ਨਾਲ ਕੀਤੀ
ਗਈ ਮੁਲਾਕਾਤ ਦਰਜ ਹੈ। ਉਪਰੰਤ ਵੱਖ ਵੱਖ ਸਮਿਆਂ ਤੇ ਪ੍ਰਸੰਗਾਂ ਵਿਚ ਲਿਖੇ ਗਏ 19
ਲੇਖ ਸ਼ਾਮਲ ਹਨ, ਜਿਹਨਾਂ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਉਹਨਾਂ ਲੇਖਾਂ ਨੇ ਲੇਖਕ
ਦੀਆਂ ਬੌਧਿਕ ਡੂੰਘਾਣਾਂ ਅਤੇ ਸਮਕਾਲੀ ਸਰੋਕਾਰਾਂ ਵਿਚੋਂ ਰੂਪ ਧਾਰਨ ਕੀਤਾ ਹੈ।
ਪਰਵਾਸ ਨਾਲ ਜੁੜੇ ਅਨੁਭਵਾਂ ਤੇ ਪਰਵਾਸ ਦੀਆਂ ਸਮੱਸਿਆਵਾਂ ਉੱਤੇ ਝਾਤ ਪੁਆਉਂਦੇ
ਇਹਨਾਂ ਲੇਖਾਂ ਵਿਚੋਂ ਰਣਜੀਤ ਧੀਰ ਦੀ ਤੜਾਗੀਵਾਦ ਤੋਂ ਮੁਕਤ ਸਮੁੱਚੇ ਤੌਰ 'ਤੇ
ਅਗਾਂਹਵਧੂ ਪਹੁੰਚ ਚੰਗੀ ਤਰ੍ਹਾਂ ਪਛਾਣੀ ਜਾ ਸਕਦੀ ਹੈ। ਏਸੇ ਪਹੁੰਚ ਦਾ ਹੀ ਪ੍ਰਮਾਣ ਹੈ
ਕਿ ਜਿੱਥੇ ਉਹ ਇੰਗਲੈਂਡ ਦੀ ਵਿਕਸਤ ਪੂੰਜੀਵਾਦੀ ਵਿਵਸਥਾ ਦੀ ਪ੍ਰਸ਼ੰਸਾ ਕਰਦਾ ਹੈ,
ਉੱਥੇ ਉਹ ਚਿਰ ਤੋਂ ਜੜ੍ਹਾਂ ਫੜੀ ਬੈਠੇ ਨਸਲਵਾਦ ਨੂੰ ਉਸ ਸਿਸਟਮ ਉੱਤੇ ਇਕ ਕਾਲ਼ਾ
ਧੱਬਾ ਗਰਦਾਨਦਾ ਹੈ ਅਤੇ ਇਸ ਵਿਰੁੱਧ ਸੰਘਰਸ਼ ਦੀ ਪ੍ਰੋੜਤਾ ਕਰਦਾ ਹੈ।

ਪੁਸਤਕ ਵਿਚਲੇ ਬਹੁਤ ਸਾਰੇ ਲੇਖ ਇਕ ਤਰ੍ਹਾਂ ਦੇ ਯਾਤਰਾ ਪ੍ਰਸੰਗ ਹਨ
ਜਿਹਨਾਂ ਰਾਹੀਂ ਲੇਖਕ ਨੇ ਤਫਰੀਹ ਵਜੋਂ ਲਾਈਆਂ ਵੱਖ ਵੱਖ ਮੁਲਕਾਂ ਦੀਆਂ ਆਪਣੀਆਂ
ਫੇਰੀਆਂ ਦਾ ਵੇਰਵਾ ਦਿੱਤਾ ਹੈ। ਉਸ ਵੱਲੋਂ ਕੀਤੀ ਗਈ ਯਾਤਰਾ ਵਾਲੇ ਇਹਨਾਂ ਮੁਲਕਾਂ

ਵਿਚ ਸਾਬਕਾ ਯੁਗੋਸਲਾਵੀਆ ਅਤੇ ਚੈਕੋਸਲੋਵੇਕੀਆ ਦੇ ਟੁਕੜੇ ਹੋਣ ਉਪਰੰਤ ਬਣੇ ਕਰੋਏਸ਼ੀਆ, ਸਲੋਵੀਨੀਆ, ਸੈਰੀਏਵੇ ਵਰਗੇ ਨਵੀਂ ਰਾਜਨੀਤਕ ਹੋਂਦ ਵਾਲੇ ਮੁਲਕ ਵੀ ਸ਼ਾਮਲ ਹਨ। ਉਪਰੰਤ ਹਾਲੈਂਡ, ਜਰਮਨੀ, ਸਵਿਟਜ਼ਰਲੈਂਡ, ਇਟਲੀ, ਸਵੀਡਨ ਅਤੇ ਪੋਲੈਂਡ ਵਰਗੇ ਯੂਰਪੀ ਮੁਲਕਾਂ ਤੋਂ ਬਿਨਾਂ ਕਿਊਬਾ, ਦੱਖਣੀ ਅਫਰੀਕਾ, ਮਿਸਰ ਅਤੇ ਇਜ਼ਰਾਈਲ ਵਰਗੇ ਮੁਲਕਾਂ ਦੀਆਂ ਯਾਤਰਾਵਾਂ ਸ਼ਾਮਲ ਹਨ।

ਇੰਗਲੈਂਡ ਵਿਚ ਈਲਿੰਗ ਸ਼ਹਿਰ ਦੀ ਕੌਂਸਲ ਦਾ ਮੇਅਰ ਹੋਣ ਦੇ ਨਾਤੇ ਪੋਲੈਂਡ ਦੀ ਯਾਤਰਾ ਤਾਂ ਉਸਨੇ ਇਕ ਸਰਕਾਰੀ ਡੈਲੀਗੇਸ਼ਨ ਦੇ ਮੈਂਬਰ ਵਜੋਂ ਕੀਤੀ ਹੈ। ਜਦਕਿ ਬਾਕੀ ਮੁਲਕਾਂ ਵਿਚ ਉਹ ਕਿਸੇ ਯਾਤਰੂ ਟੋਲੀ ਨਾਲ ਜਾਂ ਆਪਣੇ ਪਰਿਵਾਰ ਸਮੇਤ ਇਕੱਲਿਆਂ ਹੀ ਗਿਆ ਸੀ। ਜਿਸ ਵੀ ਦੇਸ਼ ਦੀ ਉਸਨੇ ਯਾਤਰਾ ਕੀਤੀ, ਭਾਵੇਂ ਬਹੁਤ ਥੋੜ੍ਹੇ ਦਿਨਾਂ ਲਈ ਹੀ, ਉੱਥੋਂ ਦੇ ਰਾਜਨੀਤਕ ਇਤਿਹਾਸ ਅਤੇ ਸਭਿਆਚਾਰਕ ਵਿਲੱਖਣਤਾ ਨੂੰ ਉਘਾੜਨ ਦਾ ਉਸ ਨੇ ਯਤਨ ਕੀਤਾ ਹੈ। ਜਿਵੇਂ ਕਿਊਬਾ ਦੀ ਯਾਤਰਾ ਦੇ ਪ੍ਰਸੰਗ ਵਿਚ ਅਮਰੀਕਾ ਦੀ ਘੇਰਾਬੰਦੀ ਵਿਚ ਉੱਥੋਂ ਦੀ ਸਮਾਜਵਾਦੀ ਵਿਵਸਥਾ ਦਾ ਵੇਰਵਾ ਹੈ, ਜਿਸ ਵਿਚ ਸ਼ੀਗਵੇਰਾ ਵਰਗੇ ਨਾਇਕ ਦਾ ਜ਼ਿਕਰ ਵੀ ਆ ਜਾਂਦਾ ਹੈ। ਹਾਲੈਂਡ, ਪੋਲੈਂਡ, ਇਜ਼ਰਾਈਲ ਅਤੇ ਦੱਖਣੀ ਅਫਰੀਕਾ ਦੇ ਪ੍ਰਸੰਗਾਂ ਵਿਚ ਨੇੜਲੇ ਬੀਤੇ ਦੇ ਇਤਿਹਾਸਕ ਰਾਜਨੀਤਕ ਸਮਾਚਾਰਾਂ ਦਾ ਵੇਰਵਾ ਹੈ, ਜਿਹਨਾਂ ਵਿਚ ਨੈਲਸਨ ਮੰਡੇਲਾ ਦੇ ਲੰਮੇ ਬੰਦੀ ਜੀਵਨ, ਯਹੂਦੀਆਂ ਉੱਤੇ ਹੋਏ ਅਤਿਆਚਾਰ ਅਤੇ ਬਰਲਨ ਦੀ ਕੰਧ ਦੇ ਟੁੱਟਣ ਆਦਿ ਦਾ ਜ਼ਿਕਰ ਆ ਜਾਂਦਾ ਹੈ। ਯੂਰਪ ਦੇ ਛੋਟੇ ਛੋਟੇ ਦੇਸ਼ਾਂ ਦੀਆਂ ਮਾਅਰਕੇ ਦੀਆਂ ਪ੍ਰਾਪਤੀਆਂ ਦਾ ਉਲੇਖ ਕਰਨ ਦੇ ਨਾਲ ਨਾਲ ਉਸਦਾ ਸਮੁੱਚਾ ਪ੍ਰਭਾਵ ਇਹ ਹੈ ਕਿ 'ਯੂਰਪ ਦੇ ਸਾਰੇ ਦੇਸ਼ਾਂ ਵਿਚ ਹੀ ਸੋਹਣੀ ਖੁਸ਼ਹਾਲੀ ਅਤੇ ਬਾਤਰਤੀਬ ਸਮਾਜੀ ਸੰਗਠਨ ਦੀ ਵਿਵਸਥਾ ਹੈ'। ਯੂਰਪ ਦੇ ਲਗਲਪਗ ਸਾਰੇ ਮੁਲਕ ਹੀ ਉਸਨੂੰ ਖਿੱਚ ਪਾਉਂਦੇ ਹਨ। ਸਵੀਡਨ ਦਾ ਸ਼ਹਿਰ ਸਟੌਕਹੋਮ ਜੇ ਬਰਫਾਂ ਦੀ ਦੇਵਨਗਰੀ ਪ੍ਰਤੀਤ ਹੁੰਦਾ ਹੈ ਤਾਂ ਸਵਿਟਜ਼ਰਲੈਂਡ ਦਾ ਸ਼ਹਿਰ ਬਰਨ ਅਤੇ ਇਟਲੀ ਦੇ ਮਿਲਾਨ ਤੇ ਵੀਨਸ ਵੀ ਮੋਹਤ ਕਰਨ ਦੀ ਸਮਰੱਥਾ ਰਖਦੇ ਹਨ। ਉਸਦਾ ਕਹਿਣਾ ਹੈ ਕਿ 'ਬਰਨ ਵਿਚ ਅਸੀਂ ਇਉਂ ਮਹਿਸੂਸ ਕੀਤਾ ਸੀ ਜਿਵੇਂ ਸਾਰਾ ਸਵਿਟਜ਼ਰਲੈਂਡ ਹੀ ਛੁੱਟੀਆਂ 'ਤੇ ਹੋਵੇ ਪਰ ਵੀਨਸ ਵਿਚ ਫਿਰਦਿਆਂ ਇਉਂ ਲਗਦਾ ਸੀ ਜਿਵੇਂ ਇਹ ਕੋਈ ਪਰੀਆਂ ਦੀ ਨਗਰੀ ਹੋਵੇ'।

ਪੱਛਮੀ ਜਗਤ ਵਿਚ ਪੰਜਾਬੀ ਪਰਵਾਸੀਆਂ ਦੀ ਸਥਿਤੀ ਦੇ ਹਵਾਲੇ ਨਾਲ ਰਣਜੀਤ ਧੀਰ ਨੇ ਪੰਜਾਬੀ ਭਾਸ਼ਾ. ਸ਼ਾਹਿਤ ਤੇ ਸਭਿਆਚਾਰ ਨਾਲ ਆਪਣੇ ਲਗਾਉ ਦੀ ਬਾਤ ਵੀ ਇਸ ਪੁਸਤਕ ਦੇ ਲੇਖਾਂ ਵਿਚ ਪਾਈ ਹੈ। ਏਸ ਸੰਬੰਧ ਵਿਚ 'ਪਰਵਾਸੀਆਂ ਦਾ ਸਭਿਆਚਾਰਕ ਸੰਕਟ' ਅਤੇ ਪੰਜਾਬੀ ਸਾਹਿਤ ਅਤੇ ਵਿਰਸੇ ਦੀ ਸਾਂਭ ਸੰਭਾਲ' ਨਾਂ ਦੇ ਲੇਖ ਵਿਸ਼ੇਸ਼ ਰੂਪ ਵਿਚ ਧਿਆਨ ਖਿੱਚਦੇ ਹਨ। ਜਾਣਕਾਰੀ ਭਰਪੂਰ ਵਸਤੂ ਸਮੱਗਰੀ ਦੇ ਨਾਲ ਸਹਿਜ ਸਰਲ ਵਾਰਤਕ ਸ਼ੈਲੀ ਸਦਕਾ ਸਮੁੱਚੇ ਤੌਰ 'ਤੇ 'ਸਾਊਥਾਲ ਦਾ ਸੂਰਜ' ਪੁਸਤਕ ਦੇ ਪੜ੍ਹਨ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।□□

**-ਮਨਦੀਪ ਸਿੰਘ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : **ਰਘਬੀਰ ਸਿੰਘ**

ਪ੍ਰਕਾਸ਼ਨ ਮਿਤੀ : 1 ਜੁਲਾਈ, 2015



ਗ਼ਦਰ ਪਾਰਟੀ ਦੀ ਸ਼ਤਾਬਦੀ ਮੌਕੇ ਪ੍ਰਕਾਸ਼ਤ ਹੋਈ

ਡਾ. ਰਘਬੀਰ ਸਿੰਘ ਦੀ ਖੋਜ-ਪੁਸਤਕ

**ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ**




ਗ਼ਦਰ ਪਾਰਟੀ ਲਹਿਰ ਸਾਡੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਸੁਨਿਹਰੀ ਅਧਿਆਏ ਹੈ। ਅਮਰੀਕਾ ਵਿਚ ਸ਼ੁਰੂ ਹੋਈ ਇਸ ਲਹਿਰ ਦਾ ਮਨੋਰਥ ਭਾਰਤ ਵਿਚੋਂ ਬਰਤਾਨਵੀ ਰਾਜ ਦਾ ਮੁਕੰਮਲ ਖਾਤਮਾ ਕਰਨਾ ਸੀ। ਇਸ ਉਦੇਸ਼ ਲਈ ਗ਼ਦਰੀ ਸੂਰਬੀਰਾਂ ਨੇ ਫਾਂਸੀ ਅਤੇ ਕਾਲ਼ੇ ਪਾਣੀਆਂ ਦੀ ਸਜ਼ਾ ਸਮੇਤ ਭਾਰੀ ਕੁਰਬਾਨੀ ਦਿੱਤੀ। ਇਤਿਹਾਸ ਦੀ ਮੁੱਖ ਧਾਰਾ ਵਿਚ ਗ਼ਦਰ ਪਾਰਟੀ ਨੂੰ ਯੋਗ ਮਾਨਤਾ ਪ੍ਰਾਪਤ ਨਹੀਂ ਹੋਈ। ਹੱਥਲੀ ਪੁਸਤਕ ਇਸ ਲਹਿਰ ਦਾ ਇਤਿਹਾਸਕ ਲੇਖਾ- ਜੋਖਾ ਵਿਲੱਖਣ ਜੁਗਤ ਨਾਲ ਪੇਸ਼ ਕਰਦੀ ਹੈ, ਪਰ ਸਾਧਾਰਨ ਭਾਸ਼ਾ ਵਿਚ।

ਪੰਨੇ 236 ਸੁੰਦਰ ਦਿੱਖ ਮੁੱਲ 165 ਰੁਪਏ

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ

**SIRJANA** Literary Punjabi Quarterly Chandigarh

No. 177 July-September 2015

Registered with the Registrar of Newspapers for India vide R.N. 10215/65

'ਦੁਨੀਆ ਕੈਸੀ ਹੋਈ', 'ਭਗੌੜਾ' ਅਤੇ 'ਵਿਗੋਚਾ' ਵਰਗੀ ਚਰਚਤ ਨਾਵਲਾਂ ਦੇ ਰਚੇਤਾ
ਪਰਵਾਸੀ ਅਨੁਭਵ ਦੇ ਪ੍ਰਮਾਣਕ ਕਥਾਕਾਰ ਜਰਨੈਲ ਸਿੰਘ ਸੇਖਾ ਦਾ ਨਵਾਂ ਨਾਵਲ

# ਬੇਗਾਨੇ




ਜਰਨੈਲ ਸਿੰਘ ਸੇਖਾ ਕਨੇਡਾ ਆਉਣ ਤੋਂ ਪਹਿਲਾਂ ਹੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਆਪਣੀ ਪਛਾਣ ਬਣਾ ਚੁੱਕਾ ਸੀ। ਨਾਵਲ 'ਦੁਨੀਆਂ ਕੈਸੀ ਹੋਈ' ਨਾਲ ਉਸਨੇ ਪਰਵਾਸੀ ਪੰਜਾਬੀ ਗ਼ਲਪ ਜਗਤ ਵਿਚ ਆਪਣੀ ਪਾਇਦਾਰ ਪੈਂਠ ਜਮਾ ਲਈ। 'ਭਗੌੜਾ' ਅਤੇ 'ਵਿਗੋਚਾ' ਨਾਵਲ-ਰਚਨਾਵਾਂ ਤੋਂ ਬਾਅਦ ਆਪਣੇ ਬਹੁ-ਆਯਾਮੀ ਨਾਵਲ 'ਬੇਗਾਨੇ' ਦੇ ਪ੍ਰਕਾਸ਼ਨ ਨਾਲ ਉਹ ਨਿਸਚੇ ਹੀ 'ਮਲੂਕਾ' ਦੇ ਸਿਰਜਕ ਸਾਧੂ ਸਿੰਘ ਧਾਮੀ ਦਾ ਹੱਕੀ ਜਾਨਸ਼ੀਨ ਬਣ ਗਿਆ ਹੈ।

ਪੰਨੇ 216 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ